# ਸਾਮਰਾਜੀ ਝੱਖੜ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਸਾਮਰਾਜੀ ਝੱਖੜ**

(ਲੇਖ ਸੰਗ੍ਰਿਹ)

**ਡਾ. ਅਜੀਤਪਾਲ ਸਿੰਘ ਐਮ. ਡੀ**
ਬੀਬੀ ਵਾਲਾ ਰੋਡ, ਗਲੀ ਨੰਬਰ 6,
ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : ਅਕਤੂਬਰ 2008

© : ਲੇਖਕ ਦੇ ਹੱਕ ਰਾਖ਼ਵੇਂ ਹਨ।

ਟਾਈਟਲ : ਅਮਿੱਤ ਮਿੱਤਰ

**ਪ੍ਰਕਾਸ਼ਕ :**
***ਤਰਕਭਾਰਤੀ ਪ੍ਰਕਾਸ਼ਨ,***
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ
ਫ਼ੋਨ : 01679-233244 ਫ਼ੈਕਸ : 241744
e-mail : anu_bnl@yahoo.com
www.tarksheel.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ : ਪੇਪਰ ਬੈਕ 80/-**
**ਸਜਿਲਦ 100/-**

**ਨਵ-ਬਸਤੀਵਾਦੀ ਲੁੱਟ ਖਿਲਾਫ਼**

**ਜੂਝਦੇ ਲੋਕਾਂ ਦੇ ਨਾਂ**

# ਵਿਸ਼ਵੀਕਰਨ ਨੂੰ ਬੇਨਕਾਬ ਕਰਨ ਵਾਲੀ ਕਲਮ ਨੂੰ ਮੇਰਾ ਸਲਾਮ

ਸਮਕਾਲੀ ਪੰਜਾਬੀ ਵਿਦਵਾਨ ਲੇਖਕਾਂ ਤੇ ਸਾਹਿਤਕਾਰਾਂ, ਜਿਨ੍ਹਾਂ ਦਾ ਮੈਂ ਤਹਿ ਦਿਲੋਂ ਕਦਰਦਾਨ ਹਾਂ ਉਨ੍ਹਾਂ ਵਿਚ ਪਦਮ ਸ਼੍ਰੀ ਗੁਰਦਿਆਲ ਸਿੰਘ, ਪ੍ਰੋ. ਪ੍ਰੀਤਮ ਸਿੰਘ, ਭਾਅ ਜੀ ਗੁਰਸ਼ਰਨ ਸਿੰਘ, ਡਾ. ਸਰਦਾਰਾ ਸਿੰਘ ਜੌਹਲ, ਡਾ. ਟੀ. ਆਰ. ਵਿਨੋਦ, ਡਾ. ਟੀ. ਆਰ. ਸ਼ਰਮਾ, ਡਾ. ਸੁੱਚਾ ਸਿੰਘ ਗਿੱਲ, ਡਾ. ਸੁਰਜੀਤ ਬਰਾੜ, ਡਾ. ਸਿਆਮ ਸੁੰਦਰ ਦੀਪਤੀ, ਡਾ. ਰਣਜੀਤ ਸਿੰਘ, ਪ੍ਰੋ. ਬਿਕਰਮ ਸਿੰਘ ਤੇ ਡਾ. ਅਜੀਤ ਪਾਲ ਸਿੰਘ ਐੱਮ. ਡੀ. ਆਦਿ ਹਨ। ਉਂਝ ਜਿਹੜੇ ਵੀ ਸਿਰਜਣਾਤਮਕ ਲੇਖਕ ਤੇ ਵਿਦਵਾਨ ਵੰਚਿਤ-ਵਿਹੂਣੀ ਧਿਰ ਦੇ ਹੱਕ 'ਚ ਇਕ ਸ਼ਬਦ ਲਿਖਦੇ-ਬੋਲਦੇ ਹਨ, ਮੈਂ ਉਨ੍ਹਾਂ ਦਾ ਪ੍ਰਸ਼ੰਸਕ ਹਾਂ। ਉੱਕਤ ਵਰਣਿਤ ਪਹਿਲੇ ਛੇ ਵਿਦਵਾਨ ਲੇਖਕਾਂ ਦੇ ਗੋਡੀਂ ਹੱਥ ਲਗਾ ਸਕਣ ਦੇ ਸਮਰੱਥ ਹੋਣਾ ਮੈਂ ਆਪਣੀ ਖੁਸ਼ਕਿਸਮਤੀ ਮਹਿਸੂਸ ਕਰਦਾ ਹਾਂ ਅਤੇ ਅਗਲੇ ਛੇਆਂ ਨੂੰ ਆਪਣੇ ਹਮਰਾਹ ਹੋਣ ਦਾ ਮਾਣ ਮਹਿਸੂਸ ਕਰਦਾ ਹਾਂ। ਇਹ ਸਾਰੇ ਕਲਮਕਾਰ ਪੀੜਤ ਤੇ ਲੁੱਟੀਂਦੀ-ਪੁੱਟੀਂਦੀ ਧਿਰ ਨਾਲ ਚਟਾਨ ਵਾਂਗ ਖੜ੍ਹੇ ਪ੍ਰਤੀਤ ਹੁੰਦੇ ਹਨ। ਇਹ ਆਪਣੇ ਲੋਕਾਂ ਨੂੰ ਨਿਰੰਤਰ ਸਮਝਣ ਤੇ ਸਮਝਾਉਣ ਦਾ ਯਤਨ ਕਰ ਰਹੇ ਹਨ ਅਤੇ ਪੇਸ਼ ਅਮਾਨਵੀ ਵਿਵਸਥਾ ਨੂੰ ਲੋਕਾਂ ਦੇ ਦੁੱਖਾਂ ਤਕਲੀਫ਼ਾਂ ਦਾ ਕਾਰਨ ਸਮਝਦੇ ਹਨ। ਉਹ ਇਸ ਨੂੰ ਬਦਲ ਦੇਣ ਲਈ ਲੋਕਾਂ ਦੇ ਰੋਹ-ਰੋਸ ਨੂੰ ਪ੍ਰਚੰਡ ਕਰ ਰਹੇ ਹਨ। ਉਹ ਅਸਿੱਧੇ ਜਾਂ ਸਿੱਧੇ ਰੂਪ 'ਚ ਲੋਕਾਂ ਨੂੰ ਦੱਸ ਰਹੇ ਹਨ ਕਿ ਜਿਹੜੀ ਜ਼ਿੰਦਗੀ ਉਹ ਜੀਅ ਰਹੇ ਹਨ। ਉਹ ਜੀਣ ਦੇ ਯੋਗ ਨਹੀਂ ਹੈ। ਉਹ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਤੇ ਇਨ੍ਹਾਂ ਨਾਲ ਜੁੜੇ ਵਿਸ਼ਿਆਂ ਨੂੰ ਤੱਥਾਂ ਤੇ ਪ੍ਰਮਾਣਾਂ ਸਹਿਤ ਪੇਸ਼ ਕਰਦੇ ਹਨ। ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ, ਰੁਜ਼ਗਾਰ, ਜਾਨ-ਮਾਲ ਦੀ ਸੁਰੱਖਿਆ, ਭ੍ਰਿਸ਼ਟਾਚਾਰ, ਨਿਰੰਤਰ ਵਧਦੀ ਮਹਿੰਗਾਈ, ਨਸ਼ੇ, ਨੰਗੇਜ਼ਤਾ ਤੇ ਅਸ਼ਲੀਲਤਾ, ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਤਰਸ ਯੋਗ ਹੋਣੀ, ਵਿਦੇਸ਼ੀ ਦੇਸੀ ਤੇ ਵਿਅਕਤੀਗਤ ਕਰਜ਼ੇ ਦਾ ਪੀਡਾ ਹੋ ਰਿਹਾ ਮੱਕੜ ਜਾਲ, ਵਿਦੇਸ਼ੀ ਧਰਤੀਆਂ 'ਤੇ ਰੁਲ ਰਹੀ ਜਵਾਨੀ ਤੇ ਖ਼ੁਦਕੁਸ਼ੀਆਂ ਦੇ ਮਰਨਾਊ ਰਾਹ 'ਤੇ ਪਈ ਕਿਸਾਨੀ ਸਾਮਰਾਜ ਦੁਆਰਾ ਨਿਰਦੇਸ਼ਿਤ ਵਿਸ਼ਵ ਬੈਂਕ, ਅੰਤਰ-ਰਾਸ਼ਟਰੀ ਮੁਦਰਾ ਕੋਸ਼ ਤੇ ਵਿਸ਼ਵ ਵਪਾਰ ਸੰਗਠਨ ਦੀ ਤ੍ਰਿਸ਼ੂਲ ਦਾ ਹਰ ਰੋਜ਼ ਭਿਆਨਕ ਹੋਈ ਜਾਣਾ ਆਦਿ ਵਿਸ਼ੇ ਇਨ੍ਹਾਂ ਕਲਮਕਾਰਾਂ ਦੇ ਮਨ-ਭਾਉਂਦੇ ਵਿਸ਼ੇ ਵੀ ਹਨ। ਇਹ ਸਾਰੇ ਆਪਣੇ ਵਿਸ਼ਾਲ ਅਧਿਐਨ, ਅਨੁਭਵ ਤੇ ਮੂਲ-ਮਨੁੱਖੀ ਅਹਿਸਾਸਾਂ ਬਾਰੇ ਇਮਾਨਦਾਰ ਤੇ ਸੁਹਿਰਦ ਰਹਿੰਦਿਆਂ ਜ਼ੁਰਅਤ ਨਾਲ ਆਪਣੀ ਗੱਲ ਕਰਦੇ ਹਨ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੇ ਇਨਾਮਾਂ ਤੇ ਸਨਮਾਨਾਂ ਦੀ ਕੋਈ ਵੀ ਝਾਕ ਬਿਲਕੁਲ ਨਹੀਂ ਹੈ। ਜਿੰਨੀ ਦਲੇਰੀ ਤੇ ਬੇਬਾਕੀ ਪਰ ਤਰਕ ਨਾਲ ਇਹ ਰੰਗ ਬਿਰੰਗੇ ਹਾਕਮਾਂ ਵਿਰੁੱਧ ਅਤੇ ਆਮ ਲੋਕਾਂ ਦੇ ਹੱਕਾਂ-ਹਿੱਤਾਂ ਬਾਰੇ ਲਿਖਦੇ ਰਹਿੰਦੇ ਹਨ, ਉਹ ਵਿਰਲੇ ਲੇਖਕਾਂ ਦੇ ਹੀ ਹਿੱਸੇ ਆਉਂਦੀ ਹੈ। ਲਤਾੜੀ, ਨਪੀੜੀ ਧਿਰ ਤੇ ਗਰੀਬਾਂ ਦੇ ਹੱਕ ਵਿਚ ਲਿਖਣਾ ਤੇ ਸੂਰਮਿਆਂ ਵਾਂਗ ਖਲੋਣਾ ਸਹਿਲ ਕਾਰਜ਼ ਨਹੀਂ

ਹੈ। ਉੱਕਤ ਵਿਦਵਾਨ ਲੇਖਕ ਤੇ ਸਾਹਿਤਕਾਰ ਸੱਚ ਬੋਲਦੇ ਹਨ ਤੇ ਸਮੇਂ ਸਿਰ ਬੋਲਦੇ ਹਨ। ਡਾ. ਅਜੀਤ ਪਾਲ ਸਿੰਘ ਸਮੇਤ ਇਨ੍ਹਾਂ ਸਭ ਤੋਂ ਸਿੱਖਣਾ ਅਤੇ ਇਨ੍ਹਾਂ ਦੇ ਪਦ-ਚਿੰਨ੍ਹਾਂ 'ਤੇ ਚੱਲਣ ਦਾ ਅਹਿਦ ਕਰਨਾ ਬਣਦਾ ਹੈ।

ਡਾ. ਅਜੀਤ ਪਾਲ ਸਿੰਘ ਕਿੱਤੇ ਵਜੋਂ ਭਾਵੇਂ ਇਕ ਮਾਹਿਰ ਤੇ ਸਮਰਪਿਤ ਡਾਕਟਰ ਹਨ, ਪਰ ਉਹ ਬੁਨਿਆਦੀ ਸਿਹਤ ਸੇਵਾਵਾਂ ਤੇ ਸਹੂਲਤਾਂ ਨਾਲ ਸੰਬੰਧਿਤ ਮਸਲਿਆਂ ਤੋਂ ਛੁੱਟ ਲਗਭਗ ਸਾਰੇ ਆਰਥਿਕ-ਰਾਜਨੀਤਕ ਤੇ ਸਮਾਜਿਕ ਸਭਿਆਚਾਰਕ ਸਰੋਕਾਰਾਂ ਬਾਰੇ ਨਿਰੰਤਰ ਕਲਮ ਚਲਾਉਂਦੇ ਰਹਿੰਦੇ ਹਨ। ਸਦੀਵਤਾ ਗ੍ਰਹਿਣ ਕਰਨ ਦੇ ਭਰਮ ਤਹਿਤ ਡਾ. ਅਜੀਤ ਪਾਲ ਸਿੰਘ ਸਾਮਿਅਕ ਸਮੱਸਿਆਵਾਂ ਨੂੰ ਕਦਾਚਿਤ ਨਜ਼ਰ ਅੰਦਾਜ਼ ਨਹੀਂ ਕਰਦੇ ਅਤੇ ਇਨ੍ਹਾਂ ਨੂੰ ਵਕਤੀ ਗੱਲਾਂ ਕਹਿ ਕੇ ਸਮੇਂ ਸਿਰ ਸੱਚ ਬੋਲਣ ਤੋਂ ਨਹੀਂ ਹਿਚਕਚਾਉਂਦੇ। ਪਤਾ ਨਹੀਂ ਸਾਡੇ ਕੁਝ ਸਾਹਿਤਕਾਰਾਂ ਨੂੰ ਅਮਰ ਹੋਣ ਦੀ ਚਿੰਤਾ ਕਿਉਂ ਸਤਾਉਂਦੀ ਰਹਿੰਦੀ ਹੈ? ਸਾਰੇ ਯੁੱਗ ਲੇਖਕਾਂ ਨੇ ਆਪਣੇ ਸਮੇਂ ਦੀਆਂ ਸਮੱਸਿਆਵਾਂ ਨੂੰ ਆਪਣੀ ਕਲਮ ਦੀ ਨੋਕ 'ਤੇ ਲਿਆਂਦਾ ਹੈ। ਕੌਣ ਕਹਿੰਦਾ ਹੈ ਕਿ ਮਨੁੱਖ ਦੇ ਬੁਨਿਆਦੀ ਸਰੋਕਾਰਾਂ ਬਾਰੇ ਉੱਚਤਮ ਕਲਾਤਮਕ ਕਿਰਤਾਂ ਨਾ ਸਿਰਜੀਆਂ ਜਾਣ? ਪਰ ਅਜਿਹੀ ਸਿਰਜਣਾ ਕਰਦਿਆਂ ਲੋਕਾਂ ਦੀਆਂ ਸਾਮਿਅਕ ਸਮੱਸਿਆਵਾਂ ਅਣਡਿੱਠ ਕਿਉਂ ਕੀਤੀਆਂ ਜਾਣ? ਜਦੋਂ ਕਿ ਵਿਗਿਆਨਕ ਸਚਾਈ ਇਹ ਹੈ ਕਿ ਹਰ ਚੀਜ਼ ਘਟਨਾ ਤੇ ਵਰਤਾਰਾ ਸਮੇਂ ਸਥਾਨ ਪਰਿਸਥਿਤੀਆਂ ਦੁਆਰਾ ਨਿਯਮਤ ਤੇ ਨਿਰਧਾਰਿਤ ਹੁੰਦੀ ਹੈ।

ਡਾ. ਅਜੀਤ ਪਾਲ ਸਿੰਘ ਦੀ ਹੱਥਲੀ ਪੁਸਤਕ ਵੱਖ-ਵੱਖ ਸਮੇਂ ਉਨ੍ਹਾਂ ਦੇ ਰੋਜ਼ਾਨਾ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੁੰਦੇ ਲੇਖਾਂ ਦਾ ਸੋਧਿਆ ਤੇ ਵਿਸਤ੍ਰਿਤ ਰੂਪ ਹੈ। ਇਨ੍ਹਾਂ ਲੇਖਾਂ ਦੇ ਸਿਰਲੇਖ ਤੇ ਇਨ੍ਹਾਂ ਦੀ ਸਾਧਾਰਨ ਪੜ੍ਹਤ ਹੀ ਇਹ ਸਪੱਸ਼ਟ ਕਰ ਦਿੰਦੀ ਹੈ ਕਿ ਲੇਖਕ ਲੋਕ ਸਰੋਕਾਰਾਂ ਪ੍ਰਤੀ ਕਿੰਨਾ ਸੰਵੇਦਨਸ਼ੀਲ ਤੇ ਸੁਹਿਰਦ ਹੈ। ਉਹ ਬਾਲ ਤੇ ਬੰਧੂਆ ਮਜ਼ਦੂਰਾਂ ਦੀ ਹੋਣੀ, ਭਾਰਤੀ ਨਾਰੀ ਦੀ ਨਿਰੰਤਰ ਬਣੀ ਹੋਈ ਹੀਣ ਸਥਿਤੀ, ਸਿੱਖਿਆ ਤੇ ਸਿਹਤ ਸੰਸਥਾਵਾਂ ਦਾ ਕੀਤਾ ਜਾ ਰਿਹਾ ਨਿੱਜੀਕਰਨ ਪੰਚਾਇਤੀਕਰਨ ਤੇ ਵਪਾਰੀਕਰਨ, ਕਰਜ਼ੇ ਦੀ ਵਿੰਨ੍ਹੀ ਕਿਸਾਨੀ ਤੇ ਨਸ਼ਿਆਂ ਨੇ ਖੋਖਲੀ ਕੀਤੀ ਜਵਾਨੀ, ਵਿਦੇਸ਼ੀ ਧਰਤੀਆਂ 'ਤੇ ਰੁਲਦੀ ਦੇਸ਼ ਦੀ ਜਵਾਨੀ ਤੇ ਬੌਧਿਕ ਨਿਕਾਸ ਦੀ ਦੇਸ਼ ਦੁਸ਼ਮਣ ਪ੍ਰਕ੍ਰਿਆ, ਭਾਰਤੀ ਧਨ-ਕੁਬੇਰਾਂ ਦੀ ਲੁੱਟ ਅਤੇ ਰੰਗ-ਬਿਰੰਗੀਆਂ ਭਾਰਤੀ ਹਾਕਮ ਜਮਾਤਾਂ ਦੇ ਲੋਕ ਦੁਸ਼ਮਣ ਕਿਰਦਾਰ ਨੂੰ ਪੂਰੀ ਬੇਬਾਕੀ ਤੇ ਬੇਕਿਰਕੀ ਨਾਲ ਪੰਜਾਬੀ ਲੋਕਾਂ ਦੇ ਸਾਹਮਣੇ ਰੱਖਦਾ ਹੈ। ਡਾ. ਅਜੀਤ ਪਾਲ ਸਿੰਘ ਦੇ ਪ੍ਰਮੁੱਖ ਵਿਸ਼ਿਆਂ-ਪਲੀਤ ਹੋ ਰਹੇ ਵਾਤਾਵਰਣ, ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਅਸਿੱਧੇ ਟੈਕਸਾਂ ਦਾ ਵਧ ਰਿਹਾ ਬੋਝ (ਜਿਹੜਾ ਆਮ ਲੋਕਾਂ ਨੂੰ ਸਵੇਰ ਤੋਂ ਸ਼ਾਮ ਤੱਕ ਅਤੇ ਜਨਮ ਤੋਂ ਮਰਨ ਤਕ ਅਦਾ ਕਰਨਾ ਪੈਂਦਾ ਹੈ) ਨਸ਼ੇ, ਨਿਰਾਰਥਕ ਪੂਜਾ-ਪਾਠ ਤੇ ਕ੍ਰਿਕਟ ਨਾਲ ਹੋ ਰਹੀ ਬਰਬਾਦੀ, ਭਾਰਤੀ ਗੁਲਾਮੀ ਦੀ ਦਾਸਤਾਨ, ਵਿਦੇਸ਼ਾਂ 'ਚ ਭਾਰਤੀਆਂ 'ਚ ਵਧ ਰਹੀ ਖ਼ੁਦਕਸ਼ੀਆਂ ਕਰਨ ਦੀ ਪ੍ਰਵਿਰਤੀ, ਵਿਕਾਸ ਕਿੰਨਾ ਲੋਕਾਂ ਦਾ ਹੋ ਰਿਹਾ ਹੈ, ਵਿਸ਼ੇਸ਼ ਆਰਥਿਕ ਜੋਨ ਤੇ ਕਿਰਤ ਕਾਨੂੰਨ, ਦੂਜਾ ਹਰਾ ਇਨਕਲਾਬ, ਭਾਰਤੀ ਪ੍ਰਚੂਨ ਬਾਜ਼ਾਰ 'ਚ ਵਿਦੇਸ਼ੀ ਨਿਵੇਸ਼, ਹਾਕਮ ਦੇਸ਼ ਨੂੰ ਕਿਵੇਂ ਉਜਾੜ ਰਹੇ ਹਨ, ਬਹੁ-ਰਾਸ਼ਟਰੀ ਕੰਪਨੀਆਂ ਦਾ ਮੱਕੜ ਜਾਲ, ਸਮਾਜ ਸੇਵੀ ਸੰਸਥਾਵਾਂ ਤੇ ਸਾਮਰਾਜ ਦੀ ਚਾਕਰੀ,

ਸ਼ੇਅਰ ਬਾਜ਼ਾਰ ਅਤੇ ਵਿਸ਼ਵ ਵਪਾਰ ਸੰਸਥਾ ਤਹਿਤ ਬੀਜ ਬਿੱਲ-2004 ਦੇ ਤਬਾਹਕੁੰਨ ਪ੍ਰਭਾਵ ਆਦਿ ਦਾ ਸਿੱਧਾ ਸੰਬੰਧ ਨਵ-ਉਦਾਰਵਾਦੀ ਵਿਸ਼ਵੀਕਰਨ ਜਾਂ ਪੂੰਜੀਵਾਦੀ ਵਿਸ਼ਵੀਕਰਨ ਦੇ ਸਾਮਰਾਜੀ ਵਰਤਾਰੇ ਨਾਲ ਹੈ। ਅਸਲ ਵਿਚ ਇਹ ਦੋਵੇਂ ਇਕ ਹੀ ਵਰਤਾਰੇ ਅਮਰੀਕਨ ਸਾਮਰਾਜ ਦੀ ਅਗਵਾਈ ਹੇਠਲੇ ਜੀ-8 ਦੇ ਦੇਸ਼ਾਂ ਵੱਲੋਂ ਆਪਣੇ ਸੰਕਟ ਦਾ ਬੋਝ ਗਰੀਬ ਤੇ ਵਿਕਾਸਸ਼ੀਲ ਦੇਸ਼ਾਂ 'ਤੇ ਲੱਦਣ/ਠੋਸਣ ਦੇ ਨਾਂ ਹਨ। ਇਹ ਅਮਰੀਕੀਕਰਨ ਹੀ ਹੈ। ਇਸ ਦਾ ਨਾਂ ਕੋਈ ਵੀ ਹੋਵੇ ਇਹ ਨਵ-ਬਸਤੀਵਾਦੀ ਫੰਦਾ ਹੈ ਅਤੇ ਦੁਨੀਆਂ ਭਰ ਦੇ ਗਰੀਬਾਂ, ਗਰੀਬ ਤੇ ਵਿਕਾਸਸ਼ੀਲ ਦੇਸ਼ਾਂ ਦਾ ਦੁਸ਼ਮਣ ਨੰਬਰ ਇਕ ਹੈ। ਵਿਸ਼ਵ ਬੈਂਕ, ਅੰਤਰ ਰਾਸ਼ਟਰੀ ਮੁਦਰਾ ਕੋਸ਼ ਤੇ ਵਿਸ਼ਵ ਵਪਾਰ ਸੰਸਥਾਵਾਂ ਸਾਮਰਾਜੀ ਲੁੱਟ ਦੇ ਸੰਦ ਹਨ ਅਤੇ ਵਿਸ਼ਵ ਭਰ ਦੇ ਗਰੀਬਾਂ ਦੀ ਰਹਿੰਦੀ ਰੱਤ ਨਿਚੋੜਨ ਦਾ ਅਤੀ ਆਧੁਨਿਕ ਤੇ ਸੂਖ਼ਮ ਸਾਧਨ ਹਨ। ਵਿਸ਼ਵੀਕਰਨ ਦੇ ਢੰਢੋਰਚੀ ਇਹ ਗੱਲ ਦੱਸਣ 'ਚ ਅੱਜ ਤੱਕ ਅਸਫਲ ਹਨ ਕਿ ਇਸ ਵਿਸ਼ਵੀਕਰਨ ਨੇ ਦੁਨੀਆਂ ਦੀ ਤਿੰਨ ਚੌਥਾਈ ਵਸੋਂ ਦੀ ਜੀਵਨ ਸ਼ੈਲੀ 'ਚ ਅੱਜ ਤੱਕ ਕੀ ਸੁਧਾਰ ਕੀਤਾ ਹੈ? ਵਿਸ਼ਵੀਕਰਨ ਦੇ ਮੁਦੱਈਆਂ ਤੇ ਸਾਮਰਾਜੀ ਦੱਲਿਆਂ ਪਾਸੋਂ ਕੁਝ ਸਵਾਲ ਪੁੱਛਣੇ ਬਣਦੇ ਹਨ। ਕੀ ਵਿਸ਼ਵ ਪੱਧਰ 'ਤੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਸਿੱਕੇ ਦੇ ਪਾਸਾਰ, ਭ੍ਰਿਸ਼ਟਾਚਾਰ, ਕੁਪੋਸ਼ਣ, ਅਨਪੜ੍ਹਤਾ ਆਗਿਆਨਤਾ, ਅੰਧ ਵਿਸ਼ਵਾਸ ਤੇ ਪ੍ਰਦੂਸ਼ਣ ਆਦਿ 'ਚ ਕੋਈ ਕਮੀ ਆਈ ਹੈ? ਕੀ ਵਿਸ਼ਵ ਭਰ 'ਚ ਗਰੀਬਾਂ 'ਤੇ ਬੇਰੁਜ਼ਗਾਰਾਂ ਦੀਆਂ ਫੌਜਾਂ 'ਚ ਵਾਧਾ ਨਹੀਂ ਹੋਇਆ? ਕੀ ਰੁਜਗਾਰ ਰਹਿਤ ਵਾਧਾ ਜਾਂ ਵਿਕਾਸ (Jobless Growth) ਇਨ੍ਹਾਂ ਦੋ ਦਹਾਕਿਆਂ 'ਚ ਉਪਜਿਆ ਵਰਤਾਰਾ ਨਹੀਂ ਹੈ? ਕੀ ਇਕ ਪਾਸ ਦੌਲਤ ਦੇ ਅੰਬਾਰ ਤੇ ਦੂਜੇ ਪਾਸੇ ਕਿਰ-ਕਿਰ ਪੈਂਦੀ ਘੋਰ ਗੁਰਬਤ ਦੇ ਦ੍ਰਿਸ਼ ਹੋਰ ਗੂੜ੍ਹੇ ਨਹੀਂ ਹੋਏ? ਕੀ ਆਮਦਨੀਆਂ ਤੇ ਜਾਇਦਾਦਾਂ ਵਿਚਲੇ ਫਰਕ ਨੇ ਜ਼ਮੀਨ-ਅਸਮਾਨ ਵਿਚਲੇ ਪਾੜੇ ਨਾਲੋਂ ਵੀ ਵੱਧ ਵਿੱਥ ਗ੍ਰਹਿਣ ਨਹੀਂ ਕਰ ਲਈ? ਕੀ ਦੁਨੀਆਂ ਦੇ ਸਭ ਤੋਂ ਗਰੀਬ ਦੋ ਦਰਜ਼ਨ ਤੋਂ ਵੱਧ ਦੇਸ਼ ਵਿਸ਼ਵੀਕਰਨ ਦੇ ਮੌਜੂਦਾ ਦੌਰ ਤੋਂ ਪਹਿਲਾਂ ਹੁਣ ਨਾਲੋਂ ਬਿਹਤਰ ਸਥਿਤੀ 'ਚ ਨਹੀਂ ਸਨ? ਕੀ ਨਾਰੀ ਸ਼ੋਸ਼ਣ ਤੇ ਦੁਰਗਤੀ ਵਿਚ ਨਵੇਂ ਪਾਸਾਰ ਜਮ੍ਹਾਂ ਨਹੀਂ ਹੋਏ? ਕੀ ਨਾਰੀ ਨੂੰ ਬਾਜ਼ਾਰ ਦੀ ਇਕ ਸਾਧਾਰਨ ਵਸਤੂ ਨਹੀਂ ਬਣਾ ਦਿੱਤਾ ਗਿਆ? ਕੀ ਰਾਜ਼ਕੀ ਜਬਰ ਨਵੀਆਂ ਸਿਖ਼ਰਾਂ ਨਹੀਂ ਛੂਹ ਰਿਹਾ ਹੈ? ਕੀ ਆਮ ਆਦਮੀ ਪਹਿਲਾਂ ਨਾਲੋਂ ਕਿਤੇ ਵਧੇਰੇ ਅਸੁਰੱਖਿਅਤ ਨਹੀਂ ਮਹਿਸੂਸ ਕਰ ਰਿਹਾ ਹੈ? ਕੀ ਮੂਲ ਮਨੁੱਖੀ ਤੇ ਬੁਨਿਆਦੀ ਸਹੂਲਤਾਂ ਜਿਵੇਂ ਰੋਟੀ ਕੱਪੜਾ, ਮਕਾਨ, ਸਿਹਤ, ਸਿੱਖਿਆ ਤੇ ਰੁਜ਼ਗਾਰ ਆਮ ਲੋਕਾਂ ਤੋ ਹੋਰ ਦੂਰ ਨਹੀਂ ਹੋਈਆਂ, ਕੀ ਭੂ-ਮੰਡਲੀ ਵਾਤਾਵਰਣ ਵਿਚਲੇ ਪ੍ਰਦੂਸ਼ਣ ਦਾ ਪੱਧਰ ਪਹਿਲਾਂ ਨਾਲੋਂ ਕਿਤੇ ਵੱਧ ਗੰਭੀਰ ਨਹੀਂ ਹੋਇਆ? ਕੀ ਸਮੁੱਚੀ ਤਾਇਨਾਤ ਦੀ ਹੋਂਦ ਸਾਮਰਾਜੀਆਂ ਨੇ ਦਾਅ 'ਤੇ ਨਹੀਂ ਲਗਾ ਦਿੱਤੀ? ਡਾ. ਅਜੀਤ ਪਾਲ ਸਿੰਘ ਇਨ੍ਹਾਂ ਤੇ ਅਜਿਹੇ ਹੋਰ ਪ੍ਰਸ਼ਨਾਂ ਨੂੰ ਉਠਾਉਂਦਿਆਂ ਬਦਲਵੀਆਂ ਲੋਕ ਪੱਖੀ ਨੀਤੀਆਂ ਵੱਲ ਸੰਕੇਤ ਕਰਦਾ ਹੈ। ਉਹ ਵਿਸ਼ਵੀਕਰਨ ਦਾ ਵਿਰੋਧੀ ਨਹੀਂ ਹੈ, ਬਲਕਿ ਇਸ ਦੀ ਪੂੰਜੀਵਾਦੀ ਜਾਂ ਨਵ-ਉਦਾਰਵਾਦੀ ਪ੍ਰਕ੍ਰਿਤੀ ਦਾ ਵਿਰੋਧੀ ਹੈ। ਇਸ ਲਈ ਜਿਹੜੀ ਵੀ ਕਲਮ ਅਜਿਹੇ ਵਿਸ਼ਵੀਕਰਨ ਨੂੰ ਬੇਨਕਾਬ ਕਰਨ ਅਤੇ ਇਸ ਦੇ ਬਦਲ ਸਮਾਜਵਾਦੀ ਵਿਸ਼ਵੀਕਰਨ ਦੇ ਹੱਕ ਵਿਚ ਲਿਖਦੀ ਹੈ, ਉਸ ਨੂੰ ਸਲਾਮ ਕਹਿਣਾ ਬਣਦਾ ਹੈ।

ਡਾ. ਅਜੀਤ ਪਾਲ ਸਿੰਘ ਨਵ-ਉਦਾਰਵਾਦੀ ਵਿਸ਼ਵੀਕਰਨ ਜਿਸ ਦਾ ਲਾਜ਼ਮੀ ਸਿੱਟਾ ਨਵ-ਬਸਤੀਵਾਦੀ ਫੰਦਾ ਹੈ, ਦੇ ਹੋਰ ਅਨੇਕਾਂ ਪਸਾਰਾਂ ਨੂੰ ਸਪੱਸ਼ਟ ਕਰਦਾ ਹੈ, ਜਿਹੜੇ ਸਿੱਧੇ ਜਾਂ ਅਸਿੱਧੇ ਇਸ ਨਾਲ ਜੁੜੇ ਹੋਏ ਹਨ। ਇਸ ਮੰਤਵ ਲਈ ਉਹ ਜਿਥੇ ਆਪਣੇ ਕਾਰਜ ਖੇਤਰ ਨਾਲ ਜੁੜੀ ਦਵਾਈ ਸਨਅਤ, ਦਵਾਈਆਂ 'ਚ ਮਿਲਾਵਟ, ਬੇਲੋੜੇ ਟੈਸਟਾਂ ਤੇ ਮਰੀਜ਼ਾਂ ਦੀ ਹੁੰਦੀ ਲੁੱਟ ਨੂੰ ਨੰਗਾ ਕਰਨ ਲਈ ਯਤਨਸ਼ੀਲ ਹੈ, ਉਥੇ ਹੋਰ ਅਨੇਕਾਂ ਮਾਨਵੀ ਸਰੋਕਾਰਾਂ ਦੇ ਵੀ ਰੂ-ਬ-ਰੂ ਹੁੰਦਾ ਹੈ। ਇਨ੍ਹਾਂ ਵਿਚ ਵਧ ਰਹੇ ਸੜਕ ਹਾਦਸੇ, ਪਾਕਿਸਤਾਨੀ ਜ਼ੇਲ੍ਹਾਂ 'ਚ ਭਾਰਤੀ ਕੈਦੀਆਂ ਬਾਰੇ ਸਰਕਾਰ ਦੀ ਬੇਰੁਖੀ, ਪੇਂਡੂ ਰੁਜਗਾਰ ਗਾਰੰਟੀ ਕਾਨੂੰਨ ਦੀ ਵਾਸਤ ਵਿਕਤਾ, ਭੁੱਖਮਰੀ ਨਾਲ ਹੁੰਦੀਆਂ ਮੌਤਾਂ, ਮਾਨਸਿਕ ਰੋਗਾਂ ਦੀ ਸਮੱਸਿਆ, ਸੱਤਾ-ਸੰਪੰਨ ਲੋਕਾਂ ਦੀ ਵਧ ਰਹੀ ਸੁਰੱਖਿਅਤਾ, ਖਤਰੇ ਵਿਚ ਬਚਪਨ, ਬਾਲਾਂ ਦੀ ਹੋਣੀ ਕੁਪੋਸ਼ਣ, ਨੇਪਾਲ 'ਚ ਕਮਿਊਨਿਸਟਾਂ ਦਾ ਉਭਾਰ, ਦਲਿਤਾਂ ਦਾ ਸਵਾਲ, ਪੰਜਾਬ ਦਾ ਪਾਣੀ ਸੰਕਟ ਤੇ ਦਰਿਆਈ ਪਾਣੀਆਂ ਦਾ ਮਸਲਾ ਫੁੱਟਪਾਊ ਰਾਜਨੀਤੀ ਲੋਕ ਮਾਨਸਿਕਤਾ ਵਧ ਰਹੀ ਮਹਿੰਗਾਈ ਕੰਨਿਆ ਭਰੂਣ ਹੱਤਿਆ, ਵੋਟਾਂ ਤੋਂ ਪ੍ਰੇਰਿਤ ਨੀਤੀਆਂ, ਫਿਲਮੀ ਸਿਤਾਰਿਆਂ ਦੀ ਜਗਮਗਾਹਟ, ਪੁਲਿਸ ਮੁਕਾਬਲਿਆਂ, ਰੈਗਿੰਗ ਦੀ ਰਵਾਇਤ ਤੇ ਖੱਬੇ ਪੱਖੀਆਂ 'ਚ ਆ ਰਹੇ ਕੁਰਾਹੇ ਆਦਿ ਸ਼ਾਮਲ ਹਨ।

ਡਾ. ਅਜੀਤ ਪਾਲ ਸਿੰਘ ਬਾਰੇ ਇਕ ਗੱਲ ਹੋਰ ਜਿਹੜੀ ਸਲਾਹੁਣਯੋਗ ਹੈ, ਉਹ ਹੈ, ਉਨ੍ਹਾਂ ਦੀ ਬੋਲੀ ਸ਼ੈਲੀ। ਭਾਵੇਂ ਉਹ ਮੈਡੀਕਲ ਸਾਇੰਸਸ ਦੇ ਵਿਸ਼ੇਸ਼ ਹਨ। ਪਰ ਉਨ੍ਹਾਂ ਦੀ ਸਮੁੱਚੀ ਸ਼ਬਦਾਵਲੀ ਤੇ ਸ਼ੈਲੀ ਆਮ ਲੋਕਾਂ ਦੀ ਸਮਝ 'ਚ ਆਉਣ ਵਾਲੀ ਹੈ। ਛੋਟੇ ਆਕਾਰ 'ਚ ਵੱਡੀਆਂ ਗੱਲਾਂ ਕਹਿਣ ਦੇ ਸਮਰੱਥ ਡਾ. ਅਜੀਤ ਪਾਲ ਸ਼ਬਦ ਦੇ ਸਹੀ ਅਰਥਾਂ ਤੇ ਭਾਵਨਾ ਵਿਚ ਲੋਕ-ਹਿੱਤੂ ਕਾਰਜ ਨਿਭਾਅ ਰਿਹਾ ਹੈ। ਸੰਤਾਲੀ ਤੋਂ ਪਹਿਲਾਂ ਜਿਹੜਾ ਦੁਸ਼ਮਣ ਤੇ ਉਸਦੀ ਲੁੱਟ ਚਿੱਟੇ ਦਿਨ ਵਾਂਗ ਆਮ ਲੋਕਾਂ ਦੇ ਸਮਝ 'ਚ ਆਉਂਦੀ ਸੀ। ਉਹ ਦੁਸ਼ਮਣ ਹੁਣ ਅਨੇਕਾਂ ਲਬਾਦੇ ਪਹਿਨੀ ਬੈਠਾ ਹੋਣ ਕਰਕੇ ਅਤੇ ਲੁੱਟ ਦੀ ਪ੍ਰਕ੍ਰਿਤੀ ਤੇ ਪ੍ਰਵਿਰਤੀ ਅਤੀ ਜਟਿਲ ਤੇ ਸੂਖ਼ਮ ਹੋਣ ਕਰਕੇ ਆਮ ਬੰਦੇ ਦੀ ਕਈ ਵਾਰੀ ਸਮਝ 'ਚ ਨਹੀਂ ਆਉਂਦੀ ਵਿਸ਼ੇਸ਼ ਕਰਕੇ 1991 ਤੋਂ ਬਾਅਦ ਇਹ ਕਾਰਜ ਕਾਫ਼ੀ ਕਠਿਨ ਹੈ। ਸੋ ਜਿਹੜਾ ਵੀ ਵਿਅਕਤੀ ਸਾਮਰਾਜੀ ਲੁੱਟ ਖੋਹ ਨੂੰ ਨੰਗਾ ਕਰਦਾ ਹੈ, ਉਸ ਵਿਰੁੱਧ ਲੋਕ ਰੋਹ ਨੂੰ ਉਭਾਰਦਾ ਤੇ ਜਥੇਬੰਦ ਕਰਦਾ ਹੈ ਅਤੇ ਲੋਕਾਂ ਨੂੰ ਸੰਘਰਸ਼ਸ਼ੀਲ ਹੋਣ ਦਾ ਪੈਗਾਮ ਦਿੰਦਾ ਹੈ। ਉਸ ਦਾ ਹਰ ਤਰ੍ਹਾਂ ਸਮਰਥਨ ਕਰਨਾ ਸਾਡੀ ਨੈਤਿਕ ਜ਼ਿੰਮੇਵਾਰੀ ਹੈ। ਸੋ ਡਾ. ਅਜੀਤ ਪਾਲ ਸਿੰਘ ਦੀ ਇਸ ਨਵੀਂ ਪੁਸਤਕ ਨੂੰ ਪੰਜਾਬੀ ਪਿਆਰਿਆਂ ਦੀ ਭੇਟ ਕਰਦਿਆਂ ਜਿਥੇ ਮੈਨੂੰ ਅਥਾਹ ਖੁਸ਼ੀ ਮਹਿਸੂਸ ਹੋ ਰਹੀ ਹੈ ਉਥੇ ਡਾ. ਅਜੀਤ ਪਾਲ ਸਿੰਘ ਦਾ ਧੰਨਵਾਦ ਕਰਨਾ ਵੀ ਸਾਡਾ ਸਾਰਿਆਂ ਦਾ ਫ਼ਰਜ਼ ਹੈ।

***- ਡਾ. ਅਨੂਪ ਸਿੰਘ***
142- ਅਰਬਨ ਅਸਟੇਟ,
ਬਟਾਲਾ -143505

# ਤਤਕਰਾ


1. ਕੀ ਹਨ 1857 ਦੀ ਜੰਗੇ-ਆਜ਼ਾਦੀ ਦੇ ਸਬਕ? 9
2. ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ (NREGA) ਰੁਜ਼ਗਾਰ ਸਮੱਸਿਆ ਦਾ ਮਖੌਲ 18
3. ਕੇਂਦਰ ਸਰਕਾਰ ਦੀ ਗਰੀਬੀ ਹਟਾਓ ਮੁਹਿੰਮ 23
4. ਭੁੱਖ ਨਹੀਂ ਮਿਟਾ ਸਕੀ ਸਰਕਾਰ 28
5. ਵਿਸ਼ੇਸ਼ ਆਰਥਿਕ ਜ਼ੋਨ-ਪੂੰਜੀਪਤੀਆਂ ਲਈ ਸਵਰਗ-ਮਿਹਨਤਕਸ਼ਾਂ ਲਈ ਨਰਕ 30
6. ਭਾਰਤ ਦੇ ਗਰੀਬਾਂ ਦਾ ਅਨਾਜ ਨੇਪਾਲ 'ਚ 37
7. ਕਪਾਹ ਉਤਪਾਦਕ ਸੰਕਟ 'ਚ ਕਿਵੇਂ 39
8. ਸ਼ੇਅਰ ਬਾਜ਼ਾਰ ਦਾ ਗੁਬਾਰੇ ਵਾਂਗ ਫੁੱਲਣਾ ਤੇ ਫਟਣਾ ਕੀ ਹੈ? 42
9. ਕੀ ਹੈ ਪੁਲੀਸ ਮੁਕਾਬਲਿਆਂ ਦਾ ਸੱਚ? 46
10. ਕੀ ਸੰਸਾਰ ਬੈਂਕ ਦੀ ਕਠਪੁਤਲੀ ਹੈ ਨੌਕਰਸ਼ਾਹੀ? 49
11. ਛੋਟੀ ਪੱਧਰ ਦੇ ਕਰਜ਼ੇ (ਮਾਈਕਰੋਫਾਈਨੈਂਸ) 52
12. ਕੁਪੋਸ਼ਣ ਦੇ ਵਿਕਾਸ ਦੀ ਹਕੀਕਤ 61
13. ਕਿੰਨੀ ਕੁ ਹੈ ਮਹਿੰਗਾਈ ਦੀ ਮਾਰ? 64
14. ਮਸਲਾ ਕਣਕ ਦੇ ਭਾਅ ਦਾ...... 69
15. ਛੱਤੀਸਗੜ੍ਹ 'ਚ ਖੇਤੀ ਦੀ ਸਥਿਤੀ 71
16. ਕੀ ਖੇਤੀ ਛੱਡ ਕੇ ਭੱਜਣ ਦੀ ਕੋਈ ਮਜ਼ਬੂਰੀ ਹੈ? 75
17. ਬਹੁਕੌਮੀ ਕੰਪਨੀਆਂ ਦਾ ਖੇਤੀ ਉਪਜ 'ਤੇ ਹਮਲਾ 77
18. ਕੀ ਪਾਣੀ ਦੇ ਛਿੱਟਿਆਂ ਨਾਲ ਅੱਗ ਬੁਝੇਗੀ? 85
19. ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ 88
20. ਕੀ ਗੁਲ ਖਿਲਾਵੇਗਾ ਦੂਜਾ ਹਰਾ ਇਨਕਲਾਬ? 95
21. ਕਿਹੜੇ ਲੋਕਾਂ ਲਈ ਹੋ ਰਿਹਾ ਹੈ ਵਿਕਾਸ? 99
22. ਕੀ ਕਿਰਤ ਕਾਨੂੰਨਾਂ ਤੋਂ ਬਾਹਰ ਹਨ ਵਿਸ਼ੇਸ਼ ਆਰਥਿਕ ਖੇਤਰ? 102
23. ਆਤਮ ਹੱਤਿਆ ਦੀ ਖੇਤੀ 106
24. ਦਲਿਤ ਸੁਆਲ ਵੱਲ ਸਹੀ ਦ੍ਰਿਸ਼ਟੀਕੋਣ ਕੀ ਹੋਵੇ? 112
25. ਕਿਉਂ ਆਤਮ ਹਤਿਆਵਾਂ ਕਰਦੇ ਹਨ ਦੁਬਈ 'ਚ ਭਾਰਤੀ ਮਜ਼ਦੂਰ? 120
26. ਬਸਤੀਵਾਦੀ ਗੁਲਾਮੀ ਦੀ ਦਾਸਤਾਂ (1757 - 1857) 124
27. ਪਾਕਿਸਤਾਨੀ ਜੇਲ੍ਹਾਂ 'ਚ ਭਾਰਤੀ ਕੈਦੀਆਂ ਬਾਰੇ ਸਰਕਾਰ ਚੁੱਪ 130
28. ਭਾਰਤੀ ਪ੍ਰਚੂਨ ਬਾਜ਼ਾਰ 'ਚ ਵਿਦੇਸ਼ੀ ਨਿਵੇਸ਼ ਕਿੱਥੋਂ ਤੱਕ ਸਹੀ? 133

# ਕੀ ਹਨ 1857 ਦੀ ਜੰਗੇ-ਆਜ਼ਾਦੀ ਦੇ ਸਬਕ?

'ਸਾਮਰਾਜ ਦੀ ਪੂਰਨ ਜਿੱਤ ਸਮੇਂ ਅਤੇ ਉਸ ਤੋਂ ਬਾਅਦ ਸਵਰਨ (ਗੋਲਡ) ਦਾ ਮਹੱਤਵ' ਨਾਮਕ ਲੇਖ ਵਿਚ ਲੈਨਿਨ ਲਿਖਦੇ ਹਨ "ਮਹਾਨ ਇਨਕਲਾਬ ਦੀ ਵਰ੍ਹੇ ਗੰਢ ਨੂੰ ਮਨਾਉਣ ਦਾ ਸਭ ਤੋਂ ਬੇਹਤਰ ਤਰੀਕਾ ਇਹ ਹੈ ਕਿ ਸਾਨੂੰ ਇਨ੍ਹਾਂ ਸਮੱਸਿਆਵਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਜੋ ਇਸ ਇਨਕਲਾਬ 'ਚ ਹੱਲ ਨਹੀਂ ਹੋ ਸਕੀਆਂ ਹਨ।

1857 ਦੀ ਮਹਾਨ ਬਗ਼ਾਵਤ ਦੀ 150ਵੀਂ ਵਰ੍ਹੇ ਗੰਢ ਮਨਾਉਂਦੇ ਹੋਇਆਂ ਸਾਨੂੰ ਲੈਨਿਨ ਦੀ ਉਪਰੋਕਤ ਗੱਲ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ। ਅਕਾਦਮਿਕ ਇਤਿਹਾਸਕਾਰ ਬੀਤੇ ਘਟਨਾਕ੍ਰਮ 'ਤੇ ਗੱਲ ਕਰਦਿਆਂ ਉਸ ਤੋਂ ਕੋਈ ਕਾਰਜ ਨਹੀਂ ਕੱਢਦਾ ਜਦ ਕਿ ਲੋਕ ਇਤਿਹਾਸਕਾਰ ਇਤਿਹਾਸ ਨੂੰ ਅੱਜ ਦੇ ਇਤਿਹਾਸ-ਨਿਰਮਾਣ ਦੇ ਕਾਰਜ ਨਾਲ ਜੋੜ ਦਿੰਦਾ ਹੈ। ਅਸਲ ਵਿਚ 1857 ਦੀ ਕ੍ਰਾਂਤੀ ਸਮੁੱਚੇ ਦੱਖਣੀ ਏਸ਼ੀਆ 'ਚ ਜਨਤਾ ਦੀਆਂ ਹਥਿਆਰਬੰਦ ਬਗਾਵਤਾਂ ਦੀ ਉਸ ਰਵਾਇਤ ਦੀ ਚੋਟੀ ਸੀ ਜੋ ਅੰਗਰੇਜ਼ ਬਸਤੀਵਾਦੀਆਂ ਨੇ ਇੱਥੇ ਆਉਣ ਤੋਂ ਬਾਅਦ ਵੀ ਲਗਾਤਾਰ ਜਾਰੀ ਰਹੀ। 'ਮਖਧਾਰਾ' ਦੀਆਂ ਇਤਿਹਾਸ ਪੁਸਤਕਾਂ ਵਿਚ 1885 'ਚ ਕਾਂਗਰਸ ਦੀ ਸਥਾਪਨਾ ਤੋਂ ਲੈ ਕੇ 1947 ਤੱਕ ਕਾਂਗਰਸ ਦੇ ਅਖੌਤੀ ਅਹਿੰਸਾਤਮਕ ਅੰਦੋਲਨ ਨੂੰ ਇਸ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ ਕਿ 1857 ਅਤੇ ਇਸ ਤੋਂ ਪਹਿਲਾਂ ਦੇ ਘੱਟੋ ਘੱਟ 100 ਸਾਲਾਂ ਦੇ ਉਸ ਇਤਿਹਾਸ 'ਤੇ ਪਰਦਾ ਪੈ ਜਾਂਦਾ ਹੈ। ਜਿਸ ਵਿਚ ਇਸ ਦੇਸ਼ ਦੀ ਦੱਬੀ ਕੁਚਲੀ ਜਨਤਾ ਨੇ ਸੈਂਕੜੇ ਛੋਟੀਆਂ ਵੱਡੀਆਂ ਹਥਿਆਰਬੰਦ ਬਗ਼ਾਵਤਾਂ ਰਾਹੀਂ ਅੰਗਰੇਜ਼ੀ ਸਾਮਰਾਜ ਦੀ ਚੂਲ ਹਿਲਾ ਦਿੱਤੀ ਸੀ ਅਤੇ ਉਸ ਗੌਰਵਸ਼ਾਲੀ ਰਵਾਇਤ ਦੀ ਨੀਂਹ ਰੱਖ ਦਿੱਤੀ ਸੀ ਜਿਸ ਨੂੰ ਨਜ਼ਰਅੰਦਾਜ਼ ਕਰਕੇ ਅੱਜ ਕੋਈ ਵੀ ਸੱਚਾ ਸਾਮਰਾਜਵਾਦ-ਜਗੀਰਦਾਰੀ ਵਿਰੋਧੀ ਅੰਦੋਲਨ ਖੜ੍ਹਾ ਨਹੀਂ ਕੀਤਾ ਜਾ ਸਕਦਾ।

ਇਕ ਅਨੁਮਾਨ ਮੁਤਾਬਿਕ 1763 ਤੋਂ 1857 ਵਿਚਕਾਰ 40 ਤੋਂ ਵੱਧ ਵੱਡੀਆਂ ਹਥਿਆਬੰਦ ਬਗ਼ਾਵਤਾਂ ਹੋਈਆਂ। ਇਸ ਤੋਂ ਇਲਾਵਾ ਸੈਂਕੜੇ ਛੋਟੀਆਂ ਬਗ਼ਾਵਤਾਂ ਨੇ ਕਦੀ ਵੀ ਅੰਗਰੇਜ਼ੀ ਸਾਮਰਾਜਵਾਦ ਨੂੰ ਚੈਨ ਨਾਲ ਨਹੀਂ ਬੈਠਣ ਦਿੱਤਾ। ਇਨ੍ਹਾਂ ਬਗ਼ਾਵਤਾਂ ਵਿਚ ਸਭ ਤੋਂ ਮਹੱਤਵਪੂਰਨ ਹੈ-ਆਦੀਵਾਸੀਆਂ ਦੀ ਬਗ਼ਾਵਤ। ਅਸਲ 'ਚ ਇਹਨਾਂ ਦੀ ਭੂਮਿਕਾ ਅਜੇ ਵੀ ਸਹੀ ਢੰਗ ਨਾਲ ਇਤਿਹਾਸ 'ਚ ਦਰਜ ਨਹੀਂ ਹੋ ਸਕਦੀ। ਜਦ ਕਿ ਇਹ ਆਦਿਵਾਸੀ ਹੀ ਸਨ ਜਿਨ੍ਹਾਂ ਨੂੰ ਸ਼ੁਰੂ ਤੋਂ ਅੰਤ ਤੱਕ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਯੁੱਧ ਵਿਚ ਸਮਝੌਤਾ ਰਹਿਤ ਸੰਘਰਸ਼ ਕੀਤਾ ਸੀ। 1766 'ਚ ਝਾਰਖੰਡ 'ਚ ਪਹਾੜੀਆਂ ਬਗਾਵਤ ਤੋਂ ਲੈ ਕੇ 1855-56 ਦੇ ਸੰਥਾਲ ਵਿਦਰੋਹ ਤੱਕ ਆਦੀ ਵਾਸੀ ਸਮਾਜ ਦੇ ਅੰਦਰੋਂ ਅਜਿਹੇ ਅਨੇਕਾਂ ਅਗਵਾਈ ਕਰਨ ਵਾਲੇ ਯੋਧਾ ਪੈਦਾ ਹੋਏ, ਜਿਨ੍ਹਾਂ ਬਾਰੇ ਅੱਜ ਵੀ ਸਾਨੂੰ ਬਹੁਤ ਘੱਟ ਜਾਣਕਾਰੀ ਹੈ। ਰਾਨੀ ਸ੍ਵੇਸ਼ਵਰੀ, ਤਿਲਕਾ ਮਾਂਝੀ, ਤਾਤਿਆ ਭੀਲ, ਰਾਮ ਜੀ ਗੱਡਾ, ਵਿਸ਼ਣੂ, ਮਾਨਕੀ ਦੁਖਣ ਮਾਨਕੀ, ਬਿੰਦਰਾਏ-ਸਿੰਘਾਰਾਏ, ਬਿਰਸਾ ਮੁੰਡਾ, ਸੀਦੋ-ਕਾਹਨੂੰ ਅਤੇ ਚਾਂਦ-

ਭੈਰੋਂ ਗਰਮ ਆਦਿ ਨੇ ਕੁਝ ਸਮੇਂ ਲਈ ਸਹੀ ਆਪਣੇ-ਆਪਣੇ ਇਲਾਕਿਆਂ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਕੇ ਆਜ਼ਾਦ ਸਰਕਾਰ ਦਾ ਗਠਨ ਕਰ ਲਿਆ ਸੀ। ਪੂਰਬ ਉਤਰ ਦੇ ਮਣੀ ਰਾਮ ਬਰੂਆ, ਤਿਰੋਤ ਸਿੰਘ, ਈਕੇਂਦਰਜੀਤ ਸਿੰਘ, ਰਾਨੀ ਰੌਪੁਇਲਆਨੀ ਆਦਿ ਨੇ ਅੰਗਰੇਜ਼ੀ ਸਾਮਰਾਜ ਦੇ ਵਧਦੇ ਰਥ ਨੂੰ ਕਾਫ਼ੀ ਸਮੇਂ ਤੱਕ ਰੋਕ ਰੱਖਿਆ ਸੀ।

ਦੱਖਣ ਦੇ ਰਾਜ ਵੀ ਇਸ ਤੋਂ ਅਛੂਤ ਨਹੀਂ ਰਹੇ। ਰਾਨੀ ਚੇਂਸਮਾ ਦਾ ਸੰਘਰਸ਼ ਕੌਣ ਭੁੱਲ ਸਕਦਾ ਹੈ ਪਰ 1806 'ਚ ਹੋਈ ਵਿਲੌਰ ਦੀ ਹਥਿਆਰਬੰਦ ਬਗ਼ਾਵਤ ਕੁਝ ਮਾਅਨਿਆਂ 'ਚ 1857 ਦੀ ਇਕ ਰਿਹਰਸਲ ਸੀ। ਬਗ਼ਾਵਤ ਸਮੇਂ ਵਿਲੌਰ ਕਿਲੇ 'ਚ 1500 ਭਾਰਤੀ ਫੌਜੀ ਤੇ 370 ਅੰਗਰੇਜ਼ ਅਫ਼ਸਰ ਸਨ। ਨਵੇਂ ਡਰੈਸ ਕੋਡ ਦੇ ਤਹਿਤ ਹਿੰਦੂਆਂ ਤੇ ਮੁਸਲਮਾਨਾਂ ਨੂੰ ਰਵਾਇਤੀ ਪਗੜੀ ਦੀ ਥਾਂ ਚਮੜੇ ਦੀ ਟੋਪੀ (ਜਿਸ ਬਾਰੇ ਇਹ ਚਰਚਾ ਸੀ ਕਿ ਇਹ ਸੂਰ ਜਾਂ ਗਾਂ ਦੇ ਚਮੜੇ ਨਾਲ ਬਣਾਈ ਗਈ ਹੈ) ਪਹਿਨਣ ਨੂੰ ਕਿਹਾ ਗਿਆ। ਦਾੜ੍ਹੀ ਰੱਖਣ 'ਤੇ ਪਾਬੰਦੀ ਲਾ ਦਿੱਤੀ ਗਈ। ਬਗ਼ਾਵਤ ਲਈ ਜਿਸ ਚੰਗਆੜੀ ਦੀ ਜ਼ਰੂਰਤ ਸੀ, ਉਹ ਇਸ ਨੇ ਪੂਰੀ ਕਰ ਦਿੱਤੀ। ਇਸ ਤੋਂ ਪਹਿਲਾਂ 1801 ਦੀ ਮੁਧਰਾਇ ਫੌਜੀ ਬਗ਼ਾਵਤ ਅਤੇ 1805 ਦੀ ਤਰਾਵਨ ਕੌਰ ਫੌਜੀ ਬਗ਼ਾਵਤ ਨੇ ਪਹਿਲਾਂ ਹੀ ਮਾਹੌਲ ਗਰਮ ਕਰ ਰੱਖਿਆ ਸੀ। ਦੱਖਣ ਦੇ ਫਕੀਰ ਅੰਦੋਲਨ ਨੇ ਪਹਿਲਾਂ ਹੀ ਜਨਤਾ ਵਿਚਕਾਰ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਪੂਰਨ ਯੋਜਨਾ ਅਨੁਸਾਰ 10 ਜੁਲਾਈ ਨੂੰ ਸਵੇਰੇ ਫੌਜੀਆਂ ਨੇ ਬਗਾਵਤ ਸ਼ੁਰੂ ਕਰ ਦਿੱਤੀ ਅਤੇ 15 ਅੰਗਰੇਜ਼ ਅਫ਼ਸਰ ਤੇ 100 ਅੰਗਰੇਜ਼ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜਨਤਾ ਵੱਡੀ ਗਿਣਤੀ 'ਚ ਵਿਲੌਰ 'ਤੇ ਕਬਜਾ ਕਰਨ ਪਿੱਛੋਂ ਬਾਗੀ ਸਿਪਾਹੀਆਂ ਨੇ ਟੀਪੂ ਸੁਲਤਾਨ ਦੇ ਦੂਜੇ ਬੇਟੇ (ਟੀਪੂ ਸੁਲਤਾਨ ਦਾ ਪੂਰਾ ਖਾਨਦਾਨ ਇਸ ਕਿਲੇ ਵਿਚ ਕੈਦ ਸੀ) ਫਤਿਹ ਹੈਦਰ ਨੂੰ ਆਪਾ ਰਾਜ ਐਲਾਨ ਦਿੱਤਾ ਤੇ ਸਿਪਾਹੀਆਂ ਦੀ ਅਗਵਾਈ ਕਰਨ ਤੋਂ ਨਾਂਹ ਕਰ ਦਿੱਤੀ। ਇਹ ਬਗਾਵਤ ਵੀ 1857 ਵਾਂਗ ਬਹੁਤ ਕਾਇਰਤਾਪੂਰਵਕ ਦਬਾ ਦਿੱਤੀ ਗਈ। ਇਸ ਪਿੱਛੋਂ ਬਹਾਦਰ ਸ਼ਾਹ ਜਫਰ ਵਾਂਗੂੰ ਹੀ ਟਾਪੂ ਸੁਲਤਾਨ ਦੇ ਖਾਨਦਾਨ ਨੂੰ ਵੀ ਮੈਸੂਰ ਤੋਂ ਕਾਫ਼ੀ ਦੂਰ ਕਲਕੱਤਾ ਦੀ ਇਕ ਜੇਲ੍ਹ 'ਚ ਰੱਖਿਆ ਗਿਆ। ਇਸ ਪ੍ਰਸੰਗ 'ਚ 1857 ਦੀ ਇਹ ਮਹਾਨ ਬਗਾਵਤ ਸ਼ੁਰੂ ਹੋਈ ਜਿਸ ਨੂੰ ਮਾਰਕਸ ਨੇ ਸਹੀ ਹੀ ਭਾਰਤ ਦਾ ਪਹਿਲਾ ਆਜ਼ਾਦੀ ਸੰਗਰਾਮ ਕਿਹਾ। 10 ਮਈ 1857 ਨੂੰ ਮੇਰਠ ਸ਼ਹਿਰ ਤੋਂ ਸ਼ੁਰੂ ਹੋਈ ਇਹ ਬਗ਼ਾਵਤ ਜਲਦੀ ਹੀ ਉਤਰ ਵਿਚ ਪੰਜਾਬ, ਦੱਖਣ 'ਚ ਨਰਮਦਾ, ਪੂਰਬ 'ਚ ਬਿਹਾਰ, ਝਾਰਖੰਡ ਤੇ ਪੱਛਮ 'ਚ ਗਵਾਲੀਅਰ ਤੱਕ ਫੈਲ ਗਈ। ਦਿੱਲੀ, ਲਖਨਊ, ਕਾਨਪੁਰ ਬੁੰਦੇਲਖੰਡ ਤੇ ਬਿਹਾਰ ਦਾ ਵੱਡਾ ਇਲਾਕਾ ਇਸ ਲੜਾਈ ਦਾ ਕੇਂਦਰ ਸੀ। ਅਸਲ 'ਚ 1857 ਦੀ ਇਹ ਮਹਾਨ ਬਗ਼ਾਵਤ ਦੀ ਭੂਮਿਕਾ ਉਸ ਵਕਤ ਤਿਆਰ ਹੋ ਗਈ ਸੀ ਜਦ 1856 'ਚ ਡਲਹੌਜੀ ਦੀ ਅਗਵਾਈ 'ਚ ਈਸਟ ਇੰਡੀਆ ਕੰਪਨੀ ਨੇ ਅਵਧ ਸੂਬੇ 'ਤੇ ਕਬਜਾ ਕਰ ਲਿਆ। ਉਸ ਸਮੇਂ ਕੰਪਨੀ ਦੀ ਫੌਜ 'ਚ ਅਵਧ ਸੂਬੇ ਨਾਲ ਸਬੰਧ ਰੱਖਣ ਵਾਲੇ ਕਰੀਬ 75,000 ਸੈਨਿਕ ਸਨ। ਹਾਲਾਂਕਿ ਇਹਨਾਂ ਫ਼ੌਜੀਆਂ ਨੇ ਦੂਜੇ ਸੂਬਿਆਂ 'ਤੇ ਕਬਜ਼ਾ ਕਰਨ 'ਚ ਕੰਪਨੀ ਸਰਕਾਰ ਦੀ ਮਦਦ ਕੀਤੀ ਸੀ, ਪਰ ਜਦ ਉਹਨਾਂ ਦਾ ਖੁਦ ਦਾ ਸੂਬਾ ਕੰਪਨੀ ਦੇ ਕਬਜੇ 'ਚ ਚਲਾ ਗਿਆ ਤਾਂ ਉਹ ਬੇਚੈਨ ਹੋ ਉੱਠੇ। ਅਵਧ ਦੇ ਇਹਨਾਂ 75000 ਵਰਦੀਧਾਰੀ ਕਿਸਾਨਾਂ ਨੇ ਹੀ 1857 ਦੀ ਇਸ ਕ੍ਰਾਂਤੀ 'ਚ ਮਹੱਤਵਪੂਰਨ ਭੂਮਿਕਾ

ਨਿਭਾਈ ਸੀ।

ਅਵਧ ਸੂਬੇ ਦੀ ਕੰਪਨੀ ਸਰਕਾਰ ਦੇ ਕਬਜ਼ੇ ’ਚ ਚਲੇ ਜਾਣ ਨਾਲ ਇਹਨਾਂ ਫੌਜੀਆਂ ਦੀ ਆਰਥਕ ਹਾਲਤ ਅਚਾਨਕ ਡਾਵਾਂਡੋਲ ਹੋ ਗਈ। ਕਿਉਂਕਿ ਇਹਨਾਂ ਫੌਜੀਆਂ ਨੂੰ ਕਿਸਾਨ ਦੇ ਰੂਪ ’ਚ ਹੁਣ ਵਧ ਟੈਕਸ ਉਤਾਰਨਾ ਪੈ ਰਿਹਾ ਸੀ। ਇਹ ਸਥਿਤੀ ਕੁਲ ਮਿਲਾ ਕੇ ਉਹਨਾਂ ਸਭ ਕੰਪਨੀ ਫ਼ੌਜੀਆਂ ਦੀ ਸੀ ਜਿਹਨਾਂ ਦੀ ਬਹੁਤਾਤ ਉਹਨਾਂ ਕਿਸਾਨ ਵਰਗਾਂ ਤੋਂ ਸੀ ਜੋ ਈਸਟ ਇੰਡੀਆ ਕੰਪਨੀ ਦੀਆਂ ਬੇਰਹਿਮ ਆਰਥਕ ਨੀਤੀਆਂ ਕਾਰਨ ਸਾਲ-ਦਰ-ਸਾਲ ਅਕਾਲ-ਮਾਂਹਮਾਰੀ ਝਲਦੇ ਹੋਇਆਂ ਆਪਣੀ ਤੇ ਆਪਣੇ ਦੇਸ਼ ਦੀ ਬਰਬਾਦੀ ਨੂੰ ਲੰਮੇ ਸਮੇਂ ਤੋਂ ਬਰਦਾਸ਼ਤ ਕਰ ਰਿਹਾ ਸੀ। ਈਸਟ ਇੰਡੀਆ ਕੰਪਨੀ ਵੱਲੋਂ ਵੱਡੇ ਪੈਮਾਨੇ ’ਤੇ ਇੱਥੋਂ ਦੇ ਦੇਸੀ ਉਦਯੋਗ ਧੰਦਿਆਂ, ਖਾਸ ਕਰਕੇ ਹੱਥ ਖੱਡੀ ਉਦਯੋਗ ਨੂੰ ਤਬਾਹ ਕਰਨ ਕਰਕੇ ਛੋਟੇ ਕਾਰਗਿਰ ਵੱਡੀ ਮਾਤਰਾ ’ਚ ਬੇਰੁਜ਼ਗਾਰ ਹੋ ਗਏ ਸਨ। ਇਸ ਵਰਗ ਦਾ ਵੀ ਕਿਸਾਨਾਂ-ਸਿਪਾਹੀਆਂ ਦਾ ਡੂੰਘਾ ਰਿਸ਼ਤਾ ਸੀ। 1857 ਦੀ ਬਗ਼ਾਵਤ ’ਚ ਇਹੀ ਉਹ ਕੜੀ ਸੀ ਜਿਸ ਨੇ ਨਾ ਸਿਰਫ਼ ਬਗਾਵਤ ਨੂੰ ਵਿਆਪਕ ਬਣਾਇਆ ਬਲਕਿ ਸੈਨਿਕ-ਕਿਸਾਨ ਗੱਠਜੋੜ ਦੀ ਮਜ਼ਬੂਤ ਬੁਨਿਆਦ ਰੱਖ ਦਿੱਤੀ। ਦੂਜੇ ਪਾਸੇ ਕੰਪਨੀ ਸਰਕਾਰ ਦੀ ਨਵੀਂ ਜ਼ਿੰਮੇਦਾਰੀ ਨੀਤੀ ਨੇ (ਜਿਸ ਕਾਰਨ ਭਾਰਤ ਜਾਗੀਰੂ ਤੋਂ ਅਰਧ ਜਾਗੀਰੂ ਦੇਸ ’ਚ ਬਦਲ ਗਿਆ) ਜਿਹਨਾਂ ਪੁਰਾਣੇ। ਜਿੰਮੀਦਾਰਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ ਸੀ, ਉਹ ਵੀ ਅੰਗਰੇਜ਼ਾਂ ਖਿਲਾਫ਼ ਹੋ ਗਏ ਅਤੇ 1857 ਦੀ ਬਗ਼ਾਵਤ ਨੂੰ ਅਗਵਾਈ ਦੇਣ ਲਈ ਅੱਗੇ ਆ ਗਏ। ਹਾਲਾਂਕਿ ਇਨ੍ਹਾਂ ਦੇ ਜਮਾਤੀ ਸੀਮਤਾਈ ਇਸ ਮਹਾਨ ਬਗਾਵਤ ਦੇ ਅਸਫ਼ਲ ਹੋਣ ਦਾ ਇਕ ਕਾਰਨ ਵੀ ਸਾਬਤ ਹੋਈ। 10 ਮਈ ਨੂੰ ਬਗਾਵਤ ਸ਼ੁਰੂ ਹੋਣ ਤੋਂ 2-3 ਮਹੀਨੇ ਪਹਿਲਾਂ ਤੋਂ ਹੀ ਅਨੇਕਾਂ ਥਾਵਾ ’ਤੇ ਸਿਪਾਹੀਆਂ ਦੇ ਅਸੰਤੋਸ਼ ਦੀਆਂ ਖ਼ਬਰਾਂ ਮਿਲਣ ਲੱਗੀਆਂ ਸਨ। ਇਸ ਦਾ ਫੌਰੀ ਕਾਰਨ ਨਵੀਂ ਇਨਫੀਲਡ ਬੰਦੂਕ ਸੀ ਜਿਸ ਦੇ ਕਾਰਟੀਲੈਜ ਨੂੰ ਮੂੰਹ ਨਾਲ ਕੱਟਣਾ ਪੈਂਦਾ ਸੀ ਅਤੇ ਜਿਸ ਬਾਰੇ ਚਰਚਾ ਸੀ ਕਿ ਉਹ ਗਾਂ ਤੇ ਸੂਰ ਦੀ ਚਰਬੀ ਤੋਂ ਬਣੇ ਹੋਏ ਹਨ। ਫਰਵਰੀ, ਮਾਰਚ ’ਚ ਹੀ ਬਹਿਰਾਮਪੁਰੇ-ਬੈਰਕਪੁਰ ਦੇ ਫ਼ੌਜੀਆਂ ਨੇ ਇਨਫੀਲਡ ਬੰਦੂਕ ਚਲਾਉਣ ਤੋਂ ਨਾਂਹ ਕਰ ਦਿੱਤੀ। ਉਹਨਾਂ ਨੂੰ ਫੌਰਨ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਸਮੇਂ ਕਲਕੱਤਾ ਦੇ ਨੇੜੇ ਬੈਰਕਪੁਰ ਛਾਉਣੀ ਵਿਚ ਮੰਗਲ ਪਾਂਡੇ ਤੇ ਕੁਝ ਸਾਥੀਆਂ ਨੇ ਸਫਲਤਾ ਪੂਰਵਕ ਢੰਗ ਨਾਲ ਵਿਦਰੋਹ ਸ਼ੁਰੂ ਕਰ ਦਿੱਤਾ ਅਤੇ ਆਪਣੇ ਅੰਗਰੇਜ਼ ਅਫ਼ਸਰਾਂ ’ਤੇ ਹਮਲਾ ਕਰ ਦਿੱਤਾ। ਮੰਗਲ ਪਾਂਡੇ ਦੀ ਗੋਲੀ ਨਾਲ ਏਡਜੂਵੇਂਟ ਲੈਫਟੀਨੈਂਟ ਹੈਨਰੀ ਬਾਗ਼ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਬਗ਼ਾਵਤ ਤੁਰੰਤ ਦਬਾ ਦਿੱਤੀ ਗਈ ਅਤੇ 29 ਮਾਰਚ, 1857 ਨੂੰ ਮੰਗਲ ਪਾਂਡੇ ਨੂੰ ਦੇਸ਼ ਧਰੋਹ ਦੇ ਦੋਸ਼ ’ਚ ਫਾਂਸੀ ਤੇ ਲਟਕਾ ਦਿੱਤਾ ਗਿਆ। ਇਸਨੇ ਬਲਦੀ ’ਤੇ ਤੇਲ ਦਾ ਕੰਮ ਕੀਤਾ।

10 ਮਈ 1857 ਦੀ ਸਵੇਰ ਮੇਰਠ ਦੇ ਫ਼ੌਜੀਆਂ ਨੇ ਬਗਾਵਤ ਦਾ ਝੰਡਾ ਬੁਲੰਦ ਕਰ ਦਿੱਤਾ। ਉਹਨਾਂ ਨੇ ਸਭ ਅੰਗਰੇਜ਼ ਅਫ਼ਸਰਾਂ ਨੂੰ ਮਾਰ ਸੁੱਟਿਆ ਅਤੇ ਆਪਣੇ ਕੈਦੀ ਸਾਥੀਆਂ ਨੂੰ ਰਿਹਾ ਕਰਵਾਉਂਦੇ ਹੋਏ ਹਥਿਆਰਾਂ ਸਮੇਤ ਦਿੱਲੀ ਵੱਲ ਚਾਲੇ ਪਾ ਦਿੱਤੇ। ਸ਼ਾਮ ਹੁੰਦੇ ਹੁੰਦੇ ਉਹ ਦਿੱਲੀ ਪੁੱਜ ਗਏ। ਉਥੇ ਮੇਰਠ ਦੇ ਸਿਪਾਹੀਆਂ ਨਾਲ ਮਿਲ ਕੇ ਦਿੱਲੀ ’ਚ ਮੌਜੂਦ ਸਿਪਾਹੀਆਂ ਨੇ ਆਪਣੇ ਅਫ਼ਸਰਾਂ ਦਾ ਕਤਲ ਕਰਕੇ ਪੂਰੀ ਦਿੱਲੀ

ਆਪਣੇ ਕਬਜ਼ੇ 'ਚ ਕਰ ਲਈ। ਦੂਜੇ ਹੀ ਦਿਨ ਸਿਪਾਹੀਆਂ ਨੇ ਦਿੱਲੀ ਨੂੰ ਆਜ਼ਾਦ ਐਲਾਨ ਕਰਦਿਆਂ ਬਹਾਦਰ ਸ਼ਾਹ ਜਫਰ ਨੂੰ ਭਾਰਤ ਦਾ ਬਾਦਸ਼ਾਹ ਐਲਾਨ ਦਿੱਤਾ। ਦਿੱਲੀ ਇਸ ਬਗ਼ਾਵਤ ਦਾ ਕੇਂਦਰ ਬਣ ਗਈ ਤੇ ਬਹਾਦਰ ਸ਼ਾਹ ਜ਼ਫ਼ਰ ਇਸ ਦੇ ਪ੍ਰਤੀਕ। ਸ਼ੁਰੂਆਤੀ ਹਿਚਕਚਾਹਟ ਅਤੇ ਗਰਮ ਸਿਪਾਹੀਆਂ ਦੇ ਦਬਾਅ ਹੇਠ ਬਹਾਦਰ ਸ਼ਾਹ ਜਫਰ ਨੇ ਭਾਰਤ ਦੀਆਂ ਸਾਰੀਆਂ ਰਿਆਸਤਾਂ ਦੇ ਨਾਂ ਇਹ ਸੰਦੇਸ਼ ਪ੍ਰਸਾਰਿਤ ਕਰ ਦਿੱਤਾ ਕਿ ਅੰਗਰੇਜ਼ੀ ਸਾਮਰਾਜ ਨੂੰ ਉਖਾੜ ਸੁੱਟੋ ਤੇ ਮੁਗ਼ਲ ਬਾਦਸ਼ਾਹ ਦੀ ਅਗਵਾਈ 'ਚ ਇਕ ਸੰਘ ਦੀ ਉਸਾਰੀ ਕਰੋ। ਇਸ ਦੀ ਤੇਜ਼ ਪ੍ਰਕਿਰਿਆ ਹੋਈ ਅਤੇ ਥਾਂ-ਥਾਂ 'ਤੇ ਉਹਨਾਂ ਰਾਜਿਆਂ ਤੇ ਜ਼ਿੰਮੀਦਾਰਾਂ ਨੇ, ਜਿਨ੍ਹਾਂ ਨੇ ਇਸ ਮਹਾਨ ਬਗਾਵਤ 'ਚ ਹਿੱਸਾ ਲਿਆ ਸੀ, ਬਹਾਦਰ ਸ਼ਾਹ ਜਫਰ ਪ੍ਰਤੀ ਆਪਣੀ ਨਿਹਚਾ ਜ਼ਾਹਰ ਕਰਦਿਆਂ ਅੰਗਰੇਜ਼ਾਂ ਖਿਲਾਫ਼ ਯੁੱਧ ਛੇੜ ਦਿੱਤਾ। ਨਾਨਾ ਸਾਹਿਬ, ਰਾਨੀ ਲੱਛਮੀ ਬਾਈ, ਬੇਗਮ ਹਜ਼ਰਤ ਮਹਿਲ, ਕੁੰਵਰ ਸਿੰਘ ਇਹਨਾਂ 'ਚ ਮੁੱਖ ਸਨ। ਇਸ ਯੁੱਧ 'ਚ ਬਹਾਦਰੀ ਦੇ ਇਕ ਤੋਂ ਇਕ ਕੀਰਤੀਮਾਜਨ ਸਥਾਪਤ ਹੋਏ। ਕਾਨਪੁਰ 'ਚ ਯੁੱਧ ਦੀ ਅਗਵਾਈ ਵੈਸੇ ਤਾਂ ਨਾਨਾ ਸਾਹਿਬ ਦੇ ਹੱਥ ਸੀ ਪਰ ਯੁੱਧ ਦੀ ਅਸਲੀ ਜਿੰਮੇਂਵਾਰੀ ਉਹਨਾਂ ਦੇ ਸਹਿਯੋਗੀ ਤਾਂਤੀਆਂ ਟੋਪੇ ਦੇ ਮੋਢਿਆਂ 'ਤੇ ਸੀ। ਤਾਂਤਿਆ ਟੋਪੇ ਗੁਰੀਲਾ ਯੁੱਧ 'ਚ ਮਾਹਰ ਸਨ। ਕਾਨਪੁਰ-ਲਖਨਊ 'ਤੇ ਅੰਗਰੇਜ਼ਾਂ ਦਾ ਦੁਬਾਰਾ ਕਬਜ਼ਾ ਹੋ ਜਾਣ ਦੇ ਬਾਵਜੂਦ ਤਾਂਤਿਆਂ ਟੋਪੇ ਨੇ ਹਾਰ ਨਹੀਂ ਮੰਨੀ ਅਤੇ ਮੱਧ ਭਾਰਤ ਦੇ ਸੰਘਣੇ ਜੰਗਲਾਂ ਵਿਚੋਂ ਗੁਰੀਲਾ ਯੁੱਧ ਜਾਰੀ ਰੱਖਿਆ ਅਤੇ ਅਪ੍ਰੈਲ 1859 'ਚ ਜਾ ਕੇ ਆਪਣੇ ਇਕ ਜਿਮੀਂਦਾਰ ਦੋਸਤ ਦੀ ਗ਼ਦਾਰੀ ਕਾਰਨ ਉਸ ਨੂੰ ਫੜਿਆ ਜਾ ਸਕਿਆ। ਬਾਅਦ 'ਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਨਾਨਾ ਸਾਹਿਬ ਦੇ ਦੂਜੇ ਸਹਿਯੋਗੀ ਰਮਜੀ ਮੁਲਾ ਰਾਜਸੀ ਪ੍ਰਚਾਰ 'ਚ ਮਾਹਰ ਸਨ। ਇਸ ਬਗ਼ਾਵਤ ਨਾਲ ਆਮ ਜਨਤਾ ਨੂੰ ਜੋੜਨ 'ਚ ਉਸ ਦੀ ਕਾਫ਼ੀ ਵੱਡੀ ਭੂਮਿਕਾ ਸੀ। ਰਾਣੀ ਲੱਛਮੀ ਬਾਈ ਦੀ ਬਹਾਦਰੀ ਦੇ ਕਿੱਸੇ ਤੇ ਬਹੁਤ ਮਸ਼ਹੂਰ ਹਨ। ਪਰ ਇਹ ਵੀ ਉਨ੍ਹਾਂ ਹੀ ਵੱਡਾ ਸੱਚ ਹੈ ਕਿ ਆਮ ਸਿਪਾਹੀਆਂ ਦਾ ਦਬਾਅ (ਜੋ ਕਿ ਲੱਛਮੀ ਬਾਈ ਖਿਲਾਫ਼ ਬਗਾਵਤ ਦੀ ਹੱਦ ਤੱਕ ਵਧ ਚੁੱਕਿਆ ਸੀ) ਹੀ ਲੱਛਮੀ ਬਾਈ ਨੂੰ ਯੁੱਧ 'ਚ ਖਿੱਚਣ ਦਾ ਇਕ ਵੱਡਾ ਕਾਰਨ ਸੀ। ਰਾਣੀ ਲੱਛਮੀ ਬਾਈ ਦੀ ਸਹਿਯੋਗੀ ਝਲਕਾਰੀ ਬਾਈ (ਜੋ ਦਲਿਤ ਜਾਤੀ 'ਚੋਂ ਸੀ) ਦਾ ਇਸ ਯੁੱਧ 'ਚ ਵੱਡਾ ਯੋਗਦਾਨ ਸੀ। ਅਸਲ 'ਚ ਆਦੀਵਾਸੀ ਬਗਾਵਤ ਤੋਂ ਇਲਾਵਾ ਇਹ ਪਹਿਲਾ ਮੌਕਾ ਸੀ ਜਦ ਔਰਤਾਂ ਨੇ ਵੀ ਯੁੱਧ ਵਿਚ ਵੱਖ ਵੱਖ ਰੂਪਾਂ 'ਚ ਵਧ ਚੜ੍ਹ ਕੇ ਹਿੱਸਾ ਲਿਆ ਸੀ। ਇਸ ਤੋਂ ਪਹਿਲਾਂ ਸਿਰਫ਼ ਆਦੀ ਵਾਸੀਆਂ ਬਗਾਵਤਾਂ ਵਿਚ ਹੀ ਔਰਤਾਂ ਦੀ ਯੁੱਧ 'ਚ ਭਾਗੀਦਾਰੀ ਵੇਖੀ ਜਾਂਦੀ ਸੀ। ਝਾਂਸੀ ਦੇ ਇਸ ਯੁੱਧ ਵਿਚ ਔਰਤਾਂ ਨੂੰ ਖਿੱਚ ਲਿਆਉਣ ਦਾ ਵੱਡਾ ਸਿਹਰਾ ਝਲਕਾਰੀ ਬਾਈ ਨੂੰ ਜਾਂਦਾ ਹੈ। ਫ਼ੈਜ਼ਾਬਾਦ 'ਚ ਮੌਲਵੀ ਅਹਿਮ ਦੁਲਾਰ ਨੇ ਬਗਾਵਤ ਦੀ ਅਗਵਾਈ ਕੀਤੀ। ਮੌਲਵੀ ਅਹਿਮ ਦੁਲਾਰ ਸ਼ਾਹ ਫੌਜੀ ਰਣਨੀਤੀ ਅਤੇ ਰਾਜਸੀ ਪ੍ਰਚਾਰ ਦੋਨਾਂ ਚ ਮਾਹਰ ਸੀ। ਉਹਨਾਂ ਨੇ ਅਵਧ ਦੀ ਆਮ ਜਨਤਾ ਨੂੰ ਇਸ ਯੁੱਧ ਨਾਲ ਜੋੜਦੇ ਹੋਇਆਂ ਅੰਗਰੇਜ਼ੀ ਫੌਜ ਨੂੰ ਸਖ਼ਤ ਟੱਕਰ ਦਿੱਤੀ। ਬਿਹਾਰ 'ਚ ਇਸ ਵਿਦਰੋਹ ਦੀ ਅਗਵਾਈ ਕਰਨ ਵਾਲੇ ਕੁੰਵਰ ਸਿੰਘ ਵੱਡੀ ਉਮਰ ਦੇ ਬੰਦੇ ਸਨ। ਉਹਨਾਂ ਦੀ ਉਮਰ ਉਸ ਸਮੇਂ 80 ਵਰ੍ਹਿਆਂ ਦੀ ਸੀ। ਇਸ ਦੇ ਬਾਵਜੂਦ ਉਹਨਾਂ ਨੇ ਪਹਿਲੀ ਕਤਾਰ 'ਚ ਰਹਿੰਦਿਆਂ ਫੌਜ ਦਾ ਸੰਚਾਲਨ ਕੀਤਾ ਅਤੇ

ਅੰਗਰੇਜ਼ੀ ਫੌਜੀ ਨੂੰ ਜਬਰਦਸਤ ਹਾਰ ਦਿੱਤੀ। ਉਹਨਾਂ ਦੀ ਤੁਲਨਾ ਸਹਿਜ ਹੀ ਲਿਬੀਆ 'ਚ ਇਟਲੀ ਦੇ ਖਿਲਾਫ਼ ਬਗਾਵਤ ਦਾ ਸੰਚਾਲਨ ਕਰਨ ਵਾਲੇ ਉਮਰ ਮੁਖਤਾਰ ਨਾਲ ਕੀਤੀ ਜਾ ਸਕਦੀ ਹੈ। ਹਾਲਾਂਕਿ ਉਸ ਵਕਤ ਉਮਰ ਮੁਖਤਾਰ ਦੀ ਉਮਰ 66 ਸਾਲਾਂ ਦੀ ਸੀ।

ਪਰ ਇਸ ਬਗ਼ਾਵਤ ਦੇ ਅਸਲੀ ਨਾਇਕ ਵਿਸ਼ਾਲ ਲੋਕਾਈ ਦੇ ਨਾਲ-ਨਾਲ ਕਿਸਾਨਾਂ ਦੇ ਪੁੱਤ ਸਿਪਾਹੀ ਹੀ ਸਨ। ਜੋ ਪਹਿਲੀ ਵਾਰੀ ਭਾੜੇ ਦੀ ਫ਼ੌਜ ਦੇ ਰੂਪ 'ਚ ਨਹੀਂ ਬਲਕਿ ਵਿਆਪਕ ਕਿਸਾਨ ਜਨਤਾ ਦੀ ਨੁਮਾਇੰਦਗੀ ਕਰਨ ਵਾਲੇ ਦੇਸ਼ ਭਗਤ ਸਿਪਾਹੀਆਂ ਵਜੋਂ ਲੜ ਰਹੇ ਸਨ। ਇਹਨਾਂ ਦਾ ਇਕ ਸਪੱਸ਼ਟ ਰਾਜਸੀ ਉਦੇਸ਼ ਸੀ- ਬ੍ਰਿਟਿਸ਼ ਸਾਮਰਾਜ ਦਾ ਖਾਤਮਾ। ਇਸ ਪ੍ਰਸੰਗ ਦੇ ਕਾਰਨ 1857 ਤੋਂ ਸ਼ੁਰੂ ਹੋਇਆ ਸੈਨਿਕ ਵਿਦਰੋਹ ਬਹਾਦਰ ਸ਼ਾਹ ਜ਼ਫ਼ਰ ਨੂੰ ਭਾਰਤ ਦਾ ਹਾਕਮ ਐਲਾਨ ਕਰਦਿਆਂ ਹੀ ਇਨਕਲਾਬੀ ਯੁੱਧ 'ਚ ਬਦਲ ਗਿਆ ਅਤੇ ਇਸ 'ਚ ਵੱਡੀ ਗਿਣਤੀ 'ਚ ਕਿਸਾਨਾਂ, ਕਾਰੀਗਰਾਂ ਤੇ ਜਿਮੀਂਦਾਰਾਂ-ਨਵਾਬਾਂ ਦੇ ਇਕ ਛੋਟੇ ਜਿਹੇ ਹਿੱਸੇ ਦੀ ਸ਼ਮੂਲੀਅਤ ਯਕੀਨੀ ਹੋ ਗਈ।

ਜੋ ਲੋਕ 1857 ਦੇ ਇਸ ਇਨਕਲਾਬੀ ਆਜ਼ਾਦੀ ਸੰਗ੍ਰਾਮ ਨੂੰ ਸਿਰਫ਼ ਫੌਜੀ ਬਗਾਵਤ ਤੱਕ ਸੀਮਤ ਕਰ ਦਿੰਦੇ ਹਨ ਅਤੇ ਗਾਂ ਤੇ ਸੂਰ ਦੀ ਚਰਬੀ ਨਾਲ ਬਣੀਆਂ ਗੋਲੀਆਂ ਨੂੰ ਇਸ ਫੌਜੀ ਬਗਾਵਤ ਦਾ ਫੈਸਲਾਕੁੰਨ ਕਾਰਨ ਮੰਨਦੇ ਹਨ, ਉਹਨਾਂ ਕੋਲ ਇਸ ਗੱਲ ਦਾ ਕੀ ਜੁਆਬ ਹੈ ਕਿ ਵਿਦਰੋਹ ਸ਼ੁਰੂ ਹੋਣ ਪਿੱਛੇ ਸਿਪਾਹੀਆਂ ਨੇ ਅੰਗਰੇਜ਼ਾਂ ਖਿਲਾਫ਼ ਉਹਨਾਂ ਹੀ ਇਨਫੀਲਡ ਬੰਦੂਕਾਂ ਦੀ ਵਰਤੋਂ ਵੱਡੇ ਪੈਮਾਨੇ 'ਤੇ ਕੀਤੀ ਜਿਨ੍ਹਾਂ ਦੇ ਕਾਰਟਰੇਜ ਨੂੰ ਦੰਦਾਂ ਨਾਲ ਕੱਟਣਾ ਪੈਂਦਾ ਸੀ ਤੇ ਜਿਸ ਬਾਰੇ ਚਰਚਾ ਸੀ ਕਿ ਉਹ ਗਾਂ ਤੇ ਸੂਰ ਦੀ ਚਰਬੀ ਨਾਲ ਬਣੇ ਹੋਏ ਹਨ। ਇਸ ਇਨਕਲਾਬੀ ਯੁੱਧ ਵਿਚ ਵਿਆਪਕ ਮਦਦ ਕੀਤੀ। ਉਹਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਲੜੇ ਬਲਕਿ ਵੱਡੇ ਪੈਮਾਨੇ 'ਤੇ ਆਜ਼ਾਦ ਕਾਰਵਾਈਆਂ ਕੀਤੀਆਂ।

ਇਨਕਲਾਬੀ ਲੋਕਾਂ ਦੇ ਸਹਿਜ ਨਿਸ਼ਾਨੇ ਹੁੰਦੇ ਸਨ-ਸੂਦਖੋਰ, ਨਵੇਂ ਜ਼ਿੰਮੀਂਦਾਰ, ਤਹਿਸੀਲਦਾਰ ਅਤੇ ਠਾਣੇ। ਇਹ ਉਹ ਚੌਂਕੜੀ ਸੀ, ਜੋ ਅੰਗਰੇਜ਼ੀ ਸਾਮਰਾਜ ਨਾਲ ਮਿਲ ਕੇ ਲੋਕਾਂ 'ਤੇ ਕਹਿਰ ਢਾਹੁੰਦੇ ਸਨ ਅਤੇ ਉਹਨਾਂ ਦੀ ਜ਼ਮੀਨ ਜ਼ਬਤ ਕਰ ਲੈਂਦੇ ਸਨ। ਅਨੇਕਾਂ ਥਾਵਾਂ 'ਤੇ ਕਿਸਾਨ ਜਨਤਾ ਦੇ ਇਨ੍ਹਾਂ 'ਤੇ ਹਮਲੇ ਕਰਕੇ ਪੁਰਾਣੇ ਸਾਰੇ ਰਿਕਾਰਡ ਸਾੜ ਦਿੱਤੇ ਅਤੇ ਆਪਣੀ ਜ਼ਮੀਨ 'ਤੇ ਦੁਬਾਰਾ ਕਬਜਾ ਕਰ ਲਿਆ। ਲੋਕਾਂ ਦੀਆਂ ਜਾਗੀਰਦਾਰੀ ਵਿਰੋਧੀ ਇਹਨਾਂ ਕਾਰਵਾਈਆਂ ਨੇ ਹੀ 1857 ਦੇ ਇਸ ਬਸਤੀਵਾਦ ਵਿਰੁੱਧ ਸੰਘਰਸ਼ ਨੂੰ ਵਿਆਪਕ ਬਣਾਇਆ ਤੇ ਇਕ ਹੱਦ ਤੱਕ ਗੰਭੀਰਤਾ ਮੁਹੱਈਆ ਕੀਤੀ। ਇਨਕਲਾਬੀ ਲੋਕਾਂ ਨੇ ਅੰਗਰੇਜ਼ੀ ਸਾਮਰਾਜ ਦੇ ਇਸ ਸਮਾਜਕ ਆਧਾਰ 'ਤੇ ਜਬਰਦਸਤ ਸੱਟ ਮਾਰਦਿਆਂ ਕੁਝ ਸਮੇਂ ਲਈ ਹੀ ਸਹੀ, ਅੰਗਰੇਜ਼ੀ ਸਾਮਰਾਜ ਦੀ ਜੜ ਕੱਟ ਦਿੱਤੀ। ਅਸਲ 'ਚ ਕੁਝ ਖੇਤਰਾਂ ਜਿਵੇਂ ਬੁੰਦੇਲਖੰਡ, ਰੁਹੇਲਖੰਡ, ਅਵਧ ਅਤੇ ਕਾਨਪੁਰ-ਲਖਨਊ ਸਮੇਤ ਬਿਹਾਰ ਦੇ ਕੁਝ ਜ਼ਿਲ੍ਹਿਆਂ 'ਚ ਬ੍ਰਿਟਿਸ਼ ਬਸਤੀਵਾਦ ਦੇ ਲਗਭਗ ਸਾਰੇ ਪ੍ਰਤੀਕਾਂ ਤੇ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਆਮ ਜਨਤਾ ਦੇ ਇਸ ਸੰਗਰਾਮ ਵਿਚ ਸ਼ਮੂਲੀਅਤ ਇਸ ਤੱਥ ਤੋਂ ਸਪੱਸ਼ਟ

ਹੋ ਜਾਂਦੀ ਹੈ ਕਿ ਸਿਰਫ਼ ਅਵਧ ਪ੍ਰਾਂਤ 'ਚ ਅੰਗਰੇਜ਼ੀ ਸੈਨਾ ਨਾਲ ਲੜਦਿਆਂ ਜੋ 150000 ਲੋਕ ਮਾਰੇ ਗਏ, ਉਸ 'ਚ ਇਕ ਲੱਖ ਉਥੋਂ ਦੇ ਫੌਜੀ ਸਨ। ਬਾਕੀ 50000 ਸਿਪਾਹੀ ਸਨ। ਬਗਾਵਤ ਨੂੰ ਦਬਾਉਣ ਪਿੱਛੋਂ ਅੰਗਰੇਜ਼ਾਂ ਨੇ ਜੋ ਜਾਲਮ ਤੇ ਭਿਅੰਕਰ ਕਤਲੇਆਮ ਚਲਾਇਆ, ਪਿੰਡਾਂ ਦੇ ਪਿੰਡ ਸਾੜ ਸੁੱਟੇ, ਹਜ਼ਾਰਾਂ ਲੋਕਾਂ ਨੂੰ ਜਨਤਕ ਫਾਂਸੀ ਦਿੱਤੀ। ਇਸ ਨਾਲ ਵੀ ਇਹ ਸਿੱਧ ਕਰ ਦਿੱਤਾ ਗਿਆ ਕਿ ਇਸ ਮਹਾਨ ਬਗਾਵਤ ਦੇ ਅਸਲੀ ਰਚੇਤਾ ਫ਼ੌਜੀਆਂ ਦੇ ਨਾਲ-ਨਾਲ ਆਮ ਕਾਸ਼ਤਕਾਰ ਜਨਤਾ ਵੀ ਸੀ। ਉਸ ਸਮੇਂ ਦੇ ਸਭਿਆਚਾਰਕ ਕਰਮੀਆਂ ਵਿਸ਼ੇਸ਼ ਕਰਕੇ ਲੋਕ ਕਲਾਕਾਰਾਂ ਦੀ ਵੀ ਕ੍ਰਾਂਤੀਕਾਰੀ ਵਿਦਰੋਹ ਦੇ ਬੀਜ ਬੀਜਣ 'ਚ ਲੋਕ ਕਲਾਕਾਰਾਂ, ਸੂਫ਼ੀਆਂ, ਕਰੀਬ ਪੰਥੀਆਂ ਅਤੇ ਇੱਥੋਂ ਤੱਕ ਨਟਾਂ ਅਤੇ ਮਦਾਰੀਆਂ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ।

ਬੁੰਦੇਲਖੰਡ ਦੇ ਇਲਾਕੇ 'ਚ ਗਾਈ ਜਾਣ ਵਾਲੀ ਫਾਗ ਨੇ ਤੁਰੰਤ ਹੀ ਆਪਣੀ ਪਿਛਲੀ ਜਾਗੀਰੂ ਅੰਤਰਵਸਤੂ ਨੂੰ ਤਿਆਗ ਕੇ ਵਿਦਰੋਹ ਦੀ ਇਨਕਲਾਬੀ ਅੰਦਰਵਸਤੂ ਨੂੰ ਅਪਣਾ ਲਿਆ। ਕਈ ਕਲਾਕਾਰ ਵਿਦਰੋਹ ਸ਼ੁਰੂ ਹੋਣ ਪਿੱਛੋਂ ਜਾਗੀਰੂ ਰਾਜ ਘਰਾਣਿਆਂ ਨੂੰ ਤਿਆਗ ਕੇ ਲੋਕਾਂ ਵਿਚਕਾਰ ਵਿਦਰੋਹ ਤਾਂ ਪ੍ਰਚਾਰਕ ਰਨ ਚਲੇ ਗਏ। 1857 ਦੀ ਬਗ਼ਾਵਤ ਦੀ ਹਾਰ ਪਿੱਛੋਂ ਜਦ ਇਨਕਲਾਬੀਆਂ ਅੰਗਰੇਜ਼ਾਂ ਖਿਲਾਫ਼ ਗੁਰੀਲਾ ਯੁੱਧ ਦੀ ਰਣਨੀਤੀ ਅਪਣਾਈ ਤਾਂ ਇਹਨਾਂ ਲੋਕ ਕਲਾਕਾਰਾ ਦੀ ਭੂਮਿਕਾ ਵੀ ਥੋੜ੍ਹੀ ਬਦਲ ਗਈ। ਹੁਣ ਇਹ ਲੋਕ ਜਨਤਾ ਵਿਚਕਾਰ ਆਪਣੀ ਵਿਧਾ ਦਾ ਪ੍ਰਦਰਸ਼ਨ ਕਰਦੇ ਹੋਏ, ਅੰਗਰੇਜ਼ਾਂ ਦੀਆਂ ਸਭ ਸਰਗਰਮੀਆਂ 'ਤੇ ਨਜ਼ਰ ਰੱਖਦੇ ਸਨ ਅਤੇ ਫੌਰਨ ਇਨਕਲਾਬੀਆਂ ਨੂੰ ਇਤਲਾਹ ਕਰ ਦਿੰਦੇ ਸਨ। ਇਨਕਲਾਬੀ ਇਹਨਾਂ ਸੂਚਨਾਵਾਂ ਦੇ ਆਧਾਰ 'ਤੇ ਹੀ ਅੰਗਰੇਜ਼ਾਂ ਤੇ ਉਹਨਾਂ ਦੇ ਦਲਾਲਾਂ 'ਤੇ ਗੁਰੀਲਾ ਹਮਲੇ ਕਰਦੇ ਸਨ। ਬੁੰਦੇਲ ਖੰਡ ਦੇ ਪੂਰੇ ਖੇਤਰ ਵਿਚ ਇਸ ਵਿਧੀ ਦੀ ਵਰਤੋਂ ਵਿਸ਼ੇਸ਼ ਤੌਰ 'ਤੇ ਹੋਈ ਸਮਾਜ ਦੇ ਦੂਜੇ ਹੋਰ ਪੇਸ਼ਿਆਂ ਦੇ ਲੋਕ ਵੀ ਇਸ ਹੱਦ ਤੱਕ ਇਸ ਕ੍ਰਾਂਤੀ ਨਾਲ ਜੁੜੇ ਹੋਏ ਸਨ, ਇਨ੍ਹਾਂ ਇਕ ਉਦਾਹਰਨ ਤੋਂ ਹੀ ਸਮਝਿਆ ਜਾ ਸਕਦਾ ਹੈ। ਕਾਨਪੁਰ ਦੀ ਇਕ ਵੇਸਵਾ ਤੇ ਨਰਤਕੀ ਅਜੀਵਨ ਬੇਗਮ, ਨਾਨਾ ਸਾਹਿਬ ਦੇ ਸੱਦੇ 'ਤੇ ਇਸ ਵਿਦਰੋਹ ਨਾਲ ਜੁੜ ਗਈ। ਉਸ ਨੇ ਹੋਰ ਔਰਤਾਂ ਨੂੰ ਸੰਗਠਿਤ ਕੀਤਾ। ਕ੍ਰਾਤੀਕਾਰੀਆਂ ਵਿਚਕਾਰ ਗੁਪਤ ਸੰਪਰਕ ਬਣਾਈ ਰੱਖਣ 'ਚ ਅਜੀਵਨ ਬੇਗਮ ਤੇ ਇਸ ਪੇਸ਼ੇ ਨਾਲ ਜੁੜੀਆਂ ਹੋਰ ਔਰਤਾਂ ਦਾ ਮਹੱਤਵਪੂਰਨ ਯੋਗਦਾਨ ਸੀ। ਗ੍ਰਿਫ਼ਤਾਰ ਹੋਣ ਪਿੱਛੋਂ ਜਦ ਅਜੀਵਨ ਬੇਗਮ ਸਾਹਮਣੇ ਨਾਨਾ ਸਾਹਿਬ ਦੇ ਮੁੱਖ ਸਹਿਯੋਗੀ ਅਜੀਮੁੱਲਾ ਖਾਂ ਦਾ ਪਤਾ ਦੱਸਣ ਤੇ ਉਸ ਨੇ ਤੁਰੰਤ ਇਨਕਾਰ ਕਰ ਦਿੱਤਾ। ਸਿੱਟੇ ਵਜੋਂ ਉਸ ਨੂੰ ਗੋਲੀ ਮਾਰ ਦਿੱਤੀ।

ਮਹਾਨ ਇਨਕਲਾਬ ਆਪਣੀ ਸਤਾ ਦੇ ਨਵੇਂ ਰੂਪ ਵੀ ਲੈ ਕੇ ਆਉਂਦੇ ਹਨ। 1857 ਦੇ ਇਨਕਲਾਬ ਵੀ ਇਸ ਦਾ ਅਪਵਾਦ ਜਾਂ ਕੋਰਟ ਆਫ ਐਡਮਨਿਸਟਰੇ ਸਨ (Court of Administraion) ਇਹ ਇਕ ਤਰ੍ਹਾਂ ਦੀ ਜਨ-ਸਤਾ ਸੀ। ਇਸ ਵਿਜ ਫੌਜ ਦੇ ਤਿੰਨ ਵਿਭਾਗਾਂ (Cavalary) ਘੁੜਸੈਨਾ ਇਨਫੈਂਟਰੀ (Infantry) ਪੈਦਲ ਤੇ ਅਰਟੀਲਿਰੀ (Artillery) ਤੋਪਖਾਨਾ ਤੋਂ ਦੋ-ਦੋ ਪ੍ਰਤੀਨਿਧ ਸ਼ਾਮਿਲ ਕੀਤੇ ਗਏ ਸਨ। ਸਭ ਪ੍ਰਤੀਨਿਧ ਆਪਣੇ ਆਪਣੇ ਖੇਤਰਾਂ 'ਚੋਂ ਬਹੁਮਤ ਦੇ ਆਧਾਰ 'ਤੇ ਚੁਣੇ ਜਾਂਦੇ

ਸਨ।

ਕੋਰਟ ਆਫ ਐਡਮਨਿਸਟ੍ਰੇਸ਼ਨ ਆਪਣੇ ਪ੍ਰਧਾਨ ਤੇ ਉਪ ਪ੍ਰਧਾਨ ਚੁਣਦੀ ਸੀ। ਦਿੱਲੀ ਵਿਚ ਸਥਾਪਿਤ ਇਸ ਨਿਕਾਅ ਨੇ ਸਿਕੰਦਰ ਬਖ਼ਤ ਨੂੰ ਆਪਣਾ ਪ੍ਰਧਾਨ ਚੁਣਿਆ। ਇਸ ਨਿਕਾਅ ਨੇ 11 ਮਈ 1857 ਨੂੰ ਬਹਾਦੁਰ ਸ਼ਾਹ ਜ਼ਫ਼ਰ ਨੂੰ ਭਾਰਤ ਦਾ ਬਾਦਸ਼ਾਹ ਐਲਾਨਿਆ। ਪੂਰੇ ਵਿਦਰੋਹ ਦੌਰਾਨ ਅਸਲੀ ਸ਼ਕਤੀ ਇਸ ਨਿਕਾਅ 'ਚ ਕੇਂਦਰਿਤ ਰਹੀ। ਬਹਾਦਰ ਸ਼ਾਹ ਜ਼ਫ਼ਰ ਇਕ ਪ੍ਰਤੀਕ ਹੀ ਰਿਹਾ। ਅਸਲ 'ਚ ਸਿਕੰਦਰ ਬਖ਼ਤ  ਦੀ ਅਗਵਾਈ 'ਚ ਦਿੱਲੀ ਤੇ ਆਸ ਪਾਸ ਦੇ ਇਲਾਕਿਆਂ 'ਚ ਇਹ ਨਿਕਾਅ ਪੂਰੇ ਅਧਿਕਾਰ ਨਾਲ ਕੰਮ ਕਰਦਾ ਰਿਹਾ। ਜ਼ਮੀਨ, ਮਾਲੀਆ ਆਦਿ ਦੇ ਮਾਮਲੇ ਵੀ ਇਹੀ ਨਿਕਾਅ ਪੂਰੇ ਅਧਿਕਾਰ ਨਾਲ ਕੰਮ ਕਰਦੀ ਰਹੀ। ਜ਼ਮੀਨ, ਮਾਲੀਆ ਆਦਿ ਦੇ ਮਾਮਲੇ ਵੀ ਇਹ ਨਿਕਾਅ ਨਿਪਟਾਉਂਦੀ ਰਹੀ। ਦਿੱਲੀ ਤੇ ਆਸ ਪਾਸ ਦੇ ਲੋਕ ਤੇ ਸਿਪਾਹੀਆਂ ਨੇ ਪਹਿਲੀ ਵਾਰ ਲੋਕ ਸੱਤਾ ਦਾ ਸੁਆਦ ਚਖਿਆ। ਰਾਮ ਵਿਲਾਸ ਸ਼ਰਮਾ ਵਰਗੇ ਇਤਿਹਾਸਕਾਰਾਂ ਨੇ ਤਾਂ ਇਸ ਨੂੰ 'ਸੋਵੀਅਤ' ਵੀ ਕਹਿ ਦਿੱਤਾ ਸੀ। ਇਹ ਤਜ਼ਰਬਾ ਦੂਜੀਆਂ ਥਾਵਾਂ 'ਤੇ ਨਹੀਂ ਦੁਹਰਾਇਆ ਜਾ ਸਕਿਆ। ਪਰ ਏਨਾ ਤਾਂ ਤੱਥ ਸੀ ਕਿ ਵਿਦਰੋਹ ਦੇ ਸਭ ਕੇਂਦਰ 'ਤੇ ਮਹੱਤਵਪੂਰਨ ਸ਼ਮੂਲੀਅਤ ਸੀ। ਜਨਤਾ ਨੇ ਵੀ ਆਪਣੇ ਆਪਣੇ ਖੇਤਰਾਂ 'ਚ ਆਪਣੀ ਪਸੰਦ ਦੇ ਜਿੰਮੀਦਾਰਾਂ-ਨਵਾਬਾਂ ਨੂੰ ਗੱਦੀ 'ਤੇ ਬਿਠਾਉਣਾ ਸ਼ੁਰੂ ਕੀਤਾ। ਇਹ ਸ਼ਾਇਦ ਯੁੱਗ ਦੀ ਸੀਮਾ ਹੀ ਸੀ ਕਿ ਜਨਤਾ ਬਗ਼ਾਵਤ ਦੇ ਸਿੱਟੇ ਵਜੋਂ ਪੈਦਾ ਹੋਏ ਰਾਜਸੀ ਖਲਾਅ ਨੂੰ ਕ੍ਰਾਂਤੀਕਾਰੀ ਜਨ ਸਤਾ ਰਾਹੀਂ ਨਹੀਂ ਬਲਕਿ ਕੁਝ 'ਭਲੇ' ਨਵਾਬਾਂ, ਜਿੰਮੀਦਾਰਾਂ ਨਾਲ ਭਰ ਰਹੀ ਸੀ। ਦਿੱਲੀ ਦੇ ਆਸ-ਪਾਸ 'ਕੋਰਟ ਆਫ਼ ਐਡਮਨਿਸਟ੍ਰੇਸ਼ਨ' ਦੀ ਸਥਾਪਨਾ ਕਾਫ਼ੀ ਸੀਮਤ ਤੇ ਨਾ ਕਾਫ਼ੀ ਸੀ। ਇਸ ਵਿਦਰੋਹ ਦੀ ਇਕ ਹੋਰ ਖਾਸੀਅਤ ਸੀ-ਹਿੰਦੂ ਮੁਸਲਿਮ ਏਕਤਾ। ਅਸਲ 'ਚ ਵੈਸੀ ਏਕਤਾ ਫਿਰ ਕਦੇ ਨਹੀਂ ਵੇਖੀ ਗਈ। ਕੰਪਨੀ ਦੇ ਸਿਪਾਹੀਆਂ 'ਚ ਬਹੁਗਿਣਤੀ ਹਿੰਦੂਆਂ ਦੀ ਸੀ, ਪਰ ਉਹਨਾਂ ਨੇ ਬਹਾਦਰ ਸ਼ਾਹ ਜਫਰ ਨੂੰ ਦੇਸ਼ ਦਾ ਹਾਕਮ ਐਲਾਨਣ 'ਚ ਇਕ ਸਕਿੰਟ ਵੀ ਦੇਰੀ ਨਹੀਂ ਕੀਤੀ। ਉਹਨਾਂ ਦੇ ਇਸ ਐਲਾਨ ਨੇ ਇਹ ਸਾਬਤ ਕਰ ਦਿੱਤਾ ਕਿ ਮੁਗ਼ਲ ਬਾਦਸ਼ਾਹ ਭਾਰਤ ਦੀ ਰਾਜਸਤਾ ਦਾ ਪ੍ਰਤੀਕ ਹੈ। ਪਰ ਅਫ਼ਸੋਸ ਕਿ ਠੀਕ 90 ਸਾਲਾਂ ਬਾਅਦ 1947 'ਚ ਅੰਗਰੇਜ਼ਾਂ ਤੇ ਉਹਨਾਂ ਦੇ ਭਾਰਤੀ ਦਲਾਲਾਂ ਦੀ ਜ਼ਹਿਰੀਲੀ ਖੇਡ 'ਚ ਫਸ ਕੇ 1857 ਤੋਂ ਉਹ ਕੋਈ ਸਬਕ ਨਹੀਂ ਸਿੱਖ ਸਕੇ ਪਰ ਅੰਗਰੇਜ਼ਾਂ ਨੇ ਇਹ ਸਬਕ ਸਿੱਖ ਲਿਆ। 1857 ਦੀ ਕ੍ਰਾਂਤੀ ਨੇ ਇਕ ਮਹੱਤਵਪੂਰਨ ਕੰਮ ਇਹ ਕੀਤਾ ਕਿ ਇਸ ਨੇ ਅੰਗਰੇਜ਼ੀ ਸਿੱਖਿਆ ਪ੍ਰਣਾਲੀ 'ਚ ਵਧੇ ਫੁਲੇ ਉਸ ਮੱਧ ਵਰਗ ਦਾ ਪਰਦਾਫਾਸ਼ ਕਰ ਦਿੱਤਾ ਜਿਨ੍ਹਾਂ ਦੀ 'ਪ੍ਰਗਤੀਸ਼ੀਲਤਾ' ਦੇ ਚਰਚੇ ਇਤਿਹਾਸ ਦੀਆਂ ਕਿਤਾਬਾਂ 'ਚ ਭਰੇ ਪਏ ਹਨ। ਅਸਲ 'ਚ ਪੂਰੇ ਭਾਰਤੀ ਉਪ ਮਹਾਂਦੀਪ ਨੂੰ ਹਿਲਾ ਕੇ ਰੱਖ ਦੇਣ ਵਾਲੇ ਇਸ ਤੂਫ਼ਾਨੀ ਸੰਘਰਸ਼ ਨਾਲ ਅੰਗਰੇਜ਼ੀ ਸਿੱਖਿਆ ਪ੍ਰਣਾਲੀ 'ਚ ਪਲਿਆ ਫੜ੍ਹਿਆ ਮਧ ਵਰਗ ਅਲੱਗ ਥਲੱਗ ਰਿਹਾ। ਤੇ ਜਿਨ੍ਹਾਂ ਨੂੰ ਨਵਜਾਗਰਣ ਦਾ ਸਰੋਤ ਕਿਹਾ ਜਾਂਦਾ ਹੈ। ਉਹਨਾਂ ਨੇ ਇਸ ਇਨਕਲਾਬ ਦੀ ਮੁਖਾਲਫਤ ਹੀ ਕੀਤੀ। ਆਪਣੇ ਨੂੰ ਅਗਾਂਹਵਧੂ ਕਹਿਣ ਵਾਲੇ ਇਹ ਮੱਧ ਵਰਗੇ ਸਮਾਜਕ ਪ੍ਰਗਤੀ ਲਈ ਉਸੇ ਅੰਗਰੇਜ਼ੀ ਸਰਕਾਰ ਤੋਂ ਆਸ ਲਈ ਬੈਠੇ ਸਨ ਜੋ ਪਿੰਡਾਂ 'ਚ ਕਿਸਾਨਾਂ ਦਾ ਖ਼ੂਨ ਚੂਸ ਰਹੀ ਸੀ ਅਤੇ ਵਿਦਰੋਹੀਆਂ ਦਾ ਸਿਰ ਕਲਮ ਕਰ ਰਹੀ ਸੀ। ਰਾਜਾ ਰਾਮਮੋਹਨ ਰਾਏ

ਅਤੇ ਗਾਲਿਬ ਵਰਗੇ ਲੋਕਾਂ ਨੇ 1857 ਦੀ ਕ੍ਰਾਂਤੀ ਦਾ ਵਿਰੋਧ ਕੀਤਾ। ਗਾਲਿਬ ਨੇ ਤਾਂ ਇਸ ਕ੍ਰਾਂਤੀ ਨੂੰ ਭਾਰਤੀ ਸਿਪਾਹੀਆਂ ਵੱਲੋਂ ਕੀਤੇ ਜਾ ਰਹੇ 'ਅਤਿਆਚਾਰਾਂ' ਤੇ ਕਾਫ਼ੀ ਹਾਇ ਤੋਬਾ ਮਚਾਈ। ਇਹ ਅਜੀਬ ਤੇ ਦਿਲਚਸਪ ਤੱਥ ਹੈ ਕਿ ਭਾਰਤ ਦੇ ਅਖੌਤੀ ਨਵਜਾਗਰਣ ਦਾ ਭਾਰਤ ਦੀ ਪਹਿਲੀ ਅਜ਼ਾਦੀ ਦੀ ਜੰਗ ਨਾਲ ਕੋਈ ਨਾਤਾ ਨਹੀਂ ਸੀ।

1857 ਦੀ ਕ੍ਰਾਂਤੀ ਦੀ ਅਸਫ਼ਲਤਾ ਦੇ ਕਈ ਕਾਰਨ ਸਨ। ਜਾਗੀਰੂ ਅਗਵਾਈ ਇਕ ਵੱਡਾ ਕਾਰਨ ਸੀ। ਇਸ ਤੋਂ ਇਲਾਵਾ ਵਿਦਰੋਹ ਇਕ ਵੱਡੇ ਖੇਤਰ 'ਚ ਹੋਣ ਦੇ ਬਾਵਜੂਦ ਇਹ ਪੂਰੇ ਭਾਰਤ ਨੂੰ ਆਪਣੇ ਕਲਾਵੇ 'ਚ ਨਹੀਂ ਲੈ ਸਕਿਆ। ਪੂਰਾ ਦੱਖਣੀ ਭਾਰਤ ਸੁਦੂਰ-ਪੂਰਬ ਤੇ ਸੁਦੂਰ ਪੱਛਮੀ ਭਾਰਤ ਇਸਤੋਂ ਅਲੱਗ ਥਲੱਗ ਰਹੇ। ਯੁੱਧ ਕੌਸ਼ਲ ਦੀ ਘਾਟ, ਆਧੁਨਿਕ ਹਥਿਆਰਾਂ ਦੀ ਕਮੀ ਨੇ ਵੀ ਇਸ 'ਚ ਵੱਡੀ ਭੂਮਿਕਾ ਨਿਭਾਈ। 1857 ਦੇ ਵਿਦਰੋਹੀ ਸੈਨਿਕਾਂ ਤੇ ਕ੍ਰਾਂਤੀਕਾਰੀ ਜਨਤਾ ਕੋਲ ਉਹਨਾਂ ਦਾ ਆਪਣਾ ਕੋਈ ਸੰਗਠਨ ਨਹੀਂ ਸੀ ਅਤੇ ਨਾ ਹੀ ਭਵਿੱਖ ਦੀ ਕੋਈ ਤਸਵੀਰ ਸੀ। ਉਹੀ ਜਾਗੀਰੂ ਅਗਵਾਈ ਦੇਸ਼ ਨੂੰ ਪੁਰਾਣੇ ਤਰੀਕੇ ਨਾਲ ਹੀ ਚਲਾਉਣ ਦੀ ਉਮੀਦ ਕਰ ਰਹੀ ਸੀ। ਇਕ ਸ਼ਬਦ ਵਿਚ ਕਹੀਏ ਤਾਂ ਬਸਤੀਵਾਦ ਖਿਲਾਫ਼ ਇਹਨਾਂ ਦੀ ਕੋਈ ਵਿਚਾਰਧਾਰਾ ਨਹੀਂ ਸੀ। ਅਸਲ 'ਚ ਇਹਨਾਂ ਕੋਲ ਬਸਤੀਵਾਦ ਦੀ ਕੋਈ ਸਮਝ ਵੀ ਨਹੀਂ ਸੀ। ਇਸਤੋਂ ਇਲਾਵਾ ਵੱਡੀਆਂ ਤੇ ਤਾਕਤਵਰ ਰਿਆਸਤਾਂ ਅਤੇ ਰਾਜਿਆਂ ਜਿਵੇਂ ਗਵਾਲੀਅਰ ਦਾ ਸਿੰਧੀਆ, ਇੰਦੌਰ ਦਾ ਹੌਲਕਰ, ਹੈਦਰਾਬਾਦ ਦਾ ਨਿਜਾਮ, ਕਸ਼ਮੀਰ ਦਾ ਮਹਾਰਾਜ ਤੇ ਪੰਜਾਬ ਸਮੇਤ ਦੂਜੇ ਸੂਬਿਆਂ ਦੇ ਬਹੁਤੇ ਨਵਾਬਾਂ ਰਾਜਿਆਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਅੱਜ ਅਖੌਤੀ ਆਜ਼ਾਦ ਭਾਰਤ ਵਿਚ ਵੀ ਇਹਨਾਂ ਦੇ ਵੰਸ਼ਾਂ 'ਚੋਂ ਕਈ ਸੰਸਦ ਤੇ ਵਿਧਾਨ ਸਭਾਵਾਂ ਦੀ ਸ਼ੋਭਾ ਵਧਾ ਰਹੇ ਹਨ। ਦੂਜੇ ਪਾਸੇ ਅੰਗਰੇਜ਼ ਬਸਤੀਵਾਦੀ ਵਿਕਸਤ ਪੈਦਾਵਾਰੀ ਸ਼ਕਤੀ ਦੀ ਨੁਮਾਇੰਦਗੀ ਕਰਦੇ ਸਨ। ਸ਼ੁੱਧ ਸਮਗਰੀ ਤੇ ਯੁੱਧ ਕਲਾ 'ਚ ਇਹ ਇੱਥੋਂ ਕਾਫ਼ੀ ਅੱਗੇ ਸਨ। ਜਨਤਾ ਵਿਚਕਾਰ ਫੁੱਟ ਪੈਦਾ ਕਰਨ ਵਿਚ ਤਾਂ ਉਹ ਨਾਕਾਮ ਰਹੇ, ਪਰ ਅੰਗਰੇਜ਼ਾਂ-ਨਵਾਬਾਂ ਵਿਚਕਾਰ ਦੀ ਫੁੱਟ ਦੀ ਉਹਨਾਂ ਨੇ ਖ਼ੂਬ ਵਰਤੋਂ ਕੀਤੀ। ਇਸ ਤੋਂ ਇਲਾਵਾ ਜਿਸ ਚੀਜ਼ ਨੇ 1857 ਦੇ ਵਿਦਰੋਹ ਦੀ ਤਾਕਤ ਨੂੰ ਇਕ ਹੱਦ ਤੱਕ ਘੱਟ ਕਰ ਦਿੱਤਾ ਅਤੇ ਜਿਸ ਦਾ ਪ੍ਰਭਾਵ ਬਾਅਦ ਦੇ ਅੰਦੋਲਨਾਂ 'ਤੇ ਵੀ ਦਿਸਿਆ, ਉਹ ਸੀ ਜਾਗੀਰੂ ਜਾਤੀ ਪ੍ਰਥਾ। ਭਾਰਤ ਦੀਆਂ ਦਲਿਤ ਜਾਤੀਆਂ ਵਿਸ਼ੇਸ਼ ਕਰਕੇ ਅਛੂਤ ਜਾਤੀਆਂ ਤੋਂ ਦੂਜੀਆਂ ਉੱਚੀਆਂ ਜਾਤੀਆਂ ਦੂਰੀ ਬਣਾ ਕੇ ਰੱਖਦੀਆਂ ਸਨ। ਉਹਨਾਂ ਦੇ ਪ੍ਰਛਾਵੇਂ ਤੱਕ ਤੋਂ ਬਚਿਆ ਜਾਂਦਾ ਸੀ। ਅਜਿਹੇ 'ਚ ਕਿਸੇ ਵੀ ਰਾਜਸੀ, ਸੈਨਿਕ ਆਰਥਿਕ ਮਾਮਲਿਆਂ 'ਚ ਉਹਨਾਂ ਦੀ ਭਾਗੀਦਾਰੀ ਅਸੰਭਵ ਸੀ। ਕੰਪਨੀ ਸੈਨਾ ਵਿਚ ਵੀ ਉੱਚੀਆਂ ਜਾਤਾਂ ਦੀ ਨਿਯੁਕਤੀ 1857 ਦੇ ਵਿਦਰੋਹ ਦੇ ਬਹੁਤ ਬਾਅਦ ਜਾ ਕੇ ਹੀ ਸ਼ੁਰੂ ਹੋ ਸਕੀ। ਹੈਰਾਨੀ ਹੈ ਕਿ ਕਾਰਲ ਮਾਰਕਸ ਇਥੋਂ ਏਨੀ ਦੂਰ ਲੰਦਨ 'ਚ ਬੈਠ ਕੇ ਵੀ ਕੰਪਨੀ ਸੈਨਾ ਦੀ ਜਾਤੀ ਬਣਤਰ 'ਤੇ ਨਜ਼ਰ ਰੱਖ ਰਹੇ ਸਨ। ਕਾਰਲ ਮਾਰਕਸ ਵੱਲੋਂ ਦਿੱਤੇ ਅੰਕੜਿਆਂ 'ਤੇ ਵੀ ਨਜ਼ਰ ਮਾਰੀਏ ਤਾਂ ਬੰਗਾਲ ਰੈਜੀਮੈਂਟ ਦੇ 80000 ਸਿਪਾਹੀਆਂ 'ਚ 30000 ਯੂਰਪੀਅਨ ਸਿਪਾਹੀਆਂ ਨੂੰ ਛੱਡ ਕੇ 28000 ਰਾਜਪੂਤ, 23000 ਬ੍ਰਾਹਮਣ, 13000 ਮੁਸਲਮਾਨ ਤੇ 5000 ਹੇਠਲੀ ਜਾਤੀ ਦੇ ਸਿਪਾਹੀ ਸਨ।

ਕੁਲ ਮਿਲਾਕੇ ਐਸੀ ਹੀ ਰਚਨਾ ਪੂਰੀ ਕੰਪਨੀ ਸੈਨਾ ਦੀ ਸੀ। ਇੱਥੇ ਇਹ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਉਪਰੋਕਤ ਨਿਮਨ ਜਾਤੀਆਂ ਨਹੀਂ ਹਨ, ਬਲਕਿ ਖੇਤੀ ਜਾਤੀਆਂ ਜਿਵੇਂ ਯਾਦਵ, ਕੁਰਮੀ ਆਦਿ ਹਨ। ਇਹ ਵੀ ਦਿਮਾਗ਼ 'ਚ ਹੋਣਾ ਚਾਹੀਦਾ ਹੈ ਕਿ ਗਾਂ ਦੀ ਚਰਬੀ ਸਬੰਧੀ ਧਾਰਮਿਕ ਪੂਰਵਧਾਮਾ ਦਲਿਤ ਦੇ ਲਈ ਕੋਈ ਮਾਅਨੇ ਨਹੀਂ ਰੱਖਦੀ।

1857 ਦੇ ਨੇਤਾਵਾਂ ਨੇ ਇਹਨਾਂ ਦਲਿਤ ਜਾਤੀਆਂ ਦਾ ਵਿਸਵਾਸ਼ ਜਿੱਤਣ, ਉਹਨਾਂ ਨੂੰ ਇਸ ਅਮਲ 'ਚ ਹਿੱਸੇਦਾਰ ਬਣਾਉਣ ਦਾ ਕੋਈ ਯਤਨ ਨਹੀਂ ਕੀਤਾ। ਅਸਲ 'ਚ ਇਹ ਤਾਂ ਹੀ ਹੋ ਸਕਦਾ ਸੀ ਜਦ ਉਹ ਆਪਣੇ ਉੱਚ ਜਾਤੀਗਤ ਹੰਕਾਰਾਂ ਤੋਂ ਬਾਹਰ ਆਉਂਦੇ ਅਤੇ ਦਲਿਤ ਵਿਰੋਧੀ ਪ੍ਰਥਾਨਾਵਾਂ-ਮਾਨਤਾਵਾਂ ਨੂੰ ਰੱਦ ਕਰਦੇ। ਤਾਂ ਹੀ ਉਹ ਦਲਿਤ ਸਮਾਜ ਦੀ ਅਸੀਮਤ ਊਰਜਾ ਨੂੰ ਲਾਮਬੰਦ ਕਰ ਸਕਦੇ। ਇਹੀ ਕਾਰਨ ਸੀ ਕਿ ਦਲਿਤ ਵਰਗ ਦੇ ਆਗੂ ਇਸ ਬਗ਼ਾਵਤ ਨੂੰ ਸ਼ੱਕ ਦੀ ਨਜ਼ਰ ਨਾਲ ਵੇਖ ਰਹੇ ਸਨ। ਉਹਨਾਂ ਨੂੰ ਲਗਦਾ ਸੀ ਕਿ ਇਹਨਾਂ ਦੀ ਜਿੱਤ ਜਾਤੀ ਪ੍ਰਥਾ ਨੂੰ ਹੋਰ ਮਜ਼ਬੂਤ ਬਣਾਵੇਗੀ। ਤੇ ਉਹਨਾਂ ਦਾ ਇਹ ਸ਼ੱਕ ਨਿਰਆਧਾਰ ਨਹੀਂ ਸੀ। ਜੋਤੀਬਾਫੁਲੇ ਵਰਗੇ ਦਲਿਤ ਚਿੰਤਕ ਨੇ ਇਸ ਪ੍ਰਸੰਗ 'ਚ ਅਤੇ ਇਹਨਾਂ ਹੀ ਤਰਕਾਂ ਦੇ ਆਧਾਰ ਦੇ ਆਧਾਰ 'ਤੇ 1857 ਦੇ ਇਸ ਵਿਦਰੋਹ ਦਾ ਵਿਰੋਧ ਕੀਤਾ ਸੀ। ਸੱਚ ਤਾਂ ਇਹ ਹੈ ਕਿ ਉਸ ਸਮੇਂ ਦੇ ਕ੍ਰਾਂਤੀਕਾਰੀ ਆਪਣੇ ਸਮੇਂ ਦੇ ਬੰਦੀ ਸਨ ਤੇ ਸਮੇਂ ਤੋਂ ਅੱਗੇ ਨਿਕਲਣਾ ਉਹਨਾਂ ਦੇ ਲਈ ਅਸੰਭਵ ਨਹੀਂ ਸੀ।

1857 ਦੀ ਕ੍ਰਾਂਤੀ ਭਾਵੇਂ ਹੀ ਅਸਫ਼ਲ ਹੋ ਗਈ, ਪਰ ਇਸ ਨੇ ਆਪਣੇ ਸਕਾਰਤਮਕ ਤੇ ਨਕਾਰਤਮਕ ਅਨੁਭਵਾਂ ਨਾਲ ਭਾਵੀ ਕ੍ਰਾਂਤੀਕਾਰੀਆਂ ਨੂੰ ਅਨੇਕਾਂ ਪ੍ਰਕਾਰ ਨਾਲ ਸਿਆਣਾ ਕੀਤਾ। ਇਹ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਭਾਰਤੀ ਸਮਾਜ ਦੇ ਜਮਹੂਰੀਕਰਨ ਦੀ ਲੜਾਈ ਦਾ ਇਹ ਪਹਿਲਾ ਵੱਡਾ ਯਤਨ ਸੀ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ 1857 ਦੀ ਕ੍ਰਾਂਤੀ ਨੇ ਘੱਟੋ-ਘੱਟ ਈਸਟ ਇੰਡੀਆ ਕੰਪਨੀ ਦੀ ਹੋਂਦ ਤਾਂ ਇੱਥੋਂ ਖ਼ਤਮ ਹੀ ਕਰ ਦਿੱਤੀ। ਇਸ ਕ੍ਰਾਂਤੀ ਪਿੱਛੋਂ ਭਾਰਤ ਸਿੱਧਾ ਬ੍ਰਿਟਿਸ਼ ਕ੍ਰਾਊਨ ਦੇ ਅਧੀਨ ਆ ਗਿਆ। 1857 ਦੇ ਸਮੇਂ ਦਾ ਬਸਤੀਵਾਦ ਰਾਜ ਸਾਮਰਾਜਵਾਦ 'ਚ ਬਦਲ ਗਿਆ ਹੈ। 1857 ਤੋਂ ਲੈ ਕੇ ਅੱਜ ਤੱਕ ਭਾਰਤੀ ਜਾਗੀਰਦਾਰੀ ਆਪਣੀਆਂ ਸਾਰੀਆਂ ਤਬਦੀਲੀਆਂ ਦੇ ਬਾਵਜੂਦ ਅੱਜ ਵੀ ਪੇਂਡੂ ਲੋਕਾਂ ਦੀ ਬੇਰਹਿਮ ਲੁੱਟ ਕਰ ਰਹੀ ਹੈ। 1857 ਦੀ ਕ੍ਰਾਂਤੀ ਦੇ ਦੋਵੇਂ ਨਿਸ਼ਾਨੇ ਬਸਤੀਵਾਦ (ਅੱਜ ਸਾਮਰਾਜ) ਤੇ ਜਾਗੀਰਦਾਰੀ ਜਿਉਂ ਦੀ ਤਿਉਂ ਕਾਇਮ ਹਨ। ਪਰ ਕ੍ਰਾਂਤੀਕਾਰੀਆਂ ਦੇ ਤਰਕਸ਼ 'ਚ ਪਹਿਲਾਂ ਨਾਲੋਂ ਵੱਧ ਤੀਰ ਹਨ। ਸਾਡੇ ਕੋਲ ਸਾਮਰਾਜ ਵਿਰੋਧੀ ਜਾਗੀਰਦਾਰੀ ਵਿਰੋਧੀ ਕ੍ਰਾਂਤੀਕਾਰੀ ਵਿਚਾਰਧਾਰਾ ਹੈ। ਸਾਮਰਾਜ-ਜਾਗੀਰਦਾਰੀ ਵਿਰੋਧੀ ਕ੍ਰਾਂਤੀ ਨੂੰ ਅਗਵਾਈ ਦੇਣ ਲਈ ਹੁਣ ਤੋਂ ਕ੍ਰਾਂਤੀਕਾਰੀ ਵਰਗ ਮਜ਼ਦੂਰ ਵਰਗ ਹੈ। 1857 ਦੇ ਸਬਕਾਂ ਤੋਂ ਸਿੱਖਣਾ ਚਾਹੀਦਾ ਹੈ।

# ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ (NREGA) ਰੁਜ਼ਗਾਰ ਸਮੱਸਿਆ ਦਾ ਮਖੌਲ

1947 ’ਚ ਭਾਰਤ ਕੋਲ ਵਿਕਾਸ ਦੇ ਦੋ ਮਾਡਲ ਸਨ। ਇਕ ਤਿਲੰਗਾਨਾ ਦਾ ਤੇ ਦੂਜਾ ਜੋ ਹਾਕਮ ਜਮਾਤ ਨੇ ਚੁਣਿਆ। ਉਨ੍ਹਾਂ ਨੇ ਜੋ ਮਾਡਲ ਚੁਣਿਆ ਉਹ ਸਾਮਰਾਜ ’ਤੇ ਨਿਰਭਰ ਵਿਕਾਸ ਦਾ ਸੀ ਤੇ ਉਹ ਇਸ ਤੋਂ ਇਲਾਵਾ ਕੁਝ ਚੁਣ ਵੀ ਨਹੀਂ ਸਕਦੇ ਸਨ, ਕਿਉਂਕਿ ਉਹ ਸਾਮਰਾਜਵਾਦ ਦੇ ਦਲਾਲ ਸਨ। ਇਸ ਦੇ ਸਿੱਟੇ ਵਜੋਂ ਜਿੱਥੇ ਭਾਰਤ ਦਾ ਅਰਥਚਾਰਾ ਜਨਤਾ ਦੀਆਂ ਜ਼ਰੂਰਤਾਂ ’ਤੇ ਆਤਮ ਨਿਰਭਰ ਵਿਕਾਸ ’ਤੇ ਆਧਾਰਤ ਨਾ ਹੋ ਕੇ ਸਾਮਰਾਜੀ ਲੁੱਟ ਨੂੰ ਰਸਤਾ ਦੇਣ ਦੀ ਦਿਸ਼ਾ ’ਚ ਵਿਕਸਿਤ ਹੋਇਆ, ਉਥੇ ਭਾਰਤ ਦੀ ਜਨਤਾ ਬੇਰੁਜ਼ਗਾਰੀ ਤੇ ਅਰਧ ਰੁਜ਼ਗਾਰੀ ਦੇ ਨਾਲ ਰਹੀ। ਇਸ ਸਮੱਸਿਆ ਦੇ ਆਕਾਰ ਨੂੰ ਅੰਗਣ ਲਈ ਅੰਕੜੇ ਸਹੀ ਨਹੀਂ ਰਹੇ, ਕਿਉਂਕਿ ਜਨਗਣਨਾ ਦੇ ਗ਼ਲਤ ਤਰੀਕੇ, ਰੁਜ਼ਗਾਰ ਦਫ਼ਤਰਾਂ ਦੀ ਵਰਤੋਂ ਦਾ ਸੀਮਤ ਦਾਇਰਾ ਤੇ ਹੋਰ ਅਨੇਕਾਂ ਖਾਮੀਆਂ। ਦੂਜੇ ਬੇਰੁਜ਼ਗਾਰੀ ਦੇ ਸੁਆਲ ਦੇ ਸਾਰ ’ਚ ਹੈ ਭੂਮੀਹੀਣਤਾ ਜਾਂ ਲੋੜੋਂ ਘੱਟ ਜ਼ਮੀਨ ਦਾ ਹੋਣਾ ਤੇ ਪੇਂਡੂ ਅਰਥਚਾਰੇ ਦੀ ਹਾਲਤ। 1991 ਤੋਂ ਨਵੀਆਂ ਆਰਥਕ ਨੀਤੀਆਂ ਦੇ ਆਉਣ ਨਾਲ ਸਥਿਤੀ ਲਗਾਤਾਰ ਖ਼ਰਾਬ ਹੋਈ ਹੈ, ਜਦਕਿ ਜ਼ਮੀਨ ਦੀ ਵੰਡ ਤੇ ਪੇਂਡੂ ਵਿਕਾਸ ਕਿਸੇ ਵੀ ਰੰਗ ਦੀਆਂ ਸਰਕਾਰਾਂ ਦੀ ਕਾਰਜ ਸੂਚੀ ’ਚ ਨਹੀਂ ਰਿਹਾ। ਨਵੀਆਂ ਆਰਥਕ ਨੀਤੀਆਂ ਦਾ ਦੌਰ ਰਿਹਾ ਉਦਯੋਗਾਂ ਦੇ ਸਰਗਰਮੀ ਰੂਪ ਨਾਲ ਬੰਦੀ ਦਾ, ਪਬਲਿਕ ਸੈਕਟਰ ਦੀ ਬੰਦੀ ਦਾ। ਵੀ. ਆਰ. ਐਸ. ਸਕੀਮਾਂ ਦਾ, ਪੈਦਾਵਾਰ ’ਤੇ ਸੱਟ ਮਾਰਨ ਦਾ। 1995 ਤੋਂ (WTO) ਦੌਰ ਵਿਚ ਕਿਸਾਨਾਂ ’ਤੇ ਇਸ ਤਰ੍ਹਾਂ ਦੇ ਹਮਲੇ ਹੋਏ। ਬੇਰੁਜ਼ਗਾਰੀ ਦੀ ਸਮੱਸਿਆ ਦੀ ਵਿਆਪਕਤਾ ਦਾ ਅੰਦਾਜ਼ਾ ਸਿਰਫ਼ ਵਿਸ਼ੇ ’ਚ ਵਧਦੇ ਸਰਕਾਰੀ ਅੰਕੜਿਆਂ ਨਾਲ ਨਹੀਂ, ਬਲਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਹੀ ਹੋਈਆਂ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਤੋਂ ਵੀ ਲੱਗ ਸਕਦੈ। ਪਿਛਲੇ ਲਗਭਗ 10 ਸਾਲਾਂ ’ਚ ਸਿਰਫ਼ ਸੁਰੱਖਿਆ ਬਲਾਂ ਤੇ ਫੌਜ ’ਚ ਹੀ ਨੌਕਰੀਆਂ ਵਧੀਆਂ ਹਨ। ਸੌ ਪੋਸਟਾਂ ਲਈ ਲੱਖਾਂ ਉਮੀਦਵਾਰ ਹੁੰਦੇ ਹਨ, ਜਿਸ ਦਾ ਸਿੱਟਾ ਬਿਹਾਰ, ਰਾਜਸਥਾਨ ਤੇ ਹਰਿਆਣੇ ’ਚ ਭਰਤੀ ਅਮਲ ਦੌਰਾਨ ਭਗਦੜ ਮੱਚਣਾ ਹੈ ਜਿਸ ਵਿਚ ਰੁਜ਼ਗਾਰ ਦੀ ਤਲਾਸ਼ ’ਚ ਆਏ ਨੌਜਵਾਨ ਮੌਤ ਦੇ ਮੂੰਹ ’ਚ ਚਲੇ ਜਾਂਦੇ ਹਨ। ਪਿੱਛੇ ਜਿਹੇ ਹੀ ਕਸ਼ਮੀਰੀ ਨੌਜਵਾਨਾਂ ਦੀ ਰੁਜ਼ਗਾਰ ਦੀ ਮੰਗ ਦਾ ਜੁਆਬ ਵੀ ਸਰਕਾਰ ਨੇ ਸੁਰੱਖਿਆ ਬਲਾਂ ’ਚ 10,000 ਨੌਕਰੀਆਂ ਹਰ ਸਾਲ ਦੇ ਕੇ ਦਿੱਤਾ।

**ਭਾਰਤ ਦਾ ਨਾਂ ਚਮਕਣਾ** (ਨਾਨ-ਸ਼ਾਈਨਿੰਗ) - ਰਾਜਗ ਸਰਕਾਰ ਨੇ ਬੇਰੁਜ਼ਗਾਰਾਂ ਦੇ ਇਸ ਵਿਸ਼ਾਲ ਵੋਟ ਬੈਂਕ ਨੂੰ ਵੇਖਿਆ ਤੇ ਵਾਜਪਾਈ ਨੇ ਇਕ ਕਰੋੜ ਰੁਜ਼ਗਾਰ ਹਰ ਸਾਲ ਦੇਣ ਦਾ ਐਲਾਨ ਕਰ ਦਿੱਤਾ, ਪਰ ਅਜਿਹਾ ਕੀਤਾ ਨਹੀਂ ਗਿਆ। ਚੋਣ ਸਮੇਂ ਅਡਵਾਨੀ ਦੀ ਅਗਵਾਈ ’ਚ ਰਾਜਗ ਪ੍ਰਵਾਸੀ ਭਾਰਤੀਆਂ, ਵਧਦੇ ਵਿਦੇਸ਼ੀ ਨਿਵੇਸ਼, ਸ਼ੇਅਰ ਬਾਜ਼ਾਰ ਵਿਚ ਤੇਜ਼ੀ ਤੇ ਸਮਾ ਉਤਪਾਦ ਦੇ ਅੰਕੜਿਆਂ ਦੇ ਨਾਲ

'ਇੰਡੀਆ ਸ਼ਾਈਨਿੰਗ' ਭਾਰਤ ਉਦੈ ਦੇ ਨਾਅਰੇ ਨੂੰ ਪ੍ਰਚਾਰਦਾ ਰਿਹਾ ਸੀ। ਚੋਣ ਨਤੀਜਿਆਂ ਨੇ ਵਿਖਾਇਆ ਕਿ ਜਨਤਾ ਦੀ ਸਪੱਸ਼ਟ ਰਾਇ ਸੀ ਕਿ ਭਾਰਤ ਨਹੀਂ ਚਮਕ ਰਿਹਾ ਹੈ। ਇਸੇ ਦੌਰਾਨ ਕਾਂਗਰਸ ਨੇ ਚੋਣ 'ਚ ਸਭ ਨੂੰ ਰੁਜ਼ਗਾਰ ਦੇਣ ਦੇ ਦਾਅਵੇ ਨਾਲ ਪ੍ਰਚਾਰ ਕੀਤਾ।

**ਚੁਣਾਵੀ ਵਾਅਦਿਆਂ ਨਾਲ ਜਨਤਾ ਨੂੰ ਮੂਰਖ ਬਣਾਉਣਾ** - ਇਸ ਪ੍ਰਸੰਗ ਤੋਂ ਸਪੱਸ਼ਟ ਹੈ ਕਿ ਇਸ ਮਾਹੌਲ 'ਚ ਕਾਂਗਰਸ ਅਗਵਾਈ ਵਾਲੀ ਸੰ. ਪ੍. ਗ. ਸਰਕਾਰ ਨੇ ਰੁਜ਼ਗਾਰ ਗਾਰੰਟੀ ਕਾਨੂੰਨ ਘੱਟੋ-ਘੱਟ ਸਾਂਝੇ ਪ੍ਰੋਗਰਾਮ 'ਚ ਸ਼ਾਮਲ ਕੀਤਾ। ਰੁਜ਼ਗਾਰ ਗਾਰੰਟੀ ਕਾਨੂੰਨ ਕਲਿਆਣਕਾਰੀ ਰਾਜ ਦੇ ਸਾਰੇ ਨਾਗਰਿਕਾਂ ਨੂੰ ਕੰਮ ਦੇ ਅਧਿਕਾਰ ਦੀ ਧਾਰਨਾ ਨਾਲ ਆਉਂਦਾ ਹੈ। ਭਾਵੇਂ ਸਿਧਾਂਤਕ ਰੂਪ ਨਾਲ ਇਸ ਦਾ ਗਰੀਬੀ ਹਟਾਓ ਯੋਜਨਾਵਾਂ ਨਾਲ ਸਿੱਧਾ ਸਬੰਧ ਨਹੀਂ ਹੈ ਹਾਲਾਂਕਿ ਇਹ ਉਸ ਵਿਚ ਜ਼ਾਹਿਰ ਹੈ, ਮਦਦ ਕਰੇਗਾ। ਕਾਂਗਰਸ ਨੇ ਇਸ ਦੇ ਅਸਰ ਨੂੰ ਸੋਚੇ ਬਿਨਾਂ ਹੀ ਚੋਣਾਂ ਵਿਚ ਵਾਅਦਾ ਕਰ ਲਿਆ, ਜਦਕਿ ਉਹ ਸਾਮਰਾਜਵਾਦ ਪ੍ਰਸਤ ਨੀਤੀਆਂ 'ਤੇ ਚੱਲਣ ਲਈ ਦ੍ਰਿੜ ਹਨ। ਜਿਸ ਨਾਲ ਸਿਰਫ਼ ਬੇਰੁਜ਼ਗਾਰੀ ਦੀ ਗਾਰੰਟੀ ਹੀ ਹੋ ਸਕਦੀ ਹੈ।

ਇੱਥੋਂ ਹੀ ਨਾਟਕ ਸ਼ੁਰੂ ਹੁੰਦਾ ਹੈ। ਸਭ ਨੂੰ ਰੁਜ਼ਗਾਰ ਗਰੰਟੀ ਯੋਜਨਾ ਦੀ ਥਾਂ 'ਤੇ ਸ. ਪ੍. ਗ. ਨੇ 100 ਦਿਨ ਦੇ ਰੁਜ਼ਗਾਰ ਦੀ ਗਾਰੰਟੀ ਦੀ ਗੱਲ ਕਰਨੀ ਸ਼ੁਰੂ ਕੀਤੀ। ਸਭ ਦੀ ਬਜਾਏ ਸਿਰਫ਼ ਪੇਂਡੂ ਖੇਤਰਾਂ ਲਈ ਯੋਜਨਾ ਹੀ ਬਣੀ। ਬਾਕੀ 265 ਦਿਨ ਲੋਕ ਕੀ ਕਰਨਗੇ ਇਸ 'ਤੇ ਇਕ ਦਲੀਲ ਬਣਾਈ ਜਾਣ ਲੱਗੀ। ਸਰਕਾਰ ਨੇ ਕਿਹਾ ਕਿ ਖੇਤੀ ਮਜ਼ਦੂਰ ਨੂੰ ਸਾਲ 'ਚ ਸਿਰਫ਼ 70 ਦਿਨ ਕੰਮ ਮਿਲਦਾ ਹੈ। (ਸਾਮਰਾਜੀ ਵਿਸ਼ਵੀਕਰਨ ਤੋਂ ਪਹਿਲਾਂ ਇਹ ਅਰਸਾ 120 ਦਿਨ ਸੀ) ਇਸ ਵਿਚ 100 ਜੋੜਨ ਨਾਲ ਸਾਲ 'ਚ 170 ਦਿਨ ਹੋ ਜਾਣਗੇ। ਇਸ ਦਾ ਅਰਥ ਇਹ ਹੈ ਕਿ ਸਾਲ 'ਚ ਸਿਰਫ਼ 195 ਦਿਨ ਹੀ ਬੇਰੁਜ਼ਗਾਰ ਰਹਿਣਗੇ। ਨਵੀਆਂ ਰੁਕਾਵਟਾਂ ਵੀ ਬਣਾ ਲਈਆਂ ਗਈਆਂ ਜਿਵੇਂ ਕਿ ਜੇ ਇਸ ਯੋਜਨਾ ਨੂੰ ਸਾਰੇ ਪੇਂਡੂ ਬੇਰੁਜ਼ਗਾਰਾਂ ਲਈ ਖੋਲ੍ਹ ਦਿੱਤਾ ਜਾਵੇ ਤਾਂ ਇਹ ਸ਼ਹਿਰੀ ਬੇਰੁਜ਼ਗਾਰਾਂ ਨੂੰ ਕਾਨੂੰਨੀ ਮੌਕਾ ਦੇਵੇਗਾ ਕਿ ਉਹ ਰੁਜ਼ਗਾਰ ਦੇ ਅਧਿਕਾਰ ਲਈ ਕਚਹਿਰੀ ਚਲੇ ਜਾਣ। ਵੱਧ ਵਿਹਾਰਕ ਪ੍ਰਸ਼ਨ ਧਨ ਦਾ ਸੀ। ਐਸੀ ਯੋਜਨਾ ਲਈ ਪੈਸਾ ਕਿੱਥੋਂ ਆਵੇਗਾ? ਖਾਸ ਕਰਕੇ ਇਸ ਯੋਜਨਾ 'ਚ ਤਹਿਤ ਘੱਟੋ-ਘੱਟ ਤਨਖਾਹ ਤੇ ਇਸ ਨੂੰ ਚੁਣਾਵੀ ਵਾਅਦੇ ਦੇ ਰੂਪ 'ਚ ਪ੍ਰਚਾਰਿਤ ਕਰਨ ਪਿੱਛੋਂ। ਦੂਜਾ ਸੁਆਲ ਹੈ ਕਿ ਕਿਹੜੀ ਸਰਕਾਰ ਇਸ ਗਾਰੰਟੀ ਲਈ ਜ਼ਿੰਮੇਵਾਰ ਹੋਵੇਗੀ ਤੇ ਬੇਰੁਜ਼ਗਾਰੀ ਭੱਤੇ ਨੂੰ ਭਰੇਗੀ। ਇਨ੍ਹਾਂ ਸਾਰੇ ਪੱਖਾਂ 'ਤੇ ਸਮਝੌਤੇ ਦੇ ਰੂਪ 'ਚ (NREGA) ਬਿੱਲ ਤਿਆਰ ਕੀਤਾ ਗਿਆ ਜਿਸ ਨੂੰ 21 ਦਸੰਬਰ 2003 ਨੂੰ ਪੇਸ਼ ਕੀਤਾ ਗਿਆ। ਇਸ 'ਤੇ ਸੰ. ਪ੍. ਗ਼ ਸਰਕਾਰ ਅੰਦਰ ਵੀ ਰੌਲਾ ਪਿਆ।

## ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ (NREGA) ਇਕ ਸਰਕਾਰੀ ਧੋਖਾ

ਬਿਲ ਹੁਣ ਪੇਸ਼ ਕੀਤਾ ਜਾ ਚੁੱਕਿਆ ਹੈ, ਜੋ ਭਾਰਤ ਦੇ 150 ਬਲਾਕਾਂ 'ਚ ਲਾਗੂ ਹੋਵੇਗਾ, ਜਿਥੇ ਕੰਮ ਦੇ ਬਦਲੇ ਅਨਾਜ਼ ਪਹਿਲਾਂ ਹੀ ਲਾਗੂ ਹੈ। ਇਹ ਰੁਜ਼ਗਾਰ ਦੇ ਅਧਿਕਾਰ ਦੀਆਂ ਯੋਜਨਾਵਾਂ ਨਹੀਂ ਹਨ ਬਲਕਿ ਇੰਦਰਾ ਰੁਜ਼ਗਾਰ ਯੋਜਨਾਵਾਂ, ਜਵਾਹਰ ਰੁਜ਼ਗਾਰ ਯੋਜਨਾਵਾਂ ਤੇ ਹੋਰ ਯੋਜਨਾਵਾਂ ਹਨ, ਜਿਨ੍ਹਾਂ 'ਚ ਬੇਹੱਦ ਗਰੀਬੀ ਦੇ ਖੇਤਰਾਂ ਵਿਚ ਸਰਕਾਰੀ ਨਿਰਮਾਣ ਕੰਮਾਂ ਵਿਚ ਲੋਕਾਂ ਤੋਂ ਬਹੁਤ ਮਾਮੂਲੀ ਦਰਾਂ 'ਤੇ

ਕੰਮ ਕਰਾਇਆ ਜਾਂਦਾ ਹੈ। ਜੋ ਲੋਕਾਂ ਦੇ ਨਿਰਮਾਣ 'ਚ ਭਾਗਦਾਰੀ ਦੀ ਧਾਰਨਾ ਦਾ ਭੱਦਾ ਮਜ਼ਾਕ ਹੈ। ਅਨੇਕ ਰਿਪੋਰਟਾਂ ਹਨ ਕਿ ਇਨ੍ਹਾਂ ਯੋਜਨਾਵਾਂ ਦੇ ਤਹਿਤ ਲੋਕ ਭੁੱਖ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਧੁੱਪ 'ਚ ਘੰਟਿਆਂਬੱਧੀ ਕੰਮ ਕਰਦੇ ਹਨ, ਜਿੱਥੇ ਔਰਤਾਂ ਘਰਾਂ 'ਚ ਖਾਣੇ ਲਈ ਕੰਮ ਕਰਨ ਨੂੰ ਲਾਚਾਰ ਹਨ। ਇਨ੍ਹਾਂ ਇਲਾਕਿਆਂ 'ਚ ਇਹ ਕਾਨੂੰਨ ਲਾਗੂ ਹੋਵੇਗਾ ਅਤੇ ਇਨ੍ਹਾਂ ਹੀ ਪੈਸਿਆਂ ਨੂੰ ਵਰਤੇਗਾ ਵੀ। ਦੂਜਾ ਮੁੱਦਾ ਹੈ ਗਾਰੰਟੀ ਦੀ ਪ੍ਰਕ੍ਰਿਤੀ ਦਾ। ਇਹ ਗਰੀਬੀ ਰੇਖਾ ਤੋਂ ਹੇਠਾਂ ਦੇ ਪਰਿਵਾਰਾਂ ਦੇ ਇਸ ਬਾਲਗ ਆਦਮੀ 'ਤੇ ਲਾਗੂ ਹੋਵੇਗੀ, ਜੋ ਕੈਜ਼ੂਅਲ ਸਰੀਰਕ ਮਿਹਨਤ ਕਰਨ ਨੂੰ ਰਾਜ਼ੀ ਹੋਵੇਗਾ। ਬੜੇ ਆਰਾਮ ਨਾਲ ਕੇਂਦਰ ਤੇ ਰਾਜ ਸਰਕਾਰ 'ਤੇ ਛੱਡ ਦਿੱਤਾ ਗਿਆ ਹੈ ਕਿ ਜੇ ਯੋਜਨਾ 'ਚ ਗੁੰਜਾਇਸ਼ ਹੈ ਤਾਂ 100 ਦਿਨ ਤੋਂ ਵੱਧ ਰੁਜ਼ਗਾਰ ਦੇਵੇ। ਦੂਜਾ ਪਹਿਲੂ ਹੈ ਕਿ ਯੋਜਨਾ ਦੇ ਚੱਲਦੇ ਰਹਿਣ ਦੀ ਕੋਈ ਗਾਰੰਟੀ ਨਹੀਂ ਹੈ ਬਲਕਿ ਇਹ "ਸਿਰਫ਼ ਰਾਜ ਦੇ ਉਨ੍ਹਾਂ ਪੇਂਡੂ ਇਲਾਕਿਆਂ ਵਿਚ ਅਤੇ ਓਨੇ ਅਰਸੇ ਲਈ ਹੈ ਜਿਵੇਂ ਕੇਂਦਰ ਸਰਕਾਰ ਐਲਾਨ ਕਰੇਗੀ।" ਕਾਨੂੰਨ ਦੀਆਂ ਕਮਜ਼ੋਰੀਆਂ ਨੂੰ ਛੱਡ ਵੀ ਦਿੱਤਾ ਜਾਵੇ ਤਾਂ ਵੀ ਸੁਆਲ ਹੈ ਕਿ ਇਹ ਪਰਿਵਾਰ ਦੇ ਇਕ ਮੈਂਬਰ 'ਤੇ ਲਾਗੂ ਹੋਵੇਗਾ। ਇਸ ਵਿਚ ਕਾਫ਼ੀ ਸਮੱਸਿਆ ਹੈ। ਨਿਰਭਰ ਔਰਤਾਂ, ਨਿਰਭਰ ਨੌਜਵਾਨਾਂ ਦੀ ਕੀ ਹੋਵੇਗਾ? ਕੀ ਕਿਸੇ ਸਰਕਾਰ ਨੂੰ ਇਹ ਅਧਿਕਾਰ ਹੈ ਕਿ ਉਹ ਜਨਤਾ ਦਾ ਮੰਦਹਾਲੀ ਦਾ ਮਜ਼ਾਕ ਉਡਾ ਕੇ ਉਸ ਨੂੰ ਅਧਿਕਾਰ ਦੇ ਰੂਪ 'ਚ ਪੇਸ਼ ਕਰੇ। ਦੂਜਾ ਸੁਆਲ ਹੈ ਕਿ ਗ਼ਰੀਬੀ ਰੇਖਾ ਤੋਂ ਹੇਠਾਂ ਦਾ ਅਰਥ ਕਿ ਲਾਲ ਰਾਸ਼ਨ ਕਾਰਡ ਵਾਲੇ ਲੋਕ। ਇਸ ਦਾ ਭਾਰਤ ਦੀ ਅਸਲੀ ਗਰੀਬੀ ਦੇ ਅੰਕੜਿਆਂ ਨਾਲ ਕੀ ਲੈਣ-ਦੇਣ ਹੈ? ਇਸ ਗੱਲ ਦੀ ਅਨੇਕਾਂ ਵਾਰੀ ਆਲੋਚਨਾ ਹੋ ਚੁੱਕੀ ਹੈ ਕਿ ਸਿਰਫ਼ ਰੇਖਾ ਸੀਮਾ ਬਦਲਣ ਨਾਲ ਗਰੀਬਾਂ ਦੀ ਗਿਣਤੀ ਅੱਧੀ ਹੋ ਗਈ ਹੈ।

ਗਰੀਬੀ ਦਾ ਅਸਲੀ ਰੂਪ ਕੀ ਹੈ, ਇਹ ਵੱਖਰੀ ਗੱਲ ਹੈ। ਗਰੀਬੀ ਰੇਖਾ ਪ੍ਰਤੀ ਹਫ਼ਤੇ 'ਚ ਖਾਧੇ ਗਏ ਅਨਾਜ ਦੀ ਮਾਤਾਰਾ ਤੋਂ ਤੈਅ ਹੁੰਦੀ ਹੈ। ਭਾਰਤ ਸਰਕਾਰ ਦੇ ਅੰਕੜੇ ਦੱਸਦੇ ਹਨ ਕਿ 1980 ਦੇ ਮੁਕਾਬਲੇ ਹੁਣ ਦਾਲ ਦੀ ਖਪਤ ਅੱਧੀ ਹੈ। ਨਵੀਆਂ ਆਰਥਿਕ ਨਤੀਆਂ ਪਿੱਛੋਂ ਮੋਟੇ ਅਨਾਜ਼ ਦੀ ਉਪਜ ਦੀ ਵਾਧਾ ਦਰ ਜ਼ੀਰੋ ਹੈ ਜਦਕਿ ਅਬਾਦੀ ਵਧੀ ਹੈ। ਵਿਸ਼ਵ ਖਾਦ ਤੇ ਖੇਤੀ ਸੰਗਠਨ (FAO) ਨੇ ਕਿਹਾ ਹੈ ਕਿ 1997 ਅਤੇ 2001 ਵਿਚਕਾਰ ਭਾਰਤ 'ਚ ਭੁੱਖਿਆਂ ਦੀ ਗਿਣਤੀ 'ਚ 1.9 ਕਰੋੜ ਦਾ ਵਾਧਾ ਹੋਇਆ ਹੈ। ਮੀਡੀਆ ਵਿਚ ਵੀ ਇਹ ਵਿਆਪਕ ਰੂਪ ਨਾਲ ਆ ਚੁੱਕਿਆ ਹੈ ਕਿ ਏਸ਼ੀਆ ਦੀ ਸਭ ਤੋਂ ਵੱਡੀ ਝੌਂਪੜਪੱਟੀ ਧਾਰਾਵੀ 'ਚ ਸਿਰਫ਼ 150 ਲਾਲ ਕਾਰਡ ਹੀ ਹਨ। ਇਹ ਵੀ ਧਿਆਨ ਦੇਣ ਯੋਗ ਹੈ ਕਿ ਖਾਦ ਵੰਡ ਪ੍ਰਣਾਲੀ ਲਈ (BPL) ਕਾਰਡ ਦੇਣਾ ਵਿਸ਼ਵ ਬੈਂਕ ਮੁਦਰਾ ਕੋਸ਼ ਦੇ ਕਹਿਦ 'ਤੇ ਲਾਗੂ ਹੋਇਆ ਹੈ।

**ਘੱਟੋ-ਘੱਟ ਤਨਖਾਹ ਦੀ ਗਾਰੰਟੀ ਨਹੀਂ**- ਹੁਣ ਤਨਖਾਹ ਦਾ ਸੁਆਲ ਲਓ। ਤਨਖਾਹ ਪ੍ਰਤੀ ਹਫ਼ਤਾ ਹੋਵੇਗੀ ਤੇ ਪੰਦਰਵਾੜੇ ਤੋਂ ਵੱਧ ਕਦੀ ਨਹੀਂ। ਭੁਗਤਾਨ 'ਚ ਦੇਰੀ ਲਈ ਵੇਤਨ ਭੁਗਤਾਨ ਕਾਨੂੰਨ ਦੇ ਤਹਿਤ ਮੁਆਵਜ਼ੇ ਦਾ ਹੱਕ ਹੈ (ਇਹ ਸ਼ਹਿਰਾਂ ਤੱਕ ਵਿਚ ਤਾਂ ਲਾਗੂ ਨਹੀਂ ਹੈ) ਲਿੰਗ ਦੇ ਆਧਾਰ 'ਤੇ ਤਨਖਾਹ ਭੁਗਤਾਨ 'ਚ ਕੋਈ ਭੇਦਭਾਵ ਨਹੀਂ ਵਰਤਿਆ ਜਾਵੇਗਾ। ਉਸ ਨੂੰ ਛੱਡ ਕੇ ਜੋ ਸਰਕਾਰ ਪਹਿਲਾਂ ਹੀ ਲਾਗੂ ਕਰ ਚੁੱਕੀ ਹੈ, ਇਕ ਘਰ 'ਚੋਂ ਇਕ ਬੰਦੇ ਨੂੰ ਕੰਮ। ਜੇ ਅਜੇ ਵੀ ਔਰਤਾਂ ਕੰਮ ਲਈ

ਆਉਂਦੀਆਂ ਹਨ ਤਾਂ ਕਾਰਨ ਹੋਵੇਗਾ ਵੇਤਨ। ਕਿਉਂਕਿ ਕੰਮ ਲਈ ਘੱਟੋ-ਘੱਟ ਤਨਖਾਹ ਅਦਾ ਨਹੀਂ ਕੀਤੀ ਜਾਵੇਗੀ 'ਕੇਂਦਰ ਸਰਕਾਰ ਇਸ ਨੂੰ ਕਾਨੂੰਨ ਦੇ ਤਹਿਤ ਤਨਖਾਹ ਦਰਾਂ ਦਾ ਐਲਾਨ ਕਰ ਸਕਦੀ ਹੈ।' ਇਹ ਜਾਨਣਾ ਚਾਹੀਦੈ ਕਿ ਮੰਤਰੀ ਮੰਡਲ 'ਚ ਬਹਿਸ ਸ਼ੁਰੂ ਹੋਈ ਰਾਜ 'ਚ ਲਾਗੂ ਘੱਟੋ-ਘੱਟ ਖੇਤੀ ਮਜ਼ਦੂਰੀ ਨੂੰ ਲੈ ਕੇ ਅਤੇ ਖ਼ਤਮ ਹੋਈ ਇੱਥੇ ਆ ਕੇ। ਇਸ ਦਾ ਅਸਲੀ ਕਾਰਨ ਹੈ ਕਿ ਯੋਜਨਾ ਨੂੰ ਏਨਾ ਖਿਚਪਾਊ ਬਣਾ ਦਿਓ ਕਿ ਸਿਰਫ਼ ਪੂਰੀ ਤਰ੍ਹਾਂ ਨਿਰਭਰ ਜਾਂ ਸ਼ਾਇਦ ਵਿਧਵਾ ਤੇ ਬੁੱਢੇ ਹੀ ਇਸ ਦਾ ਲਾਭ ਉਠਾ ਸਕਣ।

**ਪੰਚਾਇਤਾਂ ਨੂੰ ਦੇਣਾ** - 50% ਜਾਂ ਵੱਧ ਪ੍ਰੋਜੈਕਟ ਪਿੰਡ ਦੀਆਂ ਪੰਚਾਇਤਾਂ ਰਾਹੀਂ ਚਲਾਏ ਜਾਣਗੇ। ਇਨ੍ਹਾਂ 'ਤੇ ਪੇਂਡੂ ਧਨੀਆਂ ਤੇ ਜ਼ਿਮੀਂਦਾਰਾਂ ਦਾ ਕੰਟਰੋਲ ਹੋਵੇਗਾ। ਇਨ੍ਹਾਂ 150 ਬਲਾਕਾਂ ਵਿਚ ਹਰੇਕ ਪੰਚਾਇਤ ਇਕ ਵਿਕਾਸ ਯੋਜਨਾ ਬਣਾਵੇਗੀ ਅਤੇ ਪ੍ਰਸਤਾਵ ਰੱਖੇਗੀ। ਬਲਾਕ ਪੱਧਰ 'ਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਪ੍ਰੋਗਰਾਮ ਅਧਿਕਾਰ ਜ਼ਿੰਮੇਵਾਰ ਹੋਵੇਗਾ। ਸਾਰੇ ਨੌਜਵਾਨ (ਹਰੇਕ BPL ਘਰ ਤੋਂ ਇਕ ਨੌਜਵਾਨ) ਜੋ ਕੈਜ਼ੂਅਲ ਸਰੀਰਕ ਕੰਮ ਕਰਨ ਲਈ ਰਾਜ਼ੀ ਹੋਵੇ ਗ੍ਰਾਮ ਪੰਚਾਇਤ ਕੋਲ ਰਜਿਸਟਰੇਸ਼ਨ ਕਰਵਾਏਗਾ। ਪਿੰਡ ਪੰਚਾਇਤ ਜਾਂਚ ਕਰੇਗੀ ਨਿਰਸੰਦੇਹ ਉਸੇ ਕੀਮਤ 'ਤੇ ਜਿਸ ਤੇ ਉਹ ਪਹਿਲਾਂ ਕੰਮ ਕਰਦੀ ਹੈ। ਫਿਰ ਇਹ ਇਕ ਰੁਜ਼ਗਾਰ ਕਾਰਡ ਮੁਫ਼ਤ ਜਾਰੀ ਕਰੇਗੀ, ਜਿਸ 'ਤੇ ਆਵੇਦਕ ਦੀ ਫੋਟੋ ਤੇ ਵੇਰਵਾ ਦਰਜ ਹੋਵੇਗਾ। (ਇਹ ਘੱਟੋ-ਘੱਟ ਤਨਖਾਹ ਤੋਂ ਘੱਟ ਤਨਖਾਹ 'ਤੇ 100 ਦਿਨ ਕੰਮ ਕਰਨ ਲਈ ਹੈ) ਇਹ ਰਜਿਸਟਰੇਸ਼ਨ ਘੱਟੋ-ਘੱਟ ਪੰਜ ਸਾਲ ਲਈ ਹੀ ਹੋਵੇਗੀ। ਅਰਜੀ ਹਾਸਲ ਹੋਣ ਦੇ 15 ਦਿਨ ਪਿੱਛੋਂ (ਉਸ ਦੇ ਜਮ੍ਹਾਂ ਕਰਾਉਣ ਦੇ ਨਹੀਂ, ਭ੍ਰਿਸ਼ਟਾਚਾਰ ਦਾ ਇਕ ਹੋਰ ਰਾਹ) ਅਰਜ਼ੀ ਦੇਣ ਵਾਲੇ ਨੂੰ ਰੁਜ਼ਗਾਰ ਦੇਣਾ ਹੋਵੇਗਾ। ਅਰਜ਼ੀ 'ਚ ਇਹ ਜ਼ਰੂਰੀ ਹੋਵੇਗਾ ਕਿ ਅਰਜ਼ੀ ਦੇਣ ਵਾਲਾ ਮਹੀਨੇ 'ਚ ਘੱਟੋ-ਘੱਟ 14 ਦਿਨ ਲਗਾਤਾਰ ਕੰਮ ਕਰਨ ਨੂੰ ਰਾਜ਼ੀ ਹੈ। ਗ੍ਰਾਮ ਪੰਚਾਇਤ ਨੂੰ ਹਰ ਵਾਜਬ ਅਰਜ਼ੀ ਲੈਣੀ ਹੋਵੇਗੀ ਜਾਂ ਅਰਜ਼ੀ ਦੀ ਰਸੀਦ ਜਾਰੀ ਕਰਨੀ ਪਵੇਗੀ। ਦਿੱਤੇ ਗਏ ਪ੍ਰੋਗਰਾਮ ਦੀ ਸੂਚਨਾ ਲਿਖਤੀ ਰੂਪ 'ਚ ਦਿੱਤੀ ਜਾਵੇਗੀ ਤੇ ਪਿੰਡ ਪੰਚਾਇਤ ਦੇ ਬੋਰਡ 'ਤੇ ਲੱਗੀ ਹੋਵੇਗੀ। ਇਹ 5 ਕਿ. ਮੀ. ਦੇ ਅੰਦਰ ਦਿੱਤੀ ਜਾਵੇਗੀ। ਜੇ ਨਹੀਂ ਤਾਂ ਬਲਾਕ ਦੇ ਅੰਦਰ ਇਸ ਲਈ ਤੈਅ ਤਨਖਾਹ ਤੋਂ 10% ਵੱਧ ਦਿੱਤਾ ਜਾਵੇਗਾ। ਅਰਜ਼ੀ ਦੇ 15 ਦਿਨ ਬਾਅਦ ਤੋਂ ਅਰਜ਼ੀ ਦੇਣ ਵਾਲੇ ਨੂੰ ਰੁਜ਼ਗਾਰ ਭੱਤਾ ਮਿਲੇਗਾ।

ਤੀਹ ਦਿਨ ਤੱਕ 25% ਤਨਖਾਹ ਤੇ ਉਸ ਪਿੱਛੋਂ ਅੱਧੀ। ਜੇ ਰੁਜ਼ਗਾਰ ਸਬੰਧੀ ਪੱਤਰ ਆਉਂਦਾ ਹੈ ਤੇ ਉਸ ਦਾ ਜੁਆਬ ਨਹੀਂ ਦਿੱਤਾ ਜਾਂਦਾ ਤਾਂ ਇਹ ਵਿਅਕਤੀ ਤਿੰਨ ਮਹੀਨੇ ਲਈ ਬੇਰੁਜ਼ਗਾਰੀ ਭੱਤੇ ਤੋਂ ਵਾਂਝਾ ਕਰ ਦਿੱਤਾ ਜਾਵੇਗਾ। ਸੱਟ ਲੱਗਣ 'ਤੇ ਮੁਆਵਜ਼ੇ, ਸਾਫ਼ ਪੀਣ ਲਈ ਪਾਣੀ, ਕੰਮ ਕਰਨ ਦੀ ਥਾਂ 'ਤੇ ਬੱਚਿਆਂ ਦੀ ਦੇਖਭਾਲ ਦੀ ਸਹੂਲਤ, ਫਸਟ ਏਡ ਬਾਕਸ, ਦਿਨ 'ਚ ਲਾਜ਼ਮੀ ਆਰਾਮ ਦਾ ਸਮਾਂ, ਕੋਈ ਠੇਕੇਦਾਰ ਨਹੀਂ ਆਦਿ ਕਈ ਰੌਚਕ ਸਹੂਲਤਾਂ ਹਨ। ਅਜਿਹੀਆਂ ਸਹੂਲਤਾਂ ਸਾਰੀਆਂ ਸਰਕਾਰੀ ਯੋਜਨਾਵਾਂ 'ਚ ਹੁੰਦੀਆਂ ਹਨ ਤੇ ਸਾਰੇ ਜਾਣਦੇ ਹਨ ਕਿ ਇਨ੍ਹਾਂ ਦੀ ਇਕ ਲਾਈਨ ਵੀ ਬਿਨਾਂ ਸੰਘਰਸ਼ ਦੇ ਲਾਗੂ ਨਹੀਂ ਹੁੰਦੀ। ਇਕ ਮਹੱਤਵਪੂਰਨ ਪਹਿਲੂ ਹੈ ਕਿ ਰੁਜ਼ਗਾਰ ਗਾਰੰਟੀ ਦੀਆਂ ਸਾਰੀਆਂ ਯੋਜਨਾਵਾਂ ਮੁੱਖ ਕਾਨੂੰਨ ਨਾਲ ਜੁੜੇ ਸ਼ੈਡੂਅਲ ਦੇ ਰੂਪ 'ਚ ਹਨ, ਭਾਵ ਕੇਂਦਰ ਸਰਕਾਰ ਕਾਨੂੰਨ ਨੂੰ ਬਦਲੇ ਬਿਨਾਂ ਵੀ ਇਸਨੂੰ

ਬਦਲ ਸਕਦੀ ਹੈ।

**ਇਹ ਰੁਜ਼ਗਾਰ ਦੀ ਗਾਰੰਟੀ ਨਹੀਂ** : ਸੰ. ਪ੍ਰ. ਗ. ਸਰਕਾਰ ਜਿੰਨਾ ਮਰਜ਼ੀ ਸ਼ਬਦ ਜਾਲ ਬੁਣੇ ਅਸਲੀਅਤ ਇਹ ਹੈ ਕਿ ਕਾਂਗਰਸ ਦੇ ਚੁਣਾਵੀ ਵਾਅਦੇ ਦਾ ਮਖੌਲ ਹੈ, ਇਹ ਕੋਈ ਰੁਜ਼ਗਾਰ ਗਾਰੰਟੀ ਯੋਜਨਾ ਨਹੀਂ ਹੈ–150 ਬਲਾਕਾਂ ਦੇ ਲਈ ਵੀ ਨਹੀਂ। ਇਸ ਦਾ ਵਿਸਥਾਰ ਕਰਕੇ ਸਾਰੇ ਭਾਰਤ 'ਚ ਲਾਗੂ ਕਰਨ ਦੀ ਇਸ ਦੀ ਕੋਈ ਵਿਵਸਥਾ ਨਹੀਂ, ਗਾਰੰਟੀ ਨਹੀਂ। ਮੰਤਰੀ ਮੰਡਲ ਨੂੰ ਭੇਜੇ ਗਏ ਮਸੌਦੇ 'ਚ ਇਹ ਵਾਅਦਾ ਸੀ ਕਿ ਪੰਜ ਸਾਲਾਂ ਵਿਚ ਇਸ ਨੂੰ ਪੂਰੇ ਭਾਰਤ 'ਚ ਲਾਗੂ ਕੀਤਾ ਜਾਵੇਗਾ, ਪਰ ਇਹ ਮਸੌਦਾ ਵੀ ਇਕ ਰੁਜ਼ਗਾਰ ਗਾਰੰਟੀ ਸਕੀਮ ਦੀ ਗੱਲ ਨਹੀਂ ਕਰਦਾ, ਜੋ ਸਭ ਦੀ ਪਹੁੰਚ ਵਿਚ ਹੋਵੇ, ਕੋਰਟਾਂ ਵੱਲੋਂ ਲਾਗੂ ਕੀਤੀ ਜਾ ਸਕੇ। ਦਰਅਸਲ ਇਹ ਯੋਜਨਾ ਕਿ ਹਾਕਮ ਜਮਾਤ ਅਜਿਹਾ ਕਰ ਸਕਦੀ ਹੈ, ਹੀ ਬਚਕਾਨਾ ਗੱਲ ਹੈ। ਦਰਅਸਲ ਰੁਜ਼ਗਾਰ ਦੇਣਾ ਤਾਂ ਆਰਥਿਕ ਨੀਤੀਆਂ ਨਾਲ ਜੁੜਿਆ ਹੋਇਆ ਹੈ, ਜੋ ਆਰਥਿਕ ਆਤਮ ਨਿਰਭਰ ਵਿਕਾਸ ਨੂੰ ਉਤਸ਼ਾਹਿਤ ਕਰਦੀਆਂ ਹੋਣ। ਜਿਸ ਨੂੰ ਸਾਡੀ ਹਾਕਮ ਜਮਾਤ ਬਿਲਕੁੱਲ ਨਹੀਂ ਚਾਹੁੰਦੀ। ਭਾਰਤ ਦੇ ਨੌਜਵਾਨਾਂ ਤੇ ਬੇਰੁਜ਼ਗਾਰਾਂ ਨੂੰ ਸਭ ਨੂੰ ਰੁਜ਼ਗਾਰ ਲਈ ਸਰਬ ਵਿਆਪਕ ਯੋਜਨਾ ਹਿੱਤ ਸੰਘਰਸ਼ ਕਰਨਾ ਚਾਹੀਦਾ ਹੈ। ਜ਼ਿਆਦਾ ਜ਼ਰੂਰਤ ਹੈ ਕਿ ਉਹ ਭਾਰਤ ਦੇ ਵਿਕਾਸ ਦੇ ਰਸਤੇ ਨੂੰ ਬਦਲਣ ਦਾ ਯਤਨ ਕਰਨ ਤੇ ਲੋਕ ਜਮਹੂਰੀ ਇਨਕਲਾਬ ਲਈ ਸੰਘਰਸ਼ ਵਾਸਤੇ ਇਕਮੁੱਠ ਖੜ੍ਹੇ ਹੋਣ।

ਭਾਰਤ ਦੇ ਵਿਕਾਊ ਬੁੱਧੀਜੀਵੀ ਇਸ ਬਿੱਲ ਦੀ ਪ੍ਰਸ਼ੰਸ਼ਾ ਕਰ ਰਹੇ ਹਨ। ਅਸਲ ਗੱਲ ਇਹ ਹੈ ਕਿ ਕੋਈ ਵੀ ਰੁਜ਼ਗਾਰ ਯੋਜਨਾ ਰੁਜ਼ਗਾਰ ਦੇ ਆਧਾਰ 'ਤੇ ਅਧਾਰਤ ਹੋਣੀ ਚਾਹੀਦੀ ਹੈ। ਇਹ ਹੱਕ ਸਹੀ ਹੈ ਕਿ ਮੌਜੂਦਾ ਕਾਨੂੰਨ ਇਕ ਨਵੇਂ ਨਾਂ ਵਾਲੀ ਯੋਜਨਾ ਹੈ ਤੇ ਇਸ ਦਾ ਵੀ ਉਹ ਹਸ਼ਰ ਹੋਣਾ ਹੈ ਜਿਵੇਂ ਪਹਿਲੀਆਂ ਯੋਜਨਾਵਾਂ ਦਾ ਹੁੰਦਾ ਆ ਰਿਹਾ ਹੈ।

# ਕੇਂਦਰ ਸਰਕਾਰ ਦੀ ਗਰੀਬੀ ਹਟਾਓ ਮੁਹਿੰਮ

ਦੇਸ਼ ਵਿਚ ਇਕ ਵਾਰੀ ਫਿਰ 'ਗਰੀਬੀ ਹਟਾਓ' ਦਾ ਚੋਣ ਸਟੰਟ ਫੂਕਣ ਵਾਲੀ ਕੇਂਦਰ ਦੀ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ ਏ. ਸਰਕਾਰ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਪੇਂਡੂ ਭਾਰਤ ਯਾਨੀ 'ਅਸਲੀ ਭਾਰਤ' ਦੀ ਤਸਵੀਰ ਕੁਝ ਹੋਰ ਹੀ ਹੈ। ਆਪਣੀਆਂ 'ਪੂੰਜੀਵਾਦੀ ਨੀਤੀਆਂ, ਆਮ ਲੋਕਾਂ ਦੇ ਵਿਰੋਧੀ ਚਿੰਤਨ ਅਤੇ ਦੇਸ਼ ਦੇ ਕਠੋਰ ਯਥਾਰਥ ਤੋਂ ਅੱਖਾਂ ਚੁਰਾ ਕੇ ਹਰ ਵਾਰੀ ਅਜਿਹੇ ਫੈਸਲੇ ਲੈਣ ਦੀ ਆਦਤ ਜਿਸ ਨਾਲ ਦੇਸ਼ ਅਸਹਿਮਤ ਹੋਵੇ ਆਦਿ ਕਾਰਨ ਮੌਜੂਦਾ ਸਰਕਾਰ ਪਿਛਲੀ (ਐਨ. ਡੀ. ਏ.) ਸਰਕਾਰ ਦੀ ਤਰਜ਼ 'ਤੇ 'ਸ਼ਾਇਨਿੰਗ ਇੰਡੀਆ' ਤੇ "ਫੀਲ ਗੁੱਡ" ਵਰਗੇ ਖੋਖਲੇ ਨਾਅਰਿਆਂ 'ਤੇ ਉਤਰ ਆਈ ਹੈ। ਨੈਨੀਤਾਲ ਵਿਚ ਆਪਣੇ ਕਾਂਗਰਸੀ ਮੁੱਖ ਮੰਤਰੀਆਂ ਦਾ ਸੰਮੇਲਨ ਬੁਲਾ ਕੇ ਇਕ ਦੂਜੇ ਨੂੰ ਥਾਪੀ ਦੇ ਲੈਣੀ ਹੋਰ ਗੱਲ ਹੈ ਪਰ ਆਰਥਕ ਵਿਕਾਸ ਤੇ ਚਾਰੇ ਪਾਸੇ ਖੁਸ਼ਹਾਲੀ ਦੇ ਦਾਅਵਿਆਂ ਦੇ ਬਾਵਜੂਦ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਵਧੀ ਭਿਆਨਕ ਗਰੀਬੀ, ਭੁੱਖਮਰੀ, ਬਿਮਾਰੀ ਖਾਸ ਕਰਕੇ ਪਿੰਡਾਂ ਵਿਚ ਵਸੇ ਹਿੰਦੁਸਤਾਨ ਦੀ ਦੁਰਦਸ਼ਾ ਦਾ ਕੋਈ ਜਵਾਬ ਸਰਕਾਰ ਕੋਲ ਨਹੀਂ ਹੈ। ਪੇਂਡੂ ਭਾਰਤ ਦੀ ਹੋਂਦ ਲਈ ਇਹ ਸਰਕਾਰ ਕੁਝ ਨਹੀਂ ਕਰ ਸਕੀ। ਇਸ ਤੋਂ ਬਾਅਦ ਵੀ ਜੇ ਕਾਂਗਰਸ 'ਗਰੀਬੀ ਹਟਾਓ' ਦਾ ਨਾਅਰਾ ਫਿਰ ਬੁਲੰਦ ਕਰਦੀ ਹੈ ਤਾਂ ਉਸ ਦਾ ਫਿਰ ਅਰਥ ਕੀ ਹੈ? ਕੀ ਲੋੜ ਖੜ੍ਹੀ ਹੋ ਗਈ ਹੈ ਇਸ ਪੁਰਾਣੇ ਗਲੇ ਸੜੇ ਨਾਅਰੇ ਦੀ?

ਜ਼ਾਹਿਰ ਹੈ ਜਿਵੇਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦੇ ਦਿਨ ਅੱਗੇ ਖਿਸਕ ਰਹੇ ਹਨ, ਉਸ ਨੂੰ ਪਤਾ ਲੱਗ ਰਿਹਾ ਹੈ ਕਿ ਪੂਰਾ ਦੇਸ਼ ਸਰਕਾਰ ਦੀ ਕਾਰਜਪ੍ਰਣਾਲੀ, ਪਾਕਿਸਤਾਨ ਨਾਲ ਅਜੀਬੋ ਗਰੀਬ ਸਮਝੌਤੇ ਉਸ ਦਾ ਥਿੜਕਦਾ ਰੁਖ, ਬੇਤਹਾਸ਼ਾ ਮਹਿੰਗਾਈ, ਕਿਸਾਨਾਂ ਦੀਆਂ ਆਤਮ ਹੱਤਿਆਵਾਂ, ਰਾਖਵੇਂਕਰਨ ਦੇ ਮੁੱਦੇ 'ਤੇ ਵੋਟਾਂ ਬਟੋਰਨ ਦੀ ਦਾਦਾਗਿਰੀ, ਵਧਦੇ ਅਮਰੀਕੀ ਦਖ਼ਲ, ਅਪਰਾਧੀ ਕਿਰਦਾਰ ਵਾਲਿਆਂ ਨੂੰ ਮੰਤਰੀ ਮੰਡਲ ਵਿਚ ਵਾਪਸ ਲੈਣ ਦੀ ਰਾਜਸੀ ਮਜ਼ਬੂਰੀ ਆਦਿ ਦੇ ਮੱਦੇਨਜ਼ਰ ਬੇਹੱਦ ਖੁਸ਼ ਜਾਂ ਸੰਤੁਸ਼ਟ ਨਹੀਂ ਹੈ ਪਰ ਸਾਬਕਾ ਵਿੱਤ ਮੰਤਰੀ ਤੇ ਮੌਜੂਦਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਰਾਹੀਂ ਦੇਸ਼ ਦੇ ਸਾਹਮਣੇ ਵਿਕਾਸ ਸਬੰਧੀ ਰੋਜ਼ ਨਵੇਂ ਨਵੇਂ ਅੰਕੜੇ ਪੇਸ਼ ਕੀਤੇ ਜਾਂਦੇ ਹਨ, ਫਿਰ ਵੱਖ ਵੱਖ ਰਾਜਾਂ ਦੇ ਕਾਂਗਰਸੀ ਮੁੱਖ ਮੰਤਰੀ ਉਸ ਸੁਰਤਾਲ ਵਿਚ ਆਪਣੀ ਬਾਜ਼ੀਗਰੀ ਦਿਖਾਉਂਦੇ ਹਨ, ਜਦ ਕਿ ਜ਼ਮੀਨੀ ਹਕੀਕਤ ਤੂਫ਼ਾਨ ਵਿਚ ਫਸੇ ਖੇਤਾਂ ਵਾਂਗੂੰ ਉਨ੍ਹਾਂ ਅੰਕੜਿਆਂ ਵਿਚ ਛਿਪੀ ਰਾਹਤ ਦੀ ਉਡੀਕ ਆਪਣੀਆਂ ਵਿਆਕੁਲ ਅੱਖਾਂ ਨਾਲ ਕਰਦੀ ਰਹਿੰਦੀ ਹੈ। ਨਤੀਜਾ?

ਸਰਕਾਰ ਨੂੰ ਮੰਨਣਾ ਪਿਆ ਕਿ ਦੇਸ਼ ਵਿਚ ਗਰੀਬੀ ਏਨੇ ਵੱਡੇ ਪੈਮਾਨੇ 'ਤੇ ਹੈ ਕਿ ਉਸ ਨੂੰ ਹਟਾਉਣ ਲਈ ਇਕ ਦੇਸ਼ ਵਿਆਪੀ ਮੁਹਿੰਮ ਦੀ ਨਾਅਰੇਬਾਜ਼ੀ ਦਾ ਆਸਰਾ ਲਿਆ ਜਾ ਰਿਹਾ ਹੈ ਤੇ ਆਉਣ ਵਾਲੇ ਦਿਨਾਂ ਵਿਚ ਖਾਸ ਕਰਕੇ ਪੇਂਡੂ ਭਾਰਤ ਨਾਲ ਜੁੜੇ ਗਰੀਬ ਵੋਟਰਾਂ ਨੂੰ ਫਿਰ ਤੋਂ ਭਰਮਾਇਆ ਜਾਵੇਗਾ। ਪਰ ਇੱਥੇ ਪਿੱਛੇ ਜਿਹੇ ਹੀ ਪ੍ਰਧਾਨ ਮੰਤਰੀ ਨੇ ਯੋਜਨਾ ਕਮਿਸ਼ਨ ਦੀ ਰਿਪੋਰਟ ਵਿਚ ਜਿਸ ਖੁਸ਼ਹਾਲ ਭਾਰਤ ਦੀ ਤਸਵੀਰ ਖਿੱਚੀ, ਉਸ 'ਤੇ ਸਰਸਰੀ ਨਜ਼ਰ ਮਾਰ ਲੈਣੀ ਦਿਲਚਸਪ ਹੋਵੇਗੀ। ਯੋਜਨਾ

ਕਮਿਸ਼ਨ ਦੀ ਰਿਪੋਰਟ ਵਿਚ ਉਨ੍ਹਾਂ ਨੇ ਕਿਹਾ ਕਿ ਅਗਲੇ ਪੰਜ ਸਾਲਾਂ ਵਿਚ ਦੇਸ਼ ਵਿਚ ਸੱਤ ਕਰੋੜ ਨਵੀਆਂ ਨੌਕਰੀਆਂ ਦਾ ਟੀਚਾ ਹੈ। ਇਨ੍ਹਾਂ ਪੰਜ ਸਾਲਾਂ ਵਿਚ ਦੇਸ਼ ਵਿਚ ਸੱਤ ਕਰੋੜ ਨਵੀਆਂ ਨੌਕਰੀਆਂ ਦੇ ਨਾਲ ਨਾਲ ਦੇਸ਼ ਵਿਚ ਵਿਕਾਸ ਦੀ ਦਰ 10 ਪ੍ਰਤੀਸ਼ਤ ਪਹੁੰਚ ਜਾਵੇਗੀ। ਅਗਲੇ ਦਸ ਸਾਲਾਂ ਵਿਚ ਪ੍ਰਤੀ ਵਿਅਕਤੀ ਆਮਦਨ ਦੁੱਗਣੀ ਹੋ ਜਾਵੇਗੀ। ਏਨਾ ਹੀ ਨਹੀਂ, ਅਗਲੇ ਪੰਜ ਸਾਲਾਂ ਵਿਚ ਖੇਤੀ ਵਿਕਾਸ ਦਰ ਵੀ 4 ਫੀਸਦੀ ਯਾਨੀ ਦੁੱਗਣੀ ਹੋ ਜਾਣ ਦੀ ਉਮੀਦ ਜਤਾਈ ਹੈ।

ਸਮਾਰੋਹਾਂ ਵਿਚ ਅਜਿਹੇ ਅੰਕੜੇ, ਅਨੁਮਾਨ ਤੇ ਪ੍ਰਗਤੀ ਦੇ ਦਾਅਵੇ ਪੇਸ਼ ਕਰਕੇ ਤਾੜੀਆਂ ਜਾਂ ਵਾਹ ਵਾਹ ਤਾਂ ਲੁੱਟੀ ਜਾ ਸਕਦੀ ਹੈ ਪਰ ਬਾਹਰ 'ਸੁਲਗਧੀ ਧੁੱਪ' ਤੇ ਦਿਉ ਕੱਦ ਬਿਪਤਾਵਾਂ ਵਿਚ ਬੇਹਾਲ ਹੋ ਰਹੀ ਜਨਤਾ ਦੀ ਹਾਹਾਕਾਰ ਨੂੰ ਕਿਵੇਂ ਝੁਠਲਾਇਆ ਜਾ ਸਕਦਾ ਹੈ? ਪ੍ਰਧਾਨ ਮੰਤਰੀ ਤਾਂ ਇਸ ਕਾਰਨ ਹੀ ਪ੍ਰਸੰਨ ਹੈ ਕਿ ਵਿਦੇਸ਼ੀ ਨਿਵੇਸ਼ ਵਧ ਰਿਹਾ ਹੈ? ਸ਼ੇਅਰ ਬਾਜ਼ਾਰ ਨਿੱਤ ਨਵੇਂ ਰਿਕਾਰਡ ਬਣਾ ਰਹੇ ਹਨ, ਵਿਦੇਸ਼ੀ ਮੁਦਰਾ ਭੰਡਾਰ ਵਿਚ ਵਾਧਾ ਹੋ ਰਿਹਾ ਹੈ, ਉਦਯੋਗਾਂ ਦੀ ਹਾਲਤ ਪਹਿਲਾਂ ਤੋਂ ਬਿਹਤਰ ਹੈ। ਕੁਝ ਕੰਪਨੀਆਂ ਦਾ ਮੁਨਾਫ਼ਾ 50 ਫੀਸਦੀ ਤੱਕ ਵਧਿਆ ਹੈ। ਆਪਣੇ ਤੋਂ ਚਾਰ ਗੁਣਾ ਵੱਡੀ ਬ੍ਰਿਟਿਸ਼ ਡੱਚ ਕੰਪਨੀ ਕੋਰਸ ਨੂੰ ਕਬਜ਼ੇ ਵਿਚ ਲੈਣ ਬਾਰੇ ਟਾਟਾ ਸਟੀਲ ਸੋਚ ਸਕਦੀ ਹੈ ਅਰਥਾਤ ਦੇਸ਼ ਦੀ ਸਨਅਤੀ ਦੁਨੀਆ 'ਤੇ ਉਸ ਤੋਂ ਫਾਇਦਾ ਉਠਾਉਣ ਵਾਲੇ ਸੀਮਤ ਵਰਗ ਦੀ ਖੁਸ਼ਹਾਲੀ ਤੇ ਵਿਕਾਸ 'ਤੇ ਪ੍ਰਧਾਨ ਮੰਤਰੀ ਬਾਗੋਬਾਗ ਹਨ। ਉਨ੍ਹਾਂ ਨੂੰ ਇਸ ਜਮਾਤ ਦੀ ਖੁਸ਼ਹਾਲੀ ਨਾਲ ਲੱਗ ਰਿਹਾ ਹੈ ਕਿ ਦੇਸ਼ ਵਿਕਾਸ ਦੇ ਰਾਹ 'ਤੇ ਲਗਾਤਾਰ ਭੱਜ ਰਿਹਾ ਹੈ। ਘੱਟੋ ਘੱਟ ਯੋਜਨਾ ਕਮਿਸ਼ਨ ਵਿਚ ਉਸ ਦਾ ਦਾਅਵਾ ਤਾਂ ਇਹੀ ਕਹਿੰਦਾ ਹੈ।

ਪਰ ਇਥੇ ਸਵਾਲ ਪੈਦਾ ਹੁੰਦਾ ਹੈ ਕਿ ਜੇ ਪ੍ਰਧਾਨ ਮੰਤਰੀ ਦੀ ਨਜ਼ਰ ਵਿਚ ਦੇਸ਼ ਖੁਸ਼ਹਾਲ ਹੋ ਰਿਹੈ ਤਾਂ ਫਿਰ ਉਨ੍ਹਾਂ ਦੀ ਪਾਰਟੀ ਨੂੰ ਅਚਾਨਕ ਕਿਵੇਂ ਲੱਗਣ ਲੱਗ ਪਿਆ ਕਿ ਉਸ ਦਾ ਅਗਲਾ ਮੁੱਖ ਏਜੰਡਾ 'ਗਰੀਬੀ ਹਟਾਓ' ਹੋਣਾ ਚਾਹੀਦਾ ਹੈ? ਤੇ ਇਸ ਨੂੰ ਹਟਾਉਣ ਲਈ ਅਗਲੇ 20 ਸਾਲਾਂ ਦਾ ਸਮਾਂ ਵੀ ਚਾਹੀਦਾ ਹੈ? ਇਹ ਬਿਨਾਂ ਕਾਰਨ ਨਹੀਂ ਹੈ। ਸਰਕਾਰ ਨੂੰ ਦੇਸ਼ ਦੀ ਬੇਲਗਾਮ ਹੋ ਰਹੀ ਬਹੁਗਿਣਤੀ ਆਬਾਦੀ ਦੀਆਂ ਸਮੱਸਿਆਵਾਂ ਦੀ ਖ਼ਬਰ ਖੂਬ ਹੈ ਪਰ ਉਨ੍ਹਾਂ ਨੂੰ ਸਥਾਈ ਹੱਲ ਕੱਢ ਲੈਣਾ ਮੁਸ਼ਕਲ ਹੈ। ਇਸ ਲਈ ਕਾਂਗਰਸ ਇਸ ਲਾਲੀਪਾਪ ਨੂੰ ਫਿਰ ਪ੍ਰਚਾਰਨ ਦੇ ਇਕ ਮਾਤਰ ਵਿਕਲਪ 'ਤੇ ਉੱਤਰ ਆਈ, ਪਰ ਗਰੀਬੀ ਐਲਾਨ ਕਰਨ ਨਾਲ ਨਹੀਂ, ਨੀਤੀਆਂ ਨਾਲ ਮਿਟਦੀ ਹੈ। ਜਦ ਦੇਸ਼ ਦੀਆਂ ਆਰਥਕ ਨੀਤੀਆਂ ਹੀ ਲੋੜ ਵਿਰੋਧੀ ਸਾਬਤ ਹੋਣ ਲੱਗਣ ਤਾਂ ਕੀ ਗਰੀਬੀ ਮਿਟੇਗੀ? ਉਹ ਤਾਂ ਵਧ ਕੇ ਉਥੇ ਹੀ ਪਹੁੰਚ ਜਾਵੇਗੀ ਜਿੱਥੇ ਅਸੀਂ ਖੜ੍ਹੇ ਹਾਂ।

ਪਿੱਛੇ ਜਿਹੇ ਹੀ ਕੌਮਾਂਤਰੀ ਸੰਗਠਨ "ਆਕਸਫੇਮ ਇੰਟਰਨੈਸ਼ਨਲ" ਦੇ ਵਿਕਾਸਸ਼ੀਲ ਦੇਸ਼ਾਂ ਵਿਚ ਗਰੀਬੀ ਤੇ ਨਾਬਰਾਬਰੀ ਦੇ ਵਿਆਪਕ ਅਧਿਐਨ ਪਿੱਛੋਂ ਜੋ ਸਰਵੇਖਣ ਰਿਪੋਰਟ ਪੇਸ਼ ਕੀਤੀ ਹੈ ਉਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਤੇਜ਼ੀ ਨਾਲ ਵਿਕਸਤ ਹੋ ਰਹੇ ਭਾਰਤ ਲਈ ਇਕ ਸ਼ੀਸ਼ਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ ਅੱਧੀ ਆਬਾਦੀ ਦੀਆਂ ਬੁਨਿਆਦੀ ਜ਼ਰੂਰਤਾਂ ਵੀ ਪੂਰੀਆਂ ਨਹੀਂ ਹੁੰਦੀਆਂ। ਰਿਪੋਰਟ ਵਿਚ ਸਾਫ਼ ਕਿਹਾ ਗਿਆ ਹੈ ਕਿ ਭਾਰਤ ਭਾਵੇਂ 8 ਫੀਸਦੀ ਦੀ ਵਿਕਾਸ

ਦਰ ਤੱਕ ਪਹੁੰਚਣ ਤੇ ਚਮਕਦੇ ਸ਼ਹਿਰ ਦ੍ਰਿਸ਼ ਦੀ ਦੁਹਾਈ ਦੇ ਰਿਹਾ ਹੈ ਪਰ ਇੱਥੇ ਦੇ ਲਗਭਗ 50 ਕਰੋੜ ਲੋਕ ਨਿਹਾਇਤ ਗੰਦਗੀ ਵਿਚ ਰਹਿੰਦੇ ਹਨ, ਜਦਕਿ 34 ਕਰੋਡ ਦੇ ਕਰੀਬ ਆਬਾਦੀ ਪੀਣ ਵਾਲੇ ਪਾਣੀ ਤੋਂ ਵਾਂਝੀ ਹੈ। ਰਿਪੋਰਟ ਦੱਸਦੀ ਹੈ ਕਿ ਸਾਲ 2004 ਵਿਚ ਘੱਟੋ ਘੱਟ 1.40 ਕਰੋੜ ਬੱਚੇ ਪ੍ਰਾਇਮਰੀ ਸਿੱਖਿਆ ਤੋਂ ਵਾਂਝੇ ਸਨ ਤੇ ਮਜ਼ਬੂਰੀ ਕਾਰਨ ਵਿੱਚੇ ਪੜ੍ਹਾਈ ਛੱਡ ਦੇਣ ਵਾਲੇ ਬੱਚਿਆਂ ਦੀ ਪ੍ਰਤੀਸ਼ਤਾ 38 ਦੇ ਕਰੀਬ ਸੀ, ਜੋ ਨਿਸ਼ਚੇ ਹੀ ਵਿਕਾਸ ਦੀ ਰਾਹ ’ਤੇ ਭੱਜਦੇ ਭਾਰਤ ਦੀ ਤਸਵੀਰ ਨਾਲ ਮੇਲ ਨਹੀਂ ਖਾਂਦੀ।

ਰਿਪੋਰਟ ਕਹਿੰਦੀ ਹੈ ਕਿ ਜਿੱਥੇ ਇਕ ਪਾਸੇ ਅੱਜ ਦੂਜੇ ਮੁਲਕਾਂ ਦੇ ਮਰੀਜ਼ ਆਪਣੇ ਇਲਾਜ ਲਈ ਭਾਰਤ ਆਉਂਦੇ ਹਨ ਉਥੇ ਭਾਰਤ ਦੀਆਂ ਛੇ ਔਰਤਾਂ ਹਰ ਤੀਹਵੇਂ ਮਿੰਟ ’ਚ ਜਣੇਪੇ ਸਮੇਂ ਸਿਹਤ ਸਹੂਲਤਾਂ ਦੀ ਘਾਟ ਕਾਰਨ ਬੇਮੌਤ ਮਾਰੀਆਂ ਜਾਂਦੀਆਂ ਹਨ। ਜ਼ਾਹਿਰ ਹੈ ਇਹ ਅੰਕੜੇ ਉਸ ਭਾਰਤ ਦੀ ਤਸਵੀਰ ਪੇਸ਼ ਕਰ ਰਹੇ ਹਨ ਜੋ ਪ੍ਰਧਾਨ ਮੰਤਰੀ ਦੇ ਚਮਕਦੇ ਭਾਰਤ ਤੋਂ ਵੱਖਰੀ ਹੈ ਤੇ ਉਸ ਲਈ ਉਨ੍ਹਾਂ ਦੀ ਸਰਕਾਰ ਕੋਲ ਹੁਣ ਤੱਕ ਸਿਵਾਏ ਨਾਅਰਿਆਂ ਦੇ ਕੋਈ ਠੋਸ ਉਪਾਅ ਨਹੀਂ ਦਿੱਸਦਾ। ਹੁਣ ਇਹ ਵੇਖਣਾ ਜ਼ਰੂਰੀ ਹੈ ਕਿ ਇਸ ਫਟੇਹਾਲ ਗਰੀਬ ਭਾਰਤ ਦੀ ਜਨਤਾ ਕਿੱਥੇ ਹੈ? ਪਿੰਡਾਂ ਜਾਂ ਸ਼ਹਿਰਾਂ ’ਚ? ਤਾਂ ਇਹ ਸਮਝਣਾ ਮੁਸ਼ਕਿਲ ਨਹੀਂ ਹੈ ਕਿ ਵੱਡੇ ਵੱਡੇ ਸ਼ਹਿਰਾਂ, ਮਹਾਂਨਗਰਾਂ ’ਚ ਵੀ ਜੋ ਗਰੀਬ ਭਾਰਤ ਹੈ ਉਹ ਬਹੁਤੇ ਪਿੰਡਾਂ ਤੋਂ ਉਜੜੇ ਜਾਂ ਰੋਟੀ ਰੋਜ਼ੀ ਦੀ ਤਲਾਸ਼ ’ਚ ਪਲਾਇਨ ਕਰਕੇ ਜਾ ਚੁੱਕੇ ਗਰੀਬਾਂ ਤੋਂ ਹੀ ਬਣਿਆ ਹੈ। ਮੁਸ਼ਕਿਲ ਇਹ ਹੈ ਕਿ ਹੁਣ ਅਜਿਹੇ ਲੋਕ ਸ਼ਹਿਰਾਂ ਵਿਚ ਵੀ ਬੇਤਹਾਸ਼ਾ ਵਧਦੀ ਮਹਿੰਗਾਈ ਦੀ ਅੱਗ ’ਚ ਝੁਲਸ ਕੇ ਆਏ ਦਿਨ ਦਮ ਤੋੜ ਰਹੇ ਹਨ। ਇਸ ਤਰ੍ਹਾਂ ਨਾਲ ਨਵੀਆਂ ਸਾਮਰਾਜੀ ਆਰਥਕ ਨੀਤੀਆਂ ਦਾ ਅਸਰ 80 ਫੀਸਦੀ ਪਿੰਡਾਂ ਵਾਲੇ ਦੇਸ਼ ਦੀ ਮਿਥ ਨੂੰ ਝੰਜੋੜ ਚੁੱਕਿਆ ਹੈ।

ਹੁਣ ਪਿੰਡ ਇਸ ਲਾਇਕ ਨਹੀਂ ਹਨ ਕਿ ਉਥੇ ਗਰੀਬ ਟਿਕ ਸਕਣ ਤੇ ਸ਼ਹਿਰ ਹੁਣ ਜਦ ਸ਼ਿੰਘਾਈ ਬਣਦੇ ਜਾ ਰਹੇ ਹਨ ਜਾਂ ਵਿਕਾਸ ਦੇ ਨਾਂ ’ਤੇ ਬਜ਼ਾਰ ਦੇ ਰੂਪ ਆਨੀ ਬਹਾਨੀ ਬਦਲੇ ਜਾ ਰਹੇ ਹਨ। ਵਿਦੇਸ਼ੀ ਪੂੰਜੀ ਲਾਈ ਜਾ ਰਹੀ ਹੈ ਤਾਂ ਇੱਥੇ ਪਿੰਡਾਂ ਦੇ ਉਨ੍ਹਾਂ ਗਰੀਬਾਂ ਲਈ ਜਗ੍ਹਾ ਬਚੀ ਹੀ ਕਿੱਥੇ ਹੈ? ਥੋੜ੍ਹੀ ਬਹੁਤ ਹੋਵੇ ਵੀ ਤਾਂ ਦਿਹਾੜੀ ਮਜ਼ਦੂਰਾਂ ਤੋਂ ਇਲਾਵਾ ਹੋਰ ਕੋਈ ਭਵਿੱਖ ਨਦਾਰਦ ਹੈ। ਸ਼ਹਿਰਾਂ ਦੇ ਰਹਿਣ-ਸਹਿਣ ਦਾ ਪੱਧਰ ਮਹਿੰਗਾ ਹੋ ਚੁੱਕਿਐ। ਤੇ ਇਨ੍ਹਾਂ ’ਚ ਸਿਰਫ਼ ਉਨ੍ਹਾਂ ਵਰਗਾਂ ਦੀ ਹੀ ਰਿਹਾਇਸ਼ ਸੰਭਵ ਹੈ ਜੋ ਪ੍ਰਧਾਨ ਮੰਤਰੀ ਦੇ ਵਿਕਾਸ ਵਾਲੇ ਭਾਰਤ ਦਾ ਭਰਪੂਰ ਲਾਭ ਉਠਾ ਸਕਦੇ ਹਨ। ਮਤਲਬ ਸਾਫ਼ ਹੈ ਕਿ ਦੂਰ ਦੁਰਾਡੇ ਦੇ ਪਿੰਡਾਂ ਤੋਂ ਲੈ ਕੇ ਮਹਾਂਨਗਰਾਂ ਤੱਕ ਦੀ ਆਬਾਦੀ ਵਿਚਕਾਰ ਅਮੀਰ ਅਤੇ ਗਰੀਬ ਬਣਦੇ ਜਾ ਰਹੇ ਹਨ ਤੇ ਉਸ ਦੀ ਕੀਮਤ ਚੁਕਾ ਰਹੇ ਗਰੀਬ ਲਗਾਤਾਰ ਭੁੱਖੇ ਨੰਗੇ ਤੇ ਬੇਘਰੇ ਹੋ ਰਹੇ ਹਨ। ਦਰਦ ਦੀ ਖਾਈ ਦਾ ਇਹ ਚੌੜਾ ਹੁੰਦਾ ਪਾੜਾ ਆਉਣ ਵਾਲੇ ਸਮੇਂ ’ਚ ਘੋਰ ਅੰਦਰੂਨੀ ਜੰਗ ਦੀ ਸਭ ਤੋਂ ਵੱਡੀ ਵਜ੍ਹਾ ਬਣੇਗਾ।

ਬਾਵਜੂਦ ਇਸ ਦੇ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਅਗਲੇ 20 ਸਾਲਾਂ ’ਚ ਦੇਸ਼ ’ਚ ਇੱਕ ਵੀ ਆਦਮੀ ਗਰੀਬ ਨਹੀਂ ਰਹੇਗਾ।” ਉਨ੍ਹਾਂ ਦੇ ਇਸ ਬਿਆਨ ’ਤੇ ਖੁਸ਼ ਹੋਣ ਦੀ ਬਜਾਏ ਜਨਤਾ ਪੁੱਛਦੀ ਹੈ ਕਿ ਅਜਿਹੀ ਕੀ ਜਾਦੂ ਦੀ ਛੜੀ ਆ ਗਈ

ਉਨ੍ਹਾਂ ਦੇ ਹੱਥ ਵਿਚ? ਜਦ ਕਿ ਖ਼ਬਰਾਂ ਇਹ ਕਹਿ ਰਹੀਆਂ ਹਨ ਕਿ ਨਵੀਂ, ਪੰਜ ਸਾਲਾ ਯੋਜਨਾ (2007-2012) ਦੇ ਲਈ ਕਮਿਸ਼ਨ ਨੇ ਜਿਸ ਤਰ੍ਹਾਂ ਦੀਆਂ ਯੋਜਨਾਵਾਂ ਤੈਅ ਕੀਤੀਆਂ ਹਨ, ਉਨ੍ਹਾਂ ਅਨੁਸਾਰ ਜੇ ਅਗਲੇ ਪੰਜ ਸਾਲਾਂ ਦੌਰਾਨ ਲਗਭਗ ਇਕ ਕਰੋੜ ਕਿਸਾਨ ਖੇਤੀ ਦੇ ਧੰਦੇ ਤੋਂ ਨਿਕਲ ਕੇ ਹੋਰਾਂ ਧੰਦਿਆਂ ਨਾਲ ਖੁਦ ਨੂੰ ਜੋੜਨਗੇ, ਤਾਂ ਹੀ ਸਾਡੀ ਖੇਤੀ ਦਾ ਭਲਾ ਹੋ ਸਕਦਾ ਹੈ ਪਰ ਹਰ ਸਾਲ ਖੇਤੀ ਛੱਡਣ ਵਾਲੇ 20 ਲੱਖ ਕਿਸਾਨਾਂ ਦੇ ਰੁਜ਼ਗਾਰ ਦਾ ਕੀ ਹੋਵੇਗਾ? ਇਸ ਦਾ ਜੁਆਬ ਗਾਇਬ ਹੈ। ਦੇਸ਼ 'ਚ ਪਹਿਲਾਂ ਹੀ ਜੋ ਬੇਰੁਜ਼ਗਾਰੀ ਹੈ, ਉਸ ਦਾ ਹੱਲ ਤਾਂ ਹੋ ਨਹੀਂ ਰਿਹਾ। ਹੁਣ ਇਹ ਨਵੀਂ ਬੇਰੁਜ਼ਗਾਰੀ ਦੀ ਫੌਜ ਕਿਥੇ ਸਮੋ ਸਕੇਗੀ? ਦਰਅਸਲ ਯੋਜਨਾ ਕਮਿਸ਼ਨ ਦੀ ਚਿੰਤਾ ਇਹੀ ਹੈ ਜੋ ਆਰਥਕ ਨੀਤੀਆਂ ਕਾਰਨ ਸਾਰੇ ਆਰਥਕ ਮਾਹਰਾਂ ਦੀ ਹੈ।

ਦੇਸ਼ 'ਚ ਖੇਤੀ ਤੇ ਬਿਜਾਈ ਦਾ ਕੁੱਲ ਖੇਤਰਫਲ ਘਟ ਕੇ 1414 ਲੱਖ ਹੈਕਟੇਅਰ ਤੱਕ ਪਹੁੰਚ ਗਿਆ ਹੈ। ਉਸ 'ਚ ਕੁੱਲ 40 ਫੀਸਦੀ ਜ਼ਮੀਨ ਹੀ ਸਿੰਚਾਈ ਹੇਠ ਹੈ। ਬਾਕੀ ਬਾਰਸ਼ ਦੇ ਭਰੋਸੇ ਹੈ। ਅਨਾਜ਼ ਦੀ ਸਾਲਾਨਾ ਪੈਦਾਵਾਰ 21 ਕਰੋੜ ਟਨ ਤੋਂ ਥੋੜ੍ਹੀ ਜ਼ਿਆਦਾ ਘਟ ਹੁੰਦੀ ਰਹਿੰਦੀ ਹੈ। ਵੱਡੀ ਜੋਤ (10 ਹੈਕਟੇਅਰ ਤੋਂ ਵੱਧ) ਦੀ ਖੇਤੀ ਤਾਂ ਬੱਸ ਹੁਣ 9 ਫੀਸਦੀ ਹੀ ਰਹਿ ਗਈ ਹੈ। ਲਗਭਗ 70 ਫੀਸਦੀ ਜ਼ਮੀਨ ਤਾਂ ਇਕ ਹੈਕਟੇਅਰ ਤੋਂ ਵੀ ਘੱਟ ਟੁਕੜਿਆਂ ਵਾਲੀ ਹੈ ਤੇ 21 ਫੀਸਦੀ ਜ਼ਮੀਨ ਦੋ ਹੈਕਟੇਅਰ ਤੋਂ ਘੱਟ ਵਾਲੀ ਪੰਜਾਬ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼ ਆਦਿ ਸੂਬਿਆਂ ਦੇ ਕਿਸਾਨਾਂ ਦੀਆਂ ਆਤਮਹੱਤਿਆਵਾਂ ਦਾ ਕਾਰਨ ਇਹ ਛੋਟੀਆਂ ਜੋਤਾਂ ਹਨ ਕਿਉਂਕਿ ਨਾ ਤਾਂ ਉਨ੍ਹਾਂ ਦੀ ਜੋਤ ਦੀ ਕੋਈ ਕੀਮਤ ਉਨ੍ਹਾਂ ਨੂੰ ਮਿਲਦੀ ਹੈ ਜਾਂ ਵੱਧਦੀ ਹੈ ਤੇ ਨਾ ਹੀ ਉਨ੍ਹਾਂ ਦੀ ਅਨਿਸ਼ਚਤ ਪੈਦਾਵਾਰ ਦਾ ਕੋਈ ਸਹੀ ਮੁੱਲ ਉਸ ਨੂੰ ਮਿਲਦਾ ਹੈ।

ਆਰਥਕ ਮਾਹਰ ਇਹ ਲੰਬੇ ਸਮੇਂ ਤੋਂ ਸ਼ਹਿਰੀ ਵਿਕਾਸ ਦਰ ਤੇ ਪੇਂਡੂ ਵਿਕਾਸ ਦਰ ਦੇ ਕ੍ਰਮਵਾਰ 8 ਤੇ 2 ਫੀਸਦੀ ਦੇ ਫਰਕ ਵਿਚਕਾਰ ਪਿਸ ਰਹੀ ਬਹੁਗਿਣਤੀ ਗਰੀਬ ਪੇਂਡੂ ਜਨਤਾ ਦੀਆਂ ਲਗਾਤਾਰ ਵਧਦੀਆਂ ਸਮੱਸਿਆਵਾਂ ਤੇ ਉਸ ਦੀ ਹੋਂਦ ਦੇ ਸੰਕਟ ਦਾ ਸੁਆਲ ਉਠਾਉਂਦੇ ਰਹੇ ਹਨ। ਪਰ ਅੱਜ ਤੱਕ ਦੀਆਂ ਸਾਰੀਆਂ ਪੰਜ ਸਾਲਾ ਯੋਜਨਾਵਾਂ ਦੀ ਚਿੰਤਾ ਦੇ ਕੇਂਦਰ 'ਚ ਮੁੱਖ ਰੂਪ 'ਚ ਸ਼ਹਿਰ ਹੀ ਰਿਹਾ ਹੈ। ਪਿੰਡ ਹਮੇਸ਼ਾ ਹਾਸ਼ੀਏ 'ਤੇ ਸਿੱਟੇ ਵਜੋਂ ਪਿੰਡ ਤੇ ਉਥੋਂ ਦਾ ਜੀਵਨ ਆਧਾਰ ਖੇਤੀ ਦੋਵਾਂ ਹੀ ਗਰੀਬਾਂ ਵਾਂਗੂੰ ਹੋਰ ਗਰੀਬ ਹੁੰਦੇ ਗਏ। ਇਸ ਲਈ ਅੱਜ ਯੋਜਨਾ ਕਮਿਸ਼ਨ ਇਹ ਮੰਨ ਕੇ ਚੱਲ ਰਿਹਾ ਹੈ ਕਿ ਭਵਿੱਖ ਵਿਚ ਖੇਤੀ ਸੁਧਾਰਾਂ ਦੇ ਸਾਰੇ ਉਪਾਵਾਂ ਦੇ ਬਾਵਜੂਦ ਭਾਰਤੀ ਖੇਤੀ ਦੀ ਸੁਸਤ ਵਿਕਾਸ ਦਰ ਸਨਅਤੀ ਵਿਕਾਸ ਦਰ ਦੇ ਮੁਕਾਬਲੇ ਹਮੇਸ਼ਾ ਏਨੀ ਜ਼ਿਆਦਾ ਪਿਛੜੀ ਰਹੇਗੀ ਕਿ ਚਾਹੁੰਦੇ ਹੋਏ ਵੀ ਉਸ 'ਤੇ ਨਿਰਭਰ ਕਿਸਾਨਾਂ ਦੀਆਂ ਆਤਮਹੱਤਿਆਵਾਂ ਨੂੰ ਰੋਕਣਾ ਸੰਭਵ ਨਹੀਂ ਹੋਣਾ। ਇਸ ਲਈ ਕਿਸਾਨਾਂ ਨੂੰ ਖੇਤੀ ਤੋਂ ਅੱਡ ਧੰਦਾ ਅਪਣਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ।

ਅੰਕੜੇ ਦੱਸਦੇ ਹਨ ਕਿ ਖੇਤੀ ਉਤਪਾਦ ਨੂੰ ਛੱਡ ਕੇ ਸਾਲ 1978 ਦੀ ਤੁਲਨਾ 'ਚ ਹਰ ਵਸਤੂ ਦੀ ਕੀਮਤ ਅੱਜ 200 ਤੋਂ 300 ਗੁਣਾ ਤੱਕ ਵਧ ਚੁੱਕੀ ਹੈ। ਉਸ ਦਾ ਮੂਲ ਕਾਰਨ ਇਹ ਹੈ ਕਿ ਲਾਗਤ ਦੇ ਮੁੱਲ ਨਿਰਧਾਰਣ ਵਿਚ ਅਨੁਪਾਤਿਕ ਤਾਲਮੇਲ ਨਹੀਂ ਹੈ ਤੇ ਨਾ ਹੀ ਸਰਕਾਰ ਦਾ ਇਸ 'ਤੇ ਕੋਈ ਕੰਟਰੋਲ। ਦਰਅਸਲ ਪੂਰਾ

ਭਾਰਤੀ ਖੇਤੀ ਪ੍ਰਬੰਧ ਨੂੰ ਤੋੜਨ ਦੀ ਸਾਜਿਸ਼ ਦਾ ਇਹੀ ਉਹ ਕੇਂਦਰ ਬਿੰਦੂ ਹੈ ਜਿਸ ਨੂੰ ਉਦਯੋਗਪਤੀਆਂ (ਦਲਾਲ) ਪੂੰਜੀਪਤੀਆਂ ਦੇ ਰਹਿਮੋਕਰਮ 'ਤੇ ਚੱਲਣ ਵਾਲੀ ਸਰਕਾਰ ਉਜਾਗਰ ਨਹੀਂ ਕਰਦੀ ਤੇ ਨਾ ਹੀ ਉਸ ਦੀ ਹਕੂਮਤ ਕਰਦੀ ਹੈ। ਸਿੱਟੇ ਵਜੋਂ ਸਨਅਤੀ ਉਤਪਾਦਕਾਂ ਨੂੰ ਖਰੀਦਣ ਦੀ ਸ਼ਕਤੀ ਇਕ ਕਿਸਾਨ ਦੇ ਪਾਸ ਤਾਂ ਹੋ ਹੀ ਨਹੀਂ ਸਕਦੀ।

ਬਜ਼ਾਰ 'ਚ ਜਦੋਂ ਖਾਣ-ਪੀਣ ਦੀਆਂ ਵਸਤੂਆਂ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਕਿੰਨੀ ਹਾਏਤੋਬਾ ਮੱਚਦੀ ਹੈ, ਹਾਲਾਂਕਿ ਇਸ ਮੁੱਲ ਦੇ ਵਾਧੇ ਦਾ ਅਸਲੀ ਫਾਇਦਾ ਕਿਸਾਨ ਨੂੰ ਨਹੀਂ ਮਿਲਦਾ ਪਰ ਸਨਅਤੀ ਵਸਤਾਂ ਦੇ ਰੋਜ਼ ਤੇਜ਼ੀ ਨਾਲ ਰੋਜ਼ਾਨਾ ਵਧਦੇ ਮੁੱਲਾਂ 'ਤੇ ਕਦੀ ਕੋਈ ਜਲੂਸ ਨਹੀਂ ਨਿਕਲਿਆ ਹੋਣਾ। ਇਹੀ ਵਿਡੰਬਨਾ ਹੈ ਜਿਸ ਨੇ ਅੱਜ ਦੇਸ਼ ਦੀ ਖੇਤੀ ਨੂੰ ਵਿਨਾਸ਼ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਸਾਲ 1978 ਤੱਕ ਕਿਸਾਨ ਜੇ 100 ਰੁਪਏ ਦੀ ਪੂੰਜੀ ਲਾਉਂਦੇ ਸੀ ਤਾਂ ਉਸ ਨੂੰ 136 ਰੁਪਏ ਦੀ ਕਮਾਈ ਹੁੰਦੀ ਸੀ ਪਰ ਅੱਜ ਉਸ ਨੂੰ ਸਿਰਫ਼ 63 ਰੁਪਏ ਦੀ ਆਮਦਨੀ ਹੁੰਦੀ ਹੈ ਤੇ ਜੇ ਹਾਲਾਤ ਮਾੜੇ ਹੁੰਦੇ ਹਨ ਤਾਂ ਇਹ ਪੈਸੇ ਵੀ ਡੁੱਬ ਜਾਂਦੇ ਹਨ। ਸੁਆਲ ਇਹ ਹੈ ਕਿ ਸਮੇਂ ਤੇ ਮਹਿੰਗਾਈ ਦੇ ਵਧਦੇ ਗਰਾਫ 'ਚ ਨਿਰੰਤਰ ਘਟ ਕੇ ਘੱਟੋ ਘੱਟ ਤੋਂ ਵੀ ਘੱਟ ਹੋ ਗਈ ਆਮਦਨ ਦਰਮਿਆਨ ਕਿਸਾਨ ਜਿਉਂਦਾ ਕਿਵੇਂ ਰਹੇਗਾ?

# ਭੁੱਖ ਨਹੀਂ ਮਿਟਾ ਸਕੀ ਸਰਕਾਰ

ਗਰੀਬਾਂ ਨੂੰ ਰਿਆਇਤੀ ਦਰਾਂ 'ਤੇ ਅਨਾਜ ਦੇਣ 'ਚ ਅਸਫਲ ਰਹੀ ਰਾਜ ਸਰਕਾਰ ਨੂੰ ਕੋਈ ਸੁੱਧ-ਬੁੱਧ ਨਹੀਂ ਗਰੀਬਾਂ ਦੀ। ਜਨ ਕਲਿਆਣ ਦੀਆਂ ਸਾਰੀਆਂ ਯੋਜਨਾ ਦਾ ਕੇਂਦਰ ਬਿੰਦੂ ਕਾਗਜ਼ਾਂ ਵਿਚ ਭਾਵੇਂ ਗਰੀਬ ਹੀ ਹੁੰਦਾ ਹੈ ਪਰ ਅਸਲ ਵਿਚ ਕੁਝ ਹੋਰ ਹੀ ਹੁੰਦਾ ਹੈ। ਇਹ ਗੱਲ ਕਿਸੇ ਤੋਂ ਛੁਪੀ ਨਹੀਂ ਹੈ। ਸਹੀ ਮੁੱਲ 'ਤੇ ਅਨਾਜ ਮੁਹੱਈਆ ਕਰਾਉਣ ਵਾਲੀ ਜਨਤਕ ਵੰਡ ਪ੍ਰਣਾਲੀ ਦੀ ਗੱਲ ਕਰੀਏ ਤਾਂ ਰਾਜਸਥਾਨ 'ਚ ਇਸ ਯੋਜਨਾ ਦੇ ਤਹਿ ਵੰਡਿਆ ਜਾਣ ਵਾਲਾ ਅਨਾਜ ਬੇਨਿਯਮੀਆਂ ਦੀ ਭੇਟ ਚੜ੍ਹ ਗਿਆ। ਇਸ ਯੋਜਨਾ ਨੂੰ ਗਰੀਬਾਂ ਨੂੰ ਅਨਾਜ ਸੁਰੱਖਿਆ ਮੁਹੱਈਆ ਕਰਾਉਣ ਦਾ ਮੁੱਖ ਹਥਿਆਰ ਵੀ ਕਿਹਾ ਜਾਂਦਾ ਹੈ ਪਰ ਜਦ ਰਾਜ ਸਰਕਾਰ ਨੇ ਪੂਰਾ ਅਨਾਜ ਚੁੱਕਿਆ ਹੀ ਨਹੀਂ ਤਾਂ ਜ਼ਾਹਿਰ ਹੈ ਕਿ ਗਰੀਬ ਭੁੱਖੇ ਪੇਟ ਹੀ ਰਹੇ ਹੋਣਗੇ।

ਇਹ ਯੋਜਨਾ ਭਾਰਤ ਸਰਕਾਰ ਵੱਲੋਂ ਲਾਗੂ ਤੇ ਰਾਜ ਸਰਕਾਰਾਂ ਵੱਲੋਂ ਅਮਲ 'ਚ ਲਿਆਂਦੀ ਜਾਂਦੀ ਹੈ। ਰਾਜਸਥਾਨ 'ਚ ਜਨਤਕ ਵੰਡ ਪ੍ਰਣਾਲੀ ਦੀ ਹਾਲਤ ਖਸਤਾ ਹੀ ਕਹੀ ਜਾ ਸਕਦੀ ਹੈ। ਇਸ ਵੰਡ ਪ੍ਰਣਾਲੀ 'ਚ ਰਿਆਇਤੀ ਦਰਾਂ 'ਤੇ ਗਰੀਬੀ ਰੇਖਾ ਤੋਂ ਉੱਪਰ ਤੇ ਗਰੀਬੀ ਰੇਖਾਂ ਤੋਂ ਹੇਠਾਂ ਪਰਿਵਾਰਾਂ ਨੂੰ ਰਿਆਇਤੀ ਦਰਾਂ 'ਤੇ ਅਨਾਜ ਤੇ ਚੌਲ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਗਰੀਬ ਪਰਿਵਾਰਾਂ ਵਿਚ ਵੀ ਜੋ ਜ਼ਿਆਦਾ ਗਰੀਬ ਹਨ ਉਨ੍ਹਾਂ ਨੂੰ ਅੰਨਤੋਦਿਆ ਅੰਨ ਯੋਜਨਾ ਦੇ ਤਹਿਤ ਦੋ ਅਤੇ ਤਿੰਨ ਰੁਪਏ ਪ੍ਰਤੀ ਕਿਲੋ ਦੀ ਦਰ ਨਾਲ ਕਣਕ ਤੇ ਚੌਲ ਦਿੱਤੇ ਜਾਂਦੇ ਹਨ ਜਦਕਿ 65 ਸਾਲਾਂ ਤੋਂ ਵੱਧ ਉਮਰ ਦੇ ਅਜਿਹੇ ਬਜ਼ੁਰਗਾਂ ਜਿਨ੍ਹਾਂ ਨੂੰ ਪੈਨਸ਼ਨ ਨਹੀਂ ਮਿਲਦੀ ਨੂੰ ਅੰਨਪੂਰਣਾ ਯੋਜਨਾ 'ਚ ਮਹੀਨੇ ਦਸ ਕਿਲੋ ਕਣਕ ਮੁਫਤ ਦੇਣ ਦੀ ਵਿਵਸਥਾ ਹੈ। ਪਰ ਸਰਕਾਰ ਦੇ ਅੰਕੜੇ ਹੀ ਜਨਤਕ ਵੰਡ ਪ੍ਰਣਾਲੀ ਦੀ ਪੋਲ ਖੋਲ੍ਹ ਦਿੰਦੇ ਹਨ।

ਸਰਕਾਰ ਦੇ ਅੰਕੜੇ ਦੱਸਦੇ ਹਨ ਕਿ ਸੰਨ 2001 ਤੋਂ 2006 ਤੱਕ ਦੇ ਅਰਸੇ 'ਚ ਰਾਜ ਸਰਕਾਰ ਅਲਾਟ ਹੋਏ ਪੂਰੇ ਚੌਲ ਤੇ ਕਣਕ ਨੂੰ ਉਠਾ ਹੀ ਨਹੀਂ ਸਕੀ। ਨਾਲ ਹੀ ਗੰਭੀਰ ਗੱਲ ਇਹ ਹੈ ਕਿ ਅੰਨਪੂਰਣਾ ਯੋਜਨਾ 'ਚ ਭਾਰੀ ਬੇਨਿਯਮੀਆਂ ਵਰਤੀਆਂ ਗਈਆਂ ਹਨ। ਭਾਰਤ ਦੇ ਕੰਟਰੋਲਰ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਦੱਸਦੀ ਹੈ ਕਿ ਇਸ ਯੋਜਨਾ 'ਚ ਸਰਕਾਰ ਨੇ 31 ਮਾਰਚ 2005 ਤੱਕ 87 ਲੱਖ ਵਾਧੂ ਲੋਕਾਂ ਨੂੰ ਸ਼ਾਮਲ ਕਰਨਾ ਸੀ ਜਦ ਕਿ ਉਹ ਸਿਰਫ 46000 ਲੋਕਾਂ ਨੂੰ ਹੀ ਸ਼ਾਮਲ ਕਰ ਸਕੀ। ਇਨ੍ਹਾਂ ਨੂੰ ਵੀ ਅਕਤੂਬਰ 2005 ਪਿੱਛੋਂ ਕੋਈ ਅਨਾਜ ਨਹੀਂ ਦਿੱਤਾ ਗਿਆ।

ਵੰਡ 'ਚ ਬੇਨਿਯਮੀਆਂ ਤੋਂ ਇਲਾਵਾ ਗਰੀਬਾਂ ਨੂੰ ਮਿਲਣ ਵਾਲੀ ਕਣਕ ਤੇ ਚੌਲ ਕਈਆਂ ਜ਼ਿਲਿਆਂ 'ਚ ਖਰਾਬ ਤੇ ਸੜੇ ਗਲੇ ਸਨ। ਉਥੇ ਪੀਲੇ ਕਾਰਡਾਂ (ਬੀ. ਪੀ. ਐਲ. ਪਰਿਵਾਰਾਂ) ਨੂੰ ਦਿੱਤੇ ਜਾਣ ਵਾਲੀ ਕਣਕ ਦੀ ਕਾਲਾਬਾਜ਼ਾਰੀ ਕਰਨ ਦੇ ਮਾਮਲੇ ਵੀ ਇਨ੍ਹਾਂ ਸਾਲਾਂ ਦੌਰਾਨ ਲਗਾਤਾਰ ਸਾਮਹਣੇ ਆਉਂਦੇ ਰਹੇ ਹਨ। ਇਸ ਸਮੇਂ ਰਾਜਸਥਾਨ 'ਚ ਗਰੀਬੀ ਰੇਖਾ ਤੋਂ ਉਪਰ ਵਾਲੇ ਪਰਿਵਾਰ ਇਕ ਕਰੋੜ ਦਸ ਲੱਖ ਹਨ ਜਦਕਿ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰਾਂ ਦੀ ਕੁੱਲ ਗਿਣਤੀ 25. 84 ਲੱਖ ਹੈ। ਇਨ੍ਹਾਂ ਲਈ ਹਰ ਮਹੀਨੇ ਕਰੀਬ 23000 ਟਨ ਕਣਕ ਰਾਜ ਸਰਕਾਰ ਨੂੰ ਮਿਲਦੀ

ਹੈ। ਇਸ ਕਣਕ ਦੇ ਵੱਡੇ ਹਿੱਸੇ ਦੀ ਕਾਲਾਬਾਜ਼ਾਰੀ ਕੀਤੀ ਜਾਂਦੀ ਹੈ। ਹਾਲ ਹੀ ’ਚ ਫੂਡ ਤੇ ਸਪਲਾਈ ਵਿਭਾਗ ਨੇ ਪੂਰੇ ਸੂਬੇ ’ਚ ਇਸ ਕਣਕ ਦੀ ਕਾਲਾਬਾਜ਼ਾਰੀ ਦੇ 26 ਜ਼ਿਲਿਆਂ ਵਿਚ ਅਜਿਹੇ 734 ਕੇਸ ਫੜੇ ਹਨ। ਜ਼ਾਹਿਰ ਹੈ ਕਿ ਸੂਬਾ ਸਰਕਾਰ ਜਿਥੇ ਗਰੀਬ ਵਰਗ ਤੱਕ ਉਸ ਨੂੰ ਮਿਲਦਾ ਅੰਨ ਪਹੁੰਚਾ ਨਹੀਂ ਸਕੀ ਬਲਕਿ ਉਸ ’ਤੇ ਵੀ ਕਾਲਾਬਾਜ਼ਾਰੀ ਦੀ ਮਾਰ ਪਈ ਹੈ।

ਅਜਿਹੀ ਹੀ ਕੁਝ ਹਾਲਤ ਗਰੀਬਾਂ ਲਈ ਚਲਾਈਆਂ ਜਾ ਰਹੀਆਂ ਦੂਜੀਆਂ ਯੋਜਨਾਵਾਂ ਦੀ ਹੈ। ਇਨ੍ਹਾਂ ’ਚੋਂ ਇਕ ਹੈ ਜ਼ਿਲ੍ਹਾ ਗਰੀਬੀ ਹਟਾਓ ਯੋਜਨਾ। ਰਾਜਸਥਾਨ ਦੇ ਸੱਤ ਗਰੀਬ ਜ਼ਿਲ੍ਹਿਆਂ ’ਚੋਂ ਗਰੀਬੀ ਘੱਟ ਕਰਨ ਦੀ ਨਜ਼ਰ ਨਾਲ ਵਿਸ਼ਵ ਬੈਂਕ ਦੇ ਕੌਮਾਂਤਰੀ ਵਿਕਾਸ ਸੰਘ ਦੀ 100. 48 ਮਿਲੀਅਨ ਡਾਲਰ ਦੀ ਅਮਰੀਕੀ ਸਹਾਇਤਾ ਨਾਲ ਸੰਨ 2000 ’ਚ ਇਹ ਯੋਜਨਾ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਤਹਿਤ ਔਰਤਾਂ ਨੂੰ ਟੀਚਾ ਬਣਾਉਣ ਦੇ ਨਾਲ ਗਰੀਬ ਨੂੰ ਗਤੀਸ਼ੀਲ ਕਰ ਕੇ ਯੋਜਨਾ ਵਿਚ ਸ਼ਾਮਲ ਜ਼ਿਲਿਆਂ ਵਿਚ ਗਰੀਬੀ ਨੂੰ ਘੱਟ ਕਰਨ ਵਿਚ ਸਹਾਇਤਾ ਦੇਣ ਤੇ ਉਨ੍ਹਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਵਰਗੇ ਕਈ ਉਦੇਸ਼ ਰੱਖੇ ਗਏ। ਇਸ ਕੰਮ ਵਿਚ ਗੈਰ-ਸਰਕਾਰੀ ਸੰਗਠਨਾ ਦੀ ਭੂਮਿਕਾ ਨੂੰ ਵੀ ਅਹਿਮ ਬਣਾਇਆ ਗਿਆ ਪਰ ਸਰਕਾਰ ਦੇ ਅੰਕੜੇ ਹੀ ਉਸ ਦੀ ਪੋਲ ਖੋਲ੍ਹਣ ਲਈ ਬਹੁਤ ਹਨ।

ਇਸ ਯੋਜਨਾ ਤਹਿਤ ਸੰਨ 2000-06 ਦੌਰਾਨ 643. 63 ਕਰੋੜ ਰੁਪਏ ਖਰਚ ਹੋਣੇ ਸਨ ਜਦਕਿ ਇਸ ਦੌਰਾਨ ਇਸ ਤੋਂ ਅੱਧੀ ਰਾਸ਼ੀ ਭਾਵ 329. 32 ਕਰੋੜ ਰੁਪਏ ਖਰਚ ਕੀਤੀ ਜਾ ਸਕੀ। ਇਸ ਨਾਲ ਇਸ ਯੋਜਨਾ ਦੇ ਅਮਲ ਦੀ ਰਫ਼ਤਾਰ ਮੱਠੀ ਚੱਲ ਰਹੀ ਹੈ। ਇਸ ਦਾ ਅਸਰ ਹੈ ਕਿ ਬਾਰਾਂ, ਧੌਲਪੁਰ ਤੇ ਝਾਲਾਵਾੜ ਜ਼ਿਲਿਆਂ ਵਿਚ 240 ਕੰਮ ਅਧੂਰੇ ਪਏ ਹਨ। ਇਸ ਤੋਂ ਇਲਾਵਾ ਐਨ. ਜੀ. ਓ. ਦੀ ਚੋਣ ਵਿਚ ਭਾਰੀ ਬੇਨਿਯਮੀਆਂ ਨੇ ਅਨਿਯਮਤ ਤਰੀਕੇ ਨਾਲ ਭੁਗਤਾਨ ਵੀ ਲੈ ਲਿਆ। ਲਿਹਾਜ਼ਾਂ ਗਰੀਬਾਂ ਦੇ ਕੰਮ ਆਉਣ ਵਾਲਾ ਪੈਸਾ ਬਰਬਾਦ ਕਰ ਦਿੱਤਾ ਗਿਆ।

ਇਸ ਤੋਂ ਇਲਾਵਾ ਗਰੀਬ ਪਰਿਵਾਰਾਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਚਲਾਈਆਂ ਜਾ ਰਹੀਆਂ ਸਰਕਾਰੀ ਯੋਜਨਾਵਾਂ ਦੀ ਇਸ ਦਸ਼ਾ ਕਾਰਨ ਜਿੱਥੇ ਗਰੀਬ ਦਾ ਤਾਂ ਭਲਾ ਨਹੀਂ ਹੋ ਰਿਹਾ ਉਥੇ ਉਨ੍ਹਾਂ ਦੇ ਕਲਿਆਣ ਲਈ ਖਰਚ ਕੀਤੇ ਜਾ ਰਹੇ ਕਰੋੜਾਂ ਰੁਪਏ ਵੀ ਬਰਬਾਦ ਹੋ ਰਹੇ ਹਨ।

# ਵਿਸ਼ੇਸ਼ ਆਰਥਿਕ ਜੋਨ-ਪੂੰਜੀਪਤੀਆਂ ਲਈ ਸਵਰਗ-ਮਿਹਨਤਕਸ਼ਾਂ ਲਈ ਨਰਕ

'ਵਿਸ਼ੇਸ਼ ਆਰਥਿਕ ਖੇਤਰ' ਆਰਥਿਕ ਨੀਤੀਆਂ ਦੇ ਮਹੱਤਵਪੂਰਨ ਹਿੱਸੇ ਹਨ। ਇਹ ਬਿਆਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਾਫ਼ੀ ਪਹਿਲਾਂ ਇਕਨਾਮਿਕ ਟਾਈਮਜ਼ ਦੇ ਸਮਾਰੋਹ 'ਚ ਦਿੱਤਾ। ਡਾ. ਮਨਮੋਹਨ ਦਾ ਇਹ ਵੀ ਕਹਿਣਾ ਸੀ ਕਿ ਵਿਸ਼ੇਸ਼ ਆਰਥਿਕ ਖੇਤਰ ਵਰਗੀ ਚੀਜ਼ ਵਿਸ਼ੇਸ਼ ਬਰਾਮਦ ਖੇਤਰ ਪਹਿਲਾਂ ਤੋਂ ਹੀ ਕੰਮ ਕਰ ਰਹੇ ਹਨ। ਇਸ ਲਈ ਇਹ ਕੋਈ ਨਵੀਂ ਚੀਜ਼ ਨਹੀਂ ਹੈ। ਡਾ. ਮਨਮੋਹਨ ਸਿੰਘ ਦਾ ਇਹ ਇਕ ਨੀਤੀਗਤ ਬਿਆਨ ਹੈ। ਜਿਸ ਦਾ ਅਰਥ ਸਾਫ ਹੈ। ਜੇ ਤੁਸੀਂ ਵਿਸ਼ੇਸ਼ ਆਰਥਿਕ ਖੇਤਰ ਦਾ ਵਿਰੋਧ ਕਰਦੇ ਹਨ ਤਾਂ ਇਸ ਦਾ ਅਰਥ ਸਾਫ਼ ਹੈ ਕਿ ਤੁਸੀਂ ਨਵੀਆਂ ਆਰਥਿਕ ਨੀਤੀਆਂ ਦਾ ਵਿਰੋਧ ਕਰਦੇ ਹੋ ਤੇ ਨਵੀਆਂ ਆਰਥਿਕ ਨੀਤੀਆਂ ਦਾ ਵਿਰੋਧ ਕਰਨ ਦਾ ਅਰਥ ਹੈ, ਤੁਸੀਂ ਭਾਰਤ ਦੇ ਪਿਛਲੇ ਡੇਢ ਦਹਾਕੇ 'ਚ ਛੁਪੀ ਆਰਥਿਕ ਪ੍ਰਗਤੀ ਦਾ ਵਿਰੋਧ ਕਰਦੇ ਹੋ। ਇਹ ਆਰਥਿਕ ਵਿਕਾਸ ਕਿਹੋ ਜਿਹਾ ਹੈ। ਇਸ ਦਾ ਅੰਦਾਜਾ ਇਸ ਤੱਥ ਤੋਂ ਲਾ ਸਕਦੇ ਹਾਂ ਕਿ 1993 ਤੋਂ 2003 ਦੇ ਵਿਚਕਾਰ ਖੇਤੀ ਮੰਤਰੀ ਸ਼ਰਦ ਪਵਾਰ ਅਨੁਸਾਰ 100.248 ਕਿਸਾਨਾਂ ਨੇ ਆਤਮ ਹੱਤਿਆ ਕਰ ਲਈ ਸੀ।

ਨਿਚੋੜ ਇਹ ਹੈ ਕਿ ਡਾ. ਮਨਮੋਹਨ ਸਿੰਘ ਇਹ ਬਿਆਨ ਦੇ ਕੇ ਉਨ੍ਹਾਂ ਲੋਕਾਂ ਨੂੰ ਸਾਵਧਾਨ ਕਰਨਾ ਚਾਹੁੰਦੇ ਹਨ ਜੋ ਗੁੜ ਖਾ ਕੇ ਗੁਲਗਲਿਆਂ ਤੋਂ ਪਰਹੇਜ਼ ਕਰ ਰਹੇ ਹਨ। ਯਾਨੀ ਡਾ. ਮਨਮੋਹਨ ਸਿੰਘ ਸੀ. ਪੀ. ਆਈ., ਜੇ. ਕੇ. ਯੂ. ਭਾਜਪਾ ਨੂੰ ਜਾਰੀ ਨੀਤੀਆਂ ਦਾ ਅਰਥ ਸਮਝਾ ਰਹੇ ਹਨ। ਵਿਸ਼ੇਸ਼ ਆਰਥਿਕ ਖੇਤਰ ਨੂੰ ਲੈ ਕੇ ਹਾਕਮ ਜਮਾਤ ਵਿਚ ਵਿਆਪਕ ਖੇਮੇਬੰਦੀ ਇਹਨੀ ਦਿਨੀਂ ਚੱਲ ਰਹੀ ਹੈ। ਮੰਤਰੀ ਇਕ ਤੋਂ ਬਾਅਦ ਇਕ ਅਜਿਹੇ ਬਿਆਨ ਦੇ ਰਹੇ ਹਨ ਜੋ ਆਪਾ ਵਿਰੋਧੀ ਲਗਦੇ ਹਨ ਅਤੇ ਕੇਂਦਰ ਸਰਕਾਰ ਦੇ ਵੱਖ-ਵੱਖ ਪੂੰਜੀਵਾਦੀ ਘਰਾਣਿਆਂ (ਬਜਾਜ ਤੇ ਅੰਬਾਨੀ) ਵਿਚਕਾਰ ਵੀ ਸੇਜ ਨੂੰ ਮਿਲਣ ਵਾਲੀਆਂ ਸਹੂਲਤਾਂ ਤੇ ਲਾਭਾਂ ਬਾਰੇ ਕੁਝ ਮੱਤਭੇਦ ਹਨ। ਵਿਸ਼ੇਸ਼ ਆਰਥਿਕ ਖੇਤਰ ਦਾ ਸਭ ਤੋਂ ਵਾਧੂ ਮੁੱਖ ਵਿਰੋਧ ਉਨ੍ਹਾਂ ਧਨੀ ਤੇ ਮੱਧ ਵਰਗੀ ਕਿਸਾਨਾਂ ਵੱਲੋਂ ਹੋ ਰਿਹਾ ਹੈ ਜਿਨ੍ਹਾਂ ਦੀ ਜ਼ਮੀਨ ਨੂੰ ਵੱਖ-ਵੱਖ ਸਰਕਾਰਾਂ ਮਾਮੂਲੀ (ਬਾਜ਼ਾਰ 'ਚ ਮਿਲਣ ਵਾਲੀ ਕੀਮਤ ਦੇ ਮੁਲਾਬਲਤਣ) ਮੁਆਵਜ਼ੇ ਦੇ ਕੇ ਇਕਵਾਇਰ ਕਰ ਰਹੀ ਹੈ। ਇਨ੍ਹਾਂ ਕਿਸਾਨਾਂ ਦੇ ਨੇਤਾਵਾਂ ਦੇ ਰੂਪ ਵਿਚ ਕਈ ਸਖਸ਼ੀਅਤਾਂ ਉਭਰ ਰਹੀਆਂ ਹਨ। ਇਨ੍ਹਾਂ 'ਚ ਚਲੇ ਹੋਏ ਕਰਤੂਤਾਂ (ਸਾਬਕਾ ਪ੍ਰਧਾਨ ਮੰਤਰੀ ਵੀ. ਪੀ. ਸਿੰਘ, ਸਮਾਜਵਾਦੀ ਪਾਰਟੀ 'ਚੋਂ ਕੱਢੇ ਗਏ ਮੈਂਬਰ ਪਾਰਲੀਮੈਂਟ ਤੇ ਫਿਲਮੀ ਹੀਰੋ ਰਾਜ ਬੱਬਰ) ਤੋਂ ਲੈ ਕੇ ਦੋਗਲੇ ਸੀ. ਪੀ. ਐਮ. ਵਾਲੇ (ਜੋ ਕਿ ਪੱਛਮੀ ਬੰਗਾਲ ਤੇ ਕੇਰਲਾ 'ਚ ਵਿਸ਼ੇਸ਼ ਆਰਥਿਕ ਖੇਤਰਾਂ ਦੀ ਸਥਾਪਨਾ ਕਰ ਰਹੇ ਹਨ) ਤੱਕ ਸ਼ਾਮਲ ਹਨ। ਤਾਂ ਇਕ ਨਾ ਨਰਮਦਾ ਬਚਾਓ ਅੰਦੋਲਨ ਦੀ ਨੇਤਾ ਮੇਧਾ ਪਾਟੇਕਰ ਦਾ ਵੀ ਉੱਭਰ ਰਿਹਾ ਹੈ। ਭਾਰਤ ਦੇ ਸਰਮਾਏਦਾਰਾਂ, ਨੇਤਾਵਾਂ ਤੇ ਹਿੰਦੂ ਧਰਮ ਦੇ ਦੇਵਤਿਆਂ 'ਚ ਇੱਕ ਬਹੁਤ ਵੱਡੀ ਬਰਾਬਰੀ ਹੈ। ਇਹ ਜੋ ਵੀ ਕੰਮ ਕਰਦੇ ਹਨ ਦੂਜਿਆਂ ਦੀ ਭਲਾਈ ਲਈ ਕਰਦੇ ਹਨ, ਇਨ੍ਹਾਂ ਦਾ ਆਪਣਾ ਕੋਈ ਸੁਆਰਥ ਨਹੀਂ ਹੁੰਦਾ। ਜਿਵੇਂ ਕਿ ਜੇ ਹਿੰਦੂ ਦੇਵਤਾ ਕਿਸੇ ਦੀ

ਜਾਨ ਵੀ ਲੈਂਦਾ ਹੈ ਤਾਂ ਕਿ ਉਸ ਨੂੰ ਜੀਵਨ ਤੋਂ ਮੁਕਤੀ ਮਿਲ ਸਕੇ। ਬੱਸ ਇਸੇ ਤਰਜ਼ 'ਤੇ ਤੁਸੀਂ ਮੁਕੇਸ਼ ਅੰਬਾਨੀ ਦੇ ਮਹਾਂਮੁੰਬਈ ਦੇ ਵਿਸ਼ੇਸ਼ ਆਰਥਿਕ ਖੇਤਰ ਨੂੰ ਦੇਖ ਸਕਦੇ ਹੋ। ਇਹ ਗੱਲਾਂ ਰੁਜ਼ਗਾਰ, ਵਿਕਾਸ, ਬੇਹਤਰ ਕੀਮਤ ਤੇ ਸਹੂਲਤਾਂ ਦੀਆਂ ਕਰਦੇ ਹਨ। ਉਹ ਵੀ ਦੇਸ਼ ਦੀ ਜਨਤਾ ਲਈ। ਮਹਾਂਮੁੰਬਈ ਨਾਮ ਦੇ ਜਿਸ ਵਿਸ਼ੇਸ਼ ਆਰਥਕ ਖੇਤਰ ਨੂੰ ਇਹ ਭਾਰਤ ਦਾ ਪੂੰਜੀਪਤੀ ਵਸਾਉਣਾ ਚਾਹੁੰਦਾ ਹੈ (ਤੇ ਸਰਕਾਰ ਨੇ ਇਸ ਗੱਲ ਨੂੰ ਮੰਨ ਲਿਆ ਹੈ) ਉਹ 35000 ਏਕੜ 'ਚ ਫੈਲਿਆ ਹੋਇਆ ਹੈ। ਮੁਕੇਸ਼ ਅੰਬਾਨੀ ਇਸ 35000 ਕਰੋੜ ਦੇ ਵਿਕਾਸ ਬਿਲਕੁਲ ਆਪਣੇ ਢੰਗ ਨਾਲ ਕਰਨਾ ਚਾਹੁੰਦਾ ਹੈ ਅਤੇ ਸਰਕਾਰ ਇਸ ਨਾਲ ਸਹਿਮਤ ਹੈ। ਇਸ ਲਈ ਮੁਕੇਸ਼ ਅੰਬਾਨੀ ਸਪੈਸ਼ਲ ਪਲਾਨਿੰਗ ਅਥਾਰਟੀ ਕਾਇਮ ਕਰੇਗਾ। 45 ਪਿੰਡਾਂ ਦੇ ਇਹ ਵਿਸ਼ੇਸ਼ ਆਰਥਿਕ ਖੇਤਰ ਲਈ ਪਿੰਡ ਨੂੰ ਇਕਵਾਇਰ ਕਰਨਾ ਹੈ। ਪਿੰਡ ਨੂੰ ਅਕਵਾਇਰ ਕਰਨ ਦਾ ਕੰਮ ਮਹਾਂਰਾਸ਼ਟਰ ਸਰਕਾਰ ਆਪਣੇ ਵਿਸ਼ੇਸ਼ ਆਰਥਿਕ ਕਾਨੂੰਨਾਂ ਰਾਹੀਂ ਕਰ ਰਹੀ ਹੈ। ਇਕਵਾਇਰ ਕਰਨ ਪਿੱਛੋਂ ਇਹ ਜ਼ਮੀਨ ਲਗਭਗ ਕੌਡੀਆਂ ਦੇ ਭਾਅ 'ਤੇ ਮੁਕੇਸ਼ ਅੰਬਾਨੀ ਨੂੰ ਵੇਚ ਰਹੀ ਹੈ। ਇਹ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ ਕਿ ਮਹਾਂਮੁੰਬਈ ਐਸ. ਈ. ਜੈਡ. ਦੁਨੀਆਂ ਦੇ ਸਭ ਤੋਂ ਵੱਡਾ ਸੀਜ਼ ਹੋਵੇਗਾ। ਰਿਲਾਇੰਸ ਕੰਪਨੀ ਦੇ ਅਧਿਕਾਰੀਆਂ ਦਾ ਇਸ ਲਈ ਵੱਡਾ ਭੋਲਾ ਜਿਹਾ ਤਰਕ ਹੈ ਕਿਉਂਕਿ ਕੰਪਨੀ ਖੁੱਲ੍ਹੇ ਬਜ਼ਾਰ 'ਚ ਇੰਨੀ ਵੱਧ ਜ਼ਮੀਨ ਨਹੀਂ ਖਰੀਦ ਸਕਦੀ ਸੀ। ਇਸ ਲਈ ਸਰਕਾਰ ਉਨ੍ਹਾਂ ਲਈ ਜ਼ਮੀਨ ਇਕਵਾਇਰ ਕਰ ਰਹੀ ਹੈ। ਬਾਜ਼ਾਰ 'ਚ ਜਿੱਥੇ ਜ਼ਮੀਨ ਦੀ ਕੀਮਤ 2000000 ਰੁਪਏ ਤੋਂ 4000000 ਰੁਪਏ ਪ੍ਰਤੀ ਏਕੜ ਹੈ। ਰਿਲਾਇੰਸ ਲਈ ਜ਼ਮੀਨ ਇਕਵਾਇਰ ਕਰਨ ਵਾਲੇ ਸਰਕਾਰੀ ਅਧਿਕਾਰੀਆਂ ਅਨੁਸਾਰ ਫੀ ਏਕੜ ਜ਼ਮੀਨ ਲਈ ਬਜ਼ਾਰ 'ਚ ਕੀਮਤ 112000 ਰੁਪਏ ਸੀ ਤੇ ਗੈਰ-ਖੇਤੀ ਭੂਮੀ ਲਈ 10.32 ਲੱਖ ਰੁਪਏ ਹੈ। ਰਿਲਾਇੰਸ ਨੂੰ ਫਾਇਦਾ ਦੇਣ ਲਈ ਸਰਕਾਰ ਜ਼ਮੀਨ ਦੀਆਂ ਕੀਮਤਾਂ ਨੂੰ ਘਟਾ ਕੇ ਮੰਗ ਰਹੀ ਹੈ। ਮੁਕੇਸ਼ ਅੰਬਾਨੀ ਦੀ ਇਸ ਨਿਜੀ ਰਿਆਸਤ 'ਚ ਕੋਈ ਸਥਾਨਕ ਸਰਕਾਰ ਜਾਂ ਚੁਣੀਆਂ ਹੋਈਆਂ ਸੰਸਥਾਵਾਂ ਯਾਨੀ ਪਿੰਡ ਪੰਚਾਇਤਾਂ, ਨਗਰ ਪੰਚਾਇਤਾਂ ਨਹੀਂ ਹੋਣਗੀਆਂ। ਅਨਿਲ ਅੰਬਾਨੀ ਤੇ ਮੁਲਾਇਮ ਸਿੰਘ ਯਾਦਵ ਵਿਚਕਾਰ ਦਾਦਰੀ ਪ੍ਰੋਜੈਕਟ ਲਈ ਹੋਏ ਸਮਝੌਤੇ ਨੂੰ ਤਾਂ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ ਹੈ। ਸਮਝੌਤੇ 'ਚ ਇਕ ਸ਼ਰਤ ਇਹ ਹੈ ਕਿ ਤਿੰਨ ਸਾਲਾਂ ਤੱਕ ਨਾ ਤਾਂ ਸੂਬਾਈ ਸਰਕਾਰ ਅਤੇ ਨਾ ਹੀ ਅੰਬਾਨੀ ਦੀ ਕੰਪਨੀ ਸਮਝੌਤੇ ਬਾਰੇ ਕਿਸੇ ਨੂੰ ਕੁਝ ਦੱਸੇਗੀ। ਜੁਲਾਈ 2005 ਵਿਚ ਭਾਰਤ 'ਚ ਲਗਭਗ 28 ਵਿਸ਼ੇਸ਼ ਆਰਥਿਕ ਖੇਤਰ ਕੰਮ ਕਰ ਰਹੇ ਹਨ। ਹੁਣ ਸਥਿਤੀ ਇਹ ਹੈ ਕਿ ਸਰਕਾਰ ਰੋਜ਼ਾਨਾ ਇਕ ਵਿਸ਼ੇਸ਼ ਆਰਥਿਕ ਖੇਤਰ ਨੂੰ ਮਨਜ਼ੂਰੀ ਦੇ ਰਹੀ ਹੈ। ਸਤੰਬਰ ਮਹੀਨੇ ਦੇ ਅੰਤ ਤੱਕ 181 ਵਿਸ਼ੇਸ਼ ਖੇਤਰ ਨੂੰ ਮਨਜ਼ੂਰੀ ਦੇ ਦਿੱਤੀ ਅਤੇ 266 ਅਰਜ਼ੀਆਂ ਜਾਂ ਪ੍ਰਤਸਤਾਵ ਮੰਨਜ਼ੂਰੀ ਲਈ ਸਰਕਾਰ ਦੀ ਮੇਜ਼ 'ਤੇ ਹਨ। ਇਨ੍ਹਾਂ ਵਿਸ਼ੇਸ਼ ਆਰਥਿਕ ਖੇਤਰਾਂ ਦੀ ਸਥਾਪਨਾ ਲਈ ਭਾਰੀ ਮਾਤਰਾ 'ਚ ਜ਼ਮੀਨ ਇਕਵਾਇਰ ਵੱਖ-ਵੱਖ ਸੂਬਾਈ ਸਰਕਾਰਾਂ ਕਰ ਰਹੀਆਂ ਹਨ। ਹਰਿਆਣਾ 'ਚ ਸਥਾਪਿਤ ਹੋਣ ਵਾਲੇ ਗੁੜਗਾਵਾਂ-ਝੱਜਰ ਜ਼ਿਲ੍ਹੇ ਵਾਲੇ ਵਿਸ਼ੇਸ਼ ਆਰਥਿਕ ਖੇਤਰ ਦਾ ਖੇਤਰ 25000 ਏਕੜ ਹੈ। ਪੱਛਮੀ ਬੰਗਾਲ 'ਚ ਸਥਾਪਿਤ ਹੋਣ ਵਾਲੇ ਵਿਸ਼ੇਸ਼ ਆਰਥਿਕ ਖੇਤਰ, ਸੀ. ਪੀ. ਐਮ. ਪਾਰਟੀ ਦੇ ਵਿਸ਼ੇਸ਼ ਆਰਥਿਕ ਖੇਤਰ ਦੇ ਵਿਰੋਧ ਦੀ ਪੋਲ ਖੋਹਲਣ ਲਈ ਕਾਫ਼ੀ

ਹਨ।

ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਵਿਸ਼ੇਸ਼ ਆਰਥਿਕ ਖੇਤਰਾਂ ਤੋਂ ਮਿਲਣ ਵਾਲੀਆਂ ਸਹੂਲਤਾਂ ਤੇ ਫਾਇਦਿਆਂ ਨੂੰ ਮੋਟੇ ਤੌਰ 'ਤੇ ਸੂਚੀਬੱਧ ਕੀਤਾ ਜਾਵੇ ਤਾਂ ਉਹ ਇਸ ਪ੍ਰਕਾਰ ਹੋਣਗੇ।

1. ਵਿਸ਼ੇਸ਼ ਆਰਥਿਕ ਖੇਤਰ ਦੇਸ਼ ਅੰਦਰ ਵਪਾਰ ਤੋਂ ਵਿੱਤ ਮਾਮਲਿਆਂ 'ਚ ਅਜਿਹੇ ਖੇਤਰ ਬਣ ਜਾਣਗੇ ਜਿਨ੍ਹਾਂ ਨੂੰ ਵਿਦੇਸ਼ੀ ਖੇਤਰ ਵਾਂਗ ਜਾਣਿਆ ਜਾਵੇਗਾ, ਯਾਨੀ ਇਨ੍ਹਾਂ ਖੇਤਰਾਂ ਦਾ ਟੈਕਸ ਢਾਂਚਾ ਵੱਖਰਾ ਹੋਵੇਗਾ ਅਤੇ ਹੋਰਨਾਂ ਖੇਤਰਾਂ 'ਚ ਅਲੱਗ। ਸਾਬਕਾ ਪ੍ਰਧਾਨ ਮੰਤਰੀ ਵੀ. ਪੀ. ਸਿੰਘ ਦਾ ਇਹ ਕਥਨ ਧਿਆਨ ਦੇਣ ਯੋਗ ਹੈ। "ਕਿਸਾਨਾਂ ਤੋਂ ਜਬਰੀ ਜ਼ਮੀਨ ਹਥਿਆ ਕੇ ਉਸ ਨੂੰ ਰਾਇਲ ਸਟੇਟ ਬਣਾਉਣ ਲਈ ਉਦਯੋਗਪਤੀਆਂ ਦੇ ਹਵਾਲੇ ਕਰਨਾ ਅਤੇ ਦੁਨੀਆਂ ਭਰ ਦੀਆਂ ਸਹੂਲਤਾਂ ਦੇਣਾ ਅਜਿਹਾ ਸਕੰਤੇ ਦਿੰਦਾ ਹੈ ਕਿ ਜਿਵੇਂ ਇਹ ਜੋਨ ਦੇਸ਼ ਦੇ ਅੰਦਰ ਇਕ ਵੱਖ ਪਬਲਿਕ (ਭਾਵ ਦੇਸ਼ ਅੰਦਰ ਪ੍ਰਦੇਸ਼) ਹੋਣ, ਜਿਨ੍ਹਾਂ ਤੇ ਦੇਸ਼ ਦਾ ਕੋਈ ਕਾਨੂੰਨ ਲਾਗੂ ਨਹੀਂ ਹੋਵੇਗਾ।

2. ਵਿਸ਼ੇਸ਼ ਆਰਥਿਕ ਖੇਤਰ ਕਰ ਮੁਕਤ ਖੇਤਰ ਹੋਣਗੇ। ਕਰਾਂ 'ਚ ਲੰਮੇਂ ਸਮੇਂ ਲਈ ਛੋਟ ਦਿੱਤੀ ਜਾ ਰਹੀ ਹੈ। ਬਰਾਮਦ ਸਰਗਰਮੀਆਂ ਨੂੰ ਪਹਿਲੇ ਪੰਜ ਸਾਲ ਕਰਾਂ ਤੋਂ ਸੌ ਫੀਸਦੀ ਛੋਟ ਦਿੱਤੀ ਗਈ ਹੈ। ਅਗਲੇ ਪੰਜ ਸਾਲਾਂ ਲਈ ਟੈਕਸਾਂ ਵਿਚ ਛੋਟ ਮੁੜ ਨਿਵੇਸ਼ਤ ਲਾਭਾਂ ਦੇ ਆਧਾਰ 'ਤੇ ਦਿੱਤੀ ਜਾਵੇਗੀ। ਵਿਸ਼ੇਸ਼ ਆਰਥਿਕ ਖੇਤਰ ਦੀ ਡਿਵੈਲਪਮੈਂਟ ਨੂੰ ਦਸ ਸਾਲ ਲਈ ਟੈਕਸਾਂ ਤੋਂ ਛੋਟ ਦਿੱਤੀ ਜਾਵੇਗੀ।

3. ਵਿਸ਼ੇਸ਼ ਆਰਥਿਕ ਖੇਤਰ 'ਚ 100 ਫੀਸਦੀ ਨਿਵੇਸ਼ ਹੋ ਸਕਦਾ ਹੈ। ਇਹ ਪ੍ਰਤੱਖ ਵਿਦੇਸ਼ੀ ਨਿਵੇਸ਼ ਸਵੈਚਲਿਤ ਰਸਤਿਆਂ ਰਾਹੀਂ ਹੋ ਸਕਦਾ ਹੈ ਅਤੇ ਲਾਭ ਆਜ਼ਾਦ ਰੂਪ 'ਚ ਆਪਣੇ ਮੂਲ ਦੇਸ਼ ਭੇਜੇ ਜਾ ਸਕਦੇ ਹਨ। ਵਿਦੇਸ਼ੀ ਨਿਵੇਸ਼ਕਾਂ ਲਈ ਇਹ ਸਥਿਤੀ ਬਿਲਕੁਲ ਮੂੰਹ ਮੰਗੀ ਮੁਰਾਦ ਵਾਂਗੂੰ ਹੀ ਹੈ। ਅਜਿਹੀਆਂ ਸਹੂਲਤਾਂ ਭਾਰਤ ਦੀ ਸਸਤੀ ਕਿਰਤ ਸ਼ਕਤੀ ਕਾਰਨ ਆਪਣੇ ਦੇਸ਼ 'ਚ ਵੀ ਨਹੀਂ ਮਿਲ ਸਕਦੀਆਂ। ਯਾਨੀ ਕਰਾਂ ਵਿਚ ਛੋਟ, ਕਿਰਤ ਸ਼ਕਤੀ ਦੀ ਮਨਮਾਨੀ ਲੁੱਟ ਦਾ ਅਧਿਕਾਰ, ਕਾਇਦੇ-ਕਾਨੂੰਨਾਂ ਦਾ ਕੋਈ ਝੰਜਟ ਨਹੀਂ।

4. ਵਿਸ਼ੇਸ਼ ਆਰਥਿਕ ਖੇਤਰ ਦਾ ਤਿੰਨ ਚੌਥਾਈ ਖੇਤਰ ਨਾਲ ਕਰ ਸਰਗਰਮੀਆਂ ਯਾਨੀ ਰਿਹਾਇਸ਼ੀ ਜਾਂ ਵਪਾਰਕ ਜਾਇਦਾਦਾਂ, ਸ਼ੋਪਿੰਗ ਮਾਲਜ਼, ਹਸਪਤਾਲ ਆਦਿ ਦੇ ਲਈ ਵਰਤਿਆ ਜਾ ਸਕਦਾ ਹੈ। ਇਸ ਦਾ ਮਤਲਬ ਹੈ ਉਦਯੋਗਾਂ ਦੇ ਥਾਂ ਸੇਵਾ ਖੇਤਰ ਦਾ ਵਿਕਾਸ।

5. ਭਾਂਵੇ ਹੁਣ ਤੱਕ ਦੇ ਮੌਜੂਦਾ ਕਿਰਤ ਕਾਨੂੰਨੀ ਰਵਾਇਤੀ ਤੌਰ 'ਤੇ ਇਨ੍ਹਾਂ ਵਿਸ਼ੇਸ਼ ਆਰਥਿਕ ਖੇਤਰਾਂ 'ਚ ਲਾਗੂ ਹੁੰਦੇ ਹਨ। ਪਰ ਸਰਕਾਰ ਤੇ ਸਨਅਤਕਾਰਾਂ ਅਤੇ ਅਦਾਲਤਾਂ ਦੀ ਮੰਨਸ਼ਾ ਨੂੰ ਵੇਖਿਆ ਜਾਵੇ ਤਾਂ ਇਹ ਖੇਤਰ ਅਜਿਹੇ ਹੋਣਗੇ ਜਿੱਥੇ ਕਿਸੇ ਕਿਸਮ ਦੇ ਕਿਰਤ ਕਾਨੂੰਨ ਲਾਗੂ ਨਹੀਂ ਹੋਣਗੇ।

ਰਾਹੁਲ ਬਜ਼ਾਜ਼ ਦਾ ਇਹ ਬਿਆਨ ਪੂੰਜੀਪਤੀਆਂ ਨੂੰ ਮਿਲਣ ਵਾਲੇ ਕਾਲਪਨਿਕ ਲਾਭਾਂ ਦਾ ਖੁਲਾਸਾ ਕਰਦਾ ਹੈ। "ਹੁਣ ਮੈਂ ਇਸ ਨੂੰ ਲੈਂਦਾ ਹਾਂ, ਇਹ ਕੋਈ ਕਾਲਪਨਿਕ ਗੱਲ ਨਹੀਂ ਹੈ। (ਸੀਜ਼) 'ਚ ਸਥਾਪਤ ਹੋਣ ਵਾਲੀ ਇਕਾਈ ਮੁੱਢਲੇ ਤੌਰ 'ਤੇ ਘਰੇਲੂ

ਬਜ਼ਾਰ (ਵਿਦੇਸ਼ੀ ਨਹੀਂ ਬਲਕਿ ਭਾਰਤ ਦੇ ਬਜ਼ਾਰਾਂ ਲਈ) ਦੇ ਲਈ ਹੈ। ਇਸ ਨੂੰ ਨਾ ਤਾਂ ਸੇਵਾ ਟੈਕਸ, ਨਾ ਹੀ ਸੀ. ਐਸ. ਟੀ. (ਕੇਂਦਰੀ ਵਪਾਰ ਟੈਕਸ) ਨਾ ਪੂੰਜੀਗਤ ਵਸਤਾਂ ’ਤੇ ਦਰਾਮਦ ਟੈਕਸ, ਨਾ ਪੰਜ ਸਾਲਾਂ ਤੱਕ ਆਮਦਨ ਟੈਕਸ ਦੇਣਾ ਹੈ। ਘਰੇਲੂ ਬਜ਼ਾਰ ਤੋਂ ਇਸ ਨੂੰ ਜਾਣ ਵਾਲੀ ਸਪਲਾਈ ਬਰਾਮਦ ਮੰਨੀ ਜਾਵੇਗੀ। ਬਲਕਿ ਉਸ ਨੂੰ ਟੈਕਸ ਛੋਟ, ਡੀ. ਈ. ਪੀ. ਬੀ. ਵਰਗੀਆਂ ਯੋਜਨਾਵਾਂ ਤੋਂ ਲਾਭ ਮਿਲਣਗੇ। ਹਾਂ ਜਦ (ਸੀਜ਼) ਇਕਾਈ ਘਰੇਲੂ ਬਜ਼ਾਰ ਨੂੰ ਸਪਲਾਈ ਕਰੇਗੀ ਤਾਂ ਉਸ ਨੂੰ ਘੱਟ ਜਾਂ ਵੱਧ ਬਰਾਮਦ ਟੈਕਸ ਅਤੇ ਸਥਾਨਕ ਕਰ ਦੇਣਾ ਹੋਵੇਗਾ ਜੋ ਕਿ ਬਹੁਤੀਆਂ ਵਸਤਾਂ ਲਈ 12.5 ਫੀਸਦੀ ਜਾਂ ਉਸ ਤੋਂ ਘੱਟ ਹੈ। ਉਨ੍ਹਾਂ ਮਾਮਲਿਆਂ ’ਚ ਜਿਨ੍ਹਾਂ ਨੂੰ ਦਰਾਮਦ ਟੈਕਸ 5% ਜਾਂ ਉਸ ਤੋਂ ਘੱਟ ਹੈ ਅਤੇ ਆਈ. ਟੀ. ਹਾਰਡਵੇਅਰ, ਸੈੱਲ ਫ਼ੋਨ, ਵੱਡੀ ਮਾਤਰਾ ’ਚ ਦਵਾਈਆਂ, ਕਈ ਪੂੰਜੀਗਤ ਵਸਤਾਂ ਕਮ ਸੇ ਕਮ ਅਜਿਹੀਆਂ ਘੱਟੋ ਘੱਟ 500 ਵਸਤਾਂ ਜੋ ਦਰਾਮਦ ਟੈਕਸ ਸੂਚੀ ’ਚ ਸ਼ਾਮਲ ਹਨ। ਘਰੇਲੂ ਬਜ਼ਾਰਾਂ ਨੂੰ ਸਪਲਾਈ ਕਰਨ ਲਈ ਹੋਰ ਵੀ ਵੱਧ ਖਿੱਚਵੇਂ ਖੇਤਰ ਬਣ ਜਾਣਗੇ ਅਤੇ ਉਤਪਾਦ, ਉਦਯੋਗ, ਵਪਾਰ ਟੈਕਸ ਵਿਭਾਗਾਂ ਦੀ ਵਿਸ਼ਾਲ ਮਸ਼ੀਨਰੀ, ਵਾਲੀ ਫੌਜ ਅਤੇ ਸ਼ਾਇਦ ਵੱਡੇ ਕਿਰਤ ਕਾਨੂੰਨਾਂ ਦੀ ਗ੍ਰਿਫ਼ਤ ਤੋਂ ਵੀ ਇੱਥੇ ਰਾਹਤ ਹੋਵੇਗੀ। ਇਸ ਪਿੱਛੋਂ ਹੀ ਰਾਹੁਲ ਬਜ਼ਾਜ ਇਹ ਗੱਲ ਕਹਿੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਉਦਯੋਗਾਂ ਨੂੰ ਸੀਜ਼ ’ਚ ਸ਼ਾਮਲ ਕਰਨਾ ਚਾਹੀਦਾ ਹੈ। ਅਸਲ ’ਚ ਰਾਹੁਲ ਬਜਾਜ ਦੀ ਇਸ ਗੱਲ ਨੂੰ ਕਿ (ਸੀਜ਼) ਦੇਸ਼ ਦੇ ਘਰੇਲੂ ਬਜ਼ਾਰ ਲਈ ਖਪਤਭੋਗੀ ਵਸਤਾਂ ਦੇ ਸਪਲਾਈ ਕੇਂਦਰ ਬਣਨਗੇ ਪਰ ਮੁਕੇਸ਼ ਅੰਬਾਨੀ ਨੇ ਤਾਂ ਕੰਮ ਵੀ ਸ਼ੁਰੂ ਕਰ ਦਿੱਤਾ ਹੈ। ਮੁਕੇਸ਼ ਅੰਬਾਨੀ ਨੇ ਕੰਪਨੀ ਪ੍ਰਚੂਨ ਵਪਾਰ ’ਤੇ ਆਪਣੀ ਅਜ਼ਾਰੇਦਾਰੀ ਦੀ ਮੰਗ ਰੱਖਦੀ ਹੈ ਤੇ ਉਸ ਦੇ ਲਈ ਟੈਕਸਾਂ ਤੋਂ ਛੋਟ ਅਤੇ ਅਸੀਮਤ ਲਾਭ ਹਾਸਲ ਕਰਨ ਲਈ ਇਸ ਤੋਂ ਬੇਹਤਰ ਕੋਈ ਹੋਰ ਥਾਂ ਭਲਾ ਕਿਵੇਂ ਹੋ ਸਕਦੀ ਹੈ। ਸੀਜ਼ ਨੂੰ ਮਿਲਣ ਵਾਲੀਆਂ ਸਹੂਲਤਾਂ ਤੇ ਉਥੇ ਹੋਣ ਵਾਲੇ ਬੇਲਗਾਮ ਮੁਨਾਫਿਆਂ ਦੀਆਂ ਸੰਭਾਵਨਾਵਾਂ ਨੇ ਜਿੱਥੇ ਪੂੰਜੀਪਤੀਆਂ ਵਿਚਾਲੇ ਇਕ ਕਿਸਮ ਦੀ ਖਹਿਬਾਜ਼ੀ ਨੂੰ ਪੈਦਾ ਕੀਤਾ ਹੈ, ਉਥੇ ਵਿੱਤ ਮੰਤਰਾਲੇ ਨੂੰ ਕਰਾਂ ’ਚ ਛੋਟ ਦੇਣ ਦੇ ਆਪਣੇ ਰੈਵਨਿਊ ਹਾਲੀ ਦੀ ਚਿੰਤਾ ਸਤਾ ਰਹੀ ਹੈ। ਪਿਛਲੇ ਦਿਨ 4 ਅਕਤੂਬਰ ਇਕਨਾਮਿਕ ਟਾਈਮਜ਼ ਵਿਚ ਰਾਹੁਲ ਬਜਾਜ ਨੇ ਇਹ ਸੁਆਲ ਉਠਾਇਆ ਸੀ ਕਿ ਸੀਜ਼ ਨੂੰ ਮਿਲਣ ਵਾਲੀਆਂ ਸਹੂਲਤਾਂ ਨਾਲ ਉਨ੍ਹਾਂ ਇਕਾਈਆਂ ਦੇ ਨਾਲ ਮਤਰੇਈ ਮਾਂ ਵਰਗਾ ਸਲੂਕ ਹੋਵੇਗਾ ਜੋ ਕਿ ਦੇਸ਼ ਦੇ ਆਮ ਇਲਾਕਿਆਂ ’ਚ ਸਥਿਤ ਹਨ। ਰਾਹੁਲ ਬਜ਼ਾਜ ਦੀ ਗੱਲ ਦਾ ਅਰਥ ਕੱਢਿਆ ਜਾਵੇ ਤਾਂ ਇਹ ਨਿਕਲ ਦਾ ਹੈ ਕਿ ਸੀਜ਼ ਦੀ ਸਹੂਲਤਾਂ ਸਾਰੀਆਂ ਇਕਾਈਆਂ ਨੂੰ ਮਿਲਣੀਆਂ ਚਾਹੀਦੀਆਂ ਹਨ।

ਯਾਨੀ ਪੂਰਾ ਦੇਸ਼ ਸਰਮਾਏਦਾਰਾਂ ਲਈ ਵਿਸ਼ੇਸ਼ ਆਰਥਿਕ ਖੇਤਰ ’ਚ ਤਬਦੀਲ ਕਰ ਦਿੱਤਾ ਜਾਵ। ਸੀਜ਼ ਦੀ ਸਥਾਪਨਾ ਨਾਲ ਇਸ ਗੱਲ ਦੀ ਪ੍ਰਵਿਰਤੀ ਨੂੰ ਬਲ ਮਿਲੇਗਾ ਕਿ ਦੇਸ਼ੀ-ਵਿਦੇਸ਼ੀ ਸਰਮਾਏਦਾਰ ਆਪਣੇ ਸਥਾਪਤ ਕਾਰਖਾਨਿਆਂ ਨੂੰ ਇਨ੍ਹਾਂ ਵਿਸ਼ੇਸ਼ ਖੇਤਰਾਂ ’ਚ ਅਤਿ ਲਾਭ ਹਾਸਲ ਕਰਨ ਲਈ ਸ਼ਿਫਟ ਕਰਨ। ਰਾਹੁਲ ਬਜ਼ਾਜ ਆਪਣੇ ਲੇਖ ’ਚ ਇਹ ਧਮਕੀ ਦਿੰਦੇ ਵੀ ਹਨ ਕਿ ਇਕ ਸੁਲਝੇ ਹੋਏ ਵਪਾਰੀ ਵਜੋਂ ਉਸਨੂੰ ਇਹੀ ਕਰਨਾ ਚਾਹੀਦਾ ਹੈ। ਭਾਰਤੀ ਪੂੰਜੀਵਾਦ ਆਪਣੀ ਅਖੌਤੀ ਵਿਕਾਸ ਦਰ ਦੇ ਨਾਲ ਅਰਾਜਕਤਾ ਤੇ ਨਾਂ ਬਰਾਬਰੀ ਵੱਲ ਵੀ ਤੇਜ਼ੀ ਨਾਲ ਵਧ ਰਿਹਾ ਹੈ। ਸ਼ੀਜ

ਦੀ ਸਥਾਪਨਾ ਇਸ ਨੂੰ ਹੋਰ ਵੱਧ ਰਫ਼ਤਾਰ ਨਾਲ ਵਧਾਵੇਗੀ। ਖੇਤਰੀ ਨਾ ਬਰਾਬਰੀ ਪਹਿਲਾਂ ਨਾਲੋਂ ਹੋਰ ਵਧੇਗੀ। ਸ਼ਰਦ ਪਵਾਰ, ਕਮਲ ਨਾਥ, ਵਿੱਤ ਮੰਤਰੀ, ਪ੍ਰਧਾਨ ਮੰਤਰੀ, ਸੋਨੀਆ ਗਾਂਧੀ, ਭਾਰਤੀ ਰਿਜ਼ਰਵ ਬੈਂਕ ਦੇ ਬਿਆਨਾਂ ਨੇ ਪਿਛਲੇ ਦਿਨੀਂ ਇਹ ਸਾਬਿਤ ਕੀਤਾ ਹੈ ਕਿ ਭਾਰਤ ਦੀ ਹਾਕਮ ਜਮਾਤ ਅੰਦਰਲੀਆਂ ਵਿਰੋਧਤਾਈਆਂ ਦੂਰ ਕਰਨ ਲਈ ਇੱਕੋ ਵੇਲੇ ਕਈਂ ਤਰ੍ਹਾਂ ਦੇ ਬਿਆਨ ਦੇ ਰਹੇ ਹਨ। ਧਨੀ ਕਿਸਾਨ ਲਾਬੀ ਦੀ ਨੁਮਾਇੰਦਗੀ ਕਰਨ ਵਾਲੇ ਜਿਥੇ ਜ਼ਮੀਨ ਵੱਧ ਤੋਂ ਵੱਧ ਭਾਅ ਚਾਹੁਣ ਦੇ ਨਾਲ-ਨਾਲ ਸੀਜ਼ ਦੇ ਮੁਨਾਫ਼ੇ ’ਚ ਸਾਂਝੇਦਾਰੀ ਚਾਹੁੰਦੇ ਹਨ ਉਥੇ ਸਨਅਤਕਾਰਾਂ ਦੀ ਲਾਬੀ ਮੁਨਾਫ਼ੇ ’ਚ ਹਿੱਸੇਦਾਰੀ ਨਹੀਂ ਚਾਹੁੰਦੀ। ਡਿਵੈਲਪਰਜ਼ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਉਹੀ ਸਹੂਲਤਾਂ ਮਿਲਣ ਜੋ ਸਨਅਤਕਾਰਾਂ ਜਾਂ ਵਿਦੇਸ਼ੀ ਨਿਵੇਸ਼ਕਾਂ ਨੂੰ ਹਾਸਿਲ ਹਨ। ਭਾਰਤੀ ਰਿਜ਼ਰਵ ਬੈਂਕ ਸੀਜ਼ ਨੂੰ ਰਾਇਲ ਸਟੇਟ ਯੋਗਤਾ ਮੰਨਣ ਦਾ ਫੈਸਲਾ ਦੇ ਰਿਹਾ ਹੈ। ਇਸ ਨਾਲ ਡਿਵੈਲਪਰਜ਼ ਨੂੰ ਉਹ ਸਹੂਲਤਾਂ ਨਹੀਂ ਮਿਲ ਸਕਦੀਆਂ ਜੋ ਸਨਅਤੀ ਇਕਾਈਆਂ ਨੂੰ ਹਾਸਲ ਹਨ। ਭਾਰਤੀ ਰਿਜ਼ਰਵ ਬੈਂਕ ਦੇ ਇਸ ਫੈਸਲੇ ਦੇ ਡਿਵੈਲਪਰਜ਼ ਨੂੰ ਸਨਅਤੀ ਜਾਂ ਬਰਾਮਦ ਇਕਾਈਆਂ ਵਾਂਗੂੰ ਸਬਸੀਡਾਇਜ਼ ਕਰਜ਼ੇ ਦੇਣ ਦੇ ਪੱਖ ’ਚ ਨਹੀਂ ਹੈ। ਇਸ ਕਰਜੇ ਦਾ ਅਰਥ ਇਹ ਹੈ ਕਿ ਸਰਕਾਰ ਵਿਸ਼ੇਸ਼ ਆਰਥਿਕ ਖੇਤਰ ਦੀਆਂ ਉਪਰੋਕਤ ਇਕਾਈਆਂ ਨੂੰ ਆਸਾਨ ਸ਼ਰਤਾਂ ਤੋਂ ਘੱਟ ਵਿਆਜ਼ ਦਰ ’ਤੇ ਕਰਜ਼ਾ ਦੇਵੇਗੀ। ਇਸ ਕਰਜ਼ੇ ਦੀ ਵਿਆਜ ਦਰ ਦੀ ਕਮੀ ਨੂੰ ਸਰਕਾਰ ਆਪਣੇ ਖਜਾਨੇ ’ਚੋਂ ਪੂਰਾ ਕਰੇਗੀ। ਇਥੇ ਗੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਜਦ ਸਰਕਾਰ ਸਨਅਤਕਾਰ ਤੇ ਪੂੰਜੀਵਾਦ ਬੁਧੀਜੀਵੀ, ਵਿਸ਼ਵ ਬੈਂਕ ਤੇ ਕੌਮਾਂਤਰੀ ਮੁਦਰਾਕੋਸ਼, ਸਾਮਰਾਜੀ, ਦਲਾਲ, ਭਾਰਤੀ ਸਰਮਾਏਦਾਰੀ ਤੇ ਉਨ੍ਹਾਂ ਦੇ ਚੱਕਰ ਕਿਸਾਨਾਂ ਨੂੰ ਸਬਸਿਡੀ ਦੇਣ ਦਾ ਵਿਰੋਧ ਕਰਨੇ ਹਨ, ਉਥੇ ਸਰਮਾਏਦਾਰਾਂ ਨੂੰ ਮਿਲਣ ਵਾਲੀ ਸਬਸਿਡੀ ’ਤੇ ਕੋਈ ਵੀ ਸੁਆਲ ਨਹੀਂ ਉਠਾਉਂਦਾ, ਸਭ ਚੁੱਪ ਹਨ। ਰਿਜ਼ਰਵ ਬੈਂਕ ਸਿਰਫ਼ ਰਾਇਲ ਸਟੇਟ ਜਾਂ ਡਿਵੈਲਪਰਜ਼ ਨੂੰ ਉਤਸ਼ਾਹਿਤ ਕਰਨ ਲਈ ਹੀ ਇੱਕੋ-ਇੱਕ ਨੀਤੀ (ਸਬਸੀਡਾਈਜਡ ਲੋਨ) ਨੂੰ ਹੀ ਬਦਲ ਰਿਹਾ ਹੈ। ਧਨੀ ਕਿਸਾਨ ਭਾਰਤ ਦੀ ਹਾਕਮ ਜਮਾਤ ਦਾ ਹੀ ਹਿੱਸਾ ਬਣਦੇ ਹਨ। ਸਰਮਾਏਦਾਰੀ ਜਮਾਤ ਦੇ ਵੱਖ-ਵੱਖ ਹਿੱਸਿਆਂ ਵਾਂਗੂੰ ਧਨੀ ਕਿਸਾਨ ਵੀ ਆਰਥਿਕ ਸਵੈ-ਨਿਰਭਰਤਾ ਤੇ ਮੁਨਾਫ਼ੇਦਾਰੀ ਦੇ ਹਿੱਸੇਦਾਰ ਬਣਦੇ ਹਨ।

ਸਰਮਾਏਦਾਰੀ ਜਮਾਤ ਦੇ ਵੱਖ-ਵੱਖ ਹਿੱਸਿਆਂ ਵਾਂਗੂੰ ਨਵੀਂ ਸੰਭਾਵਨਾ ਤੇ ਸਥਿਤੀ ਤੋਂ ਇਹ ਵੀ ਲਾਭ ਉਠਾਉਣਾ ਚਾਹੁੰਦੇ ਹਨ ਤੇ ਇਸ ਦੀ ਤਾਕ ’ਚ ਰਹਿੰਦੇ ਹਨ। ਸੀਜ਼ ਲਈ ਜ਼ਮੀਨ ਇਕਵਾਇਰ ਕਰਨ ਦੀ ਸਰਕਾਰੀ ਰਵਾਇਤ ਨੇ ਇਨ੍ਹਾਂ ਤੇ ਇਨ੍ਹਾਂ ਦੇ ਨੁਮਾਇੰਦਿਆਂ ਨੂੰ ਬੇਚੈਨ ਕਰ ਦਿੱਤਾ ਹੈ। ਭਾਰਤ ਸਰਕਾਰ ਤੋਂ ਲੈ ਕੇ ਸਾਰੀਆਂ ਸੂਬਾਈ ਸਰਕਾਰਾਂ ਦੇਸੀ-ਵਿਦੇਸ਼ੀ ਸਰਮਾਏਦਾਰਾਂ ਲਈ ਪ੍ਰਾਪਰਟੀ ਡੀਲਰ ਦਾ ਕੰਮ ਕਰ ਰਹੀਆਂ ਹਨ। ਪ੍ਰਾਪਰਟੀ ਡੀਲਰਾਂ ਵਾਂਗੂੰ ਹੀ ਸਾਰੇ ਹਥੱਕੰਡੇ ਰਾਜ ਸਰਕਾਰਾਂ ਵੀ ਅਪਣਾ ਰਹੀਆਂ ਹਨ। ਜਦ ਧਨੀ ਕਿਸਾਨਾਂ ਨੇ ਵੇਖਿਆ ਕਿ ਸਰਕਾਰ ਉਨ੍ਹਾਂ ਦੀ ਜ਼ਮੀਨ ਨੂੰ ਕੌਡੀਆਂ ਦੇ ਭਾਅ ਲੈਣ ਦੀ ਤਾਕ ’ਚ ਹੈ ਤਾਂ ਰਾਤੋ-ਰਾਤ ਉਹ ਇਸ ਮੁੱਦੇ ’ਤੇ ਲਾਮਬੰਦ ਹੋ ਗਏ। ਸੰਘਰਸਸ਼ੀਲ ਹੋ ਕੇ ਉਨ੍ਹਾਂ ਨੇ ਸਰਕਾਰਾਂ ਨੂੰ ਜ਼ਮੀਨਾਂ ਦੀਆਂ ਕੀਮਤਾਂ ਬਜਾਰੂ ਰੇਟ ’ਤੇ ਦੇਣ ਲਈ ਮਜ਼ਬੂਰ ਕਰਨਾ ਸ਼ੁਰੂ ਕਰ ਦਿੱਤਾ। ਵੀ. ਪੀ. ਸਿੰਘ ਨੇ ਨਾਹਰਾ ਉਛਾਲਿਆ ‘ਕਿਸਾਨ ਤੇ ਸਨਅਤਕਾਰ ਵਿਚਾਲੇ ਸਰਕਾਰ ਦੀ ਕੰਮ ਯਾਨੀ ਸਨਅਤਕਾਰ

ਸਿੱਧੇ ਕਿਸਾਨਾਂ ਤੋਂ ਜ਼ਮੀਨ ਖਰੀਦਣ। ਯਾਨੀ ਜ਼ਮੀਨਾਂ ਕੌਡੀਆਂ ਦੇ ਭਾਅ ਦੀ ਬਜਾਏ ਹੀਰੇ ਮੋਤੀਆਂ ਦੇ ਰੇਟਾਂ 'ਤੇ ਲਈਆਂ ਜਾਣ। ਨੈਨੀਤਾਲ 'ਚ ਹੋਏ ਕਾਂਗਰਸੀ ਮੁੱਖ ਮੰਤਰੀਆਂ ਦੇ ਸੰਮੇਲਨ ਦੇ ਨਾਲ ਸਰਕਾਰ ਨੇ ਆਪਣੀ ਨੀਤੀ 'ਚ ਤਬਦੀਲੀ ਕਰ ਦਿੱਤੀ ਹੈ। ਇਸ ਦਾ ਸਿੱਧਾ ਅਸਰ ਹਰਿਆਣਾ ਸਰਕਾਰ 'ਚ ਵਿਖਾਈ ਦਿੱਤਾ। ਹਰਿਆਣਾ ਦੀ ਸਰਕਾਰ ਨੇ ਐਲਾਨ ਕੀਤਾ ਕਿ ਝੱਜਰ ਜ਼ਿਲ੍ਹੇ 'ਚ ਰਿਲਾਇੰਸ ਦੇ ਬਨਣ ਵਾਲੇ (ਸੀਜ਼) 'ਚ 75 ਫੀਸਦੀ ਜ਼ਮੀਨ ਡਿਵੈਲਪਰਜ਼ ਵੱਲੋਂ ਮਾਰਕਿਟ ਰੇਟ 'ਤੇ ਖਰੀਦੀ ਜਾਵੇਗੀ। ਜਦਕਿ ਬਾਕੀ 25 ਫੀਸਦੀ ਹਰਿਆਣਾ ਸਰਕਾਰ ਇਕਵਾਇਰ ਕਰੇਗੀ। ਹਰਿਆਣਾ ਸਰਕਾਰ ਪ੍ਰਤੀ ਏਕੜ ਦਾ 23 ਲੱਖ ਰੁਪਿਆ ਦੇਵੇਗੀ। ਇਸ ਤਰ੍ਹਾਂ ਕੇਂਦਰ ਸਰਕਾਰ ਨੇ ਇਹ ਐਲਾਨ ਕਰਨਾ ਸ਼ੁਰੂ ਕਰ ਦਿੱਤਾ ਕਿ ਖੇਤੀਯੋਗ ਭੂਮੀ ਦੀ ਥਾਂ 'ਤੇ ਬੰਜਰ ਭੂਮੀ ਜਾਂ ਅਜਿਹੀ ਭੂਮੀ ਨੂੰ ਤਰਜੀਹ ਦਿੱਤੀ ਜਾਵੇ ਜਿਥੇ ਸਾਲ 'ਚ ਇਕ ਵੀ ਫ਼ਸਲ ਪੈਦਾ ਕੀਤੀ ਜਾਂਦੀ ਹੋਵੇ। ਚਾਹੇ ਜੋ ਵੀ ਹੋਵੇ ਇਕ ਗੱਲ ਤਾਂ ਸਾਫ਼ ਹੈ ਕਿ ਜੇ ਅੱਛੀ ਖੇਤੀ ਯੋਗ ਭੂਮੀ ਇਕਵਾਇਰ ਹੁੰਦੀ ਹੈ ਤਾਂ ਉਸ ਦੀ ਉੱਚੀ ਕੀਮਤ ਅਦਾ ਕੀਤੀ ਜਾਵੇਗੀ। ਸ਼ਰਦ ਪਵਾਰ, ਵੀ. ਪੀ. ਸਿੰਘ, ਮੇਦਾ ਪਾਟੇਕਰ, ਪ੍ਰਕਾਸ਼ ਕਾਰਤ ਵਰਗੀਆਂ ਸਖ਼ਸੀਅਤਾਂ ਦੇ ਖੜ੍ਹੇ ਹੋਣ ਨਾਲ ਤੇ ਸੋਨੀਆ ਦੇ ਸਰਗਰਮ ਹੋਣ ਨਾਲ ਯਾਨੀ ਕਿਸਾਨ ਮੁਨਾਫ਼ੇ ਦੇ ਸਵਰਗ 'ਚ ਜਾਣ ਲਈ ਸਫ਼ਲ ਹੋ ਗਏ ਹਨ। ਆਮ ਤੌਰ ਤੇ ਸਰਮਾਏਦਾਰ ਨੇਤਾਵਾਂ ਵੱਲੋਂ  ਧਨੀ ਕਿਸਾਨਾਂ ਦੇ ਹਿੱਤਾਂ ਨੂੰ ਹੀ ਕਿਸਾਨਾਂ ਦੇ ਸੰਪੂਰਨ ਵਰਗ/ਜਮਾਤ ਦੇ ਹਿੱਤਾਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਅਸਲ 'ਚ ਮੱਧਵਰਗੀ ਕਿਸਾਨਾਂ ਨੂੰ ਜੇ ਛੱਡ ਦਿੱਤਾ ਜਾਵੇ ਤਾਂ ਛੋਟੇ ਕਿਸਾਨਾਂ ਦੇ ਹਿੱਤ ਧਨੀ ਕਿਸਾਨ ਦੇ ਬਿਲਕੁਲ ਵਿਰੁੱਧ ਹਨ। ਛੋਟੇ ਕਿਸਾਨਾਂ ਨੂੰ ਮਹਿੰਗਾ ਮੁਆਵਜ਼ਾ ਵੀ ਮਿਲ ਜਾਵੇ ਤਾਂ ਵੀ ਉਨ੍ਹਾਂ ਦੀ ਕਿਸਮਤ 'ਚ ਸਰਮਾਏਦਾਰੀ ਜਾਗੀਰੂ ਸਮਾਜ 'ਚ ਤਬਾਹੀ ਤੇ ਬਰਬਾਦੀ ਲਿਖੀ ਹੋਈ ਹੈ। ਉਨ੍ਹਾਂ ਨੂੰ ਪੇਂਡੂ ਤੇ ਸ਼ਹਿਰੀ ਮਜ਼ਦੂਰਾਂ ਦੀਆਂ ਪਰਤਾਂ ਵੱਲ ਸਰਮਾਏਦਾਰੀ ਲਗਾਤਾਰ ਧੱਕਦੀ ਹੈ। ਸੀਜ਼ ਦੀ ਮਾਰਫ਼ਤ ਇਹੀ ਕੰਮ ਹੋਣਾ ਹੈ। ਮਜ਼ਦੂਰ, ਸਿਕਊਰਿਟੀ ਗਾਰਡ, ਸੇਲਜ਼ਮੈਨ ਹੀ ਉਨ੍ਹਾਂ ਦਾ ਭਵਿੱਖ ਹੈ।

ਖੇਤੀ ਦੇ ਡੂੰਘੇ ਹੁੰਦੇ ਸੰਕਟ ਨਾਲ ਸਭ ਤੋਂ ਵੱਧ ਪ੍ਰਭਾਵਿਤ ਤਬਕਿਆਂ ਵਿਚ ਮੱਧਵਰਗੀ ਕਿਸਾਨ ਹੀ ਸ਼ਾਮਲ ਹਨ। ਸੀਜ਼ ਖੇਤੀ ਕਰਨ ਤੋਂ ਬਿਹਤਰ ਵਿਕਲਪ ਉਨ੍ਹਾਂ ਨੂੰ ਧੰਦੇ ਕਰਨ 'ਚ ਦਿਖਾ ਰਿਹਾ ਹੈ। ਅਸਲ 'ਚ ਧਨੀ ਹੋਵੇ ਜਾਂ ਮੱਧਵਰਗੀ ਕਿਸਾਨ ਉਹ ਇਸ ਗੱਲ ਦੇ ਹੱਕ ਵਿਚ ਹੈ ਕਿ ਉਨ੍ਹਾਂ ਨੂੰ ਜ਼ਮੀਨ ਦੀ ਮੂੰਹ ਮੰਗੀ ਕੀਮਤ ਮਿਲੇ। ਕੇਵਲ ਮੱਧ ਤੇ ਛੋਟੇ ਕਿਸਾਨਾਂ ਦਾ ਇਕ ਹਿੱਸਾ ਇਸ ਗੱਲ ਦੀ ਮੰਗ ਕਰ ਰਿਹਾ ਹੈ ਕਿ ਉਨ੍ਹਾਂ ਦੀ ਜ਼ਮੀਨ ਦੀ ਵਿਕਰੀ ਜਾਂ ਇਕਵਾਇਰ ਨਾ ਕੀਤੀ ਜਾਵੇ ਉਨ੍ਹਾਂ ਨੂੰ ਚੁੱਪ-ਚਾਪ ਖੇਤੀ ਕਰਨ ਦਿੱਤੀ ਜਾਵੇ। ਜੋ ਵੀ ਹੋਵੇ ਸੀਜ਼ ਵਿਰੁੱਧ ਛੋਟੇ, ਮੱਧਵਰਗੀ ਕਿਸਾਨਾਂ 'ਚ ਇਹ ਗੱਲ ਹਰਮਨ ਪਿਆਰੀ ਹੋ ਰਹੀ ਹੈ ਕਿ ਜ਼ਮੀਨ ਦੀ ਮੂੰਹ ਮੰਗੀ ਕੀਮਤ ਦੇ ਨਾਲ ਜਾਂ ਸੀਜ਼ ਦੀਆਂ ਇਕਾਈਆਂ ਵਿਚ ਉਨ੍ਹਾਂ ਦੇ ਪਵਿਰਾਰਾਂ ਦੇ ਇੱਕ ਇੱਕ ਮੈਂਬਰ ਨੂੰ ਪੱਕੀ ਨੌਕਰੀ ਮਿਲੇ। ਇਹ ਮੰਗ ਮੁੱਖ ਰੂਪ 'ਚ ਸੀਜ਼ ਦੇ ਵਿਰੋਧ ਨਹੀਂ ਕਰਦੀ ਹੈ। ਨਾਲ ਹੀ ਕਿਸਾਨਾਂ ਵਿਚਕਾਰ ਇਹ ਮੰਗ ਉੱਠ ਰਹੀ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਰਿਹਾਇਸ਼ੀ ਸਥਾਨਾਂ ਤੋਂ ਉਜਾੜਿਆ ਨਾ ਜਾਵੇ। ਜੇ ਉਜਾੜਿਆ ਜਾਂਦਾ ਹੈ ਤਾਂ ਸੀਜ਼ 'ਚ ਸਥਾਪਤ ਹੋਣ ਵਾਲੇ ਰਿਹਾਇਸ਼ੀ ਕੈਂਪਸਾਂ 'ਚ ਯੋਗ ਸਥਾਨ ਦਿੱਤਾ ਜਾਵੇ।

ਆਧੁਨਿਕ ਸਹੂਲਤਾਂ ਵਾਲੇ ਫਲੈਟ ਮੁਹੱਈਆ ਕਰਵਾਏ ਜਾਣ।

ਜੋ ਗੱਲ ਡਾ. ਮਨਮੋਹਨ ਸਿੰਘ ਨੇ ਬੋਲੀ ਹੈ ਉਹ ਹੀ ਸੱਚ ਹੈ। ਸੀਜ਼ ਆਰਥਿਕ ਨੀਤੀ ਦਾ ਅੰਗ ਹਨ। ਮਿਹਨਤਕਸ਼ ਕਿਸਾਨਾਂ ਨੂੰ ਸਿਰਫ਼ ਸੀਜ਼ ਸਥਾਪਿਤ ਹੋਣ ਦੇ ਵਿਰੋਧ ਦੀ ਥਾਂ ਆਰਥਿਕ ਨੀਤੀਆਂ ਦਾ ਸਮੁੱਚਾ ਵਿਰੋਧ ਕਰਨਾ ਚਾਹੀਦਾ ਹੈ। ਇਸ ਦਾ ਇਕ ਹੀ ਅਰਥ ਹੋ ਸਕਦਾ ਹੈ-ਸਰਮਾਏਦਾਰੀ-ਜਾਗੀਰੂ ਤੇ ਅਰਧ ਬਸਤੀ ਵਾਦੀ ਪ੍ਰਬੰਧ ਦਾ ਵਿਰੋਧ ਕੀਤਾ ਜਾਵੇ। ਉਜਰਤੀ ਗੁਲਾਮਾਂ ਦੇ ਵਿਸ਼ਾਲ ਕੈਦਖਾਨੇ-ਸੀਜ਼ 'ਚ ਮਜ਼ਦੂਰ ਵਰਗ ਦਾ ਭਵਿੱਖ ਕੀ ਹੋਊ? ਕੀ ਗੱਲਾਂ ਸਾਹਮਣੇ ਆ ਰਹੀਆਂ ਹਨ ਉਨ੍ਹਾਂ ਤੋਂ ਇਹ ਇਲਾਕੇ ਮਜ਼ਦੂਰਾਂ ਦੀ ਲੁੱਟ ਨੂੰ ਤੇਜ਼ ਕਰਨਗੇ ਤੇ ਉਨ੍ਹਾਂ ਦੀਆਂ ਸ਼ਹਿਰੀ ਆਜ਼ਾਦੀਆਂ ਖੋਹ ਲਈਆਂ ਜਾਣਗੀਆਂ। ਪ੍ਰਧਾਨ ਮੰਤਰੀ ਕਿਰਤ ਸੁਧਾਰਾਂ ਦੀ ਲਗਾਤਾਰ ਗੱਲ ਕਰ ਰਹੇ ਹਨ ਉਹ ਦੂਜੇ ਕਿਰਤ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨਾ ਚਾਹਣਗੇ। ਜਿਸ ਦਾ ਮਤਲਬ ਹੈ ਮਜ਼ਦੂਰਾਂ ਨਾਲ ਸਮੂਹਿਕ ਸੌਦੇਬਾਜੀ, ਯੂਨੀਅਨ ਬਣਾਉਣਾ ਕਿਰਤ ਤੇ ਸਿਵਲ ਕੋਰਟ 'ਚ ਜਾਣ ਦੇ ਹੱਕਾਂ ਨੂੰ ਖੋਹਣਾ। ਮੁਕੇਸ਼ ਅੰਬਾਨੀ ਨੇ ਮਹਾਂਮੁੰਬਈ ਸੀਜ਼ 'ਚ ਤਾਂ ਮੁਕੇਸ਼ ਅੰਬਾਨੀ ਤੇ ਉਸ ਦੇ ਗੁਰੂਆਂ ਦਾ ਹੀ ਰਾਜ ਚੱਲਣਾ ਹੈ। ਤਹਿਸੀਲਦਾਰ ਤੋਂ ਲੈ ਕੇ ਮੁੱਖ ਮੰਤਰੀ ਨੂੰ ਅੰਬਾਨੀ ਭਰਾ ਵੈਸੇ ਹੀ ਆਪਣੀ ਜੇਬ 'ਚ ਰੱਖਦੇ ਹਨ। ਵਿਸ਼ਵਾਸ ਨਾ ਆਵੇ ਤਾਂ ਅਨਿਲ ਅੰਬਾਨੀ ਦੇ ਮੁਲਾਇਮ ਸਿੰਘ ਤੇ ਮੁਕੇਸ਼ ਅੰਬਾਨੀ ਦੇ ਹੁੱਡਾ ਅਮਰਿੰਦਰ ਤੇ ਦੇਸ਼ ਮੁੱਖ ਨਾਲ ਰਿਸ਼ਤਿਆਂ ਦੀ ਪੜਤਾਲ ਕਰਕੇ ਵੇਖ ਲਓ। ਉਹ ਸ਼ਰਮਾਏਦਾਰਾਂ ਦੇ ਪ੍ਰਾਪਰਟੀ ਡੀਲਰ ਹੀ ਬਣ ਕੇ ਰਹਿ ਗਏ ਹਨ। ਇਹ ਕੰਮ ਟਾਟਾ ਦੇ ਲਈ ਬੁੱਧਦੇਵ ਭੱਟਾਚਾਰੀਆ ਪੱਛਮੀ ਬੰਗਾਲ 'ਚ ਕਰ ਰਹੇ ਹਨ। ਕਾਂਗਰਸ ਭਾਜਪਾ ਜਿੱਥੇ ਕਿਰਤ ਸੁਧਾਰਾਂ ਨੂੰ ਮੁੱਖ ਦਰਵਾਜ਼ੇ ਤੋਂ ਲਾਗੂ ਕਰਨਾ ਚਾਹੁੰਦੇ ਹਨ। ਵੈਸੇ ਅੱਜ ਦੇ ਰਵਾਇਤੀ ਤੌਰ ਤੇ ਕਿਰਤ ਕਾਨੂੰਨ ਪੁਰਾਣੇ ਹੀ ਲਾਗੂ ਹਨ ਤਾਂ ਸਥਿਤੀ ਕੀ ਹੈ? ਚਾਹੇ ਉਹ ਸੀਜ਼ ਵਿਸ਼ੇਸ਼ ਬਰਾਮਦ ਖੇਤਰ ਹੋਣ ਜਾਂ ਸਿਡਕੁਲ, ਮੁੰਬਈ ਦੇ ਸਿੰਡਕੋ ਵਰਗੇ ਖੇਤਰ ਹੋਣ ਸਾਰੀਆਂ ਥਾਂਵਾਂ 'ਤੇ ਕਿਰਤ ਕਾਨੂੰਨਾਂ ਦਾ ਖੁੱਲ੍ਹਾ ਉਲੰਘਣ ਹੁੰਦਾ ਹੈ ਤੇ ਕੋਈ ਸੁਣਨ ਵਾਲਾ ਵੀ ਨਹੀਂ।

ਠੇਕੇਦਾਰੀ ਪ੍ਰਥਾ ਜੋ ਸਾਡੇ ਹੈ। ਮਜ਼ਦੂਰਾਂ ਦੀ ਪੱਕੀ ਭਰਤੀ ਬੀਤੇ ਸਮੇਂਦੀ ਗੱਲ ਹੋ ਗਈ ਹੈ। ਮਜ਼ਦੂਰਾਂ ਦੀ ਮਜ਼ਦੂਰੀ ਲਗਾਤਾਰ ਡਿੱਗਦੀ ਜਾ ਰਹੀ ਹੈ ਤੇ ਮਹਿੰਗਾਈ ਵੱਧਦੀ ਜਾ ਰਹੀ ਹੈ। ਨੋਇਡਾ ਵਰਗੇ ਖੇਤਰਾਂ 'ਚ ਮਜ਼ਦੂਰਾਂ ਨਾਲ ਨਿਬੜਨ ਲਈ ਰਾਜ ਸਰਕਾਰਾਂ ਨੇ ਪੂੰਜੀਪਤੀਆਂ ਤੋਂ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਅਸੀਮਤ ਅਧਿਕਾਰ ਦਿੱਤੇ ਹਨ। ਵਿਸ਼ੇਸ਼ ਆਰਥਿਕ ਖੇਤਰਾਂ 'ਚ ਮਜ਼ਦੂਰਾਂ ਦੇ ਰਹਿਣ ਦਾ ਕੋਈ ਪ੍ਰਬੰਧ ਨਹੀਂ। ਲੰਬੀ ਕਤਾਰ 'ਚ ਸਾਈਕਲਾਂ ਜਾਂ ਨਿਜੀ ਵਾਹਨਾਂ ਬੱਸਾਂ 'ਚ ਸਵਾਰ ਹੋ ਕੇ ਮਜ਼ਦੂਰ ਇਨ੍ਹਾਂ ਖੇਤਰਾਂ 'ਤੇ ਪੁੱਜਦੇ ਹਨ। ਬੰਗਲੌਰ 'ਚ ਤਾਂ ਇਸ ਨਾਲ ਟਰੈਫਿਕ ਸਮੱਸਿਆ ਵੀ ਪੈਦਾ ਹੋ ਗਈ ਹੈ। ਸੀਜ਼ 'ਚ ਪੂੰਜੀਪਤੀਆਂ ਲਈ ਰਿਹਾਇਸ਼ੀ ਕੋਠੀਆਂ ਹਨ ਪਰ ਮਜ਼ਦੂਰਾਂ ਲਈ ਝੁੱਗੀਆਂ ਵੀ ਨਹੀਂ ਹਨ। ਉਲਟਾ ਮਜ਼ਦੂਰ ਬਸਤੀਆਂ ਉਜਾੜ ਕੇ ਸੀਜ਼ ਬਣਾ ਰਹੇ ਹਨ। ਕੁਲ ਮਿਲਾ ਕੇ ਸੀਜ਼ ਮਜ਼ਦੂਰਾਂ ਦੇ ਕੰਮ ਦੀਆਂ ਹਾਲਤਾਂ ਨੂੰ ਵੱਧ ਔਖੀਆਂ ਬਣਾ ਰਹੇ ਹਨ। ਸੀਜ਼ ਮਜਦੂਰ ਵਰਗ ਖਿਲਾਫ਼ ਦੇਸ਼ੀ ਵਿਦੇਸ਼ੀ ਸਰਮਾਏਦਾਰਾਂ ਦਾ ਸੰਗਠਿਤ ਹਮਲਾ ਹੈ। ਲੁੱਟ ਦੀ ਰਫ਼ਤਾਰ ਵਧਾਉਣ ਵਾਲੇ ਹਨ ਇਹ ਅੱਡੇ/ਹੌਲ-ਹੌਲੀ ਮਜ਼ਦੂਰ ਹੱਕਾਂ ਤੋਂ ਵਾਂਝੇ ਹੋ ਕੇ 14-18 ਘੰਟੇ ਕੰਮ ਕਰਨ ਲੱਗ ਪੈਣਗੇ।

# ਭਾਰਤ ਦੇ ਗਰੀਬਾਂ ਦਾ ਅਨਾਜ ਨੇਪਾਲ 'ਚ

ਬੀਤੇ ਸਾਲ 25 ਸਤੰਬਰ ਨੂੰ ਮਹਾਰਾਜਗੰਜ ਜ਼ਿਲ੍ਹੇ ਦੇ ਲਾਲਪੁਰ ਪਿੰਡ 'ਚ ਵਿਸ਼ੰਭਰ ਸਿੰਘ ਦੀ ਭੁੱਖ ਨਾਲ ਮੌਤ ਪਿੱਛੋਂ ਨੇਪਾਲ ਦੇ ਸਰਹੱਦੀ ਜ਼ਿਲ੍ਹਿਆਂ ਦੀ ਜਨਤਕ ਵੰਡ ਪ੍ਰਣਾਲੀ 'ਤੇ ਸੁਆਲੀਆ ਚਿੰਨ੍ਹ ਲੱਗਣੇ ਤੇਜ਼ ਹੋ ਗਏ ਸਨ। ਨੇਪਾਲ ਦੇ ਸਰਹੱਦੀ ਜ਼ਿਲ੍ਹਿਆਂ ਪੀਲੀਭੀਤ, ਲਖੀਮਪੁਰ, ਖੈਰੀ, ਗੌਂਡਾ, ਬਹਿਰਾਈਚ ਸ਼ਾਵਸਤੀ, ਬਲਰਾਮਪੁਰ, ਮਹਾਰਾਜਗੰਜ ਤੇ ਕੁਸ਼ੀ ਨਗਰ ਵਿਚ ਸਾਰੇ ਲੋਕ ਵਿਸ਼ੰਭਰ ਸਿੰਘ ਵਰਗੇ ਹੀ ਹਨ ਜਿਨ੍ਹਾਂ ਕੋਲ ਵਿਖਾਉਣ ਲਈ ਅੰਨਪੂਰਨਾ ਤੇ ਬੀ. ਪੀ. ਐਲ. ਕਾਰਡ ਤਾਂ ਹਨ ਪਰ ਨਾ ਤਾਂ ਉਨ੍ਹਾਂ ਨੂੰ ਇਸ ਦਾ ਇਲਮ ਹੈ ਅਤੇ ਨਾ ਹੀ ਕੋਟੇਦਾਰ (ਡਿੱਪੂ ਹੋਲਡਰ) ਉਨ੍ਹਾਂ ਨੂੰ ਅਨਾਜ ਦਿੰਦਾ ਹੈ। ਦਰਅਸਲ ਨੇਪਾਲ ਦੇ ਸਰਹੱਦੀ ਜ਼ਿਲ੍ਹਿਆਂ 'ਚ ਬੀ. ਪੀ. ਐਲ. ਤੇ ਅੰਨਪੂਰਨਾ ਦੇ ਗਰੀਬ ਕਾਰਡ ਹੋਲਡਰਾਂ ਦੇ ਰਾਸ਼ਨ ਦੀ ਲੁੱਟ ਮੱਚੀ ਹੋਈ ਹੈ। ਅਫ਼ਸਰਾਂ ਦੀ ਮਿਲੀਭੁਗਤ ਨਾਲ ਕੋਟੇਦਾਰ ਗਰੀਬਾਂ ਦੇ ਅਨਾਜ (ਰਾਸ਼ਨ) ਨੂੰ ਉੱਚੇ ਰੇਟਾਂ 'ਤੇ ਖਾਦ ਸਮਗਲਰਾਂ ਨੂੰ ਵੇਚ ਰਹੇ ਹਨ। ਕੋਟੇਦਾਰਾਂ ਦੀ ਆਰਥਕ ਹੈਸੀਅਤ 'ਚ ਇਕੋ ਇਕ ਉਛਾਲ ਵੇਖ ਕੇ ਪੜੌਸੀ ਵੀ ਹੈਰਾਨ ਹਨ। ਅਸਲ 'ਚ ਗਰੀਬਾਂ ਦੇ ਘੱਟ ਮੁੱਲ ਦੇ ਰਾਸ਼ਨ 'ਤੇ ਤਸਕਰਾਂ ਦੀ ਨਜ਼ਰ ਦੇ ਕਈ ਕਾਰਨ ਹਨ। ਪੜੌਸੀ ਦੇਸ਼ ਨੇਪਾਲ 'ਚ ਮੌਸਮ ਦੀ ਖਰਾਬੀ ਕਾਰਨ ਅਨਾਜ ਦੀ ਪੈਦਾਵਾਰ ਘੱਟ ਹੋਈ ਹੈ। ਇਸ ਕਾਰਨ ਨੇਪਾਲ ਦੇ 75 ਜ਼ਿਲ੍ਹਿਆਂ 'ਚ ਅਨਾਜ ਦੀ ਕਿੱਲਤ ਪੈਦਾ ਹੋ ਗਈ ਹੈ।

ਨੇਪਾਲ ਦੇ ਤਰਾਈ ਦੇ ਕਿਸਾਨ ਪਿਛਲੇ ਪੰਜ ਸਾਲਾਂ ਤੋਂ ਸੋਕੇ ਤੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਨੇਪਾਲ 'ਚ ਅਨਾਜ ਦੀਆਂ ਅਸਮਾਨ ਛੂੰਹੀਆਂ ਕੀਮਤਾਂ ਨੇ ਸਮਗਲਰਾਂ ਦੀ ਦੁਨੀਆਂ 'ਚ ਅਨਾਜ ਤਸਕਰਾਂ ਨੂੰ ਜਨਮ ਦਿੱਤਾ ਹੈ। ਭਾਰਤੀ ਬਾਜ਼ਾਰ ਤੋਂ ਖਰੀਦੇ ਅਨਾਜਾਂ ਨੂੰ ਉੱਚੇ ਭਾਵਾਂ 'ਤੇ ਨੇਪਾਲ ਵਿਚ ਵੇਚਣਾ ਹੁਣ ਵੀ ਬਾਦਸਤੂਰ ਜਾਰੀ ਹੈ। ਪਰ ਤਸਕਰਾਂ ਨੇ ਮੋਟੀ ਕਮਾਈ ਲਈ ਨਵਾਂ ਰਾਹ ਲੱਭ ਲਿਆ ਹੈ। ਖਾਦ/ ਅਨਾਜ ਤਸਕਰਾਂ ਨੇ ਭਾਰਤ/ਨੇਪਾਲ ਸੀਮਾ ਦੇ ਕੋਟੇਦਾਰਾਂ ਨਾਲ ਗੰਢਤੁੱਪ ਕਰਕੇ ਤਸਕਰੀ ਦੇ ਨਵੇਂ ਗਠਜੋੜ ਨੂੰ ਜਨਮ ਦਿੱਤਾ ਹੈ। ਭਾਰਤ ਨੇਪਾਲ ਸੀਮਾ ਦੇ ਮਹਾਰਾਜਗੰਜ ਦੇ ਸਿਧਾਰਥ ਨਗਰ ਦੇ ਬਾਰਡਰ ਦੇ ਇਲਾਕਿਆਂ ਦੇ ਤਕਰੀਬਨ ਦੋ ਦਰਜਨ ਕੋਟੇਦਾਰਾਂ 'ਤੇ ਡੂੰਘੀ ਨਜ਼ਰ ਰੱਖਣ 'ਤੇ ਤੱਥ ਪ੍ਰਕਾਸ਼ 'ਚ ਆਇਆ ਹੈ ਕਿ ਇਨ੍ਹਾਂ ਕੋਟੇਦਾਰਾਂ ਨੇ 10-10 ਗ੍ਰਾਮ ਸਭਾਵਾਂ ਦੇ ਰਾਸ਼ਨ ਨੂੰ ਵੰਡਣ ਦੀ ਜ਼ਿੰਮੇਵਾਰੀ ਅਨਾਜ ਰਸਦ ਮਹਿਕਮੇ ਦੇ ਅਫਸਰਾਂ ਨਾਲ ਮਿਲ ਕੇ ਹਾਸਲ ਕਰ ਰੱਖੀ ਹੈ। ਦੁਕਾਨਾਂ ਕਦੋਂ ਖੁੱਲ੍ਹਦੀਆਂ ਹਨ ਇਹ ਜਾਂ ਤਾਂ ਕੋਟੇਦਾਰ ਜਾਣਦਾ ਹੈ ਜਾਂ ਫਿਰ ਅਨਾਜ ਤਸਕਰ।

ਸਿਧਾਰਥ ਨਗਰ ਜ਼ਿਲ੍ਹੇ ਦੀ ਨਗਰ ਪੰਚਾਇਤ ਬੜਨੀ 'ਚ ਇਕ ਰਾਸ਼ਨ ਮਾਫੀਆ ਦੀ ਖਾਸ ਧਮਕ ਹੈ। ਬਾਰਡਰ ਸਥਿਤ ਬੇਲੇਮ ਦੇ ਕੋਟੇਦਾਰ ਮੁਸਤਕੀਮ ਨੇ ਤਾਂ ਪਿਛਲੇ ਤਿੰਨ ਮਹੀਨਿਆਂ ਤੋਂ ਅੰਤੋਦਿਆ ਕਾਰਡਾਂ 'ਤੇ ਅਨਾਜ ਹੀ ਨਹੀਂ ਵੰਡਿਆ ਇਸ ਦੀ ਪੁਸ਼ਟੀ ਖੁਦ ਬੜਨੀ ਖੇਤਰ ਦੇ ਅਨਾਜ ਨਿਰੀਖਕ ਕੇ. ਕੇ. ਪਾਂਡੇ ਕਰਦੇ ਹਨ। ਭਾਰਤ-ਨੇਪਾਲ ਦੀ ਸੋਨੌਲੀ ਸਰਹੰਦ 'ਤੇ ਦੂਸਰੇ ਚਰਚਿਤ ਕੋਟੇਦਾਰ ਹਨ ਸ਼ਾਮ ਬਿਹਾਰੀ 20 ਸਾਲਾਂ ਤੋਂ ਕੋਟੇਦਾਰ ਸ਼ਾਮ ਬਿਹਾਰੀ ਕੋਲ ਫਰੇਂਦੀ, ਸੋਨੌਲੀ ਸਮੇਤ ਅੱਧੀ ਦਰਜਨ

ਖੇਤਰ ’ਚ ਰਾਸ਼ਨ ਦਾ ਅਨਾਜ ਵੰਡਣ ਦੀ ਜ਼ਿੰਮੇਵਾਰੀ ਹੈ। ਪਿੰਡ ਵਾਲੇ ਉਨ੍ਹਾਂ ’ਤੇ ਧਾਂਦਲੀ ਦਾ ਦੋਸ਼ ਲਾਉਂਦੇ ਹਨ। ਤਸਕਰੀ ਸਬੰਧੀ ਪੁੱਛਣ ’ਤੇ ਸ਼ਾਮ ਬਿਹਾਰੀ ਨੇ ਆਪਣੀ ਸਫ਼ਾਈ ਕਿਉਂ ਦਿੱਤੀ ‘ਇੱਕ-ਇੱਕ ਖੇਤਰ ’ਚ ਚਾਰ-ਚਾਰ ਪਾਰਟੀਆਂ ਦੇ ਲੋਕ ਹਨ। ਜੇ ਅਨਾਜ ਨਹੀਂ ਦਿਆਂਗੇ ਤਾਂ ਕੀ ਉਹ ਲੋਕ ਸਾਨੂੰ ਇਥੇ ਰਹਿਣ ਦੇਣਗੇ?

ਅੰਤੋਦਿਆ ਤੇ ਬੀ. ਪੀ. ਐਲ. ਕਾਰਡਾਂ ਤੋਂ ਇਲਾਵਾ ਅਨਾਜ ਤਸਕਰੀ ਦਾ ਇਹ ਧੰਦਾ ਅਸਲ ’ਚ ਫਰਜ਼ੀ ਰਾਸ਼ਨ ਕਾਰਡਾਂ ਦੇ ਜ਼ਰੀਏ ਹੀ ਪ੍ਰਵਾਨ ਚੜ੍ਹਦਾ ਹੈ। ਮੁਸਲਿਮ ਸਰਕਾਰ ਦੇ ਜ਼ਮਾਨੇ ’ਚ ਸਿਧਾਰਥ ਨਗਰ ਜ਼ਿਲ੍ਹੇ ਦੇ ਫਰਜ਼ੀ ਰਾਸ਼ਨ ਕਾਰਡਾਂ ਦਾ ਵੱਡਾ ਕੇਸ ਧਿਆਨ ’ਚ ਆਇਆ ਸੀ।

ਭਾਰਤ-ਨੇਪਾਲ ਸਰਹੱਦ ਦੇ ਸਾਰੇ ਅਨਾਜ ਸਮਗਰਮ ਹਨ। ਇਕ-ਇਕ ਅਨਾਜ ਸਮਗਲਰਾਂ ਕੋਲ 50 ਤੋਂ ਲੈ ਕੇ 100-100 ਦੀ ਕੋਰੀਅਰ ਫੌਜ ਹੈ। ਬੱਚਿਆਂ ਤੋਂ ਲੈ ਕੇ ਔਰਤਾਂ ਤੱਕ ਕੋਰੀਅਰ ਦਾ ਕੰਮ ਕਰਦੀਆਂ ਹਨ। ਬੱਚੇ ਤੇ ਔਰਤਾਂ 50-50 ਕਿਲੋ ਦੇ ਬੋਰਿਆਂ ਨੂੰ ਸਿਰ ’ਤੇ ਰੱਖ ਕੇ ਨੇਪਾਲ ਪਹੁੰਚਾਉਂਦੇ ਹਨ। ਇਕ ਬੋਰੀ ਬਦਲੇ ਮਾਲਕ 50 ਰੁਪਏ ਦਿੰਦਾ ਹੈ। ਸੀਮਾਵਰਤੀ ਇਲਾਕਿਆਂ ਦੇ ਕੋਟੇਦਾਰਾਂ ਤੋਂ ਇਕੱਠਾ ਕੀਤਾ ਅਨਾਜ ‘ਪਿਕਪ ਵਾਹਨ’ ਤੋਂ ‘ਨੋ ਮੈਨਜ਼ ਲੈਂਡ ’ਚ ਸਥਿਤ ਦੁਕਾਨਦਾਰਾਂ ਕੋਲ ਇਕੱਠਾ ਕੀਤਾ ਜਾਂਦਾ ਹੈ। ਸ਼ਾਮ ਹੁੰਦਿਆਂ ਹੀ ਬੋਰਾ-ਬੋਰਾ ਕਰਕੇ ਅਨਾਜ ਨੇਪਾਲ ਪਹੁੰਚਾ ਦਿੱਤਾ ਜਾਂਦਾ ਹੈ। ਨੇਪਾਲ ਦੇ ਕਪਿਲ ਵਸਤੂ ਜ਼ਿਲ੍ਹੇ ਦੇ ਚੱਟੀ ਤੇ ਰੂਪਨਦੇਹੀ ਜ਼ਿਲ੍ਹੇ ਦੇ ਬੇਲਹਿਆ ’ਚ ਇਨ੍ਹਾਂ ਅਨਾਜਾਂ ਦੀ ਵੱਡੇ ਪੈਮਾਨੇ ’ਤੇ ਖਰੀਦਦਾਰੀ ਹੁੰਦੀ ਹੈ। ਕੋਰੀਅਰ ਦੇ ਰਹਿਣ ਸਹਿਣ ਨੂੰ ਵੇਖ ਕੇ ਤਸਕਰੀ ਨਾਲ ਹੋ ਰਹੀ ਮੁਨਾਫੇ ਦੀ ਖੇਡ ਅੱਛੀ ਤਰ੍ਹਾਂ ਸਮਝੀ ਜਾ ਸਕਦੀ ਹੈ।

ਭਾਰਤ ਨੇਪਾਲ ਦੀ ਖੁੱਲ੍ਹੀ ਸਰਹੱਦ ਤਸਕਰਾਂ ਦੇ ਮਨਸੂਬਿਆਂ ਨੂੰ ਸਫ਼ਲ ਕਰਨ ’ਚ ਵਰਦਾਨ ਸਾਬਤ ਹੋ ਰਹੀ ਹੈ। ਨੇਪਾਲ ਨਾਲ ਲੱਗੀ ਮਹਿਮਜ ਗੰਜ ਜ਼ਿਲ੍ਹੇ ਦੀ 84 ਕਿਲੋਮੀਟਰ ਦੀ ਸਰਹੱਦ ਬਿਲਕੁੱਲ ਖੁੱਲ੍ਹੀ ਹੈ। ਸਿਰਫ਼ 84 ਕਿਲੋਮੀਟਰ ਦੀ ਸਰਹੱਦ ’ਤੇ 102 ਪਗਡੰਡੀਆਂ ਹਨ ਜਿਥੇ ਦੋਵਾਂ ਦੇਸ਼ਾਂ ’ਚ ਬੇਰੋਕ ਟੋਕ ਆਵਾਜ਼ਾਈ ਹੁੰਦੀ ਹੈ। ਪੁਲਿਸ ਦੀ ਤੈਨਾਤੀ ਤਸਕਰਾਂ ਲਈ ਕੋਈ ਮਾਅਨੇ ਨਹੀਂ ਰੱਖਦੀ। ਅਨਾਜ ਤਸਕਰੀ ਲਈ ਬਲਰਾਮਪੁਰ ਦੇ ਤ੍ਰਿਲੋਕਪੁਰ, ਭਲਵਾਰੀ। ਚੰਦਰਪੁਰ। ਜਰਵਾ ਬਾਰਡਰ, ਸਿਧਾਰਥ ਨਗਰ ਦਾ ਕੋਇਨਾ ਬਾਜ਼ਾਰ, ਲੋਹਟੀ ਖੁਨਵਾ, ਅਲੀਗੜ੍ਹ, ਬਸੰਤਪੁਰ ਤੇ ਕਕਰਹਵਾ ਬਾਰਡਰ ਤੇ ਮਹਾਰਾਜ ਗੰਜ ਜ਼ਿਲ੍ਹੇ ਦੇ ਸਿਆਕਾਟ, ਸੋਨੌਲੀ, ਫਰੈਂਦੀ ਤਿਵਾੜੀ, ਅਰਧਾ, ਚੰਦੀਘਾਟ ਬਾਰਡਰ ਬਹੁਤ ਸੁਰੱਖਿਅਤ ਮੰਨੇ ਜਾਂਦੇ ਹਨ।

ਰਾਜਸੀ ਕਾਰਨ ਕਰਕੇ ਭਾਰਤ ਦੇ ਗਰੀਬਾਂ ਦਾ ਰਾਸ਼ਨ ਨੇਪਾਲ ਨੂੰ ਜਾ ਰਿਹਾ ਹੈ। ਹਕੀਕਤ ਇਹ ਹੈ ਕਿ ਸਰਹੱਦੀ ਜ਼ਿਲਿਆਂ ਦੇ ਰਾਜ ਨੇਤਾਵਾਂ ਨੇ ਵੋਟ ਬੈਂਕ ਖਾਤਰ ਨੇਪਾਲੀਆਂ ਦੇ ਰਾਸ਼ਨ ਕਾਰਡ ਬਣਾ ਦਿੱਤੇ ਹਨ ਸੀਮਾ ਖੇਤਰ ’ਚ 20 ਫੀਸਦੀ ਨੇਪਾਲੀ ਭਾਰਤ ਦੇ ਵੋਟਰ ਹਨ। ਸੀਮਾ ਸੁਰੱਖਿਆ ਫੋਰਮ ਅਨੁਸਾਰ ਤਸਕਰੀ ਉਨ੍ਹਾਂ ਦੇ ਧਿਆਨ ’ਚ ਨਹੀਂ ਹੈ। ਪਰ ਇਹ ਸਭ ਮਿਲ ਮਿਲਾ ਕੇ ਹੈ। ਵਾੜ ਵੀ ਖੇਤ ਨੂੰ ਖਾਈ ਜਾ ਰਹੀ ਹੈ।

# ਕਪਾਹ ਉਤਪਾਦਕ ਸੰਕਟ 'ਚ ਕਿਵੇਂ

ਭਾਰਤ ਦੇ ਕਪਾਹ ਪੈਦਾ ਕਰਨ ਵਾਲੇ ਰਾਜਾਂ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਇਕ ਰੋਜ਼ਾਨਾ ਦੀ ਗੱਲ ਬਣ ਗਈ ਹੈ। ਕੈਸ਼ ਕ੍ਰਾਪ ਪੈਦਾਵਾਰ ਪੈਦਾ ਕਰਨ ਵਾਲੇ ਕਿਸਾਨਾਂ ਦੀ ਬੁਰੀ ਹਾਲਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਬੀਤੇ ਸਾਲ ਦੀਆਂ ਲੋਕ ਸਭਾ ਚੋਣਾਂ ਤੇ ਕਰਨਾਟਕ ਆਂਧਰਾ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਰਕਾਰ ਬਦਲਣ 'ਚ ਪੇਂਡੂ ਕਿਸਾਨਾਂ ਦੀ ਅਹਿਮ ਭੂਮਿਕਾ ਰਹੀ। ਪਰ ਸਰਕਾਰਾਂ ਬਦਲਣ ਤੋਂ ਬਾਅਦ ਵੀ ਕਿਸਾਨਾਂ ਦੀ ਹਾਲਤ 'ਚ ਕੋਈ ਸੁਧਾਰ ਨਹੀਂ ਆਇਆ। ਤਿੰਨ ਸਾਲ ਦੇ ਭੁੱਖੇ ਭਾਰੀ ਵਿਆਜ ਦਰਾਂ 'ਤੇ ਕਰਜ਼ਿਆਂ ਨੇ ਕਿਸਾਨਾਂ ਲਈ ਮੌਤ ਨੂੰ ਗਲੇ ਲਾਉਣ ਤੋਂ ਸਿਵਾਏ ਹੋਰ ਕੋਈ ਚਾਰ ਨਹੀਂ ਛੱਡਿਆ। ਕਿਸਾਨਾਂ ਦੀ ਇਸ ਬੁਰੀ ਦਸ਼ਾ ਲਈ ਭਾਰਤ ਸਰਕਾਰ ਦੀਆਂ ਸਾਮਰਾਜ ਪੱਖੀ ਨੀਤੀਆਂ ਜ਼ਿੰਮੇਵਾਰ ਹਨ। ਭਾਰਤ ਸਰਕਾਰ ਨੇ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਮੁਤਾਬਕ ਖੇਤੀ 'ਤੇ ਸਬਸਿਡੀ 'ਚ ਜਿੱਥੇ ਭਾਰੀ ਕਟੌਤੀ ਕਰ ਦਿੱਤੀ ਹੈ, ਉਥੇ ਉਸ ਨੇ ਪਾਬੰਦੀਆਂ ਘਟਾ ਕੇ ਵਿਦੇਸ਼ੀ ਫ਼ਸਲਾਂ ਨੂੰ ਘੱਟ ਕੀਮਤਾਂ 'ਚ ਭਾਰਤੀ ਬਜ਼ਾਰ 'ਚ ਆਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਪੂਰੇ ਅਮਲ ਨੂੰ ਕਪਾਹ ਪੈਦਾਵਾਰ ਨੂੰ ਕੌਮਾਂਤਰੀ ਪੱਧਰ 'ਤੇ ਦੇਖ ਕੇ ਹੀ ਸਮਝਿਆ ਜਾ ਸਕਦਾ ਹੈ। ਸੰਸਾਰ 'ਚ ਮੁੱਖ ਕਪਾਹ ਉਤਪਾਦਕ ਦੇਸ਼ ਚੀਨ, ਬ੍ਰਾਜੀਲ, ਉਜਬੇਕਿਸਤਾਨ, ਪਾਕਿਸਤਾਨ, ਅਮਰੀਕਾ ਤੇ ਭਾਰਤ ਹਨ। ਇਨ੍ਹਾਂ ਸਾਰੇ ਦੇਸ਼ਾਂ 'ਚ ਇਸ ਵਾਰੀ ਕਪਾਹ ਦੀ ਫ਼ਸਲ ਬੇਹਤਰ ਹੋਈ ਤੇ ਉਨ੍ਹਾਂ ਕੋਲ ਬਰਾਮਦ ਕਰਨ ਲਈ ਕਾਫੀ ਕਪਾਹ ਹੈ। ਅਮਰੀਕਾ ਆਪਣੀ ਕਪਾਹ ਦਾ ਦਰਾਮਦ ਸਟੇਪ-3 ਫਾਰਮ ਪਾਲਿਸੀ ਤਹਿਤ ਕਰਦਾ ਹੈ, ਜਿਸ ਤਹਿਤ ਕਪਾਹ ਦੀ ਕੁਝ ਖਾਸ ਮਾਤਰਾ ਦੀ ਬਰਾਮਦ ਕੁਝ ਖਾਸ ਸਮੇਂ ਤੱਕ ਹੀ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਘਰੇਲੂ ਪੈਦਾਵਾਰ 'ਤੇ ਅਮਰੀਕਾ ਕਿਸਾਨਾਂ ਨੂੰ ਭਾਰੀ ਸਬਸਿਡੀ ਦਿੰਦਾ ਹੈ। ਅਮਰੀਕੀ ਸਬਸਿਡੀ ਸਿਸਟਮ 'ਚ ਕਿਸਾਨਾਂ ਨੂੰ ਸਬਸਿਡੀ ਦੇ ਪੈਸੇ ਦਾ ਸਿੱਧਾ ਭੁਗਤਾਨ ਹੁੰਦਾ ਹੈ, ਜਿਸ ਨਾਲ ਕਿਸਾਨ ਕਪਾਹ ਨੂੰ ਆਪਣੇ ਉਤਪਾਦਨ (ਲਾਗਤ) ਭਾਅ ਤੋਂ ਕਾਫ਼ੀ ਹੇਠਾਂ ਵਿਸ਼ਵ ਬਜ਼ਾਰ ਦੀਆਂ ਕੀਮਤਾਂ 'ਤੇ ਵੇਚ ਸਕਦੇ ਹਨ। ਅਮਰੀਕਾ ਦੇ ਕਿਸਾਨ 1-70 ਡਾਲਰ ਪ੍ਰਤੀ ਕਿਲੋ ਲਾਗਤ ਨਾਲ ਕਪਾਹ ਉਗਾਕੇ ਸਰਕਾਰ ਉਨ੍ਹਾਂ ਨੂੰ 3 ਬਿਲੀਅਨ ਡਾਲਰ ਦੀ ਸਬਸਿਡੀ ਹਰ ਸਾਲ ਦਿੰਦੀ ਹੈ। ਇਸ ਤੋਂ ਇਲਾਵਾ 300 ਮਿਲੀਅਨ ਡਾਲਰ ਦੀ ਦਰਾਮਦ ਸਬਸਿਡੀ ਵੀ ਦਰਾਮਦਕਾਰਾਂ ਨੂੰ ਦਿੱਤੀ ਜਾਂਦੀ ਹੈ। ਯੂਰਪ 'ਚ ਗ੍ਰੀਸ ਆਪਣੇ ਕਿਸਾਨਾਂ ਨੂੰ 718 ਮਿਲੀਅਨ ਡਾਲਰ, ਸਪੇਨ 239 ਮਿਲੀਅਨ ਡਾਲਰ ਤੇ ਤੁਰਕੀ 51 ਮਿਲੀਅਨ ਡਾਲਰ (2002-03) ਦੀ ਸਬਸਿਡੀ ਦਿੰਦਾ ਹੈ। ਚੀਨ 'ਚ ਰਾਜ ਕੰਟਰੋਲ ਨੀਤੀ ਹੈ, ਉਥੇ ਟੈਕਸ 40 ਫੀਸਦੀ ਤੇ ਦਰਾਦਮ ਸਬਸਿਡੀ 28 ਡਾਲਰ ਪ੍ਰਤੀ ਕਿਲੋਗ੍ਰਾਮ ਹੈ। ਭਾਰਤ 'ਚ ਕਪਾਹ ਦੀ ਦਰਾਮਦ (OGL) ਰਾਹੀਂ ਬਗ਼ੈਰ ਸਰਕਾਰੀ ਕੰਟਰੋਲ ਤੋਂ ਹੁੰਦੀ ਹੈ। ਦਰਾਮਦ 'ਤੇ ਟੈਕਸ ਸਿਰਫ਼ ਦਸ ਫੀਸਦੀ ਹੀ ਹੈ। ਭਾਰਤ 'ਚ 2003 ਤੋਂ ਕਪਾਹ ਪੈਦਾਵਾਰ 'ਤੇ ਕੋਈ ਸਬਸਿਡੀ ਨਹੀਂ ਹੈ। ਵਿਕਸਤ ਦੇਸ਼ਾਂ ਵੱਲੋਂ ਦਿੱਤੀ ਜਾਣ ਵਾਲੀ ਭਾਰੀ ਸਬਸਿਡੀ ਦੇ ਚੱਲਦਿਆਂ ਅਜਿਹੇ

ਦੇਸ਼ਾਂ ਦੇ ਕਿਸਾਨਾਂ ਨੂੰ ਮੁੱਲ ਲਾਗਤ ਤੋਂ ਘੱਟ ਹੋਣ ਦਾ ਨੁਕਸਾਨ ਨਹੀਂ ਉਠਾਉਣਾ ਪੈਂਦਾ। ਹਾਲ 'ਚ ਬ੍ਰਾਜੀਲ ਨੇ ਵਿਸ਼ਵ ਵਪਾਰ ਸੰਗਠਨ ਦੇ ਵਿਵਾਦ ਬਨਾਮ ਨਿਕਾਹ 'ਚ ਅਮਰੀਕਾ ਦੀ ਭਾਰੀ ਸਬਸਿਡੀ ਨੂੰ ਮੁੱਦਾ ਬਣਾਇਆ ਤਾਂ ਅਮਰੀਕਾ ਵੱਲੋਂ ਭਾਰੀ ਕਪਾਹ ਸਬਸਿਡੀ ਨੂੰ ਗ਼ੈਰ ਵਿਧਾਨਕ ਐਲਾਨ ਦਿੱਤਾ ਗਿਆ। ਪਰ ਦੁਨੀਆਂ ਦਾ ਲੱਠਮਾਰ ਅਮਰੀਕਾ ਫਿਰ ਵੀ ਇਸ ਸਬਸਿਡੀ ਨੂੰ ਜਾਰੀ ਰੱਖ ਰਿਹਾ ਹੈ। ਪਾਕਿਸਤਾਨ 'ਚ ਪਾਕਿਸਤਾਨ ਟਰੇਨਿੰਗ ਕਾਰਪੋਰੇਸ਼ਨ ਬਜ਼ਾਰ 'ਚ ਦਖ਼ਲਅੰਦਾਜ਼ੀ ਕਰਕੇ ਫ਼ਸਲ ਦੀ ਭਾਰੀ ਪੈਦਾਵਾਰ ਨੂੰ ਘੱਟੋ-ਘੱਟ ਸਹਾਇਕ ਕੀਮਤ ਤੋਂ ਹੇਠਾਂ ਜਾਣ ਤੋਂ ਰੋਕਦਾ ਹੈ। ਭਾਰਤ ਦੇ ਘਰੇਲੂ ਬਜ਼ਾਰ 'ਚ ਕਾਟਰ ਅਡਵਾਇਜਰੀ ਬੋਰਡ (CAB) ਟੈਕਸਟਾਈਲ ਉਦਯੋਗ ਲਈ ਕੰਮ ਕਰਦਾ ਹੈ। (CAB) ਹਰ ਸਾਲ ਕਪਾਹ ਬੀਜਾਈ ਪਿੱਛੋਂ ਕਪਾਹ ਦੀ ਲੋੜੀਂਦੀ ਪੈਦਾਵਾਰ ਹੋਣ ਦਾ ਐਲਾਨ ਕਰਦਾ ਹੈ ਤਾਂ ਕਿ ਬਜ਼ਾਰ 'ਚ ਕਪਾਹ ਦੀਆਂ ਕੀਮਤਾਂ ਨਾ ਵਧਣ। ਬਾਅਦ 'ਚ ਫਸਲ ਕੱਟਣ ਸਮੇਂ (CAB) ਤੇ ਟੈਕਸਟਾਈਲ ਉਦਯੋਗ ਮੰਤਰਾਲੇ 'ਤੇ ਦਬਾਅ ਪਾ ਕੇ ਪਹਿਲਾਂ ਤੋਂ ਅਨੁਮਾਨਿਤ ਪੈਦਾਵਾਰ ਦੇ ਅੰਕੜਿਆਂ ਨੂੰ ਹੇਠਾਂ ਡੇਗਦੇ ਹਨ। ਇਸ ਤੋਂ ਪਿੱਛੋਂ ਸਪਲਾਈ ਦੇ ਨਾਂ 'ਤੇ ਖਰਾਬ ਫ਼ਸਲ ਦੇ ਬਹਾਨੇ ਉਹ ਦਰਾਮਦ ਦੀ ਮੰਗ ਕਰਦੇ ਹਨ। ਵਿਦੇਸ਼ੀ ਕਪਾਹ ਸਸਤੇ ਭਾਵਾਂ 'ਤੇ ਬਜ਼ਾਰ 'ਚ ਆਉਣ ਨਾਲ ਘਰੇਲੂ ਬਜ਼ਾਰ 'ਚ ਵੀ ਕਪਾਹ ਦੀਆਂ ਕੀਮਤਾਂ ਹੇਠਾਂ ਆਉਣ ਲਈ ਮਜ਼ਬੂਤ ਹੋ ਜਾਂਦੀਆਂ ਹਨ। ਇਸ ਤਰ੍ਹਾਂ ਟੈਕਸਟਾਈਲ ਇੰਡਸਟਰੀ ਨੂੰ ਸਸਤੀ ਕਪਾਹ ਮੁਹੱਈਆ ਹੋ ਜਾਂਦੀ ਹੈ। ਪਰ ਹਰ ਸਾਲ ਦੁਹਰਾਏ ਜਾਣ ਵਾਲੇ ਅਮਲ 'ਚ ਕਪਾਹ ਉਤਪਾਦਕ ਛੋਟੇ ਕਿਸਾਨਾਂ ਨੂੰ ਆਪਣੀ ਕਪਾਹ ਲਾਗਤ ਮੁੱਲ ਤੋਂ ਘੱਟ ਭਾਅ 'ਤੇ ਵੇਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਹੈਰਾਨੀਜਨਕ ਤੱਥ ਤਾਂ ਇਹ ਹੈ ਕਿ ਟੈਕਸਟਾਈਲ ਸਨਅਤ ਦੇ ਹਿੱਤ ਵਿਚ ਸਰਕਾਰ LS (Long Staple) ELS (Extra Long Staple) ਅਮਰੀਕਾ PIMA ਤੇ BT ਕਾਟਨ ਵਰਗੀ ਕਪਾਹ ਨੂੰ ਦੇਸ਼ ਦੇ ਕਿਸਾਨਾਂ ਨੂੰ ਪੈਦਾ ਕਰਨ ਨੂੰ ਉਤਸ਼ਾਹਿਤ ਕਰ ਰਹੀ ਹੈ, ਜਦਕਿ ਇਹੀ ਕਿਸਮਾਂ ਅਮਰੀਕਾ ਭਾਰਤ ਦੇ ਲਾਗਤ ਮੁੱਲ ਤੋਂ ਘੱਟ 'ਤੇ ਕੌਮਾਂਤਰੀ ਬਜ਼ਾਰ 'ਚ ਮੁਹੱਈਆ ਕਰਵਾ ਰਿਹਾ ਹੈ। ਇਸ ਪੂਰੇ ਅਮਲ ਨਾਲ ਨੁਕਸਾਨ ਭਾਰਤੀ ਕਿਸਾਨਾਂ ਦਾ ਹੀ ਹੋ ਰਿਹਾ ਹੈ। ਇਸ ਬੀਤੇ ਸਾਲ ਕਪਾਹ ਦੇ ਦੇਸ਼ ਅੰਦਰ 20 ਫੀਸਦੀ ਵਾਧੇ ਦਾ ਅਨੁਮਾਨ ਸੀ। ਕੁੱਲ ਕਪਾਹ ਉਤਪਾਦਨ ਦੇਸ਼ 'ਚ 210 ਲੱਖ ਗੰਢਾਂ ਹੋਇਆ। ਅਮਰੀਕਾ ਪੂਰੀ ਦੁਨੀਆਂ ਦੀ ਪ੍ਰਤੀ ਗੰਢ ਕਪਾਹ ਦੀ ਮੰਗ 'ਤੇ 1.7 ਗੰਢ ਕਪਾਹ ਮੁਹੱਈਆ ਕਰਾਉਣ ਲਈ ਤਿਆਰ ਬੈਠਾ ਹੈ। ਉਹ ਵੀ ਆਪਣੀ ਲਾਗਤ ਤੋਂ 40 ਫੀਸਦੀ ਘੱਟ ਮੁੱਲ ਤੇ। ਇਸ ਤਰ੍ਹਾਂ ਭਾਰਤੀ ਕਪਾਹ ਜਿੱਥੇ ਸਬਸਿਡੀ ਦੀ ਘਾਟ ਕਾਰਨ ਉਹ ਵਿਸ਼ਵ ਵਪਾਰ ਸੰਗਠਨ ਦੇ ਗ਼ੈਰ ਬਰਾਬਰੀ ਮੱਦਾਂ ਦੇ ਚੱਲਦਿਆ ਕਸਟਮ ਦੇ ਘੱਟਣ ਨਾਲ ਕੌਮਾਂਤਰੀ ਬਜ਼ਾਰ 'ਚ ਭਾਰੀ ਸਬਸਿਡੀ ਸਾਮਰਾਜੀ ਮੁਲਕਾਂ ਕਪਾਹ ਮੂਹਰੇ ਫੇਲ੍ਹ ਹੋ ਜਾਂਦੀ ਹੈ। ਅਜਿਹੇ 'ਚ ਭਾਰਤੀ ਟੈਕਸਟਾਈਲ ਉਦਯੋਗ ਵੱਲੋਂ ਨਕਲੀ ਤਰੀਕਿਆਂ ਨਾਲ ਕਪਾਹ ਦੇ ਭਾਅ ਡੇਗਣ ਨਾਲ ਭਾਰਤੀ ਕਪਾਹ ਮੂਹਰੇ ਵਿਕਰੀ ਦਾ ਸੰਕਟ ਪਹਿਲਾਂ ਤੋਂ ਕਿਤੇ ਵੱਧ ਡੂੰਘਾ ਹੋਇਆ ਹੈ। ਅਜਿਹੇ ਸੰਸਾਰ ਹਾਲਤ ਨਾਲ ਭਾਰਤ ਦੇ ਛੋਟੇ ਤੇ ਗਰੀਬ ਕਿਸਾਨ ਜੂਝ ਰਹੇ ਹਨ, ਜੋ ਭਾਰੀ ਕਰਜ਼ਾ ਲੈ ਕੇ ਕਪਾਹ ਬੀਜਦੇ ਹਨ ਤੇ ਆਪਣੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ WTO ਦੇ ਮੁੱਦਿਆਂ, ਟੈਕਸਟਾਈਲ

ਸਨਅਤ ਤੇ ਸਾਮਰਾਜੀ ਮੁਲਕਾਂ ਦੀਆਂ ਨੀਤੀਆਂ ਦੇ ਸ਼ਿਕਾਰ ਹੋ ਕੇ ਪੈਦਾਵਾਰ ਨੂੰ ਲਾਗਤ ਤੋਂ ਘੱਟ 'ਤੇ ਵੇਚਣ ਲਈ ਮਜਬੂਰ ਹੁੰਦੇ ਹਨ ਤੇ ਸਾਲ ਦੇ ਆਖ਼ਰ 'ਚ ਉਨ੍ਹਾਂ ਦੀ ਕੁੱਲ ਆਮਦਨ ਕਰਜ਼ੇ ਦੇ ਜਾਲ 'ਚੋਂ ਬਾਹਰ ਨਿਕਲਣ 'ਚ ਨਿਗੂਣੀ ਸਾਬਤ ਹੁੰਦੀ ਹੈ ਤਾਂ ਕਿਸਾਨ ਕੋਲ ਆਤਮ ਹੱਤਿਆ ਤੋਂ ਇਲਾਵਾ ਹੋਰ ਕੋਈ ਚਾਰਾ ਬਚਦਾ ਹੀ ਨਹੀਂ। ਰਾਹ ਉਸ ਨੇ ਆਪ ਬਣਾਉਣਾ ਹੈ, ਸਾਮਰਾਜੀਆਂ ਨੇ ਨਹੀਂ ਬਣਾ ਕੇ ਦੇਣਾ। ਸਮੁੱਚੇ ਮੁਨਾਫਾਪ੍ਰਸਤ ਤਾਣੇ-ਬਾਣੇ ਨੂੰ ਤੋੜ ਕੇ ਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਖ਼ਤਮ ਕਰਨ ਦੇ ਭਗਤ ਸਿੰਘ ਦੇ ਰਾਹ 'ਤੇ ਚੱਲਣ ਦਾ ਅਹਿਦ ਕਰਨ ਨਾਲ ਹੀ ਮੁਕਤੀ ਹਾਸਲ ਹੋ ਸਕਦੀ ਹੈ।

# ਸ਼ੇਅਰ ਬਾਜ਼ਾਰ ਦਾ ਗੁਬਾਰੇ ਵਾਂਗ ਫੁੱਲਣਾ ਤੇ ਫਟਣਾ ਕੀ ਹੈ?

ਮੁੰਬਈ ਸ਼ੇਅਰ ਬਜ਼ਾਰ ਦਾ ਸੰਵੇਦੀ ਸੂਚਕਾਂਕ ਜੋ 10 ਮਈ 2006 ਨੂੰ 12612 ਅੰਕਾਂ ਦੇ ਆਪਣੇ ਸਭ ਤੋਂ ਉੱਚੀ ਸ਼ਿਖਰ ਤੇ ਪਹੁੰਚ ਗਿਆ ਪੂਰੇ 3550 ਅੰਕਾਂ ਦੀ ਗਿਰਾਵਟ ਸ਼ੇਅਰ ਦੇ ਇਤਿਹਾਸ 'ਚ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਸੀ ਮਈ ਦੇ ਮੱਧ ਤੋਂ ਜੂਨ ਦੇ ਮੱਧ ਤੱਕ ਸ਼ੇਅਰ ਬਜ਼ਾਰ ਦੀ ਇਸ ਗਿਰਾਵਟ ਦੇ ਚੱਲਦਿਆਂ ਰਾਸ਼ਟਰੀ ਸ਼ੇਅਰ ਬਜ਼ਾਰ 'ਚ ਕਾਗਜੀ ਮੁੱਦਰਾ ਜਾਂ ਪੂੰਜੀ ਦਾ ਕਰੀਬ ਇੱਕ ਚੌਥਾਈ ਅਲੋਪ ਹੀ ਹੋ ਗਿਆ। ਕੁਝ ਅਨੁਮਾਨਾਂ ਮੁਤਾਬਿਕ ਇਸ ਨਾਲ ਛੋਟੇ ਨਿਵੇਸ਼ਕਾਂ ਨੂੰ 10 ਲੱਖ ਕਰੋੜ ਦਾ ਭਾਰੀ ਘਾਟਾ ਪਿਆ। ਇਸ ਛੋਟੇ ਅਰਸੇ ਦੌਰਾਨ ਸ਼ੇਅਰ ਬਜ਼ਾਰ ਦੇ ਸੰਵੇਦੀ ਸੂਚਕਾਂਕ 'ਚ 28% ਦੀ ਗਿਰਾਵਟ ਆਈ। ਭਾਰਤੀ ਸ਼ੇਅਰ ਬਜ਼ਾਰ ਦੀ ਇਸ ਕਹਾਣੀ ਦੀ ਪਿੱਠ ਭੂਮੀ ਸੱਟੇਬਾਜ ਬਜ਼ਾਰ ਦੀਆਂ ਤਾਕਤਾਂ ਨੂੰ ਖੁੱਲੀ ਛੁੱਟੀ ਦੇਣ ਨਾਲ ਤਿਅਰ ਹੋਈ ਜੋ ਮਈ 2004 'ਚ ਮਨਮੋਹਨ-ਚਿਦੰਬਰਮ-ਆਹਲੂਵਾਲੀਆ ਦੀ ਤਿਕੜੀ ਦੀ ਹਕੂਮਤ 'ਚ ਆਉਣ ਪਿਛੋਂ ਤੇਜ਼ੀ ਨਾਲ ਆਪਣੇ ਪੈਰ ਪਸਾਰਨ ਲੱਗੇ ਸਨ। ਸ਼ੁਰੂ ਸ਼ੁਰੂ 'ਚ ਕੁਝ ਦਿਨਾਂ ਤੱਕ ਇਹਨਾਂ ਲੋਕਾਂ ਨੇ ਸਾਵਧਾਨੀ ਵਰਤੀ ਤੇ ਹਵਾ ਦਾ ਰੁੱਖ ਵੇਖਿਆ। ਫਿਰ ਸ਼ੁਰੂ ਹੋਈ ਸੱਟੇਬਾਜ਼ੀ ਦੀ ਖੇਡ। ਅੱਧ ਮਈ 'ਚ ਜੋ ਸੰਵੇਦੀ ਸੂਚਕਾਂਕ 4500 ਸੀ ਉਹ ਅਚਾਨਕ ਉਛਲ ਕੇ 5000 ਅੰਕਾਂ ਨੂੰ ਪਾਰ ਕਰ ਗਿਆ। ਇਸ ਪਿਛੋਂ 1990 ਦੇ ਦਹਾਕੇ ਦੇ ਹਰਸ਼ਦ ਮਹਿਤਾ ਏਪੀਸੋਡ ਦੀ ਯਾਦ ਦਵਾਉਂਦਿਆਂ ਨਵੰਬਰ 2004 'ਚ ਇਹ 6000 ਅੰਕ ਤੱਕ ਪਹੁੰਚ ਗਿਆ ਤੇ ਅਪ੍ਰੈਲ 2006 'ਚ 12000 ਦੇ ਕਰੀਬ ਹੋ ਗਿਆ ਤੇ ਫਿਰ 10 ਮਈ 2006 ਨੂੰ 12612 ਅੰਕਾਂ ਦੇ ਸ਼ਿਖਰ ਤੱਕ ਪਹੁੰਚ ਗਿਆ।

ਇਸ ਪੂਰੇ ਅਰਸੇ ਦੌਰਾਨ ਸੰਬਧਿਤ ਲੋਕਾਂ ਰਾਹੀਂ ਇਸ ਦੇ ਸ਼ੰਕੇ ਜਾਹਿਰ ਕੀਤੇ ਜਾਂਦੇ ਰਹੇ ਪਰ ਹਾਕਮ ਖੇਮੇ ਦੇ ਲੋਕ ਸ਼ੇਅਰ ਬਜ਼ਾਰ ਦੀ ਇਸ ਉਛਾਲ ਨੂੰ ਇਹ ਕਹਿ ਕੇ ਸਹੀ ਠਹਿਰਾਉਂਦੇ ਰਹੇ ਕਿ ਅਰਥਚਾਰੇ ਦੀ ਮਜ਼ਬੂਤ ਨੀਂਹ ਦੇ ਚਲਦਿਆਂ ਅਜੇਹਾ ਹੋ ਰਿਹਾ ਤੇ ਇਹ ਭਾਰਤ ਦੀ ਆਰਥਿਕ ਸਿਹਤ ਨੂੰ ਦਰਸਾ ਰਿਹਾ ਹੈ। ਇਸ ਦੌਰਾਨ ਸੱਟੇਬਾਜੀ ਨਾਲ ਆਪਣੇ ਹਿੱਤ ਪੂਰਾ ਕਰਨ ਵਾਲਿਆਂ ਨੇ 8 ਤੋਂ 10 ਫੀਸਦੀ ਵਿਕਾਸ ਦਰ ਦਾ ਉਨਮਾਦ ਫੈਲਾ ਰੱਖਿਆ ਸੀ।

ਵਿੱਤ ਮੰਤਰੀ ਚਿਦੰਬਰਮ ਭਾਰਤੀ ਸ਼ੇਅਰ ਬਜ਼ਾਰ ਦੀ ਕਹਾਣੀ ਸੁਣਾਉਂਦੇ ਘੁੰਮ ਰਹੇ ਸਨ। ਹਾਲਾਂਕਿ ਅੱਛੀ ਸੋਚ ਰੱਖਣ ਵਾਲੇ ਕਈ ਲੋਕ ਇਸ ਕਹਾਣੀ ਤੇ ਪ੍ਰਸ਼ਨ ਚਿੰਨ ਲਗਾ ਰਹੇ ਸਨ। ਪਰ ਚਿਦੰਬਰਮ ਸੰਵੇਦੀ ਸੁਚਕਾਂਕ ਦੀ ਇਸ ਉਛਾਲ ਨੂੰ ਭਾਰਤੀ ਚਮਤਕਾਰ ਦਸ ਰਹੇ ਸਨ। ਉਹਨਾਂ ਅਨੁਸਾਰ ਸੰਸਕਾਰ ਮਾਲੀ ਬਜ਼ਾਰ 'ਚ ਇਸ ਤਰ੍ਹਾਂ ਦੀ ਜੋ ਪ੍ਰਵਿਰਤੀ ਹਾਵੀ ਸੀ, ਇਹ ਉਸ ਤੋਂ ਵੱਖਰੀ ਘਟਨਾ ਸੀ, ਇਹ ਭਾਰਤ ਦੇ ਨਿਸ਼ਚਿਤ ਉਚੇ ਵਿਕਾਸ ਦਰ ਦਾ ਚਮਤਕਾਰ ਸੀ।

ਅਸਲ ਵਿਚ ਇਹ ਨਕਾਰਤਮਕ ਅਮਲ ਤੇ ਭਾਰਤੀ ਸ਼ੇਅਰ ਧਾਰਕਾਂ ਨੂੰ

ਹੋਇਆ ਭਾਰੀ ਨੁਕਸਾਨ ਪੂਰੇ ਸੰਸਾਰ ਦੇ ਪੂੰਜੀ ਬਜ਼ਾਰ ’ਚ ਛਾਏ ਨਿਰਾਸ਼ ਮੌਸਮ ਦੇ ਨਾਲ ਗਹਿਰੀ ਡੂੰਘੀ ਜੁੜੀ ਹੈ। ਇਸ ਦਾ ਕਾਰਨ ਹੈ ਸਾਮਰਾਜੀ ਅਰਥਚਾਰੇ ’ਚ ਡੂੰਘੀ ਜੜ੍ਹ ਜਮ੍ਹਾਂ ਚੁੱਕੀ ਸਪੀਡ ਬਰੇਕ ਤੇ ਮੁਦਰਾਸਫਿਤੀ ਦੀ ਪ੍ਰਵਿਰਤੀ ਖ਼ਾਸ ਕਰਕੇ ਅਮਰੀਕਾ ਦੀ ਉੱਚੀ ਮੁਦਰਾਸਫਿਤੀ ਦੀ ਦਰ। ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੂੰ ਅਮਰੀਕੀ ਫੈਡਰਲ ਰਿਜ਼ਰਵ ਬੈਂਕ ਵੱਲੋਂ ਵਿਆਜ ਦਰ ਵਧਾਉਣ ਦਾ ਡਰ ਸਤਾਉਣ ਲਗਿਆ ਸੀ। ਇਸ ਨਾਲ ਭਾਰਤੀ ਸ਼ੇਅਰ ਬਜ਼ਾਰ ਤੇ ਪੂਰੇ ਹਾਵੀ, ਇਹਨਾਂ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਵਲੋਂ ਵਰਤੇ ਜਾਣ ਵਾਲੇ ਫੰਡ ਦੀ ਲਾਗਤ ਵੱਧ ਜਾਂਦੀ। ਸਾਰੇ ਜਾਣਦੇ ਹਨ ਕਿ ਇਹਨਾਂ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਵੱਲੋਂ ਵਰਤੇ ਜਾਣ ਵਾਲੇ ਫੰਡ ਦੀ ਲਾਗਤ ਵੱਧ ਜਾਂਦੀ। ਸਾਰੇ ਜਾਣਦੇ ਹਨ ਕਿ ਇਹਨਾਂ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਜਾਂ ਵਿਦੇਸ਼ੀ ਸੱਟੇਬਾਜਾਂ ਵਲੋਂ ਇਥੇ ਵੱਡੀ ਮਾਤਰਾ ’ਚ ਹਾਟਮਨੀ ਲਾਈ ਗਈ ਹੈ ਜਿਸ ਨਾਲ ਭਾਰਤੀ ਸ਼ੇਅਰ ਬਜ਼ਾਰ ਜਲਣਸ਼ੀਲ ਬਣ ਗਿਆ ਹੈ। ਹਾਲਾਂਕਿ ਉਹ ਭਾਰਤ ’ਚ ਆਪਣੇ ਪੋਰਟ ਫੋਲਿਓ ਨਿਵੇਸ਼ ਦਾ ਸਿਰਫ ਇੱਕ ਪ੍ਰਤੀਸ਼ਤ ਹੀ ਨਿਵੇਸ਼ ਕਰਦੇ ਹਨ। ਫਿਰ ਵੀ ਭਾਰਤੀ ਸਟੈਂਡਰਡ ਨਾਲ ਇਹਨਾਂ ਦੀ ਰਾਸ਼ੀ ਬਹੁਤ ਜ਼ਿਆਦਾ ਹੈ। ਕਾਰੋਬਾਰ ਦੇ ਹਿਸਾਬ ਨਾਲ ਵੇਖੀਏ ਤਾਂ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦਾ ਕਾਰੋਬਾਰ ਭਾਰਤੀ ਮਿਊਚਲ ਫੰਡ ਦੇ ਕਾਰੋਬਾਰ ਤੋਂ ਚਾਰ ਗੁਣਾ ਜ਼ਿਆਦਾ ਹੈ। ਵਿਸ਼ਵੀ ਸੱਟੇਬਾਜ ਜੋ ਭਾਰਤੀ ਸ਼ੇਅਰ ਬਜ਼ਾਰ ’ਚ ਫੰਡ ਦੇ ਮੁੱਢਲੇ ਸਰੋਤ ਹਨ। ਸੱਟੇਬਾਜੀ ਦੇ ਸਾਰੇ ਹੱਥਕੰਡੇ ਆਪਣਾ ਰਹੇ ਸਨ। ਜਿਸ ਨਾਲ ਹਮੇਸ਼ਾ ਅਸਥਿਰਤਾ ਦਾ ਮਾਹੌਲ ਬਣਿਆ ਰਹਿੰਦਾ ਹੈ। ਵਿੱਤੀ ਉਦਾਰੀਕਰਨ ਨਾਲ ਉਹਨਾਂ ਲਈ ਸੱਟੇਬਾਜੀ ਦੇ ਨਵੇਂ ਨਵੇਂ ਰਾਹ ਖੁੱਲ ਰਹੇ ਹਨ। ਨਾਲ ਹੀ ਉਹ ਨਵੀਆਂ ਤਕਨੀਕਾਂ ਦੀ ਵੀ ਵਰਤੋਂ ਕਰਦੇ ਹਨ। ਸ਼ੁਰੂ ਸ਼ੁਰੂ ’ਚ ਸਰਕਾਰ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦੀ ਸੱਟੇਬਾਜੀ ਨੂੰ ਲਗਾਮ ਪਾਉਣ ਲਈ ਯੂ. ਟੀ. ਆਈ ਤੇ ਭਾਰਤੀ ਜੀਵਨ ਬੀਮਾ ਨਿਗਮ ਦੀ ਸੇਵਾਵਾਂ ਲੈਂਦੀ ਸੀ। ਪਰ ਅੱਜ ਕੱਲ੍ਹ ਉਦਾਰ ਸੰਸਾਰਕ ਵਿੱਤੀ ਤੰਤਰ ਦਾ ਬੋਲਬਾਲਾ ਹੈ। ਇਸ ਲਈ ਸਰਕਾਰ ਇਸ ਤਰ੍ਹਾਂ ਦੇ ਅੰਤਰਮੁੱਖੀ ਕਦਮ ਉਠਾਉਣ ’ਚ ਪੂਰੀ ਤਰ੍ਹਾਂ ਯੋਗ ਨਹੀਂ ਹੈ। ਹਾਲਾਂਕਿ ਸ਼ੇਅਰ ਬਜ਼ਾਰ ਦੀ ਗਿਰਾਵਟ ਨਾਲ ਬਣੀ ਸਥਿਤੀ ਨੂੰ ਸੰਭਾਲਣ ਲਈ ਦੇਸ਼ੀ ਮਿਊਚਲ ਫੰਡ ਸਾਹਮਣੇ ਆਏ ਪਰ ਇਹ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦੇ ਹਮਲੇ ਅੱਗੇ ਟਿਕ ਨਹੀਂ ਸਕੇ, ਕਿਉਂਕਿ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਵੱਡੇ ਪੈਮਾਨੇ ਤੇ ਆਪਣੀ ਪੂੰਜੀ ਕੱਢਕੇ ਵਿਦੇਸ਼ਾਂ ’ਚ ਆਪਣੇ ਬੈਂਕ ਖਾਤਿਆਂ ’ਚ ਸ਼ਿਫਟ ਕਰ ਦਿੱਤੀ ਸੀ। ਸ਼ੇਅਰ ਬਜ਼ਾਰ ਨੇ ਸਾਬਤ ਕਰ ਦਿੱਤਾ ਹੈ ਕਿ ਬੇਲਗਾਮ ਸ਼ੇਅਰ ਤੇ ਵਿੱਤ ਬਜ਼ਾਰ ਦੇ ਅੱਗੇ ਦੇਸ਼ ਇਕਦਮ ਬੇਸਹਾਰਾ ਹੈ। ਕਿਉਂਕਿ ਇਸ ’ਚ ਨਿਵੇਸ਼ ਕਰਨ ਵਾਲੇ ਸੱਟੇਬਾਜ ਫਾਇਨੇਸਰਜ਼ ਸਾਮਰਾਜੀ ਭੂਮੰਡਲੀਕਰਨ ਦੇ ਤਹਿਤ ਪੂਰੀ ਦੁਨੀਆਂ ’ਚ ਆਪਣਾ ਕਾਰੋਬਾਰ ਕਰਦੇ ਹਨ ਤੇ ਪਲ ਭਰ ’ਚ ਗਰਮ ਮੁਦਰਾ (ਹਾਟ ਮਨੀ) ਨੂੰ ਵੱਡੇ ਪੈਮਾਨੇ ਤੇ ਬਾਹਰ ਕੱਢ ਕੇ ਲੈ ਜਾਣ ’ਚ ਮਾਹਰ ਹਨ। ਬੇਸ਼ਕ ਇਸ ਸੰਕਟ ਦੇ ਦੂਜੇ ਅੰਜਾਮ ਵੀ ਹਨ। ਵਿਦੇਸ਼ੀ ਸੱਟੇਬਾਜਾਂ ਦੀ ਭਾਰਤ ਦੇ ਨੀਤੀ ਨਿਰਮਾਣ ਤੰਤਰ ਤੇ ਮਜਬੂਤ ਪਕੜ ਹੈ। ਭਾਰਤ ਨੂੰ ਅਮਰੀਕੀ ਸਾਮਰਾਜਵਾਦ ਦੇ ਪੱਲੂ ਨਾਲ ਬੰਨਣ ਦੀ ਇਮਾਨਦਾਰ ਕੋਸ਼ਿਸ਼ ’ਚ ਮਨਮੋਹਨ ਸਰਕਾਰ ਨੇ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੂੰ, ਜਿਸ ’ਚ ਬਹੁਮਤ ਅਮਰੀਕੀ ਨਿਵੇਸ਼ਕ ਹਨ, ਕਈ ਛੋਟੇ ਤੇ ਵਿਸ਼ੇਸ਼ ਦਰਜਾ ਦੇ ਰੱਖਿਆ ਹੈ। ਮਿਸਾਲ ਵਜੋਂ ਦੋ ਸਾਲ ਪਹਿਲਾਂ

ਜਦ ਯੂ. ਪੀ. ਏ. ਸਰਕਾਰ ਸੱਤਾ 'ਚ ਆਈ ਸੀ ਤਾਂ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਚੇਤਾਵਨੀ ਵਜੋਂ ਸ਼ੇਅਰ ਬਜ਼ਾਰ ਨੂੰ ਡੇਗ ਕੇ ਇੱਕ ਛੋਟਾ ਧਮਾਕਾ ਕੀਤਾ ਸੀ। ਇਸ ਪਿਛੋਂ ਮਨਮੋਹਨ ਸਿੰਘ ਤੇ ਪੀ-ਚਿਦੰਬਰਮ ਨੇ ਉਹਨਾਂ ਨੂੰ ਭਰੋਸਾ ਦਵਾਇਆ ਕਿ ਖੱਬੇ ਪੱਖੀਆਂ ਦੀ ਮੱਦਦ ਨਾਲ ਸਰਕਾਰ ਬਣਾਉਣ ਦੇ ਬਾਵਜੂਦ ਆਰਥਕ ਸੁਧਾਰ ਦੇ ਅਮਲ ਨੂੰ ਜਾਰੀ ਰੱਖਿਆ ਜਾਵੇਗਾ। ਵਿਦੇਸ਼ੀ ਸੰਸਥਾਗਤ ਨਿਵੇਸ਼ਾਂ ਦੀ ਲਾਬੀ ਨੂੰ ਖੁਸ਼ ਰੱਖਣ ਲਈ ਸਰਕਾਰ ਨੇ ਆਪਣੇ ਬਜਟ 'ਚ ਲੰਮੇ ਸਮੇਂ ਦੇ ਪੂੰਜੀ ਲਾਭ ਤੇ ਟੈਕਸ ਨੂੰ 10 ਫੀਸਦੀ ਤੋਂ ਘੱਟ ਕਰਕੇ ਜ਼ੀਰੋ ਫੀਸਦੀ ਕਰ ਦਿੱਤਾ ਸੀ।

ਸੱਟੇਬਾਜਾਂ ਨੂੰ ਹੋਰ ਵੀ ਕਈ ਭਾਰੀ ਰਿਆਇਤਾਂ ਤੇ ਛੋਟਾਂ ਮੁੱਹਈਆ ਕੀਤੀਆਂ ਗਈਆਂ। ਉਹਨਾਂ ਨੂੰ ਅਪਣੇ ਪੂਰੇ ਪੈਸੇ ਨੂੰ ਬਾਹਰ ਲੈ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਇਸ ਤੋਂ ਇਲਾਵਾ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੂੰ ਸਰਕਾਰ ਵਪਾਰੀ ਨਹੀਂ ਸਮਝਦੀ ਬਲਕਿ ਉਹਨਾਂ ਨੂੰ ਨਿਵੇਸ਼ਕ ਮੰਨ ਕੇ ਉਤਸ਼ਾਹਿਤ ਕਰ ਰਹੀ ਹੈ। ਇਸ ਤਰ੍ਹਾਂ ਸਰਕਾਰ ਉਹਨਾਂ ਨੂੰ ਟੈਕਸ ਦੇਣਦਾਰੀ ਦੇ ਦਾਇਰੇ ਤੋਂ ਬਾਹਰ ਰੱਖ ਰਹੀ ਹੈ। ਸ਼ੇਅਰ ਬਜ਼ਾਰ ਦੇ ਸੰਵੇਦੀ ਸੂਚਕਾਂਕ ਦਾ ਗੁਬਾਰਾ ਫੁੱਲਣ ਨਾਲ ਇਹਨਾਂ ਸੱਟੇਬਾਜ ਤਬਕਿਆਂ ਨੇ ਭਾਰੀ ਲਾਭ ਕਮਾਇਆ। ਇਸ ਪਿੱਠ ਭੂਮੀ 'ਚ ਉਹਨਾਂ ਦੀ ਆਮਦਨ ਤੇ ਟੈਕਸ ਲੱਗਣ ਦੀ ਗੱਲ ਚਲਣ ਲੱਗੀ। ਕੁਝ ਸਮਾਚਾਰ ਮਾਧਿਅਮਾਂ ਨਾਲ ਅਜਿਹੀਆਂ ਅਫਵਾਹਾਂ ਪ੍ਰਕਾਸ਼ਿਤ ਕੀਤੀਆਂ ਕਿ ਕੇਂਦਰੀ ਪ੍ਰਤੱਖ ਟੈਕਸ ਬੋਰਡ ਨੇ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦੇ ਸ਼ੇਅਰ ਕਾਰੋਬਾਰ ਨਾਲ ਹੋਣ ਵਾਲੇ ਮੁਨਾਫੇ ਤੇ ਟੈਕਸ ਲਾਉਣ ਲਈ ਆਪਣੇ ਸਟਾਫ 'ਚ ਮਸੌਦਾ ਨਿਰਦੇਸ਼ ਜਾਰੀ ਕੀਤਾ ਹੈ। ਇਸ ਗੱਲ ਨਾਲ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਇਥੋਂ ਦੇ ਆਪਣੇ ਕਾਰੋਬਾਰ ਨੂੰ ਸਮੇਟਨਾ ਸ਼ੁਰੂ ਕਰ ਦਿੱਤਾ। ਵਿੱਤ ਮੰਤਰੀ ਵਲੋਂ ਵਾਰ-ਵਾਰ ਵਿਸ਼ਵਾਸ ਦਿੱਤੇ ਜਾਣ ਦੇ ਬਾਵਜੂਦ ਕਿ ਵਿਦੇਸ਼ੀ ਸੰਸਥਾਗਤ ਨਿਵੇਸ਼ਕ ਟੈਕਸ ਡਿਪਾਰਟਮੈਂਟ ਦੇ ਨਿਸ਼ਾਨੇ ਤੇ ਨਹੀਂ ਹੈ, ਪੂੰਜੀ ਦੀ ਉਡਾਨ ਬੇਰੋਕ ਜਾਰੀ ਰਹੀ। ਬਜ਼ਾਰ ਵਿਸ਼ਲੇਸ਼ਕ ਤੇ ਨਵ-ਉਧਾਰ ਸਿਧਾਂਤਕਰ ਭਾਰਤੀ ਸ਼ੇਅਰ ਬਜ਼ਾਰ ਦੀ ਇਸ ਗਿਰਾਵਟ ਲਈ ਵੱਖ-ਵੱਖ ਸਪਸ਼ਟੀਕਰਨ ਤਿਆਰ ਕਰਨ 'ਚ ਜੁਟੇ ਹੋਏ ਹਨ। 1994 'ਚ ਮੈਕਸੀਕੋ 'ਚ ਅਤੇ 1997 'ਚ ਥਾਈਲੈਂਡ 'ਚ ਸ਼ੇਅਰ ਬਜ਼ਾਰ ਦਾ ਢਹਿਣਾ ਵੀ ਉਸ ਵਰਗਾ ਹੀ ਹੈ। ਪਰ ਇਹ ਮਾਹਰ ਸਾਨੂੰ ਇਹ ਦੱਸਣ 'ਚ ਲੱਗੇ ਹਨ ਕਿ ਭਾਰਤੀ ਸ਼ੇਅਰ ਬਜ਼ਾਰ ਦੇ ਸੰਵੇਦੀ ਸੂਚਕਾਂਕ ਦਾ ਢਹਿਣਾ ਖਾਲਿਸ ਬਜ਼ਾਰ ਦੇ ਖੁਦ ਸੁਧਾਰ ਦਾ ਅਮਲ ਹੈ। ਉਹਨਾਂ ਅਨੁਸਾਰ ਚੜ੍ਹਾਅ-ਉਤਰਾਅ ਦੀ ਸੁਭਾਵਿਕ ਪ੍ਰਕਿਰਿਆ ਤੋਂ ਲੰਘ ਕੇ ਬਜ਼ਾਰ ਫਿਰ ਆਪਣੇ ਢੰਗ ਨਾਲ ਚੱਲਣ ਲੱਗੇਗਾ। ਇਹ ਮਾਹਰ ਦੱਸ ਰਹੇ ਹਨ ਕਿ ਮੱਧ ਜੂਨ ਤੋਂ ਬਜ਼ਾਰ ਇੱਕ ਵਾਰੀ ਫਿਰ ਉੱਪਰ ਚੜ੍ਹਨ ਲੱਗਿਆ ਹੈ ਤੇ ਇੱਥੋਂ ਦੇ ਬਜ਼ਾਰ 'ਚ ਵਿੱਤੀ ਪੂੰਜੀ ਦੀ ਰੁਚੀ ਤੇ ਵਿਸ਼ਵਾਸ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਉਹ ਇਸ ਗੱਲ ਦੀ ਵਕਾਲਤ ਕਰ ਰਹੇ ਹਨ ਕਿ ਇਸ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਹੋਰ ਵੀ ਮੋਕਲੇ ਕਦਮ ਚੁੱਕਣ ਦੀ ਜਰੂਰਤ ਹੈ, ਤਾਂ ਕਿ ਵਿੱਤੀ ਪੂੰਜੀ ਦੀ ਸੀਮਾ ਪਾਰ ਆਵਾਜਾਈ ਨੂੰ ਅੜਕਿਆਂ ਤੋਂ ਅਜ਼ਾਦ ਕੀਤਾ ਜਾ ਸਕੇ। ਪਰ ਇੱਕ ਇਤਿਹਾਸਕ ਮੁਲਅੰਕਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੁੰਬਈ ਸ਼ੇਅਰ ਬਜ਼ਾਰ ਦੀ ਮੌਜੂਦਾ ਗਿਰਾਵਟ ਸੱਟੇਬਾਜ ਵਿੱਤ ਪੂੰਜੀ ਦੇ ਭੂਮੰਡਲੀਕਰਨ ਦੇ ਨਾਲ ਜੁੜੀ ਹੋਈ ਹੈ। ਇਸ ਦਾ ਮੂਲ ਕਾਰਨ ਵਿਸ਼ਵੀ ਵਿੱਤੀ ਪੂੰਜੀ ਦੇ ਗਤੀ ਦੇ ਨਿਯਮ 'ਚ ਤੇ ਖੁਦ ਵਿਸ਼ਵੀ

ਸਾਮਰਾਜੀ ਵਿਵਸਥਾ ਦੀ ਗਤਿਕੀ 'ਚ ਪਿਆ ਹੈ। ਸਾਮਰਾਜੀ ਭੂਮੰਡਲੀਕਰਨ ਦੇ ਤਹਿਤ ਪੂੰਜੀਵਾਦ ਦੇ ਸੜਨ ਤੇ ਪਤਨ ਨੇ ਖਤਰਨਾਕ ਅੰਜਾਮ ਗ੍ਰਹਿਣ ਕਰ ਲਿਆ ਹੈ। ਇਹ ਪੂੰਜੀ ਨੂੰ ਉਤਪਾਦਕ ਨਿਵੇਸ਼ ਦੇ ਖੇਤਰ ਤੋਂ ਬਾਹਰ ਕਰ ਰਹੀ ਹੈ ਅਤੇ ਉਸ ਨੂੰ ਸ਼ੇਅਰ ਬਜ਼ਾਰ ਤੇ ਵਿਦੇਸ਼ੀ ਸ਼ੇਅਰ ਬਜ਼ਾਰ ਨੂੰ ਸੱਟੇਬਾਜੀ ਵੱਲ ਜਾਣ ਲਈ ਪ੍ਰੇਰਿਤ ਕਰ ਰਹੀ ਹੈ। ਸਿੱਟੇ ਵਜੋਂ ਸਾਮਰਾਜੀ ਭੂਮੰਡਲੀਕਰਨ ਦੇ ਤਹਿਤ ਖੇਤੀ ਦੇ ਉਦਯੋਗ ਅਧੋਗਤੀ ਦਾ ਸ਼ਿਕਾਰ ਹਨ ਅਤੇ ਰੁਜ਼ਗਾਰਹੀਣ ਵਿਕਾਸ ਆਮ ਨਿਯਮ ਬਣ ਗਿਆ ਹੈ, ਪਰ ਸ਼ੇਅਰ ਬਜ਼ਾਰਾਂ 'ਚ ਕਾਰੋਬਾਰ ਦਾ ਗੁਬਾਰਾ ਲਗਾਤਾਰ ਫੁਲਦਾ ਜਾ ਰਿਹਾ ਹੈ। ਅਮੀਰ ਲੋਕ ਜਲਦੀ ਭਾਰੀ ਮੁਨਾਫਾ ਕਮਾਉਣ ਦੀ ਦੌੜ 'ਚ ਨੋਟ ਛਾਪਣ ਦੇ ਖੇਤਰ ਵੱਲ ਦੌੜ ਲਾ ਰਹੇ ਹਨ। ਅਰਥਚਾਰੇ ਦੇ ਅਸਲੀ ਖੇਤਰ ਤੋਂ ਬੇਮੁੱਖ ਸ਼ੇਅਰ ਬਜ਼ਾਰ ਦੇ ਇਸ ਵਿਕਾਸ ਪਿੱਛੇ ਇਹੀ ਤਰਕ ਹੈ ਤੇ ਇਸ ਦੀ ਘੋਰ ਅਨਿਸੁਚਤਤਾ ਪਿੱਛੇ ਇਹੀ ਕਾਰਨ ਹੈ।

# ਕੀ ਹੈ ਪੁਲੀਸ ਮੁਕਾਬਲਿਆਂ ਦਾ ਸੱਚ?

ਦੱਖਣੀ ਕਸ਼ਮੀਰ ਦੇ ਕੋਕਰਨਾਗ ਜ਼ਿਲੇ ਦੇ ਲਾਰਨੂ ਪਿੰਡ ਦਾ ਅਬਦਲ ਰਹਿਮਾਨ ਪੱਦਰ, ਜੋ ਕਿ ਬੜਈ ਦਾ ਕੰਮ ਕਰਦਾ ਸੀ। 6 ਦਸੰਬਰ 2006 ਨੂੰ ਸ੍ਰੀਨਗਰ ਲਈ ਚਲਿਆ ਅਤੇ 'ਗਾਇਬ' ਹੋ ਗਿਆ। ਕੁਝ ਦਿਨ ਪਿੱਛੋਂ ਉਸ ਦੇ ਘਰ ਵਾਲਿਆਂ ਨੇ ਉਸ ਦੀ ਗੁੰਮਸ਼ੁਦਗੀ ਦੀ ਸੂਚਨਾ ਸ੍ਰੀਨਗਰ 'ਚ ਦਰਜ ਕਰਵਾਈ। ਇਤਫਾਕ ਨਾਲ ਸ੍ਰੀਨਗਰ ਦੱਖਣੀ ਦੇ ਪੁਲੀਸ ਕਪਤਾਨ ਨੇ ਮਾਮਲੇ 'ਚ ਮੁਸਤੈਦੀ ਵਿਖਾਈ ਅਤੇ ਇਕ ਵਾਰੀ ਫਿਰ ਇਸ ਖਤਰਨਾਕ ਰਾਜ਼ ਦਾ ਖੁਲਾਸਾ ਹੋਇਆ ਕਿ ਪੱਦਰ ਨੂੰ ਗੰਦਰਬਲ ਦੇ ਸਪੈਸ਼ਲ ਅਪ੍ਰੇਸ਼ਨ ਗਰੁੱਪ ਨੇ ਇਹ ਮੰਨਿਆ ਕਿ ਇਹ ਸਭ ਉਨ੍ਹਾਂ ਨੇ ਨੌਕਰੀ 'ਚ ਪ੍ਰਮੋਸ਼ਨ ਅਤੇ ਨਕਦ ਇਨਾਮ ਹਾਸਲ ਕਰਨ ਲਈ ਕੀਤਾ ਸੀ ਤੇ ਉਨ੍ਹਾਂ ਨੂੰ ਇਹ ਮਿਲਿਆ ਵੀ। ਪੱਦਰ ਦੇ ਗਾਇਬ ਹੋਣ ਦੇ ਇਸ ਰਾਜ਼ ਦੇ ਖੁਲਾਸੇ ਪਿੱਛੋਂ ਰਾਜ ਭਰ 'ਚ ਜਦ ਇਸ ਖਿਲਾਫ ਆਵਾਜ਼ ਉਠਣ ਲੱਗੀ ਤਾਂ ਦਬਾਅ 'ਚ ਇਸ ਪੂਰੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਜਿਸ ਤੋਂ ਇਹ ਪਤਾ ਲੱਗਿਆ ਕਿ ਸ੍ਰੀ ਪੱਦਰ ਦੀ ਹੱਤਿਆ ਪੁਲੀਸ ਤੇ ਫੌਜ ਵੱਲੋਂ ਫਰਜ਼ੀ ਮੁਕਾਬਲਿਆਂ 'ਚ ਕੀਤੀ ਗਈ ਸੀ।

ਇਕ ਸਾਲ ਦੇ ਅੰਦਰ ਗਾਇਬ ਹੋਏ ਲੋਕਾਂ 'ਚ ਪੰਜ ਬੰਦਿਆਂ ਦੇ ਗਾਇਬ ਹੋਣ ਦਾ ਰਾਜ਼ ਸਾਹਮਣੇ ਆ ਗਿਆ। ਇਨ੍ਹਾਂ ਸਾਰਿਆਂ ਨੂੰ ਭਾਰਤੀ ਸੈਨਾ ਤੇ ਪੁਲੀਸ ਨੇ 'ਝੂਠੇ ਮੁਕਾਬਲਿਆਂ 'ਚ ਮਾਰ ਸੁੱਟਿਆ ਸੀ ਤੇ ਇਨ੍ਹਾਂ ਨੂੰ ਅਤਿਵਾਦੀ ਐਲਾਨ ਦਿੱਤਾ ਸੀ। ਇਹ ਮਾਰੇ ਗਏ ਪੰਜ ਬੰਦਿਆਂ 'ਚ ਸ੍ਰੀ ਪੱਦਰ ਤੋਂ ਇਲਾਵਾ ਸ਼ੌਕਤ ਖਾਨ, ਗੁਲਾਮ ਨਵੀ ਬਾਨੀ, ਅਲੀ ਮੁਹੰਮਦ ਪਾਰਦੂ ਅਤੇ ਨਸੀਰ ਅਹਿਮਦ ਡੇਕਾ ਸਨ। ਐਫ. ਆਈ. ਆਰ. 'ਚ ਸ਼ੌਕਤ ਖਾਨ ਜੋ ਕਿ ਡੋਡਾ ਜ਼ਿਲੇ ਦੇ ਮੌਲਵੀ ਸਨ, ਨੂੰ ਪਾਕਿਸਤਾਨੀ ਅਤਿਵਾਦੀ ਜਥੇਬੰਦੀ ਜੈਸ-ਏ-ਮੁਹੰਮਦ ਦਾ ਅੱਤਵਾਦੀ ਜਹਿਦ ਅਲੀ ਦੱਸਿਆ ਗਿਆ ਹੈ। ਗੁਲਾਮ ਨਵੀ ਬਾਨੀ ਅਲੀ ਮੁਹੰਮਦ ਪਾਰਦੂ ਤੇ ਨਸੀਰ ਅਹਿਮ ਡੇਕਾ ਜੋ ਕਿ ਸੜਕਾਂ 'ਤੇ ਘੁੰਮ-ਘੁੰਮ ਕੇ ਸਸਤਾ ਇਤਰ ਵੇਚਿਆ ਕਰਦੇ ਸਨ, ਦਾ ਇਤਰ ਨਾਲ ਭਰਿਆ ਬਰੀਫਕੇਸ ਦੀ ਸੁਰੱਖਿਆ ਸੈੱਲ ਦੇ ਮੁੱਖ ਮੈਂਬਰ ਫਾਰੂਕ ਅਹਿਮਦ 'ਗੁੱਡੂ' ਦੇ ਘਰੋਂ ਬਰਾਮਦ ਹੋਇਆ।

ਫਰਵਰੀ 2006 'ਚ ਹੀ ਮਾਰ ਦਿੱਤੇ ਗਏ ਡੇਕਾ ਦੀ ਲਾਸ਼ ਨੂੰ ਜਦ ਕਬਰ ਤੋਂ ਬਾਹਰ ਕੱਢਿਆ ਗਿਆ ਤਾਂ ਉਨ੍ਹਾਂ ਦੀ ਜੇਬ 'ਚ ਰੱਖੀ ਇਤਰ ਦੀ ਸ਼ੀਸ਼ੀ ਤੇ ਸਵੈਟਰ ਤੋਂ ਹੀ ਉਸ ਦੀ ਪਛਾਣ ਹੋ ਸਕੀ। ਜਦਕਿ ਮਾਰੇ ਗਏ ਇਨ੍ਹਾਂ ਸਭ ਲੋਕਾਂ ਦੀ ਪਛਾਣ ਮੁਠਭੇੜਾਂ 'ਚ ਮਾਰੇ ਗਏ ਅਤਿਵਾਦੀਆਂ 'ਚ ਬਦਲ ਗਈ ਤਾਂ ਕਿ ਉਨ੍ਹਾਂ (ਪੁਲੀਸ ਵਾਲਿਆਂ) ਨੂੰ ਨਕਦ ਇਨਾਮ ਤੇ ਸਰਕਾਰ ਵੱਲੋਂ ਤਰੱਕੀ ਮਿਲ ਸਕੇ। ਇਨ੍ਹਾਂ ਸਾਰੇ ਕਤਲਾਂ 'ਚ ਜੰਮੂ-ਕਸ਼ਮੀਰ ਪੁਲੀਸ ਤੇ ਭਾਰਤੀ ਫੌਜ ਦੀਆਂ ਕਈ ਯੂਨਿਟਾਂ ਦਾ ਹੱਥ ਹੈ। ਇਨ੍ਹਾਂ ਤੱਥਾਂ ਦੇ ਸਾਹਮਣੇ ਆਉਣ ਪਿੱਛੋਂ ਕਸ਼ਮੀਰੀਆਂ ਦਾ ਗੁੱਸਾ ਇਕ ਵਾਰ ਫਿਰ ਸੜਕਾਂ 'ਤੇ ਫੁੱਟ ਪਿਆ।

ਅਤਿਵਾਦ ਦੇ ਨਾਂ 'ਤੇ ਆਮ ਕਸ਼ਮੀਰੀਆਂ ਨੂੰ ਝੂਠੇ (ਫਰਜ਼ੀ) ਮੁਕਾਬਲਿਆਂ

'ਚ ਮਾਰੇ ਜਾਣ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ ਤੇ ਨਾ ਹੀ ਇਸ ਦਾ ਪਰਦਾਫਾਸ਼ ਵੀ ਪਹਿਲੀ ਵਾਰੀ ਹੋਇਆ ਹੈ। (ਜਿਵੇਂ ਕਿ ਜੰਮੂ-ਕਸ਼ਮੀਰ ਦੀ ਸਰਕਾਰ ਇਸ ਦਾ ਸਿਹਰਾ ਆਪਣੇ ਸਿਰ ਲੈ ਰਹੀ ਹੈ)। ਇਸ ਤੋਂ ਪਹਿਲਾਂ ਵੀ ਚਿੱਟੀ ਸਿੰਘਪੁਰਾ ਪਿੰਡ 'ਚ 35 ਸਿੱਖਾਂ ਦੇ ਕਤਲੇਆਮ ਪਿੱਛੋਂ ਭਾਰਤੀ ਸੁਰੱਖਿਆ ਬਲਾਂ ਵੱਲੋਂ ਪੰਜ 'ਵਿਦੇਸ਼ੀ ਅਤਿਵਾਦੀਆਂ' ਦੇ ਮਾਰੇ ਜਾਣ ਦੀ ਘਟਨਾ ਸਾਹਮਣੇ ਆ ਚੁੱਕੀ ਹੈ। ਇਥੋਂ ਦੇ ਸਪੈਸ਼ਲ ਅਪ੍ਰੇਸ਼ਨ ਗਰੁੱਪ ਜਾਂ ਆਪਣੇ ਕੰਮ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਮਾਰਨ ਤੇ ਫਸਾਉਣ ਲਈ ਖੂੰਖਾਰ ਹੈ। ਸੰਸਦੀ ਹਮਲੇ 'ਚ ਗ੍ਰਿਫਤਾਰ ਗਿਲਾਨੀ ਅਤੇ ਅਫਜ਼ਲ ਨੂੰ ਫਸਾਉਣ ਵਿਚ ਵੀ ਇਸ ਦੀ ਸ਼ੱਕੀ ਭੂਮਿਕਾ ਹੈ। ਇਕ ਅੰਕੜੇ ਅਨੁਸਾਰ ਕਸ਼ਮੀਰ 'ਚ ਹਰ ਸਾਲ 200 ਲੋਕ ਇਸ ਤਰ੍ਹਾਂ 'ਗਾਇਬ' ਕਰ ਦਿੱਤੇ ਜਾਂਦੇ ਹਨ। ਕਸ਼ਮੀਰ ਲਈ ਇਹ ਘਟਨਾ ਵੱਡਾ ਮੁੱਦਾ ਹੈ ਕਿ ਇਹ ਤਾਂ ਸਰਕਾਰ ਦਾ ਬਣਨਾ-ਟੁੱਟਣਾ ਨਿਰਭਰ ਕਰਦਾ ਹੈ। ਇਸ ਕਾਰਨ ਸਰਕਾਰ ਇਨ੍ਹਾਂ ਕੇਸਾਂ ਦੀ ਜਾਂਚ ਠੀਕ ਤਰ੍ਹਾਂ ਨਾਲ ਨਹੀਂ ਕਰਦੀ ਜਾਂ ਫਿਰ ਮਾਮਲੇ ਦੀ ਲਿਪਾਪੋਚੀ ਕਰਦੀ ਹੈ। ਇਸ ਵਾਰੀ ਜੰਮੂ-ਕਸ਼ਮੀਰ ਸਰਕਾਰ ਨੇ ਦੂਜਾ ਤਰੀਕਾ ਅਪਣਾਇਆ ਹੈ। ਜਾਂਚ ਟੀਮ ਬਿਠਾ ਕੇ ਪੁਲੀਸ ਤੇ ਸੈਨਾ ਦੇ ਅਧਿਕਾਰੀਆਂ ਨੂੰ ਸਜ਼ਾ ਦੇ ਕੇ ਇਹ ਸਾਰਾ ਦੋਸ਼ ਉਨ੍ਹਾਂ ਦੇ ਸਿਰ ਹੀ ਮੜਨਾ ਚਾਹੁੰਦੀ ਹੈ। ਜਦਕਿ ਜੇ ਇਸ ਦੀ ਤਹਿ ਤੱਕ ਜਾਇਆ ਜਾਵੇ ਤਾਂ ਪੂਰੇ ਮਾਮਲੇ 'ਚ ਸੈਨਾ ਤੇ ਸਰਕਾਰ ਦੋਨੋਂ ਹੀ ਇਨ੍ਹਾਂ ਕਤਲਾਂ ਲਈ ਜ਼ਿੰਮੇਵਾਰ ਹਨ। ਇਨ੍ਹਾਂ ਮਾਮਲਿਆਂ 'ਚ ਜੰਮੂ-ਕਸ਼ਮੀਰ ਸਰਕਾਰ ਜਾਂ ਕੇਂਦਰ ਵੱਲੋਂ ਆਪਣਾ ਆਪ ਬਚਾਉਣਾ ਸਰਾਸਰ ਬੇਸ਼ਰਮੀ ਭਰੀ ਕਾਰਵਾਈ ਹੈ।

ਅਤਿਵਾਦ ਇਸ ਦੇਸ਼ ਦੀ ਇਕ ਵੱਡੀ ਸਮੱਸਿਆ ਹੈ ਪਰ ਸਰਕਾਰ ਦੇ ਵਿਰੋਧ 'ਚ ਖੜ੍ਹੀ ਹਰ ਰਾਜਨੀਤਿਕ ਸਰਕਾਰ ਲਈ ਅਤਿਵਾਦ ਹੈ ਚਾਹੇ ਉਹ ਕੌਮੀਅਤਾ ਦਾ ਅੰਦੋਲਨ ਹੋਵੇ, ਨਕਸਲਵਾਦੀ ਅੰਦੋਲਨ ਹੋਵੇ ਜਾਂ ਕਲਿੰਗ ਨਗਰ, ਸ਼ਿੰਗੂਰ ਤੇ ਨੰਦੀਗ੍ਰਾਮ 'ਚ ਚੱਲ ਰਿਹਾ ਲੋਕ ਸੰਘਰਸ਼ ਹੋਵੇ। ਸਭ ਨੂੰ ਹਰਾਉਣ ਦਬਾਉਣ ਤੇ ਕੁਚਲਣ ਲਈ ਸਰਕਾਰ ਫੌਜ ਤੇ ਪੁਲੀਸ ਦੀ ਵਰਤੋਂ ਕਰਦੀ ਹੈ। ਇਸ ਦੇ ਲਈ ਸਰਕਾਰ ਨੇ ਇਨ੍ਹਾਂ ਦੋਹਾਂ ਸੰਸਥਾਵਾਂ ਨੂੰ ਬੇਹੱਦ ਅਧਿਕਾਰ ਦਿੱਤੇ ਹੋਏ ਹਨ। ਇਸ ਤੋਂ ਇਲਾਵਾ ਇਨ੍ਹਾ ਦੋਹਾਂ ਸੰਸਥਾਵਾਂ ਦਾ ਵਿਹਾਰਕ ਕੰਮ-ਕਾਜੀ ਢਾਂਚਾ ਵੀ ਅਜਿਹਾ ਹੈ ਕਿ ਜਿੰਨੀਆਂ ਵਧ ਹੱਤਿਆਵਾਂ, ਓਨੇ ਵੱਧ ਇਨਾਮ ਤੇ ਤਰੱਕੀਆਂ। ਅਜਿਹੀ ਹਾਲਤ 'ਚ ਕੀ ਗੰਦਰਬਲ ਵਰਗੀਆਂ ਘਟਨਾਵਾਂ ਰੁਕ ਸਕਣਗੀਆਂ? ਭਾਰਤੀ ਫੌਜਾਂ ਦੇ ਫਰਜ਼ਾਂ ਦੀ ਕਹਾਣੀ ਕਸ਼ਮੀਰ ਤੋਂ ਇਲਾਵਾ ਪੁਰਬਉਤਰ ਦੇ ਰਾਜਾਂ ਤੋਂ ਵੀ ਹਮੇਸ਼ਾ ਹੀ ਆਉਂਦੀ ਰਹਿੰਦੀ ਹੈ, ਅਤੇ ਉਥੇ ਵੀ ਜਨਤਾ ਫੌਜ ਨੂੰ ਦਿੱਤੇ ਗਏ ਅਧਿਕਾਰ 'ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ' ਨੂੰ ਹਟਾਉਣ ਲਈ ਕਈ ਸਾਲਾਂ ਤੋਂ ਸੰਘਰਸ਼ ਕਰ ਰਹੀ ਹੈ। ਪਰ ਭਾਰਤ ਦੀ ਸਰਕਾਰ ਇਸ ਨੂੰ ਨਹੀਂ ਭਾਰਤ ਦੀ ਸਰਕਾਰ ਇਸ ਨੂੰ ਨਹੀਂ ਹਟਾਉਣਾ ਚਾਹੁੰਦੀ। ਤਾਂ ਉਸ ਦੇ ਪਿੱਛੇ ਇਸ ਦੀ ਕੀ ਮਨਸ਼ਾ ਦਿੱਸਦੀ ਹੈ।

ਕਸ਼ਮੀਰ 'ਚ ਪੰਜ ਲੋਕਾਂ ਦੀ ਫਰਜ਼ੀ ਮੁਕਾਬਲੇ 'ਚ ਹੱਤਿਆ ਪਿੱਛੋਂ ਉਠੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਹੀ ਅਹਿਮਦਾਬਾਦ 'ਚ ਮਾਰੇ ਗਏ ਸ਼ਹਾਬੂਦੀਨ ਸ਼ੇਖ ਦੇ ਕੇਸ ਦੀ ਜਾਂਚ ਕੀਤੀ ਗਈ ਮੰਗ ਹੋਰ ਜ਼ੋਰ ਫੜ ਗਈ। ਇਸ ਘਟਨਾ 'ਚ 26 ਨਵੰਬਰ 2005 ਨੂੰ ਗੁਜਰਾਤ ਦੇ ਏ. ਪੀ. ਐਸ. ਅਤੇ ਰਾਜਸਥਾਨ ਦੀ ਏ. ਟੀ. ਐਫ. ਨੇ

ਅਹਿਮਦਾਬਾਦ ਦੇ ਵਿਸ਼ਾਲ ਚੌਂਕ ’ਤੇ ਇਕ ਖੂੰਖਾਰ ਅਤਿਵਾਦੀ ਨੂੰ ਮਾਰਨ ਦਾ ਦਾਅਵਾ ਕੀਤਾ। ਪੁਲੀਸ ਮੁਤਾਬਕ ਇਹ ਅਤਿਵਾਦੀ ਗੁਜਰਾਤ ਦੇ ਵੱਡੇ ਨੇਤਾਵਾਂ ਨੂੰ ਮਾਰਨ ਲਈ ਆਏ ਸਨ ਪਰ ਮਾਰੇ ਗਏ ਇਨ੍ਹਾਂ ਜਾਅਲੀ ਅਤਿਵਾਦੀਆਂ ਦੇ ਪਰਿਵਾਰਾਂ ਵਾਲਿਆਂ ਦਾ ਕਹਿਣਾ ਹੈ ਕਿ ਸ਼ਹਾਬੂਦੀਨ ਆਪਣੀ ਪਤਨੀ ਨੌਕਰ ਦੇ ਨਾਲ ਮੁੰਬਈ ਤੋਂ ਹੈਦਰਾਬਾਦ ਬੱਸ ਰਾਹੀਂ ਜਾ ਰਿਹਾ ਸੀ। ਇਸ ਹਾਈਵੇ ’ਤੇ ਦੋਹਾਂ ਨੂੰ ਬੱਸ ਤੋਂ ਉਤਾਰਿਆ ਗਿਆ ਅਤੇ ਤਿੰਨ ਦਿਨਾਂ ਪਿੱਛੋਂ ਉਨ੍ਹਾਂ ਨੂੰ ਸ਼ਹਾਬੂਦੀਨ ਦੇ ਮੁਕਾਬਲੇ ’ਚ ਮਾਰੇ ਜਾਣ ਦੀ ਸੂਚਨਾ ਮਿਲੀ ਅਤੇ ਇਹ ਵੀ ਕਿ ਉਹ ਇਕ ਖੂੰਖਾਰ ਅਤਿਵਾਦੀ ਸੀ। ਉਸ ਦੀ ਪਤਨੀ ਕੌਸਰ ਉਦੋਂ ਤੋਂ ਹੀ ‘ਗਾਇਬ’ ਹੈ। ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਪੁਲੀਸ ਨੇ ਦੋਹਾਂ ਨੂੰ ਫੜ ਕੇ ਮਾਰ ਦਿੱਤਾ। ਮਾਮਲੇ ਦੀ ਸੀ. ਬੀ. ਆਈ. ਜਾਂਚ ਰਿਪੋਰਟ ਜੋ ਪਿਛੇ ਜਿਹੇ ਹੀ ਆਈ ਹੈ, ਵਿਚ ਪੂਰੇ ਕੇਸ ’ਚ ਪੁਲੀਸ ਦੇ ਬਿਆਨਾਂ ’ਚ ਆਪਾ ਵਿਰੋਧ ਦੀ ਗੱਲ ਕਹੀ ਗਈ ਹੈ। ਸ਼ਹਾਬੂਦੀਨ ਵਾਂਗੂ ਬਹੁਤ ਸਾਰੇ ਇਸ ਅਤਿਵਾਦੀ ਵਿਰੁੱਧ ਯੁੱਧ ਮੁਹਿੰਮ ਦਾ ਸ਼ਿਕਾਰ ਬਣ ਰਹੇ ਹਨ ਅਤੇ ਪੁਲੀਸ ਤੇ ਫੌਜ ਤਰੱਕੀਆਂ ਤੇ ਇਨਾਮਾਂ ਨਾਲ ਨਿਵਾਜੀ ਜਾ ਰਹੀ ਹੈ। ਇਹ ਸਭ ਬੇਹੱਦ ਖਤਰਨਾਕ ਹੈ।

ਵੱਖ-ਵੱਖ ਰਾਜਸੀ ਸਮੱਸਿਆਵਾਂ ’ਤੇ ਮਤਭੇਦਾਂ ਨੂੰ ਕਾਨੂੰਨੀ ਵਿਵਸਥਾ ਦੀ ਸਮੱਸਿਆ ਵਜੋਂ ਦੇਖੇ ਜਾਣ ਦਾ ਸਿੱਟਾ ਹੈ। ਪੁਲੀਸ ਤੇ ਫੌਜ ਨੂੰ ਵੱਧ ਤੋਂ ਵੱਧ ਅਧਿਕਾਰ ਦੇ ਕੇ ਤਾਕਤਵਰ ਬਣਾਉਣਾ। ਇਨ੍ਹਾਂ ਦੋਹਾਂ ਸੰਸਥਾਵਾਂ ਨੂੰ ਤਾਕਤਵਰ ਬਣਾਉਣ ਦਾ ਸਿੱਟਾ ਇਹ ਹੈ ਕਿ ਗੰਦਰਬਲ ਵਰਗੀਆਂ ਸਾਰੀਆਂ ਅਤਿਵਾਦ ਦੀ ਸਮੱਸਿਆ ਨੂੰ ਵਧਾ ਰਹੀਆਂ ਹਨ ਤੇ ਫਿਰ ਇਸ ਅਤਿਵਾਦ ਦੇ ਨਾਂ ’ਤੇ ਸੈਨਾ ਤੇ ਪੁਲੀਸ ਵਿਭਾਗ ਦੀ ਹਰ ਕਿਸਮ ਦੀ ਅਰਾਜਕਤਾ ਤੇ ਭ੍ਰਿਸ਼ਟਾਚਾਰ ਵਧ-ਫੱਲ ਰਹੇ ਹਨ। ਇਸੇ ਕਾਰਨ ਗੰਦਰਬਲ ਘਟਨਾ ’ਚ ਸਰਕਾਰ ਸਿਰਫ ਕੁਝ ਪੁਲੀਸੀਆਂ ਨੂੰ ਗ੍ਰਿਫਤਾਰ ਕਰਕੇ ਪੂਰੇ ਮਾਮਲੇ ਤੋਂ ਪੱਲਾ ਝਾੜ ਰਹੀ ਹੈ। ਪਰ ਅਜਿਹਾ ਉਹ ਕਰ ਨਹੀਂ ਸਕੇਗੀ। ਇਸ ਪੂਰੇ ਤਾਣੇ-ਬਾਣੇ ਨੂੰ ਹੀ ਬਦਲਣ ਦੀ ਜ਼ਰੂਰਤ ਹੈ।

# ਕੀ ਸੰਸਾਰ ਬੈਂਕ ਦੀ ਕਠਪੁਤਲੀ ਹੈ ਨੌਕਰਸ਼ਾਹੀ?

ਦੇਸ਼ ਦੀ ਨੌਕਰਸ਼ਾਹੀ ਦਾ ਵੱਡਾ ਤੇ ਪ੍ਰਭਾਵਸ਼ਾਲੀ ਹਿੱਸਾ ਰਿਵਾਲਵਿੰਗ ਡੋਰ ਯਾਨੀ ਘੁੰਮਦੇ ਦਰਵਾਜ਼ੇ ਤੋਂ ਭਾਰਤ ਸਰਕਾਰ ਤੇ ਕੌਮਾਂਤਰੀ ਵਿੱਤੀ ਸੰਸਥਾਵਾਂ ਵਿਚਕਾਰ ਵਾਰੀ-ਵਾਰੀ ਨਾਲ ਵਿਚਰਦਾ ਰਹਿੰਦਾ ਹੈ। ਭਾਰਤ 'ਚ 80 ਦੇ ਦਹਾਕੇ ਪਿੱਛੋਂ ਅਤੇ ਵਿਸ਼ੇਸ਼ ਤੌਰ 'ਤੇ 1991 ਤੋਂ ਬਾਅਦ ਇਸ ਦੀ ਭੂਮਿਕਾ ਲਗਾਤਾਰ ਵਧਦੀ ਜਾ ਰਹੀ ਹੈ। ਇਹ ਕੌਮਾਂਤਰੀ ਵਿੱਤੀ ਸੰਸਥਾਵਾਂ ਹਨ-ਸੰਸਾਰ ਬੈਂਕ, ਅੰਤਰ ਰਾਸ਼ਟਰੀ ਮੁਦਰਾਕੋਸ਼, ਏਸ਼ੀਆ ਡਿਵੈਲਪਮੈਂਟ ਬੈਂਕ। ਭਾਰਤੀ ਪ੍ਰਸ਼ਾਸਨਿਕ ਸੇਵਾ ਦੇ ਉੱਚ ਅਹੁਦਿਆਂ 'ਤੇ ਬੈਠੇ ਅਧਿਕਾਰੀ ਜਾਂ ਤਾਂ ਸਰਕਾਰ ਦੇ ਡੈਪੂਟੇਸ਼ਨ ਇਨ੍ਹਾਂ ਕੌਮਾਂਤਰੀ ਸੰਸਥਾਵਾਂ ਵਿੱਚ ਜਾਂਦੇ ਹਨ ਜਾਂ ਫਿਰ ਇਨ੍ਹਾਂ ਸੰਸਥਾਵਾਂ 'ਚ ਕੰਮ ਕਰ ਰਹੇ ਭਾਰਤੀਆਂ ਨੂੰ ਸਰਕਾਰ ਤੇ ਯੋਜਨਾ ਕਮਿਸ਼ਨ ਵਰਗੀਆਂ ਸੰਸਥਾਵਾਂ 'ਚ ਉੱਚ ਅਹੁਦਿਆਂ 'ਤੇ ਰੱਖਿਆ ਜਾਂਦਾ ਹੈ।

ਵੱਡੀ ਗਿਣਤੀ 'ਚ ਯੋਜਨਾ ਕਮਿਸ਼ਨ ਦੇ ਮੈਂਬਰ, ਵਿੱਤ ਮੰਤਰਾਲੇ ਦੇ ਸਕੱਤਰ ਤੇ ਰਿਜ਼ਰਵ ਬੈਂਕ ਦੇ ਗਵਰਨ ਸਮੇਤ ਆਰਥਿਕ ਨੀਤੀ ਨਿਰਮਾਤਾ ਵਿਸ਼ਵ ਬੈਂਕ ਜਾਂ ਆਈ. ਐਮ. ਐਫ. ਦੇ ਕਰਮਚਾਰੀ ਰਹੇ ਹਨ। ਇਹ ਸੰਸਾਰ ਬੈਂਕ, ਆਈ. ਐਮ. ਐਫ. ਤੇ ਭਾਰਤ ਸਰਕਾਰ ਵਿਚਕਾਰ ਵੱਖ-ਵੱਖ ਅਹੁਦਿਆਂ 'ਤੇ ਇੰਨੀ ਸਹਿਜਤਾ ਨਾਲ ਆਉਂਦੇ ਜਾਂਦੇ ਰਹਿੰਦੇ ਹਨ ਜਿਵੇਂ ਸਾਰੇ ਅਹੁਦੇ ਇਕ ਹੀ ਸਰਕਾਰ ਦੇ ਜ਼ਿੰਮੇ ਹੋਣ। ਮਿਸਾਲ ਵਜੋਂ ਯੋਜਨਾ ਆਯੋਗ ਉਪ ਚੇਅਰਮੈਨ ਮੌਨਟੇਕ ਸਿੰਘ ਆਹਲੂਵਾਲੀਆ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ (1997-2003) ਬਿਮਲ ਜਾਲਾਨ, ਵਿੱਤ ਮੰਤਰਾਲੇ ਦੇ ਮੁੱਖ ਆਰਥਿਕ ਸਲਾਹਕਾਰ ਸ਼ੰਕਰ ਅਚਾਰੀਆ (1993-2000) ਦੇ ਕਾਰਜਕਾਲ ਨੂੰ ਵੇਖਿਆ ਜਾ ਸਕਦਾ ਹੈ ਜੋ ਪਹਿਲਾਂ ਸੰਸਾਰ ਬੈਂਕ 'ਚ ਕੰਮ ਕਰਦੇ ਸਨ। ਮੌਨਟੇਕ ਸਿੰਘ ਨੇ 1968 ਤੋਂ 1979 ਤੱਕ ਸੰਸਾਰ ਬੈਂਕ 'ਚ ਨੌਕਰੀ ਕੀਤੀ। ਫਿਰ ਉਦੋਂ ਹੀ 1985 ਤੱਕ ਭਾਰਤ ਸਰਕਾਰ ਦੇ ਵਿੱਚ ਮੰਤਰਾਲੇ 'ਚ ਆਰਥਿਕ ਸਲਾਹਕਾਰ ਬਣੇ ਅਤੇ ਇਸ ਪਿੱਛੋਂ ਵੱਖ-ਵੱਖ ਅਹੁਦਿਆਂ 'ਤੇ 2001 ਤੱਕ ਕੰਮ ਕੀਤਾ। ਸਾਲ 2001-04 ਤੱਕ ਉਹ ਆਈ. ਐਮ. ਐਫ. 'ਚ ਚਲੇ ਗਏ ਫਿਰ ਯੋਜਨਾ ਕਮਿਸ਼ਨ 'ਚ ਵਾਪਸ ਆਏ।

ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਡਿਪਟੀ ਗਵਰਨਰ ਰਾਕੇਸ਼ ਮੋਹਨ ਨੇ ਵੀ ਸਾਲ 1976-80, 1983-86 ਤੱਕ ਸੰਸਾਰ ਬੈਂਕ 'ਚ ਕੰਮ ਕੀਤਾ ਅਤੇ ਉਦਯੋਗ ਮੰਤਰਾਲੇ 'ਚ ਆਰਥਿਕ ਸਲਾਹਕਾਰ ਵਜੋਂ ਭਾਰਤ ਸਰਕਰ ਵਿੱਚ ਵਾਪਸੀ ਕੀਤੀ। ਅਸ਼ੋਕ ਲਾਹਿੜੀ ਨੇ ਪਹਿਲਾਂ ਆਈ. ਐਮ. ਐਫ. 'ਚ ਕੰਮ ਕੀਤਾ, ਫਿਰ ਸਰਕਾਰ ਦੇ ਮੁੱਖ ਸਲਾਹਕਾਰ ਹੋ ਕੇ ਪਰਤੇ। ਇਸ ਸਾਲ ਉਨ੍ਹਾਂ ਨੂੰ ਏ. ਡੀ. ਬੀ. 'ਚ ਕਾਰਜਕਾਰੀ ਨਿਰਦੇਸ਼ਕ ਬਣਾ ਕੇ ਭੇਜਿਆ ਗਿਆ। ਇਨ੍ਹਾ ਨਿਯੁਕਤੀਆਂ ਰਾਹੀਂ ਬੈਂਕ ਆਪਣਾ ਅਸਰ ਬਣਾਉਂਦਾ ਹੈ।

ਸ੍ਰੀ ਆਹਲੂਵਾਲੀਆ ਜਦ ਵਿੱਤ ਮੰਤਰਾਲੇ (1993-98) 'ਚ ਸਨ ਤਦ ਉਨ੍ਹਾਂ ਦੇ ਦਖਲ ਨਾਲ ਹੀ ਇਰਾਨ ਦੀ ਡਾਵਾਂਡੋਲ ਬਿਜਲੀ ਯੋਜਨਾ ਨੂੰ ਕੇਂਦਰੀ ਬਿਜਲੀ ਅਥਾਰਟੀ ਦੇ ਇਤਰਾਜਾਂ ਦੇ ਬਾਵਜੂਦ ਮਨਜ਼ੂਰੀ ਦਿੱਤੀ ਗਈ ਹੈ। ਇਹ ਵੱਖਰੀ ਗੱਲ

ਹੈ ਕਿ ਬਾਅਦ 'ਚ ਅਥਾਰਟੀ ਨੇ ਬਿਜਲੀ ਦੀ ਮਹਿੰਗੀ ਕੀਮਤ ਨੂੰ ਲੈ ਕੇ ਜੋ ਸ਼ੰਕੇ ਜ਼ਾਹਰ ਕੀਤੇ ਸਨ, ਉਹ ਠੀਕ ਨਿਕਲੇ ਅਤੇ ਇਕ ਸਾਲ ਬਾਅਦ ਹੀ ਉਹ ਯੋਜਨਾ ਬੰਦ ਕਰਨੀ ਪਈ। ਇਸੇ ਤਰ੍ਹਾਂ ਰਾਕੇਸ਼ ਮੋਹਨ ਦੀ ਅਗਵਾਈ 'ਚ ਰੇਲਵੇ ਸਬੰਧੀ ਬਣੀ ਸੰਮਤੀ ਨੇ ਰੇਲ ਦੇ ਨਿੱਜੀਕਰਨ ਤੇ ਕਰਮਚਾਰੀਆਂ ਦੀ ਛਾਂਟੀ ਦਾ ਰਾਹ ਖੋਲ੍ਹ ਦਿੱਤਾ। ਵਿਸ਼ਵ ਬੈਂਕ ਜਾਂ ਆਈ. ਐਮ. ਐਫ. 'ਚ ਡੈਪੂਟੇਸ਼ਨ ਕੰਸਲਟੇਸ਼ਨ ਜਾਂ ਛੁੱਟੀ ਲੈ ਕੇ ਕੰਮ ਕਰਨ ਵਾਲੇ ਅਫਸਰਾਂ ਦੀ ਸੂਚੀ 'ਚ ਸਭ ਤੋਂ ਵੱਧ ਵਿੱਤ ਮੰਤਰਾਲੇ ਦੇ ਚੋਟੀ ਦੇ ਅਧਿਕਾਰੀ ਹੁੰਦੇ ਹਨ। ਆਖਰਕਾਰ ਇਸ ਮੰਤਰਾਲੇ ਤੋਂ ਵਿਸ਼ਵ ਬੈਂਕ ਸੰਸਥਾਵਾਂ ਨਾਲ ਜੁੜੇ ਪ੍ਰਾਜੈਕਟ ਦੀਆਂ ਫਾਈਲਾਂ ਗੁਜ਼ਰਦੀਆਂ ਹਨ। ਇਸ ਤਰ੍ਹਾਂ ਦੀਆਂ ਤਿੰਨ ਸੂਚੀਆਂ ਮਿਲੀਆਂ ਹਨ ਜਿਨ੍ਹਾਂ 'ਚ ਸਰਕਾਰ ਵੱਲੋਂ ਡੈਪੂਟੇਸ਼ਨ ਜਾਂ ਹੋਰ ਪੈਸੇ ਵਾਲੀਆਂ ਨਿਯੁਕਤੀਆਂ 'ਤੇ ਜਾਣ ਵਾਲੇ ਜਾਂ ਫਿਰ ਰਿਟਾਇਰ ਹੋਣ ਪਿੱਛੋਂ ਇਨ੍ਹਾਂ ਸੰਸਥਾਵਾਂ 'ਚ ਨੌਕਰੀ ਕਰਨ ਵਾਲੇ ਉੱਚ ਕੋਟੀ ਅਧਿਕਾਰੀਆਂ ਦੇ ਨਾਂ ਹਨ। ਇਸ ਸਮੇਂ ਵੱਖ-ਵੱਖ ਅਹੁਦਿਆਂ 'ਤੇ ਕਰੀਬ 100 ਅਧਿਕਾਰੀ ਵੱਖ-ਵੱਖ ਕੌਮਾਂਤਰੀ ਸੰਸਥਾਵਾਂ ਵਿੱਚ ਡੈਪੂਟੇਸ਼ਨ 'ਤੇ ਹਨ।

ਯੋਜਨਾ ਕਮਿਸ਼ਨ ਦੇ ਮੈਂਬਰ ਐਨ. ਕੇ. ਸਿੰਘ ਅਤੇ ਅਨਵਰੂਲ ਹੁਦਾ, ਇੰਡੀਆ ਡਿਵੈਲਪਮੈਂਟ ਫਾਊਂਡੇਸ਼ਨ ਦੇ ਚੇਅਰਮੈਨ ਵਿਜੇ ਐਲ. ਕੇਲਕਰ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਓ. ਐਸ. ਡੀ. ਰਹੇ ਅਸ਼ੋਕ ਸੈਕਿਆ (ਜੋ ਐਨ. ਡੀ. ਏ. ਸਰਕਾਰ ਜਾਣ ਪਿੱਛੋਂ ਹੁਣ ਤੱਕ ਏ. ਡੀ. ਬੀ. ਦੇ ਕਾਰਜਕਾਰੀ ਨਿਰਦੇਸ਼ਕ ਹਨ) ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਡਾ. ਯਾਗਾ ਵੇਣੂ ਗੋਪਾਲ ਰੈੱਡੀ ਵਿੱਤ ਮੰਤਰਾਲੇ 'ਚ ਸਕੱਤਰ ਆਦਰਸ਼ ਕਿਸ਼ੋਰ ਵਰਗੇ ਕਈ ਅਧਿਕਾਰੀ ਇਨ੍ਹਾ ਵਿੱਤੀ ਸੰਸਥਾਵਾਂ ਨਾਲ ਨੇੜਿਓਂ ਜੁੜੇ ਰਹੇ ਹਨ।

ਦਰਅਸਲ ਰਿਵਾਲਵਿੰਗ ਡੋਰ ਚਾਰੋਂ ਪੱਧਰਾਂ 'ਤੇ ਕੰਮ ਕਰਦਾ ਹੈ। ਪਹਿਲੇ ਪੱਧਰ 'ਤੇ ਵਿੱਤ ਸਕੱਤਰ ਤੇ ਰੈਵੇਨਿਊ ਆਰਥਿਕ ਮਾਮਲੇ ਅਤੇ ਖਰਚਾ ਵਿਭਾਗ ਦੇ ਸਕੱਤਰ, ਵਿਸ਼ਵ ਬੈਂਕ ਆਈ. ਐਮ. ਐਫ. ਅਤੇ ਏ. ਡੀ. ਬੀ. 'ਚ ਕਾਰਜਕਾਰੀ ਨਿਰਦੇਸ਼ਕ ਦੇ ਅਹੁਦੇ 'ਤੇ ਭਾਰਤ ਸਰਕਾਰ ਦੇ ਪ੍ਰਤੀਨਿਧ ਵਜੋਂ ਕੰਮ ਕਰਦੇ ਹਨ। ਕੰਸਲਟੈਂਟ ਦੀ ਤੁਲਨਾ 'ਚ ਇਨ੍ਹਾਂ ਲੋਕਾਂ ਦੀ ਬੈਂਕ 'ਚ ਜ਼ਿਆਦਾ ਪ੍ਰਭਾਵੀ ਭੂਮਿਕਾ ਹੁੰਦੀ ਹੈ। ਦੂਜੇ ਪੱਧਰ 'ਤੇ ਵਿੱਤ ਮੰਤਰਾਲੇ 'ਚ ਨਿਰਦੇਸ਼ਕ ਅਤੇ ਸੰਯੁਕਤ ਸਕੱਤਰ ਵਿਸ਼ਵ ਬੈਂਕ ਜਾਂ ਏ. ਡੀ. ਬੀ. 'ਚ ਤਕਨੀਕੀ ਸਲਾਹਕਾਰ ਤੋਂ ਲੈ ਕੇ ਨਿਰਦੇਸ਼ਕ ਤੱਕ ਬਣ ਜਾਂਦੇ ਹਨ। ਤੀਜੇ ਪੱਧਰ 'ਤੇ ਰਾਜ ਸਰਕਾਰ 'ਚ ਵਿਸ਼ਵ ਬੈਂਕ ਦੇ ਪ੍ਰਾਜੈਕਟਾਂ 'ਚ ਕੰਮ ਕਰ ਰਹੇ ਅਧਿਕਾਰੀਆਂ ਨੂੰ ਬੈਂਕ ਦੀਆਂ ਸ਼ਰਤਾਂ ਲਾਗੂ ਕਰਨ ਦੇ ਇਵਜ਼ 'ਚ ਕੰਸਲਟੈਂਟ ਬਣਾ ਕੇ ਭੇਜਿਆ ਜਾਂਦਾ ਹੈ। ਚੌਥੇ ਪੱਧਰ 'ਤੇ ਰਿਵਾਲਵਿੰਗ ਡੋਰ ਇਸ ਤਰ੍ਹਾਂ ਕੰਮ ਕਰਦਾ ਹੈ ਕਿ ਖੁਦ ਵਰਲਡ ਬੈਂਕ (ਜਾਂ ਹੋਰ ਏਜੰਸੀ) ਅੱਛੀ ਸਿੱਖਿਅਕ ਪਿਛੋਕੜ ਵਾਲੇ ਅਫਸਰਾਂ ਨੂੰ ਚੁਣਦਾ ਹੈ। ਗੱਲ ਰਿਵਾਲਵਿੰਗ ਡੋਰ ਤੱਕ ਹੀ ਸੀਮਤ ਨਹੀਂ ਅਜਿਹੇ ਸਾਰੇ ਸਮਝੌਤਿਆਂ ਤੇ ਪ੍ਰਾਜੈਕਟਾਂ ਦੇ ਮਸੌਦੇ ਵੀ ਮਿਲਦੇ ਹਨ ਜਿਨ੍ਹਾਂ 'ਚ ਐਸੀਆਂ ਸੰਸਥਾਵਾਂ ਨੇ ਸਾਫ਼ ਸ਼ਬਦਾਂ 'ਚ ਉਨ੍ਹਾਂ ਸ਼ਰਤਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੂੰ ਪੂਰਾ ਕਰਨ ਲਈ ਮੌਜੂਦਾ ਕਾਨੂੰਨ 'ਚ ਤਬਦੀਲੀ ਦੀ ਲੋੜ ਹੈ।

ਪ੍ਰਸਿੱਧ ਅਰਥ-ਸ਼ਾਸਤਰੀ ਅਰੁਣ ਕੁਮਾਰ ਅਨੁਸਾਰ ਵਿਸ਼ਵ ਬੈਂਕ ਕੋਈ ਆਮ

ਬੈਂਕ ਨਹੀਂ ਹੈ। ਇਸ ਦੇ ਸਾਰੇ ਕਰਜ਼ੇ ਆਪਣੇ ਨਾਲ ਸ਼ਰਤਾਂ ਲੈ ਕੇ ਆਉਂਦੇ ਹਨ। ਕੋਇਲਾ ਖੇਤਰ 'ਚ ਆਏ ਸਾਰੇ ਕਰਜ਼ੇ ਇਸੇ ਤਰ੍ਹਾਂ ਦੀਆਂ ਸ਼ਰਤਾਂ ਦੇ ਨਾਲ ਆਏ ਜਿਨ੍ਹਾਂ 'ਚ ਨਿਜੀਕਰਨ, ਢਾਂਚਾਗਤ ਢਲਾਈ, ਕਾਮਿਆਂ ਦੀ ਛਾਂਟੀ ਆਦਿ ਦੀ ਗੱਲ ਕਹੀ ਗਈ। ਨਤੀਜੇ ਵਜੋਂ ਸਾਲ 2002 'ਚ ਕੋਇਲਾ ਖੇਤਰ 'ਚ ਪੁਨਰਵਾਸ ਯੋਜਨਾ ਲਈ ਦਿੱਤੇ 53. 2 ਲੱਖ ਅਮਰੀਕੀ ਡਾਲਰ ਕਰਜ਼ੇ ਦੀ ਰਿਪੋਰਟ 'ਚ ਲਿਖਿਆ ਕਿ "ਭਾਰਤ 'ਚ ਬਾਜ਼ਾਰ ਮੁਖੀ ਸੁਧਾਰਾਂ ਨੂੰ ਮਦਦ ਪਹੁੰਚਾਉਣਾ ਪਹਿਲਾ ਮਕਸਦ ਸੀ ਹਾਲਾਂਕਿ ਕਾਨੂੰਨੀ ਦਸਤਾਵੇਜ਼ਾਂ 'ਚ ਇਸ ਦੀ ਲੋੜੀਂਦੀ ਪੂਰਤੀ ਨਹੀਂ ਹੋਈ।" ਇਸ 'ਚ ਕੋਇਲਾ ਖਨਨ ਰਾਸ਼ਟਰੀਕਰਨ ਕਾਨੂੰਨ 'ਚ ਸੋਧ ਕਰਵਾਉਣ ਦੀ ਗੱਲ ਵੀ ਕਹੀ ਗਈ ਤਾਂ ਕਿ ਨਿਜੀ ਕੰਪਨੀਆਂ ਨੂੰ ਕੰਮ ਕਰਨ ਦੀ ਪੂਰੀ ਛੋਟ ਮਿਲੇ। ਐਸੀਆਂ ਕਈ ਤਬਦੀਲੀਆਂ ਕੀਤੀਆਂ ਵੀ ਗਈਆਂ ਜਿਨ੍ਹਾਂ 'ਚ ਵਰਨਣਯੋਗ ਪਾਣੀ ਦੇ ਪ੍ਰਬੰਧ ਨਾਲ ਜੁੜੇ ਹੋਏ ਹਨ। ਜਾਣੇ-ਪਹਿਚਾਣੇ ਸਮਾਜਿਕ ਵਰਕਰ ਸ੍ਰੀਪਦ ਧਰਮ ਅਧਿਕਾਰੀ ਅਨੁਸਾਰ ਛਤੀਸ਼ਗੜ੍ਹ, ਮਹਾਂਰਾਸ਼ਟਰ, ਆਂਧਰਾ, ਰਾਜਸਥਾਨ, ਉਤਰਾਖੰਡ, ਉਤਰ ਪ੍ਰਦੇਸ਼, ਪੱਛਮੀ ਬੰਗਾਲ ਸਮੇਤ ਅਨੇਕਾਂ ਰਾਜਾਂ 'ਚ ਵਿਸ਼ਵ ਬੈਂਕ ਦੇ ਕਰਜ਼ਿਆਂ ਦੇ ਕਈ ਪ੍ਰਾਜੈਕਟ ਚੱਲ ਰਹੇ ਹਨ। ਇਨ੍ਹਾਂ ਲਈ ਮੌਜੂਦਾ ਕਾਨੂੰਨ 'ਚ ਸੋਧ ਕਰਨ ਤੋਂ ਲੈ ਕੇ ਨਵੇਂ ਕਾਨੂੰਨ ਵੀ ਬਣਾਏ ਗਏ ਹਨ।" ਸੰਸਾਰ ਬੈਂਕ ਚਾਹੁੰਦਾ ਹੈ ਕਿ ਬੁਨਿਆਦੀ ਸਹੂਲਤਾਂ ਨੂੰ ਬਹੁਕੌਮੀ ਸਾਮਰਾਜੀ ਕੰਪਨੀ ਹਵਾਲੇ ਕਰ ਦਿੱਤਾ ਜਾਵੇ। ਦੇਸ਼ ਦੀ ਸਰਕਾਰ ਤੇ ਨੌਕਰਸ਼ਾਹੀ ਇਨ੍ਹਾਂ ਦੇ ਇਸ਼ਾਰਿਆਂ 'ਤੇ ਚੱਲ ਰਹੀ ਜਾਪਦੀ ਹੈ।

# ਛੋਟੀ ਪੱਧਰ ਦੇ ਕਰਜ਼ੇ (ਮਾਈਕਰੋਫਾਈਨਾਂਸ)

ਸਾਲ 2005 ਨੂੰ ਯੂ. ਐਨ. ਓ. ਵੱਲੋਂ ਛੋਟੀ ਪੱਧਰ ਦੇ ਕਰਜ਼ਿਆਂ (ਮਾਈਕਰੋਫਾਈਨਾਂਸ) ਦਾ ਸਾਲ ਐਲਾਨਿਆ ਗਿਆ। ਭਾਰਤ ਵੀ ਸਾਲ 2005-2006 ਦੇ ਬਜਟ 'ਚ ਇਹ ਸਾਫ ਜ਼ਿਕਰ ਕੀਤਾ ਗਿਆ ਕਿ ਸਰਕਾਰ (ਮਾਈਕਰੋਫਾਈਨਾਂਸ) ਸੰਸਥਾਵਾਂ ਨੂੰ ਵੱਡੀ ਪੱਧਰ 'ਤੇ ਉਤਸ਼ਾਹਿਤ ਕਰਨਾ ਚਾਹੁੰਦੀ ਹੈ। (ਮਾਈਕਰੋਫਾਈਨਾਂਸ) ਕੁਝ ਨਹੀਂ ਬਲਕਿ ਪੇਂਡੂ ਗਰੀਬ ਲੋਕਾਂ ਨੂੰ ਕਰਜ਼ੇ ਦੇ ਤੰਦੂਆ ਜਾਲ 'ਚ ਫਸਾਉਣ ਦੀ ਇਕ ਹੋਰ ਨਵੀਂ ਚਾਲ ਹੈ ਤੇ ਉਹਨਾਂ ਨੂੰ ਉਹਨਾਂ ਦੇ ਦੁੱਖਾਂ ਦਰਦਾਂ ਦੇ ਦੋਸ਼ੀ ਇਹ ਪ੍ਰਬੰਧ ਨੂੰ ਚੈਲੇਂਜ ਕਰਨ ਤੋਂ ਪਰ੍ਹੇ ਰੱਖਣਾ ਹੈ। ਕੰਨਿਆ ਕੁਮਾਰੀ ਜ਼ਿਲ੍ਹੇ ਵਿਚ ਮਲਾਰ ਸੈਲਫ ਹੈਲਪ ਗਰੁੱਪ (ਐਸ ਐਚ ਜੀ ਐਸ) ਦੇ ਖਜਾਨਚੀ ਭਗਵਾਥੀ ਤੇ ਉਸ ਦੇ ਮੈਂਬਰ ਸਾਥੀ ਬੜੇ ਖੁਸ਼ ਹੋਏ ਜਦੋਂ ਉਹਨਾਂ ਨੂੰ ਸਵਰਨ ਜਯੰਤੀ ਗ੍ਰਾਮ ਸਵੈ ਰੁਜ਼ਗਾਰ ਯੋਜਨਾ (ਐਸ ਜੀ ਐਸ ਵਾਈ) ਕਰਜ਼ ਸਕੀਮ ਅਧੀਨ ਮੁੱਖ ਮੰਤਰੀ ਤੋਂ ਹਾਰਵੈਸਟਰ ਦੀਆਂ ਚਾਬੀਆਂ ਮਿਲੀਆਂ ਤੇ ਉਹਨਾਂ ਨੂੰ ਇਹ ਹਾਰਵੈਸਟ ਇਕ ਜਨਤਕ ਸਮਾਗਮ 'ਚ ਸੌਂਪੀ ਗਈ ਪਰ ਉਦੋਂ ਉਹਨਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਹਨਾਂ ਵੇਖਿਆ ਕਿ ਇਹ ਹਾਰਵੈਸਟ ਬਗੈਰ ਇੰਜਣ ਤੋਂ ਸੀ, ਜਿਸ ਦਾ ਮਤਲਬ ਇਹ ਸੀ ਕਿ ਹੋਰ 18000 ਰੁਪਿਆ ਇੰਜਣ ਖਰੀਦਣ ਲਈ ਉਹਨਾਂ ਨੂੰ ਇਹ ਪੈਸਾ ਪ੍ਰਾਈਵੇਟ ਸੂਦ ਮੰਡੀ ਤੋਂ ਵਿਆਜ 'ਤੇ ਲੈਣਾ ਪੈਣਾ ਸੀ। ਨੇੜੇ ਦੇ ਸਵੈ ਸਹਾਇਤਾ ਸਮੂਹ (ਐਸ ਐਚ ਜੀ ਐਸ) ਦੀਆਂ ਔਰਤਾਂ ਵੀ ਬਹੁਤੀਆਂ ਖੁਸ਼ ਨਹੀਂ ਸਨ ਕਿਉਂਕਿ ਉਹਨਾਂ ਨੂੰ ਐਸ ਜੀ ਐਸ ਵਾਈ ਇੰਟਰਪ੍ਰਾਈਜ਼ ਕਰਜ਼ਾ ਜੋ ਇਕ ਬੈਂਕ ਨੇ ਇਕ ਜਨਤਕ ਸਮਾਗਮ 'ਚ ਮੰਨਜ਼ੂਰ ਕੀਤਾ ਤੇ ਵਾਅਦਾ ਕੀਤਾ ਕਿ ਇਹ ਦੋ ਹਫਤਿਆਂ 'ਚ ਦਿਤਾ ਜਾਣਾ ਹੈ ਪਰ ਇਹ ਮਿਲਿਆ ਹੀ ਨਹੀਂ। ਔਰਤਾਂ ਨੂੰ ਗਾਵਾਂ ਖਰੀਦਣ ਲਈ ਜੋ ਅਡਵਾਂਸ ਦਿਤਾ। ਇਸ ਆਸ ਨਾਲ ਕਿ ਕਰਜ਼ਾ ਛੇਤੀ ਮਿਲ ਜਾਊ। ਉਹਨਾਂ ਨੂੰ ਗਾਵਾਂ ਆਪਣੇ ਕੋਲ ਰੱਖਣ ਲਈ 60% ਸਾਲਾਨਾ ਵਿਆਜ 'ਤੇ ਨਿਜੀ ਸਰੋਤ ਤੋਂ ਕਰਜ਼ਾ ਲੈਣਾ ਪਿਆ। ਇਹ ਕੋਈ ਇਕਾ ਦੁੱਕਾ ਘਟਨਾਵਾਂ ਨਹੀਂ ਸਨ। ਸਵੈ ਸਹਾਇਤਾ ਸਮੂਹਾਂ (ਐਸ ਐਚ ਜੀ ਐਸ) ਦਾ ਜਾਲ ਦੇਸ਼ ਦੇ ਸਾਰੇ ਸੂਬਿਆਂ 'ਚ ਫੈਲਿਆ ਹੋਇਆ ਹੈ। ਕਿਉਂਕਿ ਸਾਲ 2005 ਨੂੰ ਸੰਯੁਕਤ ਰਾਜ (ਸੰਸਥਾ) ਨੇ ਛੋਟੇ ਕਰਜ਼ਿਆ ਦਾ ਕੌਮਾਂਤਰੀ ਵਰ੍ਹਾ ਐਲਾਨਿਆ। ਇਸ ਲਈ ਇਸ ਅਮਲ ਤੇ ਬਹਿਸ ਕਰਨੀ ਹੋਰ ਵੀ ਲਾਜ਼ਮੀ ਹੋ ਗਈ ਹੈ। ਮਿੱਟੀ ਗਰੁੱਪ ਦੇ ਵਾਈਸ ਚੇਅਰਮੈਨ ਤੇ ਛੋਟੇ ਕਰਜ਼ਿਆਂ ਦੇ ਕੌਮਾਂਤਰੀ ਸਾਲ ਲਈ ਸਲਾਹਕਾਰਾਂ ਦੇ ਗਰੁੱਪ ਦੇ ਚੇਅਰਮੈਨ ਸਟੇਨਲੇ ਫਿਸ਼ਰ ਕਹਿੰਦੇ ਹਨ। ਅੱਜ ਛੋਟੇ ਗਾਹਕਾਂ ਜਿਨ੍ਹਾਂ ਨੂੰ ਇਹ ਸਾਲ ਸਮਰਪਿਤ ਹੈ ਤੇ ਅੱਜ ਕੱਲ੍ਹ ਸੰਸਾਰ ਦੀ ਸਟਾਕ ਮਾਰਕਿਟ ਧਿਆਨ ਕੇਂਦਰਤ ਕਰ ਰਹੀ ਹੈ।" ਸਾਲ 2005 ਤਕ ਸੰਸਾਰ ਦੇ ਸਭ ਤੋਂ ਗਰੀਬ 100 ਮਿਲੀਅਨ ਪ੍ਰੀਵਾਰਾਂ ਤੱਕ ਕਰਜ਼ੇ ਪਹੁੰਚਾਉਣ ਲਈ 1997 'ਚ ਵਸ਼ਿੰਗਟਨ ਡੀ. ਸੀ. ਵਿਖੇ ਹੋਏ ਇਕ ਛੋਟੇ ਕਰਜ਼ਿਆਂ ਸਬੰਧੀ ਸੰਮੇਲਨ 'ਚ ਇਹ ਸਹਿਮਤੀ ਹੋਈ ਸੀ। ਭਾਰਤ 'ਚ ਵੀ 2005-06 ਦੇ ਕੇਂਦਰੀ ਬਜਟ ਨੇ ਛੋਟੇ ਕਰਜ਼ਿਆਂ (ਮਾਈਕਰੋਫਾਈਨਾਂਸ) 'ਤੇ ਸਪੈਸ਼ਲ ਫੋਕਸ ਕੀਤਾ ਤੇ ਰਿਜ਼ਰਵ ਬੈਂਕ ਆਫ ਇੰਡੀਆ ਵਲੋਂ ਛੋਟੇ ਕਰਜ਼ਿਆਂ ਲਈ

ਕਾਰਪਸ ਫੰਡ 200 ਕਰੋੜ ਰੁਪਏ ਤੱਕ ਵਧਾ ਦਿੱਤਾ ਹੈ'' ਮਾਈਕਰੋਫਾਈਨਾਂਸ ਡਿਵੈਲਪਮੈਂਟ ਫੰਡ ਦਾ ਨਾਂ ਬਦਲ ਕੇ ਮਾਈਕਰੋਫਾਈਨਾਂਸ ਡਿਵੈਲਪਮੈਂਟ ਐਂਡ ਇੰਕੁਆਰੀ ਫੰਡ ਰੱਖ ਦਿੱਤਾ ਗਿਆ। ਛੋਟੇ ਕਰਜ਼ੇ ਮਾਈਕਰੋਕਰੈਡਿਟ ਨੂੰ ਇਕ ਅਜਿਹੇ ਜਾਦੂ ਵਾਂਗ ਪੇਸ਼ ਕੀਤਾ ਜਾ ਰਿਹਾ ਹੈ ਜੋ ਦੁਨੀਆਂ ਦੀ ਧਨ ਦੌਲਤ ਦੀ ਮਾਲਕੀ ਦੇ ਔਖੇ ਮਸਲੇ ਨੂੰ ਹੱਥ ਪਾਏ ਤੇ ਹੱਲ ਕੀਤੇ ਬਿਨਾਂ ਹੀ ਗਰੀਬੀ ਦੂਰ ਕਰ ਦੇਵੇਗਾ। ਛੋਟੇ ਕਰਜ਼ੇ (ਮਾਈਕਰੋਫਾਈਨਾਂਸ) ਹੈ ਕੀ? ਛੋਟੇ ਕਰਜ਼ਿਆਂ ਦੇ ਵੱਡੇ ਦੁਨੀਆਂ 'ਚੋਂ ਇਕ ਏਸ਼ੀਅਨ ਵਿਕਾਸ ਬੈਂਕ (ਏ ਡੀ ਬੀ) ਅਨੁਸਾਰ ਗਰੀਬਾਂ ਤੇ ਛੋਟੀ ਆਮਦਨ ਵਾਲੇ ਘਰਾਂ ਤੇ ਉਹਨਾਂ ਦੇ ਛੋਟੇ ਕਾਰੋਬਾਰਾਂ ਲਈ ਬੀਮਾ ਤੇ ਮਨੀ ਟਰਾਂਸਫਰ ਅਦਾਇਗੀ ਸੇਵਾਵਾਂ, ਕਰਜ਼ੇ, ਜਮ੍ਹਾਂ ਖਾਤਿਆਂ ਵਰਗੀਆਂ ਵਿਤੀ ਸੰਸਥਾਵਾਂ ਦੀ ਵਿਵਸਥਾ ਨੂੰ ਮੋਟੇ ਰੂਪ 'ਚ (ਮਾਈਕਰੋਫਾਈਨਾਂਸ) ਛੋਟੇ ਕਰਜ਼ੇ ਕਿਹਾ ਜਾਂਦਾ ਹੈ।

ਸ਼ਬਦ ਮਾਈਕਰੋਫਾਈਨਾਂਸ 1990 ਵਿਆਂ ਤੋਂ ਹੀ ਵੱਡੀ ਕਰੰਸੀ 'ਚ ਆਈ ਤੇ ਮੋਟੇ ਰੂਪ 'ਚ ਛੋਟੇ ਕਰਜ਼ਿਆਂ ਮਾਈਕਰੋਫਾਈਨਾਂਸ ਨੂੰ ਇਸ ਨੇ ਸਪਲੀਮੈਂਟ ਕੀਤਾ ਹੈ। ਮਾਈਕਰੋਫਾਈਨਾਂਸ ਇਸਟੀਚਿਊਟ (ਐਮ ਐਫ ਆਈ) ਉਹ ਵਿਤੀ ਵਿਚੋਲਾ ਹੈ ਜੋ ਪੇਂਡੂ ਆਬਾਦੀ ਨੂੰ ਕਰਜ਼ੇ ਮੁਹਈਆ ਕਰਦਾ ਹੈ। ਆਮ ਤੌਰ 'ਤੇ ਗੈਰ ਸਰਕਾਰੀ ਸੰਸਥਾਵਾਂ (ਐਨ ਜੀ ਓ ਐਸ) ਹੀ ਹੁੰਦੀਆਂ ਹਨ ਪਰ ਪੰਚਾਇਤਾਂ ਆਂਗਣਵਾੜੀਆ ਤੇ ਅਧਿਆਪਕ ਆਦਿ ਵੀ ਇਹ ਕੰਮ ਕਰਦੇ ਹਨ। ਇਹ ਐਮ ਐਫ ਆਈ ਅੱਗੇ ਸਵੈ ਸਹਾਇਤਾ ਗਰੁੱਪ (ਐਸ ਐਚ ਜੀ ਐਸ) ਬਣਾਉਂਦੀ ਹੈ। ਜਿਸ 'ਚ ਘੱਟੋ-ਘੱਟ 20 ਵਿਅਕਤੀ (ਅਕਸਰ ਔਰਤਾਂ) ਸ਼ਾਮਲ ਹੁੰਦੇ ਹਨ। ਜੋ ਹਰ ਹਫਤੇ/ਮਹੀਨੇ ਆਪਣੇ ਕੋਲੋਂ ਕੁਝ ਨਾ ਕੁਝ ਬਚਾ ਕੇ ਜਮ੍ਹਾ ਕਰਾਉਂਦੇ ਹਨ। ਫੇਰ ਐਮ ਐਫ ਆਈ ਆਪਣੇ ਕੋਲੋਂ (ਜਮ੍ਹਾ ਰਾਸ਼ੀ ਦਾ ਚਾਰ ਗੁਣਾ ਧਨ) ਰਾਸ਼ੀ ਜਮ੍ਹਾ ਕਰਦਾ ਹੈ ਅਤੇ ਸਵੈ ਸਹਾਇਤਾ ਗਰੁੱਪਾਂ ਦੇ ਮੈਂਬਰਾਂ ਨੂੰ ਉਸ 'ਚੋਂ ਕਰਜ਼ਾ ਦਿਤਾ ਜਾਂਦਾ ਹੈ। ਭਾਵੇਂ ਕਰਜ਼ੇ ਤਾਂ ਵਿਅਕਤੀਗਤ ਤੌਰ 'ਤੇ ਦਿਤੇ ਜਾਂਦੇ ਹਨ ਪਰ ਕਰਜ਼ਾ ਮੋੜਨ ਦੀ ਸਾਂਝੀ ਜ਼ਿੰਮੇਵਾਰੀ ਸਵੈ ਸਹਾਇਤਾ ਗਰੁੱਪ ਦੀ ਹੁੰਦੀ ਹੈ। ਇਸ ਬਦਲੇ ਐਮ ਐਫ ਆਈ ਨੂੰ ਵਪਾਰਕ ਬੈਂਕ ਦੁਆਰਾ ਪੈਸਾ ਦੇ ਦਿੰਦੇ ਹਨ। ਅੱਜ ਦੀ ਘੜੀ 800 ਮਾਈਕਰੋਫਾਈਨਾਂਸ ਸੰਸਥਾਵਾਂ (ਐਮ ਐਫ ਆਈ ਐਸ) ਹਨ ਜੋ ਭਾਰਤ 'ਚ ਗਰੀਬਾਂ ਨੂੰ ਉਧਾਰ ਦਿੰਦੀਆਂ ਹਨ। ਸਵੈ ਸਹਾਹਿਤਾ ਗਰੁੱਪ (ਐਸ ਐਚ ਜੀ ਐਸ) ਗੈਰ ਸਰਕਾਰੀ ਸੰਸਥਾਵਾਂ ਐਨ ਜੀ ਓ ਐਸ ਦੀ ਮਦਦ ਨਾਲ ਬਣਾਏ ਜਾਂਦੇ ਹਨ। ਸਵੈ ਸਹਾਇਤਾ ਗਰੁੱਪ-ਬੈਂਕ) ਕੜੀ ਵਾਲਾ ਮਾਡਲ ਛੋਟੇ ਕਰਜ਼ੇ ਦਾ ਰਵਾਇਤੀ ਮਾਡਲ ਹੈ। ਜੋ ਭਾਰਤ 'ਚ ਉਭਰਿਆ ਹੈ। ਅੱਜ ਦੀ ਘੜੀ ਐਸ ਐਚ ਜੀ-ਬੈਂਕ ਕੜੀ ਪ੍ਰੋਗਰਾਮਾਂ ਸਮੇਤ 3000 ਤੋਂ ਵੱਧ ਐਨ ਜੀ ਓ ਹਨ। ਇਸ ਤੋਂ ਇਲਾਵਾ ਨਾਬਰਡ ਰਾਹੀਂ ਬੈਂਕ-ਐਮ. ਐਫ. ਆਈ ਕੜੀਆਂ ਵਾਲੇ ਦੂਜੇ ਮਾਡਲ ਵੀ ਇਹਨਾਂ 'ਚ ਹੀ ਸ਼ਾਮਲ ਹਨ। ਬੈਂਕਿੰਗ ਪ੍ਰਬੰਧ ਰਾਹੀਂ ਮਾਰਚ 2005 ਦੇ ਅੰਤ ਤੱਕ 6300 ਕਰੋੜ ਰੁਪਏ ਦੇ ਕਰਜ਼ੇ ਦੀ ਸਪਲਾਈ 14 ਲੱਖ ਗਰੁੱਪਾਂ ਰਾਹੀਂ ਹੁੰਦੀ ਹੈ, ਜੋ ਸਵੈ ਸਹਾਇਤਾ ਗਰੁੱਪ-ਬੈਂਕ ਕੜੀ ਪ੍ਰੋਗਰਾਮ ਅਧੀਨ ਆਉਂਦੀ ਹੈ। ਪਰ ਐਸ ਐਚ ਜੀ 'ਚ ਇਕੋ ਜਿਹੀ ਆਮਦਨ ਵਾਲੇ 20 ਮੈਂਬਰਾਂ ਦਾ ਹੋਣਾ ਲਾਜ਼ਮੀ ਹੈ। ਇਹਨਾਂ ਦਾ ਬੁਨਿਆਦੀ ਤੇ ਮੁਢਲਾ ਅਸੂਲ ਮੈਂਬਰਾਂ ਦੀਆਂ ਬੱਚਤਾਂ ਨੂੰ ਕਰਜ਼ਿਆਂ ਦੇ ਰੂਪ 'ਚ ਵੰਡਣਾ ਹੈ ਪਰ ਐਸ ਐਚ ਜੀ ਐਸ ਨੂੰ ਬਾਹਰੋਂ ਵੀ ਫੰਡ ਆਉਂਦਾ ਹੈ।

ਸੰਸਾਰ ਬੈਂਕ ਤੇ ਏ ਡੀ ਬੀ ਮਾਈਕਰੋਫਾਈਨਾਂਸ ਸੰਸਥਾਵਾਂ (ਐਮ ਐਫ ਆਈ ਐਸ) ਦੇ ਸਭ ਤੋਂ ਵੱਡੀ ਦਾਨੀ (ਡੋਨਰਸ) ਹਨ। ਐਸ ਐਚ ਜੀ ਐਸ ਨੂੰ ਐਨ ਜੀ ੳ ਐਸ ਮੁੱਖ ਤੌਰ 'ਤੇ ਉਤਸ਼ਾਹਿਤ ਕਰਦੀਆਂ ਹਨ ਤੇ ਹਮਾਇਤ ਦਿੰਦੀਆਂ ਹਨ। ਕੁਝ ਐਨ ਜੀ ੳ ਐਸ ਤਾਂ ਐਸ ਐਚ ਜੀ ਐਸ ਲਈ ਵਿਤੀ ਵਿਚੋਲਿਆਂ (ਦਲਾਲਾਂ) ਦਾ ਕੰਮ ਕਰਦੀਆਂ ਹਨ ਜਦ ਕਿ ਕੁਝ ਐਨ ਜੀ ੳ ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਨਾਲ ਐਸ ਐਚ ਜੀ ਐਸ ਦਾ ਸਮਾਜਕ ਸਬੰਧ ਬਣਾਉਣ 'ਚ ਸੌਖ ਪੈਦਾ ਕਰਨ ਲਾਈ ਵਿਚੋਲੇ ਬਣਦੀਆਂ ਹਨ। ਆਕਸਫੇਮ ਤੇ ਐਕਸ਼ਨ ਏ ਆਈ ਡੀ ਸਿੱਧੇ ਜਾਂ ਐਨ ਜੀ ੳ ਦੀ ਮਦਦ ਨਾਲ ਸਵੈ ਸਹਾਇਤਾ ਗਰੁੱਪ (ਐਸ ਐਚ ਜੀ ਐਸ) ਬਣਾਉਂਦੇ ਹਨ। ਬਾਅਦ 'ਚ ਇਹ ਐਸ ਐਚ ਜੀ ਵੱਖ-ਵੱਖ ਵਿਦੇਸ਼ੀ ਬੈਂਕਾਂ ਨਾਲ ਜੁੜੇ ਹੁੰਦੇ ਹਨ। ਇਹਨਾਂ ਨੂੰ 'ਬੈਂਕ ਕੜੀ' ਕਿਹਾ ਜਾਂਦਾ ਹੈ। ਪਹਿਲਾਂ ਬਚਤ ਕਰੋ-ਮਾਡਲ ਹੋਣ ਕਰਕੇ ਐਸ ਐਚ ਜੀ ਬੈਂਕ ਕੜੀ ਮਾਡਲ ਅਧੀਨ ਛੋਟੇ ਕਰਜ਼ਿਆਂ ਦੇ ਅਮਲ ਨੂੰ ਵਧਾਉਣ ਲਈ ਬੈਂਕ ਦੀ ਇਹ ਕਾਰਪੋਰੇਟ ਨੀਤੀ ਹੈ। ਐਸ ਐਚ ਜੀ ਦੇ ਸ਼ੁਰੂ ਦੇ ਅਮਲ ਨੂੰ ਘੋਖੀਏ ਤਾਂ ਗੱਲ 1976 ਨਾਲ ਜੁੜਦੀ ਹੈ, ਜਦੋਂ ਬੰਗਲਾ ਦੇਸ਼ ਦੇ ਪ੍ਰੋ. ਮੁਹੰਮਦ ਯੂਨਸ ਨੇ ਬੰਗਲਾ ਦੇਸ਼ 'ਚ ਔਰਤਾਂ ਦਾ ਇਕ ਸਵੈ-ਸਹਾਇਤਾ ਸਮੂਹ ਬਣਾਇਆ। ਭਾਰਤ 'ਚ ਇਸ ਖੇਤਰ 'ਚ ਸਭ ਤੋਂ ਉਪਰਲੀ (ਪਾਈਨਰ) ਸੰਸਥਾ ਸਵੈ ਰੁਜ਼ਗਾਰ ਔਰਤ ਸੰਸਥਾ (ਸੇਵਾ) ਸੀ, ਭਾਵੇਂ 40 ਸਾਲ ਪਹਿਲਾਂ ਗੈਰ ਜਥੇਬੰਦ ਖੇਤਰ 'ਚ ਇਹ ਇਕ ਟਰੇਡ ਯੂਨੀਅਨ ਵਜੋਂ ਸ਼ੁਰੂ ਹੋਈ ਅੱਜ ਇਹੋ ਦੇਸ਼ 'ਚ ਔਰਤਾਂ ਬੈਂਕ ਚਲਾਉਣ ਦੀ ਸ਼ੇਖੀ ਮਾਰਦੀ ਹੈ। ਦੱਖਣੀ ਭਾਰਤ ਦੇ ਪੇਂਡੂ ਕਰਜ਼ਾ ਖੇਤਰ 'ਚ ਪ੍ਰਧਾਨ, ਮਰਿਆਦਾ, ਅਸਫੀ, ਮਾਲਾਰ ਆਦਿ ਜਥੇਬੰਦੀਆਂ ਦਾਖਲ ਹੋ ਚੁੱਕੀਆਂ ਹਨ। ਇਹ ਸਭ ਉਹ ਉਚੀਆਂ ਐਨ ਜੀ ੳ ਹਨ ਜਿਨ੍ਹਾਂ ਨੂੰ ਐਸ ਤੋਂ ਕੋਆਪ੍ਰੇਟਿਵ ਬੈਂਕਾਂ ਦੀ ਸਮੂਲੀਅਤ ਕਾਰਨ ਛੋਟੇ ਕਰਜ਼ਿਆਂ ਦੀ ਬਹੁਤ ਵਿਭਿੰਨਤਾ ਹੈ। ਇਹਨਾਂ ਮਾਡਲਾਂ 'ਚੋਂ ਹਰੇਕ 'ਚ ਆਪਣੇ ਮੈਂਬਰਾਂ ਵਲੋਂ ਲਗੇ ਹੋਏ ਕਰਜ਼ੇ ਦੀ ਸਾਂਝੀ ਜ਼ਿੰਮੇਵਾਰੀ ਸਾਰੇ ਗਰੁੱਪ ਦੀ ਹੁੰਦੀ ਹੈ। ਉਦਾਹਰਣ ਵਜੋਂ ਸਵੈ ਸਹਾਇਤਾ ਗਰੁੱਪ (ਐਸ ਐਚ ਜੀ) ਦੇ 15-20 ਮੈਂਬਰ ਆਪਣੀ ਬਚਤ ਨੂੰ ਗਰੁਪ ਦੇ ਅੰਦਰ ਅੰਦਰੂਨੀ ਕਰਜ਼ੇ ਵਜੋਂ ਘੁਮਾ ਸਕਦੇ ਹਨ। ਇਹ ਗਰੁੱਪ ਹਫਤਾ ਵਾਰ, ਪੰਦਰਵਾੜਾ ਜਾਂ ਮਾਸਿਕ ਮੀਟਿੰਗਾਂ ਕਰਦਾ ਹੈ ਜਿਸ 'ਚ ਮੈਂਬਰ ਆਪਣੀ ਬਚਤ ਰਾਹੀਂ ਰੈਗੂਲਰ ਪੈਸੇ ਜਮ੍ਹਾ ਕਰਾਉਂਦੇ ਹਨ ਤੇ ਮੋੜਵੇਂ ਰੂਪ 'ਚ ਕੋਈ ਵੀ ਕਰਜ਼ਾ ਲੈ ਸਕਦੇ ਹਨ। ਇਹਨਾਂ ਮੀਟਿੰਗਾਂ 'ਚ ਹਰ ਮੈਂਬਰ ਨੂੰ 10 ਜਾਂ 20 ਰੁਪਏ ਆਦਿ ਜਮ੍ਹਾ ਕਰਾਉਣੇ ਪੈਂਦੇ ਹਨ ਤੇ ਇਸ ਜਮ੍ਹਾ ਰਾਸ਼ੀ ਨੂੰ ਅੰਦਰੂਨੀ ਕਰਜ਼ਿਆਂ ਵਜੋਂ ਵਰਤਿਆ ਜਾਂਦੈ। ਬੱਚਤਾਂ ਤੇ ਅਦਾਇਗੀਆਂ ਦੇ ਅਮਲ ਨੂੰ ਤਸੱਲੀਬਖਸ਼ ਵੇਖ ਕੇ ਬੈਂਕ ਗਰੁੱਪਾਂ ਨੂੰ ਕਰਜ਼ੇ ਦਿੰਦਾ ਹੈ। ਨਾਬਰਡ (ਪੇਂਡੂ ਵਿਕਾਸ ਤੇ ਜ਼ਰਈ ਖੇਤਰ ਲਈ ਕੌਮੀ ਬੈਂਕ) ਜੋ 1981 'ਚ ਹੋਂਦ 'ਚ ਆਇਆ, ਬੈਂਕ ਨੂੰ ਦੁਆਰਾ ਫਾਇਨਾਂਸ ਕਰਦਾ ਹੈ ਜੋ ਅੱਗੇ ਐਸ ਐਚ ਬੀ ਐਸ ਨੂੰ ਕਰਜ਼ਾ ਮੁਹੱਈਆ ਕਰਦੈ। 1990 ਵਿਆਂ ਦੇ ਕੁਝ ਸਵੈ-ਸਹਾਇਤਾ ਗਰੁੱਪਾਂ (ਐਸ ਐਚ ਜੀ ਐਸ) ਨੂੰ ਇਸ ਲੜੀ 'ਚ ਪ੍ਰੋਅ ਕੇ ਨਾਬਰਡ ਦੇ ਐਸ ਐਚ ਜੀ ਬੈਂਕ ਕੜੀ ਪ੍ਰੋਗਰਾਮ ਨੂੰ ਸ਼ੁਰੂ ਕਰਨ ਵਿਚ ਛੋਟੇ ਕਰਜ਼ੇ (ਮਾਈਕਰੋਫਾਈਨਾਂਸ) ਦਾ ਲੰਮਾ ਸਫਰ ਹੈ। ਜੋ ਇਸ ਨੇ ਤਹਿ ਕੀਤਾ ਹੈ। ਛੋਟੇ ਕਰਜ਼ਿਆਂ ਦੀਆ ਸਹੂਲਤਾਂ ਹੁਣ 28 ਲੱਖ ਗਰੀਬ ਘਰਾਂ ਤੱਕ ਪੁੱਜ ਰਹੀਆਂ ਹਨ ਜਿਸ ਨਾਲ ਐਮ ਐਫ ਆਈ ਦੇ ਗਾਹਕਾਂ ਦੇ 64%

ਦੀ ਐਸ ਐਚ ਜੀ ਮਾਡਲ ਰਾਹੀਂ ਜ਼ਿੰਮੇਵਾਰੀ ਫਿਕਸ ਹੁੰਦੀ ਹੈ। ਹੁਣ ਇਹ ਸੇਵਾਵਾਂ ਖਿਸਕ ਕੇ ਭਾਰਤ ਦੇ ਦੱਖਣ ਪੱਛਮੀ ਹਿੱਸਿਆਂ 'ਚ ਕਰੀਬ 90% ਹੋ ਗਈਆ ਹਨ। ਕਿਉਂਕਿ ਸਵੈ ਸਹਾਇਤਾ ਗਰੁੱਪਾਂ ਦੀਆਂ ਗਾਹਕਾਂ 'ਚੋਂ 93% ਔਰਤਾਂ ਹਨ, ਇਸ ਲਈ ਇਹ ਔਰਤਾਂ ਦੇ 'ਅਧਿਕਾਰਾਂ ਦੀ ਗੱਲ' ਕਰਦੇ ਹਨ। ਇਹਨਾਂ ਸਕੀਮਾਂ ਦਾ ਵੱਡਾ ਉਦੇਸ਼ ਪਿੰਡਾਂ 'ਚ ਮਾਓਵਾਦੀਆਂ ਦੀ ਵਧ ਰਹੀ ਤਾਕਤ ਤੇ ਸਥਾਪਤੀ ਨੂੰ ਲੀਹੋਂ ਲਾਹੁਣ ਲਈ ਦੱਬੇ ਕੁਚਲੇ ਲੋਕਾਂ ਨੂੰ ਉਹਨਾਂ ਤੋਂ ਦੂਰ ਕਰਕੇ ਸਵੈ ਸਹਾਇਤਾ ਗਰੁੱਪਾਂ ਦੀ ਸ਼ਕਤੀ ਨਾਲ ਜੋੜਨਾ ਹੈ। ਇਸ ਮਕਸਦ ਲਈ ਸਾਮਰਾਜੀਆਂ ਤੇ ਉਹਨਾਂ ਦੀਆਂ ਸੰਸਥਾਵਾਂ ਜਿਵੇਂ ਸੰਸਾਰ ਬੈਂਕ ਏ. ਡੀ. ਬੀ. ਆਦਿ ਵੱਲੋਂ ਬੇਥਾਹ ਰਾਹੀਂ ਖਰਚੀ ਜਾ ਰਹੀ ਹੈ। ਸਾਰੇ ਕਰਜ਼ਿਆਂ ਨੂੰ ਦੁਬਾਰਾ ਦੇਣ ਦੀ ਦਰ 87% ਤੋਂ 97% ਤੱਕ ਚੱਲ ਰਹੀ ਹੈ। ਮਾਰਚ 2004 ਤਕ ਨਾਬਾਰਡ ਨੇ 11 ਲੱਖ ਐਸ ਐਚ ਜੀ ਐਸ ਨੂੰ 1,192 ਕਰੋੜ ਰੁਪਏ ਦਾ ਕਰਜ਼ਾ ਦਿਤਾ ਹੈ। ਆਪਣੇ ਇਸ ਸਾਲ ਦੇ ਬਜਟ ਭਾਸ਼ਣ 'ਚ ਵਿਤ ਮੰਤਰੀ ਨੇ ਨਾਬਾਰਡ ਤੇ ਐਸ ਆਈ ਡੀ ਆਈ ਨੂੰ ਐਸ ਐਚ ਜੀ ਐਸ ਦੀ ਗਿਣਤੀ ਹੋਰ ਵਧਾਉਣ ਲਈ ਕਿਹਾ ਹੈ। ਸਰਕਾਰ ਵੱਲੋਂ ਪ੍ਰਮਾਣਿਤ ਗਰੀਬੀ ਰੇਖਾ ਤੋਂ ਹੇਠਾਂ ਵਾਲੇ (ਬੀ ਪੀ ਐਲ) ਪੇਂਡੂ ਗਰੀਬਾ ਨੂੰ ਕਰਜ਼ਾ ਕਮ ਸਬਸਿਡੀ ਦੇਣ ਦਾ ਦਾਅਵਾ ਕਰਨ ਲਈ ਸਵੈ ਰੁਜ਼ਗਾਰ ਪ੍ਰਮੋਸ਼ਨ ਸਕੀਮ ਤੇ ਸਵਰਨ ਜੈਅੰਤੀ ਸਵੈ ਰੁਜ਼ਗਾਰ ਯੋਜਨਾ (ਐਸ ਜੀ ਐਸ ਵਾਈ) ਰਾਹੀਂ ਸਰਕਾਰ ਦੇ ਗਰੀਬੀ ਹਟਾਓ ਪ੍ਰੋਗਰਾਮਾਂ 'ਚ ਹੁਣ ਸਵੈ ਸਹਾਇਤਾ ਗਰੁੱਪਾਂ ਨੂੰ ਬਕਾਇਦਾ ਸੰਸਥਾਗਤ ਕਰ ਦਿੱਤਾ ਗਿਆ ਹੈ। 1999-2000 'ਚ ਆਈ ਆਰ ਡੀ ਪੀ (ਇੰਟੈਗਰੇਟਿਡ ਰੂਰਲ ਡਿਵੈਲਪਮੈਂਟ ਪ੍ਰੋਗਰਾਮ) ਨੂੰ ਬੰਦ ਕਰਕੇ ਐਸ ਜੀ ਐਸ ਵਾਈ ਚਾਲੂ ਕੀਤਾ ਗਿਆ ਸੀ। ਪੇਂਡੂ ਕਰਜ਼ਿਆਂ ਦੇ ਸਿਸਟਮ ਦੀ ਰੀੜ ਦੀ ਹੱਡੀ ਹਨ ਗੈਰ ਸਰਕਾਰੀ ਸੰਸਥਾਵਾਂ (ਐਨ ਜੀ ਓ ਐਸ)। ਅਨੇਕਾਂ ਥਾਵਾਂ 'ਤੇ ਉਨ੍ਹਾਂ ਨੂੰ ਸਵੈ ਸਹਾਇਤਾ ਗਰੁਪ (ਐਸ ਜੀ ਐਸ) ਬਣਾਉਣ ਲਈ ਉਤਸ਼ਾਹਿਤ ਤੇ ਪੈਸੇ ਦੇਣ ਵਾਲੇ ਬੈਂਕ ਵਜੋਂ ਨਾਮਜ਼ਦ ਤੇ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹਨਾਂ ਨੂੰ ਇਸ ਬਦਲੇ ਦਾਣਾ-ਪਾਣੀ ਵੀ ਮਿਲਦਾ ਹੈ। ਇਹ ਸਵੈ ਸਹਾਇਤਾ ਗਰੁੱਪਾਂ ਦਾ ਬੈਂਕ ਨਾਲ ਰਾਬਤਾ ਬਣਾਉਣ ਬਦਲੇ ਇਕ ਐਨ ਜੀ ਓ ਨੂੰ 2000 ਰੁਪਏ ਮੁਫਤੋਂ ਮੁਫਤੀ ਮਿਲ ਜਾਂਦੇ ਹਨ ਕਿਉਂਕਿ ਐਨ ਜੀ ਓ ਹੀ ਹਨ। ਔਰਤਾਂ ਦੇ ਸਵੈ ਸਹਾਇਤਾ ਸਮੂਹ (ਐਸ ਐਚ ਜੀ ਐਸ) ਤੇ ਛੋਟੇ ਕਰਜ਼ੇ ਦੇਣ ਵਾਲੀਆਂ ਸੰਸਥਾਵਾਂ ਨੂੰ ਔਰਤਾਂ ਦੀ ਬੰਦ ਖਲਾਸੀ ਤੇ ਗਰੀਬੀ ਰੇਖਾ ਤੋਂ ਉਪਰ ਉਠਣ ਦੇ ਇਕੋ ਇਕ ਰਾਹ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਅਜਿਹੇ ਲੱਖਾਂ ਸਮੂਹ ਬਣਾ ਕੇ ਸਰਕਾਰ ਵੀ ਧੂਮ-ਧੱੜਕੇ ਨਾਲ ਅਜਿਹਾ ਪ੍ਰਚਾਰ ਅਖਬਾਰਾਂ ਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਕਰ ਰਹੀ ਹੈ। ਮਾਈਕਰੋ-ਕ੍ਰੈਡਿਟ (ਛੋਟੇ ਕਰਜ਼ਿਆਂ) ਦੀ ਸੰਸਾਰ ਪੱਧਰ 'ਤੇ ਵੰਡ ਅਨੁਸਾਰ ਸਾਲ 1997 ਦੇ ਅੰਤ ਤਕ ਅਜਿਹੇ 618 ਪ੍ਰੋਗਰਾਮਾਂ ਰਾਹੀਂ 135 ਲੱਖ ਗਾਹਕ ਬਣਾਏ ਗਏ। ਜਦ ਕਿ ਸੰਨ 2000 ਦੇ ਅੰਤ ਤਕ 1567 ਪ੍ਰੋਗਰਾਮਾਂ ਰਾਹੀਂ 307 ਦੇ ਲੱਖ ਗਾਹਕ ਬਣੇ। ਜਿਵੇਂ ਕਹਿਣਾ ਹੋਵੇ ਕਿ ਮਾਈਕਰੋ ਫਾਇਨਾਂਸ ਨਵੀਂ ਸੂਦਖੋਰੀ ਹੈ ਅਤੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਲਾਂਭੇ ਹੋ ਰਹੀ ਹੈ। ਐਮ ਐਫ ਆਈ ਤੋਂ ਜੋ ਕਰਜ਼ਾ ਸਵੈ ਸਹਾਇਤਾ ਗਰੁੱਪਾਂ ਨੂੰ ਮਿਲਦਾ ਹੈ, ਉਸ ਤੇ ਵਿਆਜ 24% ਜਾਂ 36% (ਇਥੋਂ ਤਕ ਕਿ 48% ਲਿਆ ਜਾ ਸਕਦਾ ਹੈ। ਆਮ ਰਵਾਇਤ 3% ਮਾਸਕ ਦੀ ਹੈ, ਜੋ ਆਮ ਬੈਂਕ ਵਿਆਜ ਤੋਂ ਕਿਤੇ

ਵੱਧ ਬਣਦੀ ਹੈ। ਕੁਝ ਕੇਸਾਂ 'ਚ ਐਨ ਜੀ ਓ ਐਸ ਆਪਣੇ ਖਰਚੇ (ਸੇਵਾਵਾਂ ਦੇਣ ਲਈ) ਵੀ ਕੱਢਣ ਲਈ ਵਿਆਜ ਦਰਾਂ ਹੋਰ ਵਧਾ ਲੈਂਦੀ ਹੈ। ਭਾਰਤੀ ਰਿਜ਼ਰਵ ਬੈਂਕ ਨੇ ਆਪਣੀ ਡਰਾਫਟ ਰਿਪੋਰਟ 'ਚ ਕਿਹਾ ਹੈ ਕਿ ਐਮ ਐਫ ਆਈ ਐਸ ਵਿਆਜ ਦਰਾਂ ਤਹਿ ਕਰ ਸਕਦੀ ਹੈ। ਇਹ ਕਰਜ਼ੇ ਗਰੀਬ ਰੇਖਾ ਤੋਂ ਹੇਠਾਂ ਦੇ ਪ੍ਰੀਵਾਰਾਂ ਲਈ ਹਨ, ਜਿਨ੍ਹਾਂ ਤੋਂ ਕਿਸਾਨਾਂ ਕਰੈਡਿਟ ਕਾਰਡਾਂ ਜਾਂ ਫਸਲੀ ਕਰਜ਼ਿਆਂ ਰਾਹੀਂ ਪਹਿਲਾਂ ਹੀ ਦਿਤੇ ਜਾਂਦੇ ਕਰਜ਼ਿਆਂ 'ਤੇ 8 ਤੋਂ 12% ਵਿਆਜ ਸਾਲਾਨਾ ਉਗਾਇਆ ਜਾਂਦਾ ਹੈ। ਇਥੇ ਗਰੀਬਾਂ ਤੋਂ ਆਮ ਲੋਕਾਂ ਨੂੰ ਦਿੰਤੇ ਜਾਂਦੇ ਕਾਰ ਤੇ ਮਕਾਨ ਕਰਜ਼ਿਆਂ ਦੀ 7% ਦਰ ਨਾਲੋਂ ਵੀ ਵੱਧ ਵਿਆਜ ਲਿਆ ਜਾ ਰਿਹਾ ਹੈ। ਦੂਜੇ ਸ਼ਬਦਾਂ 'ਚ ਸਵੈ ਸਹਾਇਤਾ ਸਮੂਹਾਂ ਰਾਹੀਂ ਲਿਆ ਕਰਜ਼ਾ ਬੈਂਕ ਕਰਜ਼ਿਆਂ ਤੋਂ ਵੀ ਮਹਿੰਗਾ ਪੈਂਦਾ ਹੈ। ਪਹਿਲਾਂ ਕਰਜ਼ੇ ਕੋਆਪ੍ਰੇਟਿਵ ਸੁਸਾਇਟੀਆਂ ਰਾਹੀਂ ਸਸਤੇ ਮਿਲਦੇ ਸਨ ਫੇਰ 1969 'ਚ ਬੈਂਕਾਂ ਦਾ ਕੌਮੀ ਕਰਨ ਹੋ ਗਿਆ ਤੇ ਬਾਅਦ 'ਚ ਪੇਂਡੂ ਲੋਕ ਬਣਾਏ ਗਏ। ਫਿਰ ਵੀ ਵਪਾਰਕ ਬੈਂਕਾਂ ਨੇ ਅਜੇ 18.4% ਆਬਦੀ ਹੀ ਆਪਣੇ ਦਾਇਰੇ 'ਚ ਲਈ ਹੈ। ਪਰ 1990 ਵਿਆਂ ਤੋਂ ਲੈ ਕੇ ਉਦਾਰੀਕਰਨ ਦੀ ਵਜਾਹ ਕਰਕੇ ਬੈਂਕ ਦੇ ਮੁਨਾਫਿਆਂ ਤੇ ਧਿਆਨ ਵੱਧ ਕੇਂਦਰਿਤ ਕੀਤਾ ਜਾ ਰਿਹਾ ਹੈ। ਹੁਣ ਤਾਂ ਬੈਂਕ ਖੇਤਰ ਨੇ ਛੋਟੇ ਖਾਤਿਆਂ 'ਚ ਦਿਲਚਸਪੀ ਲੈਣੀ ਹੀ ਛੱਡ ਦਿੱਤੀ ਹੈ। 25000 ਰੁਪਏ ਦੀ ਹੱਦ ਤੋਂ ਘੱਟ ਵਾਲੇ ਕਰਜ਼ੇ ਲੈਣ ਵਾਲਿਆਂ ਦੀ ਗਿਣਤੀ ਜੋ 1991'ਚ 5.88 ਕਰੋੜ ਸੀ ਹੁਣ 2003 'ਚ ਘੱਟ ਕੇ 3.69 ਕਰੋੜ ਰਹਿ ਗਈ ਹੈ। 10 ਸਾਲਾਂ 'ਚ ਛੋਟੇ ਕਰਜ਼ਿਆਂ ਵਾਲੇ ਖਾਤਿਆਂ 'ਚ 41% ਕਮੀ ਆਈ ਹੈ। ਇਹ ਸਰਕਾਰ ਗਰੀਬਾਂ ਨੂੰ ਸਸਤੇ ਕਰਜ਼ੇ ਮੁਹਈਆ ਕਰਾਉਣ ਦੀ ਆਪਣੀ ਜ਼ਿੰਮੇਵਾਰੀ ਤੋਂ ਪਿਛੇ ਹਟ ਰਹੀ ਹੈ ਤੇ ਇਸ ਦਾ ਬਦਲ ਮਾਈਕਰੋਫਾਈਨਾਂਸ ਸਰਵਿਸੇਜ਼ ਛੋਟੇ ਕਰਜ਼ਿਆਂ ਦੀਆਂ ਸੇਵਾਵਾਂ ਪੇਸ਼ ਕੀਤਾ ਜਾ ਰਿਹਾ ਹੈ। ਜੇ ਇਹ ਸੇਵਾਵਾਂ ਹੀ ਸਾਰੇ ਗਰੀਬਾਂ ਦੀਆਂ ਲੋੜਾਂ ਪੂਰੀਆਂ ਕਰਦੀਆਂ ਹੋਣ ਤਾਂ ਫਿਰ ਕਰਜ਼ੇ ਕਾਰਨ ਖੁਦਕੁਸ਼ੀਆਂ ਕਿਉਂ ਹੋਣ? ਆਂਧਰਾ ਪ੍ਰਦੇਸ਼ 'ਚ ਛੋਟੇ ਕਰਜ਼ਿਆਂ ਦੀ ਕਹਾਣੀ ਦਾ ਅਰਥ ਕੀ ਹੈ? ਜੇ ਉਥੇ ਕਰਜ਼ਿਆਂ ਨਾਲ ਜੁੜੀਆਂ ਖੁਦਕੁਸ਼ੀਆਂ 'ਤੇ ਜੋ ਰਿਪੋਰਟ ਤਿਆਰ ਹੋਈ ਹੈ। ਉਹਤਾਂ ਆਪ ਕਹਿੰਦੀ ਹੈ ਕਿ ਕਾਰਪੋਰੈਟ ਸੰਸਾਰੀਕਰਨ ਤੇ ਪੇਂਡੂ ਕਰਜ਼ੇ ਇਨ੍ਹਾਂ ਖੁਦਕਸ਼ੀਆਂ ਦਾ ਮੁਖ ਕਾਰਨ ਹਨ। ਖੁਦਕਸ਼ੀਆਂ ਇਕੋ ਆਮਦਨ ਸਮੂਹ ਜਾਂ ਕਿਸਾਨਾਂ ਤਕ ਸੀਮਤ ਨਹੀਂ ਹਨ। ਕੁਲ ਕਰਜ਼ਿਆਂ ਦਾ 50% ਪ੍ਰਾਈਵੇਟ ਹਨ। ਇਹ ਗੱਲ ਤਾਂ ਸਪਸ਼ਟ ਹੈ ਕਿ ਮਾਈਕਰੋਫਾਈਨਾਂਸ (ਛੋਟੇ ਕਰਜ਼ੇ) ਨੇ ਸੂਦਖੋਰਾਂ ਦੀਆਂ ਸ਼ਰਤਾਂ ਤੇ ਉਹਨਾਂ ਦੇ ਵਪਾਰ ਨੂੰ ਘਟਾਇਆ ਨਹੀਂ ਹੈ ਬਲਕਿ ਵਧਾਇਆ ਹੈ। ਇਹ ਵੀ ਸੱਚ ਹੈ ਕਿ ਪੇਂਡੂ ਕਰਜ਼ਿਆਂ ਦਾ ਵੱਡਾ ਹਿੱਸਾ ਖਪਤਕਾਰੀ ਮਕਸਦਾਂ ਲਈ ਵਰਤਿਆਂ ਜਾਂਦਾ ਹੈ ਨਾਂ ਕਿ ਆਮਦਨ ਪੈਦਾ ਕਰਨ ਵਾਲੀਆਂ ਸਰਗਰਮੀਆਂ ਲਈ। ਅਸਲੀਅਤ ਤਾਂ ਇਹ ਹੈ ਕਿ ਐਸ ਐਚ ਜੀ ਐਸ ਤੋਂ ਲਏ ਕਰਜ਼ੇ ਨੂੰ ਮੋੜਨ ਲਈ ਗਰੀਬ ਲੋਕਾਂ ਨੂੰ ਹੋਰਨਾਂ ਸਰੋਤਾਂ ਤੋਂ ਕਰਜ਼ਾ ਲੈਣਾ ਪੈਂਦਾ ਹੈ ਸਵੈ ਸਹਾਇਤਾ ਸਮੂਹਾਂ ਦੀਆਂ ਫੀਲਡ ਰਿਪੋਰਟਾਂ ਉਹਨਾਂ ਢੰਗ ਤਰੀਕਿਆਂ ਨੂੰ ਦਰਸਾਉਂਦੀਆਂ ਹਨ ਜੋ ਕਰਜ਼ੇ ਮੋੜਨ ਲਈ ਔਰਤ ਨੂੰ ਅਪਣਾਉਣੇ ਪੈਂਦੇ ਹਨ – ਆਪਦੇ ਜੇਵਰ ਗਹਿਣੇ ਰੱਖਣੇ, ਰੋਟੀ ਘੱਟ ਖਾਣੀ ਨਿਜੀ ਚੀਜ਼ਾਂ ਵੇਚਣੀਆਂ ਤੇ ਬਾਹਰਲੇ ਨਿਜੀ ਸੂਦ ਖੋਰਾਂ ਤੋਂ ਪੈਸੇ ਉਧਾਰ ਲੈਣੇ ਆਦਿ। ਹੈਰਾਨ ਹੋਣ ਦੀ ਲੋੜ ਨਹੀਂ ਉਹ ਤਾਂ ਖੁਦ ਹੀ ਕਹਿੰਦੇ ਹਨ ਕਿ

“ਮਾਈਕਰੋਫਾਇਨਾਂਸ ’ਚ ਕਰਜ਼ਾ ਮੋੜਨ ਦੀ ਯੋਗਤਾ ਵੱਧ ਜ਼ਰੂਰੀ ਹੈ ਨਾਂ ਕਿ ਲੋੜਵੰਦ ਗਰੀਬਾਂ ਦੀ ਜ਼ਰੂਰਤ ਅਸਲ ’ਚ ਇਕੋਂ ਵੇਲੇ ਦੋ ਵਰਤਾਰੇ ਵਾਪਰੇ ਹਨ। ਸਰਕਾਰ ਨੇ ਪੇਂਡੂ ਕਰਜ਼ਿਆਂ ਤੋਂ ਹੱਥ ਪਿਛੇ ਖਿੱਚ ਲਿਆ ਹੈ ਤੇ ਮਾਈਕਰੋਫਾਈਨਾਂਸ ਨੇ ਘੁਸਪੈਠ ਵਧਾ ਲਈ ਹੈ। ਜਿਸ ਨਾਲ ਗਰੀਬ ਲੋਕ ਹੁਣ ਮਾਈਕਰੋਫਾਇਨਾਂਸ (ਸੂਦਖੋਰੀ ਦੀ ਨਵੀਂ ਕਿਸਮ) ਦੇ ਤੰਦੂਆਂ ਜਾਲ ’ਚ ਫਸ ਰਹੇ ਹਨ। ਅਸਲ ’ਚ ਮਾਈਕਰੋਫਾਇਨਾਂਸ ਦਾ ਵਪਾਰਕ ਕਾਰੋਬਾਰ ਸਥਾਨਕ ਸੂਦਖੋਰਾਂ ਦੇ ਹੱਥਾਂ ’ਚੋਂ ਸ਼ਿਫਟ ਹੋ ਕੇ ਉਹਨਾਂ ਲੋਕਾਂ ਦੇ ਹੱਥਾਂ ’ਚ ਜਾ ਰਿਹਾ ਹੈ ਜੋ ਸਮਾਜ ਸੇਵੀ ਹੋਣ ਦਾ ਬੁਰਕਾ ਪਾ ਕੇ ਰੱਖਦੇ ਹਨ” ਕਰਨਾਟਕਾ ਦੇ ਇਕ ਮਾਈਕਰੋਫਾਇਨਾਂਸ ਕਰੈਡਿਟ-ਵਰਕਰ ਦਾ ਇਹ ਕਹਿਣਾ ਹੈ, ਜੇ ਔਰਤਾਂ ਆਪਣੀ ਬਚਤ ਨੂੰ ਮੰਡੀ ਬਜ਼ਾਰ ’ਚ ਉਧਾਰ ਜਾਂ ਵਿਆਜ ਤੇ ਦੇ ਦੇਣ ਤਾਂ ਉਹ ਸਮੂਹ ਸਹਾਇਤਾ ਸਮੂਹ ਨਾਲੋਂ ਵੱਧ ਕਮਾਈ ਕਰ ਸਕਦੀਆਂ ਹਨ। ਐਮ ਐਫ ਆਈ ਤੇ ਐਨ ਜੀ ਓ ਜੋ ਨਾਬਰਡ ਤੇ ਬੈਂਕਾਂ ਤੋਂ ਪੈਸਾ ਘੱਟ ਵਿਆਜ ਦਰਾਂ ’ਤੇ ਹਾਸਲ ਕਰਦੀਆਂ ਹਨ। ਹੁਣ ਵਪਾਰਕ ਸੰਸਥਾਵਾਂ ਬਣ ਚੁੱਕੀਆਂ ਹਨ, ਜੋ ਉਹਨਾਂ ਗਰੀਬਾਂ ਦੀ ਕੀਮਤ ’ਤੇ ਮੁਨਾਫਾ ਕਮਾਉਂਦੀਆਂ ਹਨ ਜਿਹੜੇ ਉਹਨਾਂ ਨੂੰ 24% ਤੋਂ ਵੀ ਵੱਧ ਵਿਆਜ ਦਰ ਅਦਾ ਕਰਦੇ ਹਨ। ਮਾਈਕਰੋਫਾਇਨਾਂਸ ਸਿਸਟਮ ਅਸਲ ’ਚ ਪੇਂਡੂ ਬਚਤਾਂ ਇਕੱਠੀਆਂ ਕਰਨ ਦਾ ਢੰਗ ਬਣਦਾ ਜਾ ਰਿਹਾ ਹੈ। ਉਤਰ ਪ੍ਰਦੇਸ਼ ’ਚ ਤਾਂ ਇਹਨਾਂ ਬਚਤਾਂ ਰਾਹੀਂ ਜਮ੍ਹਾ ਹੋਏ ਹਰੇਕ 100 ਰੁਪਏ ’ਚੋਂ ਸਿਰਫ 33 ਰੁਪਏ ਹੀ ਕਰਜ਼ੇ ਦੇ ਰੂਪ ’ਚ ਲੋਕਾਂ ਨੂੰ ਵਾਪਸ ਵਰਤਣ ਲਈ ਮਿਲਦੇ ਹਨ। ਮਾਈਕਰੋਫਾਇਨਾਂਸ ਦਾ ਸਵੈ ਸਹਾਇਤਾ ਸਮੂਹਾਂ ਦਾ ਮਾਡਲ ਉਹਨਾਂ ਦੀਆਂ ਮੁਸ਼ਕਲਾਂ ਨਾਲ ਇਕੱਠੀਆਂ ਕੀਤੀਆਂ ਥੋੜੀਆ ਬਹੁਤੀਆਂ ਬਚਤਾਂ ਨੂੰ ਹੜੱਪਦਾ ਹੈ ਨਾ ਕਿ ਵਾਪਸ ਉਹਨਾਂ ਨੂੰ ਪੈਸੇ ਦਿੰਦਾ ਹੈ।

ਕਾਰਪੋਰੇਟ ਵਿਆਜ : ਵੱਡਾ ਕਾਰਪੋਰੇਟ ਖਤਰ ਤੇ ਬਹੁਕੌਮੀ ਕੰਪਨੀਆਂ ਮਾਈਕਰੋਫਾਇਨਾਂਸ ’ਚ ਆਪਣੀ ਦਿਲਚਸਪੀ ਵਧਾ ਰਹੀਆਂ ਹਨ। ਸਵੈ ਸਹਾਇਤਾ ਸਮੂਹਾਂ (ਐਸ ਐਚ ਜੀ ਐਸ) ਸਿੱਧਾ ਜਾਂ ਭਾਗੀ ਦਾਰੀ ਰਾਹੀਂ ਪੈਸਾ ਦੇਣ ਤੇ ਐਨ ਜੀ ਓ ਐਸ ਦੀ ਮਦਦ ਕਰਨ ਵਾਲੇ ਕਾਰਪੋਰੈਟਾਂ ਦੀ ਲਿਸਟ ’ਚ ਆਈ ਸੀ ਆਈ ਸੀ ਆਈ ਬੈਂਕ, ਸਿਟੀ ਬੈਂਕ, ਏ. ਬੀ. ਐਨ. ਐਗੋ ਹਿੰਦੁਸਤਾਨ ਲੀਵਰ ਲਿਮਟਿਡ (ਸਟ੍ਰੀਟ ਸ਼ਕਤੀ ਪ੍ਰਾਜੈਕਟ) ਆਈ ਟੀ ਸੀ (ਏ-ਚੌਪਾਲ), ਮਹਿੰਦਰਾ ਐਂਡ ਮਹਿੰਦਰਾ (ਸੁਭਾ ਲਾਭ) ਟਾਟਾ ਗਰੁਪ (ਕਿਸਾਨ ਸੰਸਾਰ) ਐਚ ਡੀ ਐਫ ਸੀ ਮੈਕਸ ਨਿਊ ਲਾਈਫ ਇੰਸ਼ੋਰੈਂਸ ਆਦਿ। ਅਸਲ ’ਚ ਆਈ ਸੀ ਆਈ ਸੀ ਆਈ ਤਾਮਿਲਨਾਡੂ ’ਚ ਸਵੈ ਸਹਾਇਤਾ ਸਮੂਹਾਂ ਦਾ ਇਕ ਨੈਟਵਰਕ ਸਥਾਪਤ ਕਰਕੇ ਜਾਂ ਸਥਾਨਕ ਗੈਰ ਸਰਕਾਰੀ ਸੰਸਥਾਵਾਂ (ਐਨ ਜੀ ਓ ਐਸ) ਨਾਲ ਸਾਂਝ ਭਿਆਲੀ ਤਹਿਤ ਸਵੈ ਸਹਾਇਤਾ ਸਮੂਹ ਬਣਾਉਣ ਦੇ ਅਮਲ ਰਾਹੀਂ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। ਪਹਿਲੇ ਫੇਜ਼ ’ਚ ਇਸ ਨੇ ਐਸ ਐਸ ਜੀ ਐਸ ਨੂੰ 240 ਕਰੋੜ ਰੁਪਏ ਦਿਤੇ ਤੇ ਦੂਜੇ ਪੜਾਅ ’ਚ ਰਾਜਸਥਾਨ, ਯੂ. ਪੀ. ਝਾਰਖੰਡ, ਪੱਛਮੀ ਬੰਗਾਲ, ਉੜੀਸਾ, ਕਰਨਾਟਕ, ਆਂਧਰਾ ਪ੍ਰਦੇਸ਼, ਕੇਰਲਾ ’ਚ ਇਸ ਦੀ ਐਨ ਜੀ ਓ ਐਸ ਨਾਲ ਭਾਗੀਦਾਰੀ ਹੈ। ਗਾਜੀਪੁਰ, ਮਿਰਾਜ਼ਪੁਰ ਚੰਦੌਲੀ, ਮਾਉ, ਬਲੀਆ (ਸਾਰੇ ਹੀ ਉਤਰ ਪ੍ਰਦੇਸ਼ ’ਚ) ਕਾਸ਼ਫੋਰ ਇੰਡੀਆ ਮਾਈਕਰੋਫਾਇਨਾਂਸ ’ਚ ਕੰਮ ਕਰਦੀ ਹੈ। ਇਹ 1996 ’ਚ ਕਾਸ਼ਫੋਰ ਫਾਇਨੈਨਸ਼ੀਅਲ

ਐਂਡ ਟੇਕਨੀਕਲ ਸਰਵਿਸਿਜ਼ (ਸੀ ਐਫ ਟੀ ਐਸ) ਵਜੋਂ ਰਜਿਸਟਰ ਹੋਈ ਅਤੇ ਇਸ ਕੋਲ ਪੱਛਮੀ ਬਿਹਾਰ ਤੇ ਪੂਰਬੀ ਯੂ. ਪੀ. ਦੇ ਸਰਹੱਦੀ ਇਲਾਕਿਆਂ 'ਚ ਗਰੀਬ ਪ੍ਰੀਵਾਰਾਂ ਦੀ ਸਭ ਤੋਂ ਵੱਧ ਗਿਣਤੀ ਹੈ। ਐਮ ਐਫ ਆਈ ਗ੍ਰਾਮੀਣ ਬੈਂਕ ਦੇ ਮਾਡਲ ਅਨੁਸਾਰ ਬਣੀ ਹੈ। ਜਿਸ ਵਿਚ 5-6 ਮੈਂਬਰਾਂ ਦਾ ਸਮੂਹ ਬਣਾਇਆ ਜਾਂਦਾ ਹੈ, ਕਰਜ਼ੇ ਇਕੱਲੇ ਇਕੱਲੇ ਮੈਂਬਰ ਨੂੰ ਦਿੱਤੇ ਜਾਂਦੇ ਹਨ ਜਦ ਕਿ ਜੁਆਬਦੇਹੀ ਸਮੂਹ ਦੀ ਹੁੰਦੀ ਹੈ। ਜੀ ਐਫ ਟੀ ਐਸ ਨੇ ਨਾਬਾਰਡ ਆਈ ਸੀ ਆਈ ਸੀ ਆਈ, ਯੂਕੋ ਬੈਂਕ, ਯੂ ਟੀ ਆਈ ਬੈਂਕ, ਡਿਊਟਸ ਬੈਂਕ, ਮੁੰਬਈ ਗ੍ਰਾਮੀਣ ਫਾਊਂਡੇਸ਼ਨ ਯੂ. ਐਸ. ਏ. ਆਦਿ ਤੋਂ ਵਿਤੀ ਸਹਾਇਤਾ ਸਿਰਫ 6 ਤੋਂ 12% ਵਿਆਜ ਦਰ 'ਤੇ ਲਈ ਹੈ, ਜਦ ਕਿ ਪੇਂਡੂਆਂ ਨੂੰ 20% ਵਿਆਜ ਦਰਾਂ 'ਤੇ ਪੈਸਾ ਜਾਰੀ ਕੀਤਾ ਹੈ। ਇਸ ਨੇ ਆਪਣਾ ਪਹਿਲਾ ਕਰਜਾ 1997 'ਚ ਮਿਰਜ਼ਾਪੁਰ 'ਚ ਵੰਡਿਆ। ਇਸ ਨੇ 1997 ਵਿਚ 4 ਲੱਖ ਪੂੰਜੀ ਵਾਲੀ ਇਕ ਛੋਟੀ ਕੰਪਨੀ ਵਜੋਂ ਕੰਮ ਸ਼ੁਰੂ ਕੀਤਾ ਪਰ ਹੌਲੀ-ਹੌਲੀ ਨਵੰਬਰ 2003 ਤਕ ਇਸ ਦਾ ਫੰਡ ਵਧ ਕੇ 16 ਕਰੋੜ ਹੋ ਗਿਆ। ਇਕ ਦਸੰਬਰ 2003 ਨੂੰ ਸੀ ਐਫ ਟੀ ਐਸ ਲਿਮਟਿਡ ਦਾ ਮਾਈਕਰੋ ਕਰੈਡਿਟ ਬਿਜਨੈਸ ਸੀ ਐਮ ਸੀ ਨੂੰ ਵੇਚ ਦਿਤਾ ਗਿਆ ਸੀ। ਅਸਲੀਅਤ ਤਾਂ ਇਹ ਹੈ ਕਿ ਮਾਈਕਰੋਫਾਇਨਾਂਸ ਇਕ ਮੁਨਾਫੇ ਵਾਲਾ ਧੰਦਾ ਬਣ ਗਿਆ ਹੈ। ਸਵੈ ਸਹਾਇਤਾ ਸਮੂਹ (ਐਸ ਐਚ ਜੀ ਐਸ) ਬਹੁਕੌਮੀ ਕੰਪਨੀਆਂ ਦੀਆਂ ਵਸਤਾਂ ਦੇ ਖਪਤਕਾਰ ਹਨ। ਉਹ ਇਹਨਾਂ ਸਮੂਹਾਂ (ਐਸ ਐਚ ਜੀ ਐਸ) ਰਾਹੀਂ ਮੰਡੀ ਦਾ ਸਰਵੇ ਕਰ ਰਹੀਆਂ ਹਨ। ਸੰਨ 2001 ਵਿਚ ਐਫ ਐਮ ਸੀ ਜੀ ਮੇਜਰ, ਹਿੰਦੁਸਤਾਨ ਲੀਵਰ ਲਿਮਟੇਡ (ਐਚ ਐਲ ਐਲ) "ਪ੍ਰਾਜੈਕਟ ਸ਼ਕਤੀ" ਸ਼ੁਰੂ ਕੀਤਾ। ਜਿਸ ਦਾ ਮਤਲਬ ਹੈ ਕਿ ਇਹ ਘਰੇਲੂ ਫੰਡ ਦਾ ਪੇਂਡੂ ਮਾਲਕ ਹੈ, ਜਿਸ 'ਚ ਸਵੈ ਸੇਵੀ ਸਮੂਹਾਂ (ਐਸ ਐਚ ਜੀ ਐਸ) 'ਚ ਸ਼ਾਮਲ ਔਰਤਾਂ ਦਾ ਤਾਣਾ-ਬਾਣਾ ਘਰੇਲੂ ਡਿਸਟਰੀਬਿਊਟਰਾਂ ਲਈ ਪੇਂਡੂ ਕੜੀ ਦਾ ਕੰਮ ਕਰਦਾ ਹੈ। ਭਾਵੇਂ ਇਹ ਗਰੀਬ ਔਰਤਾਂ ਨੂੰ ਵਿਤੀ ਮੌਕੇ ਮੁਹਈਆ ਕਰਨ ਦਾ ਦਾਅਵਾ ਕਰਦੀ ਹੈ ਪਰ ਇਸ ਦਾ ਅਸਲੀ ਮਕਸਦ ਐਚ ਐਲ ਐਲ ਦੀਆਂ ਵਸਤਾਂ ਲਈ ਇਕ ਵੰਡ ਪ੍ਰਣਾਲੀ ਤੇ ਸੰਸਾਰ ਪ੍ਰਬੰਧ ਦਾ ਨਿਰਮਾਣ ਕਰਨਾ ਹੈ ਤਾਂ ਕਿ ਖਾਲੀ ਪਈਆਂ ਪੇਂਡੂ ਮੰਡੀਆਂ (ਜਿਨ੍ਹਾਂ ਨਾਲ 10 ਕਰੋੜ ਪੇਂਡੂ ਭਾਰਤੀ ਖਪਤਕਾਰ ਜੁੜੇ ਹੋਏ ਹਨ) 'ਚੋਂ ਬੰਗਲਾ ਦੇਸ਼ 'ਚ ਗ੍ਰਾਮੀਣ ਬੈਂਕ ਇਕ ਕਦਮ ਹੋਰ ਵੀ ਅੱਗੇ ਵੱਧ ਗਿਆ ਹੈ, ਜਦੋਂ ਇਸ ਨੇ ਮਾਈਕਰੋ ਕਰੈਡਿਟ ਰਾਹੀਂ ਗਰੀਬੀ ਘਟਾਉਣ ਦਾ ਪ੍ਰਾਜੈਕਟ ਲਿਆਂਦਾ ਤੇ ਸ਼ਹਿਰ ਦੀਆਂ ਗਲੀਆਂ-ਸੜਕਾਂ 'ਤੇ ਮੰਗਤਿਆਂ ਨੂੰ ਇਸ ਨੇ ਮੋਬਾਈਲ ਫੋਨਾਂ ਨਾਲ ਲੈਸ ਕਰ ਦਿੱਤਾ। ਇਸ ਦਾ ਮਕਸਦ ਇਹ ਸੀ ਕਿ ਮੰਗਤੇ ਗਲੀਆਂ 'ਚ ਲੰਘਣ ਵਾਲਿਆਂ ਨੂੰ ਫੋਨ ਕਰਨ ਲਈ ਮੋਬਾਈਲ ਮੁਹਈਆ ਕਰਨਗੇ ਤੇ ਫੀਸ ਉਗਰਾਹੁਣਗੇ। ਹਰੇਕ ਮੰਗਤੇ ਨੂੰ ਇਹ ਮੋਬਾਈਲ ਫੋਨ ਦੀ ਕੀਮਤ 8500 ਟਕਾ ਵਿਆਜ ਰਹਿਤ ਕਿਸ਼ਤਾਂ ਰਾਹੀਂ ਦੋ ਸਾਲਾਂ ਦੇ ਅਰਸੇ 'ਚ ਦੇਣੀ ਹੋਵੇਗੀ। ਕਾਰਪੋਰੇਟ ਦਿਲਚਸਪੀ ਇਹ ਹੈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਪਹੁੰਚ ਤੋਂ ਬਾਹਰਲੀ ਵਿਸ਼ਾਲ ਪੇਂਡੂ ਮਾਰਕਿਟ 'ਚ ਘੁਸਪੈਠ ਕੀਤੀ ਜਾਵੇ।

ਰੁਜ਼ਗਾਰ ਪੈਦਾ ਕਰਨ ਦਾ ਭਰਮ : ਐਸ ਜੀ ਐਸ ਵਾਈ (ਜੋ ਸਵੈ ਸਹਾਇਤਾ ਸਮੂਹਾਂ ਦੀ ਤਰਜ਼ 'ਤੇ ਘੜਿਆ ਗਿਆ ਹੈ) ਦਾ ਦਾਅਵਾ ਹੈ ਕਿ ਇਹ ਗਰੀਬੀ ਰੇਖਾ ਤੋਂ ਹੇਠਲੇ ਗਰੀਬਾਂ ਖਾਸ ਕਰਕੇ ਔਰਤਾਂ ਲਈ ਸਵੈ ਰੁਜ਼ਗਾਰ ਦੇ ਮੌਕੇ ਮੁਹਈਆ ਕਰਦੀ

ਹੈ। ਇਹ ਇਕ ਭੁਲੇਖਾ ਹੈ। ਪਹਿਲੀ ਗੱਲ ਤਾਂ ਐਸ ਜੀ ਐਸ ਵਾਈ ਸਕੀਮ ਦਾ ਮੁਲਅੰਕਣ ਕਰਨ ਲਈ ਇਹ ਦੇਖਣਾ ਜ਼ਰੂਰੀ ਹੈ ਕਿ ਇਹ ਉਹਨਾਂ ਲੋਕਾਂ ਲਈ ਹੈ। ਜੋ ਪਹਿਲੇ ਕਰਜ਼ਿਆਂ ਦੀ ਅਦਾਇਗੀ (ਖਾਸ ਕਰਕੇ ਆਈ ਆਰ ਡੀ ਪੀ) ਸਵੈ ਸਹਾਇਤਾ ਸਮੂਹ ਔਰਤਾਂ ਮੈਂਬਰਾਂ ਦੇ ਮਰਦ ਰਿਸ਼ਤੇਦਾਰਾਂ ਵੱਲੋਂ ਕੀਤੇ ਜਾਣ ਦੀ ਸ਼ਰਤ ਪੂਰੀ ਕਰਦੇ ਹੋਣ। ਦੂਜੀ ਗੱਲ ਕਈ ਸਵੈ ਸਹਾਇਤਾ ਸਮੂਹ ਸ਼ਕਾਇਤ ਕਰਦੇ ਹਨ ਕਿ ਬੈਂਕ ਤੇ ਬਲਾਕ ਅਧਿਕਾਰੀਆਂ ਵੱਲੋਂ ਖਿਡੌਣੇ ਬਣਾਉਣ, ਸਿਲਾਈ ਕਢਾਈ ਕਰਨ, ਮੋਮਬੱਤੀਆਂ ਬਣਾਉਣ ਆਦਿ ਕੁਝ ਇੰਟਰਪ੍ਰਾਈਜ਼ਜ਼ ਸਰਗਰਮੀ ਠੋਸੀ ਜਾਂਦੀ ਹੈ ਪਰ ਮੰਡੀਕਰਨ ਦੀ ਕਿਸੇ ਸਹਾਇਤਾ ਤੋਂ ਬਿਨਾਂ ਹੀ। ਉਹ ਸਵੈ ਸਹਾਇਤਾ ਸਮੂਹਾਂ ਜਿਨ੍ਹਾਂ ਨੇ ਤਾਮਿਲਨਾਡੂ ਦੇ ਕਈ ਹਿੱਸਿਆਂ 'ਚ ਐਸ ਜੀ ਐਸ ਵਾਈ ਸਕੀਮ ਅਧੀਨ ਦਧਾਰੂ ਪਸ਼ੂ ਖਰੀਦੇ, ਨੇ ਕਿਹਾ ਕਿ ਦੁੱਧ ਸਬੰਧੀ ਸਹਿਕਾਰੀ ਸੁਸਾਇਟੀਆਂ ਅਕਸਰ ਹੀ ਮਹੀਨਾ ਬੀਤ ਜਾਣ ਪਿਛੋਂ ਹੀ ਅਦਾਇਗੀਆਂ ਲੇਟ ਕਰਕੇ ਸਹਾਇਤਾ ਰਾਸ਼ੀ ਤਬਦੀਲ ਕਰਨ ਦੀ ਜ਼ਿੰਮੇਵਾਰੀ ਆਪ ਓਟਣ ਦੀ ਬਜਾਏ ਗਰੀਬ ਲੋਕਾਂ ਦੇ ਸਿਰ ਹੀ ਪਾ ਦਿੰਦੀਆਂ ਹਨ। ਯੂ. ਪੀ. 'ਚ ਇਲਾਹਾਬਾਦ ਨੇੜੇ ਜਾਸਰਾ ਬਲਾਕ 'ਚ ਜੈ ਬਜਰੰਗਨਾਂ ਦਾ ਇਕ ਐਸ ਐਚ ਜੀ 12 ਮੈਂਬਰਾਂ ਨੇ 4 ਸਾਲ ਪਹਿਲਾਂ ਬਣਾਇਆ। ਮੈਂਬਰਾਂ ਨੇ 60 ਰੁਪਏ ਪ੍ਰਤੀ ਮਹੀਨਾ ਜਮ੍ਹਾ ਕਰਵਾ ਕੇ ਸ਼ੁਰੂਆਤ ਕੀਤੀ 1.50 ਸਾਲ ਬਾਅਦ ਉਹਨਾਂ 1.50 ਲੱਖ ਦਾ ਕਰਜ਼ਾ ਮਿਲਿਆ। ਜਿਸ ਨਾਲ 12 ਮੱਝਾਂ ਖਰੀਦੀਆਂ ਗਈਆਂ। ਸਮਾਂ ਬੀਤਣ ਨਾਲ ਮੱਝਾਂ ਨੇ ਦੁੱਧ ਘੱਟ ਦੇਣਾ ਸ਼ੁਰੂ ਕਰ ਦਿਤਾ ਪਰ ਕਰਜ਼ੇ ਦੀਆਂ ਕਿਸ਼ਤਾਂ ਚਲਦੀਆਂ ਰਹੀਆਂ। ਤਿੰਨ ਸਾਲਾਂ ਦੇ ਅਰਸੇ 'ਚ 80,000 ਰੁਪਏ ਵਾਪਸ ਮੋੜਨੇ ਪਏ। ਪਸ਼ੂ ਸੁੱਕ ਗਏ, ਦੁੱਧ ਦੀ ਪੈਦਾਵਾਰ ਘਟ ਗਈ, ਪਰ ਕਰਜ਼ਾ ਉਥੇ ਦਾ ਉਥੇ ਖੜ੍ਹਾ ਹੈ। ਬਹੁਤੇ ਸਵੈ ਸਹਾਇਤਾ ਸਮੂਹਾਂ ਦੀ ਹਾਲਤ ਕੁਲ ਮਿਲਾ ਕੇ ਇਹੋ ਜਿਹੀ ਹੀ ਹੈ। ਅਸਲੀਅਤ ਇਹ ਹੈ ਕਿ ਸੰਸਾਰੀਕ੍ਰਿਤ ਦੁਨੀਆਂ 'ਚ ਛੋਟੇ ਪੈਮਾਨੇ ਦੇ ਅਦਾਰਿਆਂ ਦਾ ਦੁਨੀਆਂ ਪੱਧਰ 'ਤੇ ਵੱਡੇ ਕਾਰੋਬਾਰਾਂ ਨਾਲ ਜਦ ਮੁਕਾਬਲਾ ਹੋਵੇ ਤਾਂ ਛੋਟੇ ਕਾਰੋਬਾਰ ਆਪਣੇ ਆਪ ਨੂੰ ਕਾਇਮ ਨਹੀਂ ਰੱਖ ਸਕਦੇ। ਜਿਥੇ ਵੱਡੇ ਪੈਮਾਨੇ ਦੀ ਸਨਅਤ ਤਬਾਹੀ ਦੇ ਮੂੰਹ ਜਾ ਰਹੀ ਹੋਵੇ, ਕੀ ਉਥੇ ਇਹੋ ਜਿਹੇ ਨਿੱਕੇ-ਨਿੱਕੇ ਕਾਰੋਬਾਰ ਬਹੁਕੌਮੀ ਕਾਰਪੋਰੇਸ਼ਨ ਦੀ ਅਜ਼ਾਰੇਦਾਰੀ ਵਾਲੀ ਮੰਡੀ 'ਚ ਕੋਈ ਰੁਜ਼ਗਾਰ ਪੈਦਾ ਕਰ ਸਕਦੇ ਹਨ? ਪਸ਼ੂ ਪਾਲਣ, ਪਾਪੜ ਪੈਦਾ ਕਰਨ ਦੇ ਸਾਰੇ ਦਾਅਵੇ ਗਲੇ-ਸੜੇ ਚੁਟਕਲਿਆਂ ਤੋਂ ਵੱਧ ਕੁਝ ਨਹੀਂ ਜਿਥੇ ਲਗਾਤਾਰ ਲੋਕੀਂ ਉਜਾੜੇ ਜਾ ਰਹੇ ਹੋਣ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕਸ਼ੀਆਂ ਦੀ ਹੁਣ ਕੋਈ ਗਿਣਤੀ ਹੀ ਨਹੀਂ ਰਹੀ। ਛੋਟੇ ਪੱਧਰ ਦੀਆਂ ਕਰਜ਼ਾ ਸਕੀਮਾਂ ਰੁਜ਼ਗਾਰ ਪੈਦਾ ਨਹੀਂ ਕਰ ਸਕਦੀਆਂ। ਕਿਉਂਕਿ ਇਹ ਤਾਂ ਗਰੀਬੀ ਦੇ ਅਸਲੀ ਕਾਰਨਾਂ (ਕਾਣੀ ਵੰਡ ਤੇ ਨਾ ਬਰਾਬਰੀ) ਤੋਂ ਧਿਆਨ ਲਾਂਭੇ ਕਰਨ ਦੇ ਯਤਨ ਹੀ ਹਨ।

ਫੇਰ ਅਸਲ ਮਕਸਦ ਹੈ ਕਿ? ਛੋਟੇ ਕਰਜ਼ਿਆਂ (ਮਾਈਕਰੋਫਾਈਨਾਂਸ) ਦੇ ਪ੍ਰੋਗਰਾਮਾਂ ਦਾ ਅਸਲੀ ਮਕਸਦ ਸਾਮਰਾਜੀਆਂ ਤੇ ਉਹਨਾਂ ਦੇ ਸਥਾਨਕ ਦਲਾਲਾਂ ਵੱਲੋਂ ਚਲਾਇਆ ਜਾਂਦਾ ਸੁਧਾਰ ਪ੍ਰੋਗਰਾਮ ਹੈ ਤਾਂ ਕਿ ਲੋਕਾਂ ਦਾ ਧਿਆਨ ਜਮਾਤੀ ਸੰਘਰਸ਼ ਤੋਂ ਲਾਂਭੇ ਕੀਤਾ ਜਾ ਸਕੇ। ਭਾਰਤ 'ਚ ਫਾਇਨੈਂਸ ਨੂੰ ਕਬੂਲ ਕਰਨ ਵਾਲਾ ਸਭ ਤੋਂ ਵੱਡਾ ਆਂਧਰਾ ਪ੍ਰਦੇਸ਼ ਤੇ ਮਹਾਰਾਸ਼ਟਰ 'ਚ ਗਦਚਿਰੋਲੀ ਜਿਲ੍ਹਾ ਹੈ। ਯੂ. ਪੀ. 'ਚ ਸਭ

ਤੋਂ ਵੱਧ ਮਾਈਕਰੋਫਾਈਨਾਂਸ ਮਿਰਜ਼ਾਪੁਰ ਜ਼ਿਲ੍ਹੇ ਵਿਚ ਹੋ ਰਹੀ ਹੈ। ਇਹ ਸਾਰੇ ਖਿੱਤੇ ਮਾਓਵਾਦੀਆਂ ਵਲੋਂ ਚਲਾਹੀ ਜਾ ਰਹੀ ਤਿੱਖੀ ਜਮਾਤੀ ਸੰਘਰਸ਼ ਦੀ ਲਹਿਰ ਵਾਲੇ ਹਨ। ਇਸ ਪ੍ਰੋਗਰਾਮ 'ਚ ਐਨ ਜੀ ਓ ਐਸ ਦੀ ਵੱਡੀ ਸਮੂਲੀਅਤ ਹੈ ਸੱਤਾ 'ਤੇ ਬੈਠੇ ਲੋਕ ਚੰਗੇ ਤਰ੍ਹਾਂ ਸਮਝਦੇ ਹਨ ਕਿ ਉਦਾਰੀਕਰਨ, ਸੰਸਾਰੀਕਰਨ ਤੇ ਨਿਜੀਕਰਨ (ਐਲ ਪੀ ਜੀ) ਦੇ ਸਿੱਟੇ ਵਜੋਂ ਵੱਡੀ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਕਾਰਨ ਬਾਹਰਮੁੱਖੀ ਹਾਲਤਾਂ ਧਮਾਕਾ ਖੇਜ ਬਣ ਰਹੀਆਂ ਹਨ। ਜੇ ਲੋਕਾਂ ਨੂੰ ਜਮਾਤੀ ਸੰਘਰਸ਼ 'ਚ ਸ਼ਾਮਲ ਹੋਣ ਤੋਂ ਰੋਕਣ ਹੈ ਤਾਂ ਉਹਨਾਂ ਨੂੰ ਰੁਜ਼ਗਾਰ ਪੈਦਾ ਕਰਨ ਦੇ ਕੁਝ ਮੌਕੇ ਦੇਣ ਦਾ ਭਰਮ ਤਾਂ ਪੈਦਾ ਕਰਨਾ ਹੀ ਪਊ। ਲੋਕਾਂ ਨੂੰ ਅਧਿਕਾਰ ਦੇਣ ਦਾ ਨਾਟਕ ਵੀ ਖੇਡਣਾ ਪੈ ਰਿਹੈ। ਨਹੀਂ ਤਾਂ ਲੋਕ ਕਿਸਾਨੀ ਘੋਲਾਂ ਦੇ ਖਿਤਿਆਂ 'ਚ ਬਣੇ ਗੁਰੀਲਾ ਜੋਨਾ ਨੂੰ ਭਰੂਣ ਰੂਪ 'ਚ ਸੱਤਾ ਦੇ ਕੇਂਦਰਾਂ ਵਜੋਂ ਅਪਣਾਉਣ ਲੱਗ ਪੈਣਗੇ। 1984 'ਚ ਹੀ ਅਮਰੀਕਾ ਨੇ ਯੂ. ਪੀ. ਦੇ ਓਟਾਵਾ ਜ਼ਿਲ੍ਹੇ 'ਚ 64 ਪਿੰਡਾਂ ਲਈ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਸੀ। ਨਹਿਰੂ ਨੇ ਮੁਢਲੀ ਜ਼ਮੀਨੀ ਸੁਧਾਰਾਂ ਦੇ ਇਨਕਲਾਬੀ ਖਿਤਿਆਂ ਨਾਲ ਨਜਿੱਠਣ ਲਈ ਇਸ ਨੂੰ ਇਕ ਵਧੀਆਂ ਹਥਿਆਰ ਦੱਸਿਆ ਸੀ। ਇਹ ਛੇਤੀ ਹੀ ਦੇਸ਼ ਪੱਧਰੀ ਪ੍ਰੋਗਰਾਮ ਬਣ ਗਿਆ। ਅਮਰੀਕਾ ਨੇ ਤਕਨੀਕੀ ਤੇ ਵਿਤੀ ਸਹਾਇਤਾ ਮੁਹਈਆ ਕਰਵਾਈ। ਲੋਕਾਂ ਦੇ ਆਪਸੀ ਸਹਿਯੋਗ ਤੇ ਮਦਦ ਨਾਲ ਭਾਰਤ ਦੇ ਪੇਂਡੂ ਖੇਤਰ ਦਾ ਬਹੁਪੱਖੀ ਵਿਕਾਸ ਕਰਨ ਦਾ ਦਾਅਵਾ ਇਹਨਾਂ ਕਮਿਊਨਿਟੀ ਵਿਕਾਸ ਪ੍ਰੋਗਰਾਮਾਂ ਨੇ ਕੀਤਾ ਸੀ। ਅਕਤੂਬਰ 1992 ਇਹਨਾਂ ਪ੍ਰੋਗਰਾਮ ਦਾ ਉਦਘਾਟਨ ਕਰਨ ਤੋਂ ਤੁਰੰਤ ਪਹਿਲਾਂ ਭਾਰਤ ਤੇ ਅਮਰੀਕੀ ਸਰਕਾਰ ਵਿਚਲੇ ਤਾਂ ਮਈ 1952 ਨੂੰ ਇਕ ਸਮਝੌਤੇ 'ਤੇ ਦਸਖਤ ਹੋਏ, ਜਿਸ ਨੇ ਕਮਿਊਨਿਟੀ ਵਿਕਾਸ ਜਥੇਬੰਦਕ ਵਿਸਥਾਰ ਦਿੱਤਾ। ਅੱਜ ਵੀ ਉਹੀ ਕਹਾਣੀ ਤੇ ਉਹੀ ਹਿੱਤ ਦੇਖਣ ਨੂੰ ਮਿਲਦੇ ਹਨ। ਇਸ ਦਾ ਰੂਪ ਬਦਲ ਸਕਦਾ ਹੈ, ਤੱਤ ਉਹੀ ਰਹਿੰਦਾ ਹੈ। ਅੱਜ ਦਾ ਰੂਪ ਮਾਈਕਰੋਫਾਈਨਾਂਸ ਹੈ। ਰੁਜ਼ਗਾਰ ਦੇ ਮੌਕਿਆਂ ਨੂੰ ਲਗਾਤਾਰ ਸੁੰਗੜਦਿਆ ਤੇ ਐਲ ਪੀ ਜੀ ਦੀਆਂ ਨੀਤੀਆਂ ਅਨੁਸਾਰ ਸਰਕਾਰ ਦਾ ਆਪਣੀ ਸਮਾਜਕ ਜਿੰਮੇਵਾਰੀ ਤੋਂ ਭਜਦੇ ਜਾਣ, ਨਾਲ ਲੋਕਾਂ 'ਚ ਪੈਦਾ ਹੁੰਦੇ ਰੋਹ ਲਈ ਇਕ ਸੇਫਟੀ ਵਾਲਵ ਦੀ ਜ਼ਰੂਰਤ ਹੈ ਤਾਂ ਕਿ ਲੋਕ ਐਲ ਪੀ ਜੀ (ਸਾਮਰਾਜੀ) ਪਾਲਸੀਆਂ ਵਿਰੁਧ ਬਗਾਵਤ ਨਾ ਕਰ ਦੇਣ। ਐਨ ਜੀ ਓ ਦੀ ਮਦਦ ਨਾਲ ਕੀਤੀ ਜਾਂਦੀ ਮਾਈਕਰੋਫਾਈਨਾਂਸ ਇਕ ਤਰ੍ਹਾਂ ਦਾ ਸੇਫਟੀ ਵਾਲਵ ਹੈ, ਜੋ ਲੋਕਾਂ ਦੇ ਰੋਹ ਨੂੰ ਖਾਰਜ ਕਰਦਾ ਹੈ ਤੇ ਬਲਦੀ ਉਪਰ ਠੰਢਾ ਛਿੜਕਦਾ ਹੈ। ਦੂਜੇ ਪਾਸੇ ਖਾਲੀ ਪਈ ਪੇਂਡੂ ਮੰਡੀ 'ਚ ਘੁਸਪੈਂਠ ਖਾਤਰ ਕਾਰਪੋਰੇਟ ਲਈ ਇਹ ਰਾਹ ਪੱਧਰਾ ਵੀ ਕਰਦਾ ਹੈ। ਇਹ ਕੁਝ ਪੇਂਡੂ ਬਚਤ ਨੂੰ ਹੂੰਝਣ ਦਾ ਕੰਮ ਵੀ ਕਰਦਾ ਹੈ। ਸਰਕਾਰ ਹੁਣ ਇਸ ਲਈ ਖੁਸ਼ ਹੈ ਕਿ ਹੁਣ ਲੋੜਵੰਦਾਂ ਨੂੰ ਪੈਸਾ ਮੁਹਈਆ ਕਰਾਉਣ ਦੀ ਸਰਕਾਰ ਦੀ ਕੋਈ ਜ਼ਿੰਮੇਵਾਰ ਨਹੀਂ ਰਹੀ। ਬੈਂਕ ਖੁਸ਼ ਹਨ ਕਿਉਂਕਿ ਐਸ ਐਚ ਜੀ ਐਸ ਕਰਜ਼ਿਆਂ ਦੀ ਅਦਾਇਗੀ ਦੀ ਜ਼ਿੰਮੇਵਾਰੀ ਓਟਦੇ ਹਨ। ਸਾਮਰਾਜੀ ਛੜੀ ਲੋਕਾਂ ਦੇ ਫੰਡਾਂ ਨੂੰ ਇਨਕਲਾਬੀ ਸੰਘਰਸ਼ਾਂ ਤੋਂ ਦੂਰ ਰੱਖ ਰਹੀ ਹੈ। ਬੱਸ ਇਕੋ ਇਕ ਸ਼ਿਕਾਰ ਤਾਂ ਲੋਕ ਹੀ ਹਨ ਜੋ ਇਸ ਨਵੇਂ ਸੂਦਖੋਰੀ ਸਿਸਟਮ ਦਾ ਨਿਸ਼ਾਨਾ ਬਣ ਰਹੇ ਹਨ।

# ਕੁਪੋਸ਼ਣ ਦੇ ਵਿਕਾਸ ਦੀ ਹਕੀਕਤ

ਅਜੇ ਤੱਕ ਡਰ ਗਰੀਬੀ ਰੇਖਾ ਤੋਂ ਸੀ ਤਾਂ ਲਗਾਤਾਰ ਗਰੀਬੀ ਰੇਖਾ ਤੈਅ ਕਰਨ ਵਾਲੇ ਪੈਮਾਨਿਆਂ ਵਿਚ ਰੱਦੋ ਬਦਲ ਦੀ ਜੁਗਤ ਚਲਦੀ ਸੀ। ਇਸ ਨੂੰ 'ਮੈਨੇਜ' ਕਰਨ ਵਿਚ ਕੁਝ ਹੱਦ ਤਕ ਸਫਲਤਾ ਹਾਸਲ ਹੋ ਰਹੀ ਹੈ ਤੇ ਸਰਕਾਰੀ ਅੰਕੜਿਆਂ ਵਿਚ ਗਰੀਬਾਂ ਦੀ ਗਿਣਤੀ ਘੱਟ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਕਿਸਾਨਾਂ ਦੀਆਂ ਆਤਮਹੱਤਿਆਵਾਂ ਦਾ ਸਿਲਸਿਲਾ ਨਾ ਰੁਕ ਰਿਹਾ ਹੈ ਤੇ ਨਾ ਹੀ ਵਿਕਾਸ ਦੇ ਨਾਂ 'ਤੇ ਉਜਾੜੇ ਗਏ ਲੋਕਾਂ ਦੀ ਵਿਥਿਆ ਰੁਕਣ ਦਾ ਨਾਂ ਹੀ ਲੈ ਰਹੀ ਹੈ। ਅਜਿਹਾ ਹੀ ਕੁਝ 'ਚਮਤਕਾਰ' ਵਿਖਾਉਣ ਦੀ ਕੋਸ਼ਿਸ਼ ਕੁਪੋਸ਼ਣ ਦੇ ਮਾਮਲੇ ਵਿਚ ਹੋ ਰਹੀ ਹੈ। ਕੁਪੋਸ਼ਣ ਮਾਰੇ ਬੱਚਿਆਂ ਦੀ ਗਿਣਤੀ ਘਟਣ ਦਾ ਨਾਂ ਨਹੀਂ ਲੈ ਰਹੀ ਤੇ ਨਾ ਹੀ ਖ਼ੂਨ ਦੀ ਕਮੀ ਵਾਲੀਆਂ ਫਿੱਕੇ ਚਿਹਰੇ ਵਾਲੀਆਂ ਔਰਤਾਂ ਤੇ ਬੱਚਿਆਂ ਦੀ ਕਤਾਰ ਛੋਟੀ ਹੋ ਰਹੀ ਹੈ। ਕੁਪੋਸ਼ਿਤਾਂ ਦੀ ਵਧਦੀ ਸੰਖਿਆ ਤੋਂ ਖਹਿੜਾ ਛੁਡਵਾਉਣ ਦਾ ਤਰੀਕਾ ਸੋਚਿਆ ਜਾ ਰਿਹਾ ਹੈ। ਨਵੇਂ ਕੌਮੀ ਪਰਿਵਾਰ ਸਿਹਤ ਸਰਵੇਖਣ (2005-06) ਮੁਤਾਬਕ ਤਿੰਨ ਸਾਲ ਤੋਂ ਘੱਟ ਦੇ 46 ਫੀਸਦੀ ਬੱਚੇ ਕੁਪੋਸ਼ਣ ਦੀ ਲਪੇਟ ਵਿੱਚ ਹਨ ਅਤੇ ਇਸ ਦਾ ਦੋਸ਼ ਖੋਜਿਆ ਜਾ ਰਿਹਾ ਹੈ, ਵਜ਼ਨ 'ਤੇ ਲੰਬਾਈ ਮਾਪਣ ਵਾਲੇ ਪੈਮਾਨਿਆਂ 'ਤੇ। ਇਸ ਬਾਰੇ ਔਰਤਾਂ ਤੇ ਬਾਲ ਵਿਕਾਸ ਮੰਤਰਾਲੇ ਦੇ ਸਕੱਤਰ ਚਮਨ ਕੁਮਾਰ ਦਾ ਕਹਿਣਾ ਹੈ ਕਿ ਆਮ ਉਚਾਈ 'ਤੇ ਵਜ਼ਨ ਵਾਲੇ ਮੌਜੂਦਾ ਪੈਮਾਨੇ ਅਮਰੀਕੀ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੇ ਗਏ ਹਨ। ਜੋ ਦੁੱਧ ਪਾਊਡਰ ਪੀਂਦੇ ਹਨ। ਹੁਣ ਨਵੇਂ ਪੈਮਾਨੇ ਦੁੱਧ ਚੁੰਘਣ ਵਾਲੇ ਬੱਚਿਆਂ ਅਨੁਸਾਰ ਬਣਾਏ ਜਾਣਗੇ। ਹੈਦਰਾਬਾਦ ਸਥਿਤ ਕੁਪੋਸ਼ਣ ਦੇ ਕੌਮੀ ਸੰਸਥਾਨ ਦੇ ਇਕ ਅਧਿਕਾਰੀ ਮੁਤਾਬਕ "ਸਰਕਾਰ ਦੇ ਇਸ ਯਤਨ ਨਾਲ ਕੁਪੋਸ਼ਣ ਪ੍ਰਤੀਸ਼ਤ ਵਿਚ ਮੁਸ਼ਕਲ ਨਾਲ ਇਕ ਜਾਂ ਦੋ ਫੀਸਦੀ ਦੀ ਕਮੀ ਆਈ ਹੈ।" ਸਰਕਾਰ ਜੇ ਅਮਲੀ ਰੂਪ ਵਿਚ ਕੁਪੋਸ਼ਣ ਘਟਾਉਣ ਦੀ ਚਿੰਤਾ ਕਰੇ ਤਾਂ ਬਿਹਤਰ ਹੋਵੇ। ਕੁਪੋਸ਼ਣ ਦੇ ਨਵੇਂ ਪੈਮਾਨੇ ਤੈਅ ਕਰਨ ਦੀ ਸਰਕਾਰ ਨੂੰ ਅਚਾਨਕ ਸੁਝੀ ਹੋਵੇ, ਐਸਾ ਨਹੀਂ ਹੈ। ਇਸ ਦੀ ਠੋਸ ਵਜ੍ਹਾ ਹੈ 2005-06 ਦਾ ਕੌਮੀ ਪਰਿਵਾਰ ਸਿਹਤ ਸਰਵੇਖਣ-999। ਇਸ ਨਾਲ ਪ੍ਰੇਸ਼ਾਨ ਕਰਨ ਵਾਲੇ ਨਤੀਜੇ ਵਿਕਾਸ ਦੇ ਦਾਅਵਿਆਂ ਦੇ ਬਿਲਕੁਲ ਉਲਟ ਹਨ।

1. ਅਰਥਚਾਰਾ 9-10 ਫੀਸਦੀ ਦੀ ਵਿਕਾਸ ਦਰ ਵਿਚਕਾਰ ਛਾਲ ਮਾਰਨ ਲਈ ਤਿਆਰ ਹੈ ਜਦ ਕਿ ਤਿੰਨ ਸਾਲ ਤੋਂ ਘੱਟ ਉਮਰ ਦੇ 46% ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ।

2. ਔਰਤਾਂ ਨੂੰ ਅਧਿਕਾਰ ਦੇਣ ਦੇ ਸਾਰੇ ਦਾਅਵਿਆਂ ਦਰਮਿਆਨ ਦੇਸ਼ ਦੀਆਂ 15-14 ਸਾਲ ਦੀ 56.2 ਫੀਸਦੀ ਸ਼ਾਦੀਸ਼ੁਦਾ ਔਰਤ (2005-05 ਸਰਵੇ) ਖ਼ੂਨ ਦੀ ਕਮੀ ਤੋਂ ਪੀੜਤ ਹਨ ਅਤੇ ਸਾਲ 1992-93 ਤੋਂ ਲੈ ਕੇ ਹੁਣ ਤਕ ਉਨ੍ਹਾਂ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਹੋਇਆ ਹੈ। ਗਰਭਵਤੀ ਔਰਤਾਂ ਦਾ ਅੰਕੜਾ ਹੋਰ ਵੀ ਬਦਤਰ ਹੈ 57.9%।

3. ਘਰਾਂ ਵਿਚ ਬਿਜਲੀ ਪਹੁੰਚ ਗਈ ਹੈ (67.9 ਫੀਸਦੀ) ਪਰ ਪਖਾਨਿਆਂ

ਦੀ ਵਿਵਸਥਾ ਹੁਣ ਤਰ ਸਿਰਫ 44.5% ਲੋਕਾਂ ਕੋਲ ਹੀ ਹੈ। ਬਿਹਾਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਸਮੇਤ ਕਈ ਰਾਜਾਂ ਵਿਚ ਸਥਿਤੀ ਹੋਰ ਵੀ ਖਰਾਬ ਹੈ।

4. ਪਤੀ ਦੀ ਹਿੰਸਾ ਦਾ ਸ਼ਿਕਾਰ 37.2 ਫੀਸਦੀ ਔਰਤਾਂ ਹਨ।

5. ਸਿੱਖਿਆ ਦੀ ਪਟੜੀ 'ਤੇ ਵਿਦੇਸ਼ੀ ਯੂਨੀਵਰਸਿਟੀਆਂ ਦੀ ਗੱਡੀ ਦੌੜਾਉਣ ਦੀ ਤਿਆਰੀ ਜਿਸ ਦੇਸ਼ ਵਿਚ ਹੋ ਰਹੀ ਹੈ ਉਥੇ ਸਿਰਫ 22 ਫੀਸਦੀ ਔਰਤਾਂ ਅਤੇ 85% ਮਰਦ 10 ਸਾਲ ਤਕ ਹੀ ਸਿੱਖਿਆ ਲੈ ਸਕਦੇ ਹਨ ਯਾਨੀ ਏਨੇ ਹੀ ਫੀਸਦੀ ਲੋਕ 8ਵੀਂ-9ਵੀਂ ਜਾਂ 10ਵੀਂ ਜਮਾਤ ਤਕ ਪਹੁੰਚਦੇ ਹਨ।

ਇਹ ਸਾਰੇ ਅੰਕੜੇ ਸਰਕਾਰੀ ਹਨ। ਕੌਮੀ ਪਰਿਵਾਰ ਸਿਹਤ ਅਤੇ ਭਲਾਈ (NFHS) ਦੇ ਜਨਤਕ ਹੋ ਜਾਣ ਦੀ ਉਡੀਕ 2-3 ਮਹੀਨਿਆਂ ਤੋਂ ਹੋ ਰਹੀ ਸੀ। ਕੁਝ ਅੰਕੜੇ ਫਿਲਟਰ ਹੋ ਕੇ ਆ ਵੀ ਰਹੇ ਹਨ ਅਤੇ ਜਿਨ੍ਹਾਂ ਨੂੰ ਕੇਂਦਰ ਸਰਕਾਰ ਨੇ ਸਰਕਾਰੀ ਵੈੱਬਸਾਈਟ 'ਤੇ ਪਾ ਦਿੱਤਾ। ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲੇ ਦੇ ਸਰਵੇਖਣ ਵਿਚ ਨੋਡਲ ਏਜੰਸੀ ਸੀ ਮੁੰਬਈ ਦੀ ਇੰਟਰਨੈਸ਼ਨਲ ਇੰਸਟੀਚਿਊਟ ਫਾਰ ਪਾਪੂਲੇਸ਼ਨ ਸਾਇੰਸ। ਇਸ ਤੋਂ ਪਹਿਲਾਂ 1992-93 ਵਿਚ NFHS-1 ਅਤੇ 1998-99 ਵਿਚ NFHS-2 ਸਰਵੇ ਆਇਆ ਸੀ। NFHS-3 ਲਈ 18 ਖੋਜ ਸੰਗਠਨਾਂ ਦੇ ਦੇਸ਼ ਦੇ 29 ਰਾਜਾਂ ਵਿਚ ਇਕ ਲੱਖ 9 ਹਜ਼ਾਰ 41 ਘਰਾਂ ਵਿਚ ਇਕ ਲੱਖ 24 ਹਜਜ਼ਾਰ 385 ਔਰਤਾਂ (15-49 ਸਾਲਾਂ) ਅਤੇ 74369 ਮਰਦਾਂ (15-54 ਸਾਲ) ਨਾਲ ਗੱਲਬਾਤ ਕੀਤੀ। ਦੇਸਸ਼ ਦੀ ਸਿਹਤ 'ਤੇ ਜਾਰੀ ਹੋਣ ਵਾਲੇ ਇਸ ਵਿਸਥਾਰਤ ਰਿਪੋਰਟ ਕਾਰਡ ਨਾਲ ਸਿਹਤ ਦੀ ਨਾਜ਼ੁਕ ਸਥਿਤੀ ਦਾ ਖੁਲਾਸਾ ਤਾਂ ਹੋ ਹੀ ਜਾਂਦਾ ਹੈ ਬਲਕਿ ਇਹ ਵੀ ਪਤਾ ਲੱਗਦਾ ਹੈ ਕਿ ਨਾਬਰਾਬਰੀ ਦੀ ਵਧਦੀ ਖਾਈ ਕਿੰਨੇ ਨੌਨਿਹਾਲਾਂ ਨੂੰ ਕੁਪੋਸ਼ਣ ਦੀ ਦਲਦਲ ਵਿਚ ਧੱਕ ਰਹੀ ਹੈ।

ਪਿਛਲੇ ਸਰਵੇ ਦੀ ਤੁਲਨਾ ਵਿਚ ਯਾਨੀ ਪੰਜ ਸਾਲ ਦੇ ਘੱਟ ਵਜ਼ਨ ਵਾਲੇ ਬੱਚਿਆਂ (ਕੁਪੋਸ਼ਿਤ) ਦੀ ਗਿਣਤੀ ਵਿਚ ਸਿਰਫ ਇਕ ਫੀਸਦੀ ਹੀ ਕਮੀ ਆਈ ਹੈ। ਯੂਨੀਸੈੱਫ ਦੇ ਅੰਕੜਿਆਂ ਮੁਤਾਬਕ ਬੱਚਿਆਂ ਵਿਚ ਕੁਪੋਸ਼ਣ ਦੇ ਕੇਸਾਂ ਵਿਚ ਭਾਰਤ, ਬੰਗਲਾਦੇਸ਼ ਤੋਂ ਵੀ ਬਦਤਰ ਹੈ ਅਤੇ ਗੁਆਂਢੀ ਚੀਨ ਤੋਂ ਤਾਂ ਇਹ ਮੀਲਾਂ ਪਿੱਛੇ ਹੈ ਜਿਥੇ ਕੁਪੋਸ਼ਣ 8 ਫੀਸਦੀ ਹੈ। ਸਿਰਫ ਇਹੀ ਨਹੀਂ ਅਫਰੀਕਾ, ਜਿਥੇ ਸਭ ਤੋਂ ਵੱਧ ਭੁੱਖਮਰੀ ਤੇ ਗਰੀਬੀ ਹੈ, ਉਸ ਤੋਂ ਵੀ ਅਸੀਂ ਵੱਧ ਬਦਤਰ ਹਾਂ। ਇਸ ਸਥਿਤੀ ਲਈ ਉੱਚ ਰਾਸ਼ਟਰੀ ਅਰਥਸ਼ਾਸਤਰੀ ਜ਼ਿਆਦਾਤਰ ਅੰਸ਼ਿਕ ਰੂਪ ਵਿਚ ਗਰੀਬੀ ਤੇ ਅੰਸ਼ਿਕ ਰੂਪ ਨਾਲ ਸਿਹਤ ਸੇਵਾਵਾਂ ਦੇ ਖੁਰਨ ਨੂੰ ਜ਼ਿੰਮੇਵਾਰ ਮੰਨਦੇ ਹਨ। ਉਨ੍ਹਾਂ ਅਨੁਸਾਰ ਇਹ ਅੰਕੜੇ ਦੱਸਦੇ ਹਨ ਕਿ ਦੇਸ਼ ਵਿਚ ਵਿਕਾਸ ਬਿਲਕੁਲ ਇਕ ਤਰਫਾ ਹੀ ਹੋ ਰਿਹਾ ਹੈ ਅਤੇ ਖਾਂਦੇ ਪੀਂਦੇ ਵਰਗ ਤੇ ਗਰੀਬਾਂ ਵਿਚਕਾਰ ਖਾਈ ਡੂੰਘੀ ਹੀ ਹੋ ਰਹੀ ਹੈ।

ਵੱਖ-ਵੱਖ ਰਾਜਾਂ ਦੀ ਸਥਿਤੀ ਵਿਚ ਵੀ ਫਰਕ ਹੈ ਅਤੇ ਇਸ ਤੋਂ ਵੀ ਉਥੋਂ ਦੇ ਵਿਕਾਸ ਦੀ ਵੱਖ-ਵੱਖ ਰਫਤਾਰ ਦਾ ਥੋੜ੍ਹਾ ਬਹੁਤ ਗਿਆਨ ਹੁੰਦਾ ਹੈ। ਉਦਾਹਰਨ ਵਜੋਂ ਮੱਧ ਪ੍ਰਦੇਸ਼ ਵਿਚ ਕੁਪੋਸ਼ਣ 60 ਫੀਸਦੀ ਹੈ ਜਦਕਿ ਤਾਮਿਲਨਾਡੂ ਵਿਚ 33 ਫੀਸਦੀ 1 ਕੁਪੋਸ਼ਣ ਦੀ ਸਥਿਤੀ ਦਾ ਸਿੱਧਾ ਸਬੰਧ ਬੱਚਿਆਂ ਦੇ ਸਮੇਕਿਤ ਵਿਕਾਸ ਦੀਆਂ ਯੋਜਨਾਵਾਂ ਅਤੇ ਭੋਜਨ ਦੇ ਅਧਿਕਾਰ ਦੀ ਜ਼ਮੀਨੀ ਹਕੀਕਤ ਤੋਂ ਦਿਸਦਾ ਹੈ। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਵਿਕਾਸ ਦਾ ਫਾਇਦਾ ਸਿਰਫ ਇਕ ਹੀ ਤਬਕੇ

ਤਕ ਕੇਂਦਰਿਤ ਹੈ।

ਇਸ ਵਾਰੀ ਕਈ ਨਵੀਆਂ ਚੀਜ਼ਾਂ ਇਸ ਸਰਵੇ ਵਿਚ ਜੋੜੀਆਂ ਗਈਆਂ ਹਨ ਤੇ ਅੱਗੇ ਚੱਲ ਕੇ ਉਨ੍ਹਾਂ ਤੋਂ ਔਰਤ ਦੀ ਸਥਿਤੀ ਦਾ ਮੁਲਾਂਕਣ ਕਰਨ ਵਿਚ ਮਦਦ ਮਿਲਦੀ ਹੈ। ਇਸ ਵਾਰੀ ਜੀਵਨ ਸਾਥੀ ਵੱਲੋਂ ਹਿੰਸਾ ਦਾ ਸ਼ਿਕਾਰ ਹੋਣ ਵਾਲੀਆਂ ਔਰਤਾਂ ਤੇ ਏਡਜ਼ ਬਾਰੇ ਜਾਣਕਾਰੀ ਰੱਖਣ ਵਾਲੇ ਔਰਤ-ਮਰਦਾਂ ਦਾ ਵੀ ਮੁਲਾਂਕਣ ਕੀਤਾ ਗਿਆ ਹੈ। ਕੌਮੀ ਅੰਕੜਿਆਂ ਮੁਤਾਬਕ ਦੇਸ ਦੀ ਕੁਲ 37.2 ਫੀਸਦੀ ਔਰਤਾਂ ਜੀਵਨ ਸਾਥੀ ਵੱਲੋਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਜਿਸ ਵਿਚ 30.4 ਫੀਸਦੀ ਸ਼ਹਿਰੀ ਹਨ ਤੇ 40.2 ਫੀਸਦੀ ਪੇਂਡੂ। ਘਰਾਂ ਵਿਚ ਹੁੰਦੀ ਹਿੰਸਾ ਨੂੰ ਮਾਪਣਾ ਗੁੰਝਲਦਾਰ ਅਮਲ ਹੈ ਅਤੇ ਇਨ੍ਹਾਂ ਅੰਕੜਿਆਂ ਤੋਂ ਔਰਤਾਂ ਦੀ ਅਸਲ ਦਸ਼ਾ ਤਾਂ ਨਹੀਂ ਬਲਕਿ ਉਸ ਦਾ ਇਕ ਅਭਿਆਸ ਜ਼ਰੂਰ ਹੁੰਦਾ ਹੈ। ਘਰ ਵਿਚ ਪਤੀ ਵੱਲੋਂ ਕੁੱਟਮਾਰ ਵਾਲੀ ਹਿੰਸਾ ਬਾਰੇ ਮੱਧ ਵਰਗ ਦੀਆਂ ਔਰਤਾਂ ਬੋਲਣ ਤੋਂ ਹਿਚਕਚਾਉਂਦੀਆਂ ਹਨ। ਸਰਵੇ ਅਨੁਸਾਰ ਸ਼ਹਿਰ ਤੋਂ ਇਲਾਵਾ ਪਿੰਡ ਵਿਚ ਵੀ ਗਰਭ-ਨਿਰੋਧਕ ਉਪਾਵਾਂ ਦੀ ਵਰਤੋਂ ਵਿਚ ਵਾਧਾ ਹੋਇਆ ਹੈ। NFSH-2 ਵਿਚ ਸਿਰਫ 40 ਫੀਸਦੀ ਔਰਤਾਂ ਨੂੰ ਏਡਜ਼ ਬਾਰੇ ਪਤਾ ਸੀ ਜੋ 2005-06 ਤਕ ਵਧ ਕੇ 57 ਫੀਸਦੀ ਹੋ ਗਈ ਜਦ ਕਿ ਕੁਲ 80 ਫੀਸਦੀ ਮਰਦਾਂ ਨੂੰ ਇਸ ਬਾਰੇ ਗਿਆਨ ਹੈ। ਏਡਜ਼ ਦਾ ਗਿਆਨ ਵਧ ਰਿਹਾ ਹੈ ਪਰ ਬੱਚਿਆਂ ਦੇ ਟੀਕਾਕਰਨ ਬਾਰੇ ਚੇਤਨਾ ਵਿਚ ਕੋਈ ਸਕਾਰਾਤਮਿਕ ਵਿਕਾਸ ਨਜ਼ਰ ਨਹੀਂ ਆ ਰਿਹਾ। ਅੱਜ ਵੀ ਸਿਰਫ 43.5 ਫੀਸਦੀ ਬੱਚਿਆਂ (12-23 ਮਹੀਨਿਆਂ) ਨੂੰ ਹੀ ਸਾਰੇ ਟੀਕੇ ਲਗਦੇ ਹਨ। ਡਾਇਰੀਆ, ਚੇਚਕ ਤੇ ਕਾਲਾ ਜ਼ਾਰ ਦੇ ਇਲਾਜ ਦੀ ਘਾਟ ਕਾਰਨ ਮਰਦੇ ਬੱਚੇ ਸਿਹਤ ਸੇਵਾਵਾਂ ਦੀ ਤਰਜੀਹ 'ਤੇ ਤਾਂ ਸਵਾਲ ਖੜ੍ਹਾ ਕਰਦੇ ਹੀ ਹਨ। ਕੁਲ ਮਿਲਾ ਕੇ ਸਥਿਤੀ ਚਿੰਤਾਜਨਕ ਹੈ। ਸਰਕਾਰ ਨੂੰ ਵਿਕਾਸ ਦੀ ਤਰਜੀਹ ਬਦਲਣ ਲਈ ਮਜਬੂਰ ਕਰਨ ਵਾਸਤੇ ਚੇਤੰਨ ਲੋਕਾਂ ਦੀ ਲਾਮਬੰਦੀ ਲਾਜ਼ਮੀ ਹੈ।

# ਕਿੰਨੀ ਕੁ ਹੈ ਮਹਿੰਗਾਈ ਦੀ ਮਾਰ?

ਕਾਂਗਰਸ ਇਸ ਤੱਥ ਨੂੰ ਮੰਨੇ ਜਾਂ ਨਾ ਮੰਨੇ ਪਰ ਕੇਂਦਰ ਉਸ ਦੀ ਅਗਵਾਈ ਵਾਲੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂ. ਪੀ. ਏ.) ਸਰਕਾਰ ਦੀਆਂ ਹਿੱਸੇਦਾਰ ਪਾਰਟੀਆਂ ਮੰਨ ਕੇ ਚੱਲ ਰਹੀਆਂ ਹਨ ਕਿ ਪੰਜਾਬ ਤੇ ਉਤਰਾਖੰਡ ਦੀਆਂ ਇਸ ਵਾਰ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਕਰਾਰੀ ਹਾਰ ਦਾ ਸਭ ਤੋਂ ਵੱਡਾ ਕਾਰਨ ਮਹਿੰਗਾਈ ਰਹੀ। ਪਿਛਲੇ ਇਕ ਸਾਲ ਦੇ ਦੌਰਾਨ ਸੰਸੈਕਸ ਦੀ ਉਛਾਲ ਤੇ ਭਾਰੀ ਵਿਦੇਸ਼ੀ ਨਿਵੇਸ਼ ਦੇ ਬਾਵਜੂਦ ਆਪਣੀ ਸਿਖਰ 'ਤੇ ਪੁੱਜੀ ਮਹਿੰਗਾਈ ਨੇ ਕੇਂਦਰ ਸਰਕਾਰ ਤੇ ਖਾਸ ਤੌਰ 'ਤੇ ਕਾਂਗਰਸ ਦੀਆਂ ਆਰਥਿਕ ਨੀਤੀਆਂ ਨੂੰ ਸੁਆਲਾਂ ਦੇ ਦਾਇਰੇ 'ਚ ਲਿਆ ਖੜ੍ਹਾ ਕੀਤਾ ਹੈ। ਏਨਾ ਹੀ ਨਹੀਂ ਸੰਸਦ 'ਚ ਵਿਤ ਮੰਤਰੀ ਪੀ ਚਿਦੰਬਰਮ ਵੱਲੋਂ ਪੇਸ਼ ਕੀਤੇ ਗਏ ਇਸ ਵਰ੍ਹੇ ਦੇ ਆਮ ਬਜਟ ਨਾਲ ਵੀ ਲੋਕਾਂ ਨੇ ਕੁਝ ਰਾਹਤ ਮਿਲਣ ਦੀਆਂ ਉਮੀਦਾਂ ਲਾਈਆਂ ਸਨ ਪਰ ਪੇਸ਼ ਕੀਤੇ ਬਜਟ ਨੂੰ ਵੇਖ ਕੇ ਆਰਥਿਕ ਮਾਹਰ ਇਸ ਗੱਲ ਨਾਲ ਸਹਿਮਤ ਨਹੀਂ ਹਨ ਕਿ ਮਹਿੰਗਾਈ ਕਾਬੂ 'ਚ ਆਏਗੀ। ਕੇਂਦਰ 'ਚ ਕਾਂਗਰਸ ਦੀ ਸਹਿਯੋਗੀ ਪਾਰਟੀ ਲੋਜਪਾ ਦੇ ਕੇਂਦਰ ਰਸਾਇਣ ਮੰਤਰੀ ਰਾਮ ਵਿਲਾਸ ਪਾਸਵਾਨ ਆਪਣੀਆਂ ਚੁਣਾਵੀ ਸੁਭਾਵਾਂ 'ਚ ਸ਼ਰੇਆਮ ਕਹਿੰਦੇ ਹਨ ਕਿ ਵਧਦੀ ਮਹਿੰਗਾਈ ਕਾਂਗਰਸ ਦੀ ਤਾਜ਼ਾ ਚੁਣਾਵੀ ਹਾਰ ਦੀ ਅਸਲੀ ਵਜ੍ਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਬਜਟ ਦਾ ਮਹਿੰਗਾਈ ਨਾਲ ਕੋਈ ਵਾਹ ਵਾਸਤਾ ਹੀ ਨਹੀਂ। ਮਹਿੰਗਾਈ 'ਤੇ ਕੰਟਰੋਲ ਲਈ ਖੇਤੀ ਤੇ ਵਿਤ ਮੰਤਰਾਲੇ ਨੂੰ ਆਪਸ 'ਚ ਮਿਲ ਕੇ ਕੋਈ ਰਣਨੀਤੀ ਬਣਾਉਣੀ ਚਾਹੀਦੀ ਹੈ। ਦਰਅਸਲ ਮਹਿੰਗਾਈ ਨਾਲ ਸਖ਼ਤੀ ਨਾਲ ਨਿਪਟਣ ਦੇ ਇਰਾਦੇ ਨੂੰ ਵਿਖਾਉਣ ਲਈ ਵਿਤ ਮੰਤਰੀ ਚਿਦੰਬਰਮ ਨੇ ਵਾਅਦਾ ਕਾਰੋਬਾਰ 'ਚ ਚਾਵਲ ਤੇ ਕਣਕ ਦੇ ਸੌਦੇ 'ਤੇ ਰੋਕ ਲਾ ਦਿੱਤੀ ਸੀ ਪਰ ਇਹ ਕਦਮ ਮਹਿੰਗਾਈ ਰੋਕਣ ਲਈ ਕਾਫ਼ੀ ਪਹਿਲਾ ਅਜਮਾਇਆ ਅਧੂਰਾ ਯਤਨ ਹੀ ਸਮਝਿਆ ਜਾ ਰਿਹਾ ਹੈ। ਅਕਸਾਈਜ਼ ਡਿਊਟੀ 'ਚ ਕਟੌਤੀ ਆਦਿ ਵੀ ਮਹਿੰਗਾਈ ਦੇ ਵਿਕਰਾਲ ਰੂਪ ਨੂੰ ਕਿੰਨਾ ਸੰਤੁਲਿਤ ਕਰ ਸਕੇਗੀ। ਇਹ ਸਮਝਣਾ ਔਖਾ ਨਹੀਂ ਹੈ। ਅੰਕੜੇ ਦੱਸ ਰਹੇ ਹਨ ਕਿ ਇਸ ਵਿੱਤੀ ਸਾਲ ਦੇ ਸ਼ੁਰੂ 'ਚ ਜੋ ਮਹਿੰਗਾਈ ਦਰ 4.5 ਫੀਸਦੀ ਸੀ ਉਹ ਸਾਲ ਦੇ ਖ਼ਤਮ ਹੋਣ ਤੱਕ 6 ਫੀਸਦੀ ਤੋਂ ਵੱਧ ਹੋ ਗਈ। ਬੀਤੇ ਸਾਲ ਨਿੱਜੀ ਕੰਪਨੀਆਂ ਨੂੰ ਕਣਕ ਖਰੀਦਣ ਦੀ ਛੋਟ ਦੇਣ ਦਾ ਸਿੱਟਾ ਅੱਜ ਵੀ ਦਿਸ ਰਿਹਾ ਹੈ। ਖੁੱਲ੍ਹੇ ਬਜ਼ਾਰ 'ਚ ਆਟਾ 15 ਰੁਪਏ ਕਿਲੋ ਤੱਕ ਵਿਕ ਰਿਹਾ ਹੈ, ਦਾਲਾਂ 50 ਰੁਪਏ ਕਿਲੋ ਦਾ ਅੰਕੜਾ ਪਾਰ ਕਰ ਚੁੱਕੀਆਂ ਹਨ। ਗਰੀਬਾਂ ਦੀ ਕਿਸ਼ਮਿਸ਼ ਕਿਹਾ ਜਾਣ ਵਾਲਾ ਚਨਾ (ਛੋਲਿਆਂ ਦੀ ਦਾਲ) 48 ਤੋਂ 50 ਰੁਪਏ ਫੀ ਕਿਲੋ ਤੱਕ ਪਹੁੰਚ ਗਿਆ ਹੈ। ਦੁੱਧ, ਆਲੂ, ਪਿਆਜ, ਸਬਜ਼ੀਆਂ ਤੋਂ ਇਲਾਵਾ ਖਾਣ ਪੀਣ ਦੀ ਸਾਰੀ ਸਮੱਗਰੀ ਸਾਧਾਰਨ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਇਹੀ ਹੀ ਨਹੀਂ ਇਕ ਔਰਤ ਘਰ 'ਚ ਰੋਜ਼ਾਨਾ ਕੰਮ ਆਉਣ ਵਾਲੇ ਵੱਖ-ਵੱਖ ਕਿਸਮਾਂ ਦੀਆਂ ਛੋਟੀਆਂ-ਵੱਡੀਆਂ ਚੀਜ਼ਾਂ ਹਰ ਛੋਟੇ ਅਰਸੇ ਪਿੱਛੋਂ ਮਨ ਚਾਹੇ ਤਰੀਕੇ ਨਾਲ ਵਧਾ ਦਿੱਤੀਆਂ ਜਾਂਦੀਆਂ ਹਨ ਪਰ ਉਨ੍ਹਾਂ ਦੇ ਕਾਰਨਾਂ ਦੀ ਜਾਂਚ ਕਰਨ ਵਾਲਾ ਕੋਈ ਨਹੀਂ ਹੈ। ਇਨ੍ਹਾਂ ਸਭ ਦਾ ਸਿੱਟਾ ਹੈ ਕਿ ਮੁਦਰਾ ਸਫਿਤੀ ਪਿਛਲੇ

ਦੋ ਸਾਲਾਂ 'ਚ ਵਧ ਕੇ 6.7 ਫੀਸਦੀ ਦੇ ਰਿਕਾਰਡ ਪੱਧਰ ਪਹੁੰਚ ਗਈ ਹੈ। 6 ਜਨਵਰੀ 2007 ਨੂੰ ਮੁਦਰਾ ਸਫਿਤੀ ਦੀ ਦਰ ਬਹੁਤ ਉੱਚੀ ਸੀ। ਵਰਨਣਯੋਗ ਹੈ ਕਿ ਕੁਝ ਮਹਿੰਗੇ ਖਾਦ ਪਦਾਰਥਾਂ, ਊਰਜਾ ਆਈਟਮਾਂ ਤੇ ਬੀਤੀ 31 ਜਨਵਰੀ ਨੂੰ ਹੋਣ ਵਾਲੀ ਭਾਰਤੀ ਰਿਜ਼ਰਵ ਬੈਂਕ ਦੀ ਕਰਜ਼ਾ ਨੀਤੀ ਦੀ ਸਮੀਖਿਆ ਬੈਠਕ ਤੋਂ ਪਹਿਲਾਂ ਵਿਆਜ ਦਰਾਂ 'ਤੇ ਵਧੇ ਦਬਾਅ ਦੇ ਚਲਦਿਆਂ ਮੁਦਰਾ ਸਫਿਤੀ 6 ਫੀਸਦੀ ਦਾ ਅੰਕੜਾ ਪਾਰ ਕਰ ਗਈ। ਸਿੱਟੇ ਵਜੋਂ ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਕਰਜ਼ਾ ਨੀਤੀ ਸਮੀਖਿਆ 'ਚ ਮੁਦਰਾ ਸਫਿਤੀ ਵਧਣੋਂ ਰੋਕਣ ਦੇ ਉਪਾਅ ਅਪਣਾਉਣ ਦਾ ਦਬਾਅ ਵਧਿਆ।

ਜ਼ਾਹਿਰ ਹੈ ਕਿ ਇਸਦੇ ਕਾਰਨ ਸਿੱਧੇ ਤੇ ਅਸਿੱਧੇ ਰੂਪ 'ਚ ਵਿਆਜ ਦਰਾਂ ਨੂੰ ਵਧਾਉਣ ਦੀਆਂ ਸਥਿਤੀਆਂ ਬਣੀਆਂ ਹਾਲਾਂਕਿ ਮੁਦਰਿਕ ਨੀਤੀ ਤੇ ਵੱਖ-ਵੱਖ ਰਾਜਕੋਸ਼ੀ ਉਪਾਵਾਂ ਨਾਲ ਵੀ ਮੁਦਰਾ ਸਫਿਤੀ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਕੋਈ ਸੁਧਾਰ ਨਹੀਂ ਆਇਆ, ਇਸ ਵਾਧੇ ਦਾ ਅੰਦਾਜ਼ਾ ਇਸ ਤੋਂ ਲਗਦਾ ਹੈ ਕਿ ਇਸ ਸਾਲ ਪਹਿਲਾਂ ਇਸ ਅਰਸੇ ਦੌਰਾਨ ਇਹ 3.98% ਸੀ। ਇਸ ਦੌਰਾਨ ਸੂਰ ਦੇ ਮਾਸ ਦੀ ਕੀਮਤ 'ਚ 26 ਫੀਸਦੀ, ਅੰਡੇ ਦੀ ਕੀਮਤ 'ਚ 7 ਫੀਸਦੀ ਦੇ ਬੱਕਰੇ ਦੇ ਮੀਟ ਦੀ ਕੀਮਤ 'ਚ 4 ਫੀਸਦੀ ਦਾ ਇਜ਼ਾਫਾ ਹੋਇਆ ਜਦਕਿ ਉੜਦ ਮੈਸੂਰ, ਮੂੰਗ ਤੇ ਅਰਹਰ ਦੀਆਂ ਦਾਲਾਂ, ਮਸਾਲਿਆਂ, ਫਲ ਸਬਜ਼ੀਆਂ, ਬਾਜਰਾ, ਵੜੇਵਿਆਂ ਦਾ ਤੇਲ, ਸਰੋਂ ਦਾ ਤੇਲ, ਮੂੰਗਫਲੀ ਦਾ ਤੇਲ, ਜੌਂ, ਕਣਕ, ਸੂਜੀ, ਮੈਦਾ, ਆਟਾ ਆਦਿ ਸਭ ਦੀਆਂ ਕੀਮਤਾਂ ਚੜ੍ਹਦੀਆਂ ਹੀ ਗਈਆਂ। ਜਾਹਿਰ ਹੈ ਕਿ ਇਸ ਪਿੱਛੋਂ ਸਰਕਾਰ ਨੂੰ ਆਪਣੇ ਆਪ ਨੂੰ ਬਚਾਉਣ ਲਈ ਬਚਾਅ ਦੀ ਮੁਦਰਾ 'ਚ ਆਉਣਾ ਪਿਆ। ਇਸ ਪਾਸੇ ਵਣਜ ਤੇ ਉਦਯੋਗ ਮੰਤਰੀ ਕਲਮਨਾਥ ਨੇ ਮੋਰਚਾ ਸੰਭਾਲਦਿਆਂ ਕਿਹਾ ਕਿ ਮੁਦਰਾਸਫਿਤੀ 'ਤੇ ਕੰਟਰੋਲ ਲਈ ਸਰਕਾਰ ਦਰਾਮਦ ਨੂੰ ਲਚਕੀਲਾ ਬਣਾ ਸਕਦੀ ਹੈ। ਕਿਉਂਕਿ ਸਪਲਾਈ ਦੀਆਂ ਖਾਮੀਆਂ ਕਾਰਨ ਇਹ ਵਾਧਾ ਹੋਇਆ ਹੈ। ਦੂਜੇ ਪਾਸੇ ਵਿੱਤ ਮੰਤਰੀ ਪੀ. ਚਿਤੰਬਰਮ ਨੇ ਮੰਨਿਆ ਕਿ ਜੀਵਨ ਲਈ ਜ਼ਰੂਰੀ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ 'ਚ ਤੇਜ਼ੀ ਕਾਰਨ ਆਮ ਆਦਮੀ ਮੁਸ਼ਕਲਾਂ ਝੱਲ ਰਿਹਾ ਹੈ। ਇਸ ਤੇਜ਼ੀ ਦੀ ਵਜ੍ਹਾ 'ਮੌਸਮੀ' ਬਿਲਕੁਲ ਨਹੀਂ ਹੈ। ਇਸ ਲਈ ਇਸ ਵਾਰੀ ਸੰਸਦ ਦੇ ਬੱਜਟ ਸੈਸ਼ਨ 'ਚ ਸਰਕਾਰ ਨੂੰ ਮਹਿੰਗਾਈ ਤੇ ਹੋਰ ਕਈ ਮੁੱਦਿਆਂ 'ਤੇ ਜ਼ੋਰਦਾਰ ਤਰੀਕੇ ਨਾਲ ਘੇਰਣ ਦੀ ਵਿਰੋਧੀ ਪਾਰਟੀ ਦੀ ਕੋਸ਼ਿਸ਼ 'ਚ ਹਕੂਮਤ (ਸੰਪ੍ਰਗ) ਦੀਆਂ ਸਮਰਥਕ ਖੱਬੇਪੱਖੀ ਪਾਰਟੀਆਂ ਨੇ ਕਾਂਗਰਸ ਤੋਂ ਲਾਂਭੇ ਹੋਣ ਦੀ ਤਿਆਰੀ ਪਹਿਲਾਂ ਹੀ ਕਰ ਲਈ ਸੀ। ਖੱਬੇਪੱਖੀਆਂ ਦਾ ਕਹਿਣਾ ਹੈ ਕਿ ਜੇ ਕਾਂਗਰਸ ਪੰਜਾਬ ਤੇ ਉਤਰਾਖੰਡ 'ਚ ਚੋਣਾਂ ਹਾਰ ਗਈ ਹੈ ਤਾਂ ਇਹ ਉਸ ਲਈ ਸਬਕ ਹੈ। ਤੇ ਉਸ ਨੂੰ ਸਮਝਣਾ ਚਾਹੀਦਾ ਹੈ ਕਿ ਉਸਦੀਆਂ ਆਰਥਕ ਨੀਤੀਆਂ ਤੋਂ ਦੇਸ਼ ਦੇ ਲੋਕ ਕਿਸ ਹੱਦ ਤੱਕ ਨਾਰਾਜ਼ ਤੇ ਤੰਗ ਹਨ। ਹੈਰਾਨੀ ਦੀ ਗੱਲ ਹੈ ਕਿ ਵਿੱਤੀ ਮਾਮਲਿਆਂ ਦੇ ਬਹੁਤ ਵੱਡੇ ਜਾਣਕਾਰ ਮੰਨੇ ਜਾਂਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਲੈ ਕੇ ਵਿੱਤ ਮੰਤਰੀ ਪੀ. ਚਿਤੰਬਰਮ ਤੱਕ ਇਹ ਨਹੀਂ ਸਮਝਾ ਸਕੇ ਕਿ ਆਖ਼ਰ ਜਦ ਦੇਸ਼ ਆਰਥਕ ਸੁਧਾਰ ਦੇ ਨਾਂ 'ਤੇ ਦਿਨ ਦੁੱਗਣੀ ਰਾਤ ਚੌਗੁਣੀ 'ਤਰੱਕੀ' ਕਰ ਰਿਹਾ ਹੈ ਤਾਂ ਫਿਰ ਆਮ ਆਦਮੀ ਵੀ ਭੁੱਖ ਨਾਲ ਮਰਨ ਦੇ ਕਿਨਾਰੇ 'ਤੇ ਕਿਉਂ ਜਾ ਖੜ੍ਹਾ ਹੋਇਆ ਹੈ? ਸਿਰਫ਼ ਅੰਕੜਿਆਂ ਤੇ ਵਿੱਤੀ ਸ਼ਬਦਾਵਲੀਆਂ ਦੀ ਲਫਾਜ਼ੀ ਕਰਕੇ ਆਪਣੇ ਸੁਨਹਿਰੇ ਦਿਨ ਸਰਕਾਰ ਤੇ

ਉਸ 'ਚ ਬੈਠੇ ਲੋਕ ਗੁਜ਼ਾਰ ਰਹੇ ਹਨ। ਕਿਉਂ ਉਨ੍ਹਾਂ ਨੂੰ ਨਹੀਂ ਪਤਾ ਕਿ ਚੰਦ ਫਾਈਲਾਂ 'ਚ ਅੰਕੜਿਆਂ ਜਾਂ ਸ਼ਬਦਾਂ ਦੀ ਹੇਰਾਫੇਰੀ ਕਰਨ ਨਾਲ ਦੇਸ਼ ਦੇ ਦੂਰ ਦਰਾੜੇ ਹਿੱਸਿਆਂ ਤੋਂ ਲੈ ਕੇ ਮਹਾਂਨਗਰਾਂ ਵਿਚਾਲੇ ਪਸਰੇ ਜੀਵਨ ਦੀ ਜ਼ਮੀਨ ਹਕੀਕਤ ਨਹੀਂ ਬਦਲੇਗੀ? ਸਭ ਤੋਂ ਚਿੰਤਾਜਨਕ ਸਥਿਤੀ ਉਨ੍ਹਾਂ ਕਿਸਾਨਾਂ ਦੀ ਹੈ ਜਿਨ੍ਹਾਂ ਤੇ ਖੇਤਾਂ ਤੋਂ ਉਪਜਿਆ ਅੰਨ ਬਾਜ਼ਾਰ 'ਚ ਭਿਆਨਕ ਉੱਚੀਆਂ ਕੀਮਤਾਂ 'ਤੇ ਵਿਕ ਰਿਹਾ ਹੈ। ਪਰ ਉਨ੍ਹਾਂ ਕਿਸਾਨਾਂ ਕੋਲ ਇਹਨਾਂ ਵਧੀਆਂ ਕੀਮਤਾਂ ਦਾ ਪੈਸਾ ਬਿਲਕੁਲ ਨਹੀਂ ਪੁੱਜ ਰਿਹਾ ਹੈ। ਵਰਨਾ ਉਹ ਕਰਜ਼ੇ ਕਾਰਨ ਟੁੱਟਦੀ ਖੇਤੀ ਤੋਂ ਪ੍ਰੇਸ਼ਾਨ ਹੋ ਕੇ ਆਤਮ-ਹੱਤਿਆ ਨਾ ਕਰਦੇ? ਸਪੱਸ਼ਟ ਹੈ ਕਿ ਬਜ਼ਾਰ 'ਚ ਅੰਨ ਦੀਆਂ ਕੀਮਤਾਂ ਦਾ ਦੇਸ਼ ਦੇ ਖੇਤੀ ਉਤਪਾਦਾਂ ਦੀ ਖਰੀਦ ਵਿਕਰੀ ਨਾਲ ਕੋਈ ਤਾਲਮੇਲ ਨਹੀਂ ਹੈ। ਇਸ ਲਈ ਕੁਝ ਮਹੀਨੇ ਪਹਿਲਾਂ ਪਿਆਜ ਦੀਆਂ ਟੁੱਟੀਆਂ ਕੀਮਤਾਂ ਨਾਲ ਟੁੱਟੇ ਕਿਸਾਨਾਂ ਨੇ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਨੂੰ ਨਾਸਿਕ ਦੀ ਇਕ ਰੈਲੀ 'ਚ ਪਿਆਜਾਂ ਨਾਲ ਹੀ ਕੁੱਟਿਆ ਸੀ। ਬਾਅਦ 'ਚ ਇਹੀ ਪਿਆਜ ਬਜ਼ਾਰ ਦੀਆਂ ਵਧਦੀਆਂ ਕੀਮਤਾਂ ਵਿਚਕਾਰ ਸਭ ਦੀਆਂ ਅੱਖਾਂ 'ਚ ਅੱਥਰੂ ਭਰ ਗਈਆਂ। ਸਿੱਟੇ ਵਜੋਂ ਜਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇਸ ਸਾਲ ਦੇ ਬਜਟ ਨੂੰ ਮਹਿੰਗਾਈ ਘੱਟ ਕਰਨ ਵਾਲਾ ਦੱਸਦੇ ਹਨ ਤਾਂ ਸਿਰਫ਼ ਵਿਰੋਧੀ ਦਲ ਹੀ ਨਹੀਂ ਬਲਕਿ ਖੱਬੇ ਪੱਖੀ ਪਾਰਟੀਆਂ ਵੀ ਉਨ੍ਹਾਂ ਦੀ ਸਮਝ 'ਤੇ ਹੈਰਾਨ ਹਨ। ਮਨਮੋਹਨ ਸਿੰਘ ਇਹ ਕਹਿ ਰਹੇ ਹਨ ਕਿ ਕੀਮਤਾਂ ਨੂੰ ਘਟਾਉਣ ਦੇ ਮਕਸਦ ਨਾਲ ਬਹੁਤ ਹੀ ਚੀਜ਼ਾ 'ਤੇ ਟੈਕਸ ਘਟਾਏ ਗਏ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜ਼ਰੂਰੀ ਵਸਤਾਂ ਦੀ ਕਮੀ ਹੋਣ 'ਤੇ ਸਰਕਾਰ ਉਨ੍ਹਾਂ ਦੀ ਦਰਾਮਦ ਕਰਨ ਤੋਂ ਨਹੀਂ ਹਿਚਕਚਾਹੇਗੀ। ਮਸਲਨ ਮੌਜੂਦਾ ਸਾਲ 'ਚ ਖਾਦ ਤੇਲਾਂ ਤੋਂ ਇਲਾਵਾ 55 ਲੱਖ ਕਣਕ ਦੀ ਦਰਾਮਦ ਵੀ ਕੀਤੀ ਗਈ ਹੈ। ਪਰ ਇਥੇ ਸੁਆਲ ਇਹ ਹੈ ਕਿ ਸਪਲਾਈ ਸੁਧਾਰਨ ਲਈ ਬਾਹਰੋਂ ਦਰਾਮਦ ਕਰਨ ਦਾ ਵਿਕਰਾਲ ਨਕਸ਼ਾ ਤਿਆਰ ਰੱਖਣ ਵਾਲੀ ਸਰਕਾਰ ਇਹ ਕਿਵੇਂ ਭੁੱਲ ਜਾਂਦੀ ਹੈ ਕਿ ਕੁਝ ਸਮਾਂ ਪਹਿਲਾਂ ਤੱਕ ਅਸੀਂ ਅੰਨ ਦੇ ਮਾਮਲੇ 'ਚ ਨਾ ਸਿਰਫ਼ ਆਤਮ ਨਿਰਭਰ ਹੋਇਆ ਕਰਦੇ ਸਾਂ ਬਲਕਿ ਕਈ ਵਾਰੀ ਅੰਨ ਵਾਧੂ ਵੀ ਹੁੰਦਾ ਸੀ? ਅੱਜ ਦੇਸ਼ ਦੀ ਤਰੱਕੀ ਦੀ ਚਕਾਚੌਂਧ 'ਚ ਪੇਟ ਭਰਨ ਜੋਗੇ ਅੰਨ ਦੀ ਆਤਮ ਨਿਰਭਰਤਾ ਕਿੱਥੇ ਗੁੰਮ ਹੋ ਗਈ? ਕੀ ਇਹੀ ਤਰੱਕੀ ਹੈ? ਅਤੇ ਜੋ ਅੰਨ ਦਰਾਮਦ ਹੀ ਹੋਣ ਲੱਗੇ ਤਾਂ ਕੀ ਉਸ ਦੀਆਂ ਕੀਮਤਾਂ ਅਸਮਾਨ ਛੂਹਣ ਵਾਲੀਆਂ ਨਹੀਂ ਹੋਣਗੀਆਂ, ਇਸ ਦੀ ਗਰੰਟੀ ਕੌਣ ਲਵੇਗਾ? ਅਪਨਿਵੇਸ਼ ਤੇ ਵਿੱਤੀ ਸੇਵਾ ਖੇਤਰ 'ਚ ਬੇਹੱਦ ਪ੍ਰਦਰਸ਼ਨ ਦੀ ਬਦੌਲਤ ਸਾਲ 2006-07 ਦੌਰਾਨ ਦੇਸ਼ ਦੇ ਸਰਲ ਘਰੇਲੂ ਉਤਪਾਦ (ਜੀ. ਡੀ. ਪੀ.) ਦੀ ਵਿਕਾਸ ਦਰ 9.2 ਫੀਸਦੀ ਦਾ ਟੀਚਾ ਰੱਖਣ ਨੂੰ ਤਰੱਕੀ ਦਾ ਮਾਪਦੰਡ ਮੰਨਣ ਵਾਲੀ ਕੇਂਦਰ ਸਰਕਾਰ ਨੂੰ ਵਿਰੋਧੀ ਦਲ ਨੇ ਵੀ ਕਈ ਵਾਰੀ ਯਾਦ ਕਰਵਾਇਆ ਹੈ ਕਿ ਇਸ ਵਿਕਾਸ ਦਰ ਦੇ ਨਾਲ-ਨਾਲ ਮੁਦਰਾ ਸਫਿਤੀ ਨੂੰ ਵੀ ਕੰਟਰੋਲ 'ਚ ਰੱਖਣਾ ਉਨ੍ਹਾਂ ਹੀ ਜ਼ਰੂਰੀ ਹੈ ਕਿ ਇਸ ਗੱਲ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਸਾਰ 'ਚ ਜਦ ਖੰਡ ਦੀਆਂ ਕੀਮਤਾਂ ਤੇਜ਼ੀ ਨਾਲ ਘਟੀਆਂ ਭਾਰਤ 'ਚ ਖੰਡ ਦੀਆਂ ਪ੍ਰਚੂਨ ਕੀਮਤਾਂ 'ਚ ਵਾਧਾ ਦਰਜ ਹੋਇਆ।

ਪਿਛਲੇ ਸਾਲ ਕਣਕ ਦੀ ਦਰਾਮਦ ਕਾਰਨ ਕਿਸਾਨਾਂ ਨੇ ਆਪਣੀ ਕਣਕ ਸਰਕਾਰ ਨੂੰ ਨਹੀਂ ਵੇਚੀ ਕਿਉਂਕਿ ਬਾਜ਼ਾਰ 'ਚ ਬੈਠੇ ਨਿੱਜੀ ਵਪਾਰੀਆਂ ਨੇ ਕਣਕ

ਦੀ ਜਮ੍ਹਾਂਖੋਰੀ ਕਰ ਲਈ ਸੀ। ਖੱਬੇਪੱਖੀ ਪਾਰਟੀਆਂ ਕਾਫ਼ੀ ਸਮੇਂ ਤੋਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਨੂੰ ਘਟਾਉਣ ਦੀ ਮੰਗ ਕਰਦੇ ਆ ਰਹੇ ਸਨ ਪਰ ਕਾਂਗਰਸ ਦੇ ਕੰਨ ’ਤੇ ਜੂੰ ਨਹੀਂ ਸਰਕੀ। ਆਖ਼ਰਕਾਰ ਜਦ ਮਹਿੰਗਾਈ ਨੇ ਸਾਰੇ ਰਿਕਾਰਡ ਤੋੜ ਦਿੱਤੇ ਤਾਂ ਦੋ-ਦੋ ਵਾਰੀ ਕੀਮਤਾਂ ਨਾਮਾਤਰ ਘਟਾ ਕੇ ਮਹਿੰਗਾਈ ਪ੍ਰਤੀ ਚਿੰਤਾ ਦਰਸਾਉਣ ਦਾ ਡਰਾਮਾ ਰਚਿਆ ਗਿਆ।

ਸਰਕਾਰ ਆਪਣੀ ਆਰਥਕ ਸਮੀਖਿਆ ’ਚ ਕਹਿੰਦੀ ਹੈ ਕਿ ਵਿਸ਼ਵ ਭਰ ’ਚ ਮੁੱਢਲੀਆਂ ਚੀਜ਼ਾਂ ਦੀਆਂ ਕੀਮਤਾਂ ’ਚ ਤੇਜ਼ੀ ਨਾਲ ਹੋਏ ਵਾਧੇ ਕਾਰਨ ਇੱਥੇ ਵੀ ਮੁਦਰਾ ਸਫਿਤੀ ਵਧੀ ਹੈ। ਮਤਲਬ ਇਹ ਕਿ ਭਾਰਤ ਦੇ ਬਜ਼ਾਰ ਦੇ ਬੈਰੋਮੀਟਰ ਦਾ ਪਾਰਾ ਹੁਣ ਕੌਮਾਂਤਰੀ ਕੀਮਤਾਂ ਦੇ ਉਤਰਾਅ ਚੜ੍ਹਾਅ ’ਤੇ ਨਿਰਭਰ ਹੈ। ਤਾਂ ਫਿਰ ਆਰਥਕ ਸੁਧਾਰ ਤੇ ਵਿਕਾਸ ਦੇ ਅਜਿਹੇ ਕੌਮਾਂਤਰੀ ਰੇਲ ਮਾਡਲ ਦੀ ਵਰਤੋਂ ਦੇਸ਼ ਨੂੰ ਕਿੱਥੇ ਲੈ ਜਾਵੇਗੀ? ਇਹ ਸਹਿਜੇ ਹੀ ਸੋਚਿਆ ਜਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਮੌਜੂਦਾ ਸਰਕਾਰ ਪਾਸ ਮਹਿੰਗਾਈ ਨੂੰ ਦੂਰ ਕਰਨ ਲਈ ਕੋਈ ਠੋਸ, ਵਿਚਾਰ ਨਜ਼ਰੀਆ ਨਹੀਂ ਹੈ, ਨਾ ਹੀ ਸਰਕਾਰ ’ਚ ਬੈਠੇ ਲੋਕਾਂ ਨੂੰ ਮਹਿੰਗਾਈ ਨਾਲ ਸਿੱਧੇ ਪ੍ਰਭਾਵਿਤ ਹੋਣ ਵਾਲੀ ਇਕ ਵੱਡੀ ਆਬਾਦੀ ਦੀ ਕੋਈ ਚਿੰਤਾ ਹੈ।

ਇਸ ਲਈ ਸਰਕਾਰ ਘੁੰਮਾ ਫਿਰਾ ਕੇ ਕਹਿ ਰਹੀ ਹੈ ਕਿ ਆਰਥਕ ਵਿਕਾਸ ਲਈ ਮਹਿੰਗਾਈ ਸਹਿਣੀ ਹੀ ਪਵੇਗੀ। ਸਾਬਕਾ ਉਪ ਪ੍ਰਧਾਨ ਨਾਲ ਕਿਸ਼ਨ ਅਡਵਾਨੀ ਇਸ ਸਾਲ ਦੇ ਬਜਟ ’ਤੇ ਆਪਣ ਪ੍ਰਤੀਕ੍ਰਮ ’ਚ ਕਹਿ ਵੀ ਚੁੱਕੇ ਹਨ ਕਿ ਲੱਗਦਾ ਹੈ ਕਿ ਕਾਂਗਰਸ ਨੇ ਪੰਜਾਬ ਤੇ ਉਤਰਾਖੰਡ ’ਚ ਹੋਈ ਚੁਣਾਵੀਂ ਹਾਰ ਤੋਂ ਕੋਈ ਸਬਕ ਨਹੀਂ ਸਿੱਖਿਆ ਹੈ। ਉਨ੍ਹਾਂ ਨੇ ਜ਼ਰੂਰੀ ਖਪਤਕਾਰ ਵਸਤੂਆਂ ਦੀ ਬਜਾਏ ਪਾਲਤੂ ਜਾਨਵਰਾਂ ਦੇ ਖਾਣ ਦੀਆਂ ਚੀਜ਼ਾਂ ਦੀ ਕੀਮਤ ਘੱਟ ਕਰਨ ਦੇ ਵਿੱਤ ਮੰਤਰੀ ਪੀ. ਚਿਤੰਬਰਮ ਦੇ ਪ੍ਰਸਤਾਵ ਨੂੰ ਹਾਸੋਹੀਣਾ ਕਰਾਰ ਦਿੰਦਿਆਂ ਮਹਿੰਗਾਈ ਪ੍ਰਤੀ ਸਰਕਾਰ ਦੀ ਸੰਵੇਦਨਹੀਣਤਾ ’ਤੇ ਘੋਰ ਹੈਰਾਨੀ ਜਾਹਰ ਕੀਤੀ। ਸਾਰੀਆਂ ਅਲੋਚਨਾਵਾਂ ਪਿੱਛੋਂ ਮਹਿੰਗਾਈ ਰੋਕਣ ਲਈ ਕੇਂਦਰ ਸਰਕਾਰ ਨੇ ਮਹਿੰਗੀਆਂ ਹੋਈਆਂ ਕੁਝ ਚੀਜ਼ਾਂ ਦੀ ਬਰਾਮਦ ’ਤੇ ਰੋਕ ਲਾ ਦਿੱਤੀ। ਤੇ ਦਰਾਮਦ ਕਰਨ ਵਾਲੇ ਟੈਕਸਾਂ ’ਚ ਭਾਰੀ ਛੋਟ ਦੇ ਦਿੱਤੀ ਪਰ ਇਸ ਦੇ ਬਾਵਜੂਦ ਮਹਿੰਗਾਈ ਦਾ ਚੜ੍ਹਦਾ ਗਰਾਫ ਡਿੱਗਣ ਦੀ ਬਜਾਏ ਜਿਉਂ ਦੀ ਤਿਉਂ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਥੋਕ ਮੁਲ ਸੂਚਕਾਂਕ ’ਚ ਵਾਧੇ ਦੀ 6 ਫੀਸਦੀ ਸੀਮਾ ਪਾਰ ਕਰਨ ਪਿੱਛੋਂ ਮਹਿੰਗਾਈ ਤੋਂ ਲੋਕਾਂ ਨੂੰ ਛੁਟਕਾਰਾ ਦਿਵਾਉਣ ਲਈ ਆਪਣੀਆਂ ਕੈਸ਼ ਰਿਜ਼ਰਵ ਰੇਸ਼ੋਆ (CRR) ’ਚ ਦੋ ਪੜਾਵਾਂ ’ਚ ਅੱਧੇ ਫੀਸਦੀ ਦਾ ਵਾਧਾ ਕਰਨ ਦਾ ਐਲਾਨ ਕਰ ਦਿੱਤਾ। ਜੋ ਬੀਤੀ 17 ਫਰਵਰੀ ਤੇ 3 ਮਾਰਚ ਤੋਂ ਲਾਗੂ ਹੋ ਗਈ ਹੈ। ਰਿਜ਼ਰਵ ਬੈਂਕ ਦੇ ਇਸ ਕਦਮ ਦਾ ਕਿੰਨਾ ਪ੍ਰਭਾਵ ਮਹਿੰਗਾਈ ’ਤੇ ਪਵੇਗਾ, ਇਹ ਅਜੇ ਕਿਹਾ ਨਹੀਂ ਜਾ ਸਕਦਾ ਕਿਉਂਕਿ ਪਿਛਲੀ ਵਾਰੀ ਵੀ ਵਾਧੇ ਦਾ ਅਸਰ ਨਹੀਂ ਦੇ ਬਰਾਬਰ ਸੀ। ਇਸ ਵਜ੍ਹਾ ਨਾਲ ਸ਼ੇਅਰ ਬਜ਼ਾਰ ਦਾ ਸੂਚਕਾਂਕ ਵੀ ਮੁਦਰਾ ਸਫਿਤੀ ਨੂੰ ਲੈ ਕੇ ਹੁਣ ਰੋਜ਼ ਲੁਟਕਣ ਲੱਗਿਆ ਹੈ। ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਰਾਕੇਸ਼ ਮੋਹਨ ਨੇ ਮੁੰਬਈ ’ਚ ਹਾਲ ਹੀ ’ਚ ਇਕ ਕਾਨਫਰੰਸ ’ਚ ਮੰਨਿਆ ਸੀ ਕਿ ਮੁਦਰਾ ਸਫਿਤੀ ਦੀ ਵਧਦੀ ਦਰ ਦੇ ਚਲਦਿਆਂ ਘੱਟੋ-ਘੱਟ 7-8 ਫੀਸਦੀ ਜ਼ਿਆਦਾ ਖਰਚਾ ਕਰਨਾ ਪੈ ਸਕਦਾ ਹੈ ਪਰ ਚੱਕਰ ਇਹ ਹੈ ਕਿ ਰਿਜ਼ਰਵ

ਬੈਂਕ ਦੇ ਡਿਪਟੀ ਗਵਰਨਰ ਦੀ ਇਹ ਸਮਝ ਵੀ ਸਿਰਫ਼ ਥੋਕ ਮੁੱਲ ਸੂਚਕਾਂਕ ’ਤੇ ਆਧਾਰਿਤ ਹੈ, ਲੋਕਾਂ ਦੀ ਜੇਬ ’ਤੇ ਪਏ ਬੋਝ ਨੂੰ ਸਮਝਣ ਲਈ ਲੋਕਾਂ ਨੂੰ ਅੰਕੜਿਆਂ ਦੀ ਜ਼ਰੂਰਤ ਨਹੀਂ ਹੁੰਦੀ।

ਥੋਕ ਮੁੱਲ ਸੂਚਕਾਂਕ ਭਾਵੇਂ ਹੀ 6.73 ਤੇ ਉੱਚੇ ਸਕੋਰ ’ਤੇ ਪੁੱਜ ਗਿਆ ਹੋਵੇ ਪਰ ਸਭ ਜਾਣਦੇ ਹਨ ਕਿ ਪ੍ਰਚੂਨ ਦੀਆਂ ਕੀਮਤਾਂ ਥੋਕ ਤੋਂ ਹਮੇਸ਼ਾ ਕਈ ਕਦਮ ਅੱਗੇ ਰਹਿੰਦੀਆਂ ਹਨ। ਇਸ ਲਈ ਰੋਜ਼ ਮਰਾ ਦੀਆਂ ਚੀਜ਼ਾਂ ਦੇ ਪ੍ਰਚੂਨ ਭਾਵਾਂ ਨੂੰ ਥੋਕ ਸੂਚਕਾਂਕ ਨਾਲ ਜੇ ਸਰਕਾਰ ਨਾਪ ਰਹੀ ਹੈ ਤਾਂ ਇਹ ਹੋਰ ਵੀ ਹਨੇਰਗਰਦੀ ਵਾਲੀ ਗੱਲ ਹੈ। ਲਿਹਾਜਾ ਰਿਜ਼ਰਵ ਬੈਂਕ ਦੀ ਚਿੰਤਾ ਵਾਜਬ ਹੈ ਪਰ ਹਕੀਕਤ ’ਚ ਬਜ਼ਾਰ ’ਚ ਮਹਿੰਗਾਈ ਉਸ ਦੇ ਅੰਦਾਜ਼ੇ ਤੋਂ ਬਹੁਤ ਅੱਗੇ ਵਧ ਚੁੱਕੀ ਹੈ। ਮਹਿੰਗਾਈ ਰੋਕਣ ਲਈ ਦੋ ਗੱਲਾਂ ਜ਼ਰੂਰੀ ਸਮਝੀਆਂ ਜਾਂਦੀਆਂ ਹਨ। ਇਕ ਤਾਂ ਰਿਜ਼ਰਵ ਬੈਂਕ ਪੈਸੇ ਦੇ ਫੈਲਾਅ ਨੂੰ ਰੋਕੇ ਯਾਨੀ ਜਾਂ ਤਾਂ ਉਹ ਪੈਸੇ ਨੂੰ ਸਿਸਟਮ ਤੋਂ ਖਿੱਚ ਲਵੇ ਜਾਂ ਵਿਆਜ ਦੀ ਦਰ ਵਧਾ ਕੇ ਉਸ ਨੂੰ ਮਹਿੰਗਾ ਕਰ ਦੇਵੇ। ਰਿਜ਼ਰਵ ਬੈਂਕ ਨੇ ਇਹ ਦੋਨੋਂ ਉਪਾਅ ਅਪਣਾ ਲਏ ਹਨ ਪਰ ਇਸ ਦਾ ਦੂਸਰਾ ਅਸਰ ਇਹ ਹੈ ਕਿ ਬੈਂਕਾਂ ਤੋਂ ਮਿਲਣ ਵਾਲੇ ਸਭ ਕਿਸਮ ਦੇ ਕਰਜ਼ੇ ਹੋਰ ਮਹਿੰਗੇ ਹੁੰਦੇ ਜਾਣਗੇ।

ਆਰਥਕ ਮਾਹਰ ਇਹ ਵੀ ਮੰਨ ਰਹੇ ਹਨ ਕਿ ਕੀਮਤਾਂ ’ਚ ਹੋਇਆ ਇਹ ਵਾਧਾ ਪੈਦਾਵਾਰ ਜਾਂ ਪੈਦਾਵਾਰ ’ਚ ਆਈ ਗਿਰਾਵਟ ਦਾ ਸਿੱਟਾ ਨਹੀਂ ਹੈ। ਸੱਚ ਤਾਂ ਇਹ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਮੌਨਸੂਨ ਆਮ ਤੌਰ ’ਤੇ ਠੀਕ ਠਾਕ ਰਹੀ ਹੈ। ਇਸ ਲਈ ਮੁੱਲਾਂ ’ਚ ਵਾਧਾ ਕੇਂਦਰ ਸਰਕਾਰ ਦੀਆਂ ਗ਼ਲਤ ਨੀਤੀਆਂ ਦਾ ਸਿੱਟਾ ਹੈ। ਸਰਕਾਰ ਕੀਮਤ ਘੱਟ ਕਰਨ ਲਈ ਸਿਰਫ਼ ਰਿਜ਼ਰਵ ਬੈਂਕ ’ਤੇ ਦਬਾਅ ਪਾ ਰਹੀ ਹੈ। ਰਿਜ਼ਰਵ ਬੈਂਕ ਵਾਰ-ਵਾਰ ਮੁਦਰਿਕ ਨੀਤੀ ਨੂੰ ਕਸ ਰਿਹਾ ਹੈ ਪਰ ਮਹਿੰਗਾਈ ਫਿਰ ਵੀ ਵਧਦੀ ਜਾ ਰਹੀ ਹੈ। ਇਸ ਦੀ ਇਕ ਵਜ੍ਹਾ ਇਹ ਵੀ ਹੈ ਕਿ ਜਿਨ੍ਹਾਂ ਚੀਜ਼ਾਂ ਦੀਆਂ ਕੀਮਤਾਂ ਬੇਹੱਦ ਵਧ ਗਈਆਂ ਹਨ, ਉਹ ਬੈਂਕਾਂ ਤੋਂ ਕਰਜ਼ੇ ਲੈ ਕੇ ਨਹੀਂ ਖਰੀਦੀਆਂ ਜਾਂਦੀਆਂ। ਉਲਟਾ ਇਨ੍ਹਾਂ ਕੋਸ਼ਿਸ਼ਾਂ ਨਾਲ ਕਰਜ਼ਾ ਮਹਿੰਗਾ ਹੋ ਰਿਹਾ ਹੈ। ਅਰਥਾਤ ਗਰੀਬ ਲੋਕਾਂ ਨੂੰ ਹਰ ਪਾਸਿਉਂ ਮਾਰ ਪੈ ਰਹੀ ਹੈ। ਦਿੱਕਤ ਇਹ ਵੀ ਹੈ ਕਿ ਸਰਕਾਰ ਨੇ ਅੰਨ ਸੁਰੱਖਿਆ ਦੀ ਵਿਵਸਥਾ ਪੂਰੀ ਤਰ੍ਹਾਂ ਨਾਲ ਤਹਿਸ ਨਹਿਸ ਕਰ ਦਿੱਤੀ ਹੈ। ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਨੂੰ ਨਕਾਰਾ ਕਰ ਦਿੱਤਾ ਹੈ ਤੇ ਕਿਸਾਨਾਂ ਤੋਂ ਸਿੱਧਾ ਅਨਾਜ ਖਰੀਦਣ ਦਾ ਜਿੰਮਾਂ ਦੇਸ਼ੀ ਵਿਦੇਸ਼ੀ ਨਿੱਜੀ ਕੰਪਨੀਆਂ ਨੂੰ ਸੌਂਪ ਦਿੱਤਾ ਗਿਆ ਹੈ।

ਸਿੱਟੇ ਵਜੋਂ ਫੂਡ ਕਾਰਪੋਰੇਸ਼ਨ ਕੋਲ ਸਟਾਕ ਹੀ ਨਹੀਂ ਹੈ। ਨਿੱਜੀ ਕੰਪਨੀਆਂ ਨੇ ਕਿਸਾਨਾਂ ਤੋਂ ਕੌਡੀਆਂ ਦੇ ਭਾਅ ਅਨਾਜ ਖਰੀਦ ਕੇ ਜਮ੍ਹਾਖੋਰੀ ਕੀਤੀ ਹੋਈ ਹੈ। ਉਧਰ ਜਨਤਕ ਵੰਡ ਪ੍ਰਣਾਲੀ ਨੂੰ ਵੀ ਸਰਕਾਰ ਨੇ ਤਬਾਹ ਕਰ ਦਿੱਤਾ ਹੈ। ਕਿਸਾਨਾਂ ਨੂੰ ਘੱਟੋ-ਘੱਟ ਸਹਾਇਕ ਮੁੱਲ ’ਚ ਥੋੜ੍ਹਾ-ਵਾਧਾ ਵੀ ਸਰਕਾਰ ਨੂੰ ਮਨਜ਼ੂਰ ਨਹੀਂ ਹੈ। ਪਰ ਬਾਜ਼ਾਰ ’ਚ ਅੰਨ੍ਹ ਦੀ ਕਮੀ ਹੋਵੇ ਤਾਂ ਮਹਿੰਗੇ ਭਾਵਾਂ ’ਤੇ ਆਸਟਰੇਲੀਆ ਤੋਂ ਅਨਾਜ ਦੀ ਦਰਾਮਦ ਕਰਨੀ ਮਨਜ਼ੂਰ ਹੈ। ਸਰਕਾਰ ਦੀਆਂ ਨੀਤੀਆਂ ਲੋਕ ਪੱਖੀ ਨਾ ਹੋ ਕੇ ਸਾਮਰਾਜੀਆਂ ਦੇ ਹੱਕ ਦੀਆਂ ਹਨ। ਇਸ ਲਈ ਨੀਤੀਆਂ ਬਦਲਣ ਲਈ ਸਰਕਾਰ ’ਤੇ ਦਬਾਅ ਜ਼ਰੂਰੀ ਹੈ।

# ਮਸਲਾ ਕਣਕ ਦੇ ਭਾਅ ਦਾ......

ਪਿਛਲੇ ਸਾਲ ਹਾੜ੍ਹੀ ਦੀ ਫਸਲ ਤਿਆਰ ਹੋਣ ਸਮੇਂ ਕਿਸਾਨ ਤਾਂ ਪ੍ਰੇਸ਼ਾਨ ਸਨ ਪਰ ਸਰਕਾਰ ਨਿਸ਼ਚਿੰਤ ਸੀ। ਕਿਸਾਨੀ ਦੀ ਬੇਚੈਨੀ ਦੀ ਵਜ੍ਹਾ ਸੀ ਕਣਕ ਦੀ ਫਸਲ 'ਤੇ ਮੌਸਮੀ ਮਾਰ ਕੇ ਚਲਦਿਆਂ ਘੱਟ ਪੈਦਾਵਾਰ। ਸਰਕਾਰ ਦੀ ਨੀਂਦ ਉਦੋਂ ਖੁੱਲ੍ਹੀ ਜਦ ਸਰਕਾਰੀ ਗੁਦਾਮਾਂ ਵਿੱਚ ਉਮੀਦ ਮੁਤਾਬਿਕ ਅਨਾਜ ਨਹੀਂ ਪੁੱਜਿਆ। ਮਜ਼ਬੂਰਨ ਸਰਕਾਰ ਨੂੰ ਦੇਸ਼ ਦੀਆਂ ਅਨਾਜ ਜ਼ਰੂਰਤਾਂ ਪੂਰੀਆਂ ਕਰਨ ਲਈ ਕਣਕ ਦਰਾਮਦ ਕਰਨ ਦਾ ਫੈਸਲਾ ਲੈਣਾ ਪਿਆ। ਉਮੀਦ ਤਾਂ ਕੀਤੀ ਜਾਂਦੀ ਹੈ ਕਿ ਇਸ ਸਾਲ ਦੀ ਫਸਲ ਅੱਛੀ ਰਹੇਗੀ ਤੇ ਸਰਕਾਰੀ ਗੁਦਾਮ ਮੁੜ ਅਨਾਜ ਨਾਲ ਭਰ ਜਾਣਗੇ ਪਰ ਪ੍ਰਚੂਨ ਵਪਾਰ ਵਿੱਚ ਉਤਰੀਆਂ ਨਿੱਜੀ ਕੰਪਨੀਆਂ ਇਸ ਸਾਲ ਵੀ ਕਣਕ ਦੀ ਖਰੀਦ ਦੇ ਮਾਮਲੇ ਵਿੱਚ ਸਰਕਾਰ ਦੀਆਂ ਉਮੀਦਾਂ 'ਤੇ ਪਾਣੀ ਫੇਰ ਸਕਦੀਆਂ ਹਨ, ਕਿਉਂਕਿ ਸਰਕਾਰ ਵੱਲੋਂ ਜੋ ਕਣਕ ਦਾ ਸਮਰਥਨ ਮੁੱਲ 750 ਰੁਪਏ ਐਲਾਨਿਆ ਗਿਆ ਹੈ, ਉਹ ਕਿਸਾਨਾਂ ਦੀ ਉਮੀਦ ਤੋਂ ਘੱਟ ਹੈ। ਨਿੱਜੀ ਕੰਪਨੀਆਂ ਮਾਮੂਲੀ ਉੱਚੇ ਭਾਅ ਦੇ ਕੇ ਕਿਸਾਨਾਂ ਤੋਂ ਸਰਕਾਰੀ ਏਜੰਸੀਆਂ ਦੇ ਮੁਕਾਬਲੇ ਵੱਧ ਕਣਕ ਦੀ ਖਰੀਦ ਕਰ ਸਕਦੀਆਂ ਹਨ। ਪਿਛਲੇ ਸਾਲ ਵੀ ਨਿੱਜੀ ਕੰਪਨੀਆਂ ਦਾ ਹੱਥ ਉੱਤੇ ਰਿਹਾ ਸੀ। ਪਿਛਲੇ ਸਾਲ ਉਨ੍ਹਾਂ ਸਰਕਾਰੀ ਕੀਮਤ 650 ਰੁਪਏ ਦੇ ਮੁਕਾਬਲੇ ਮਾਮੂਲੀ ਵੱਧ ਕੀਮਤ ਦਿੱਤੀ। ਅਨਾਜ ਖਰੀਦ ਨਾਲ ਜੁੜੀਆਂ ਸਰਕਾਰੀ ਏਜੰਸੀਆਂ ਬੇਵੱਸ ਹੀ ਰਹੀਆਂ। ਨਿੱਜੀ ਖੇਤਰ ਦੀਆਂ ਇਹ ਕੰਪਨੀਆਂ ਖੇਤੀ ਜਾਂ ਕਿਸਾਨੀ ਨਾਲ ਸਿੱਧੇ ਤੌਰ 'ਤੇ ਤਾਂ ਨਹੀਂ ਜੁੜੀਆਂ ਹੋਈਆਂ ਪਰ ਪ੍ਰਚੂਨ ਨੈੱਟਵਰਕ ਦੇ ਵਿਸਥਾਰ ਰਾਹੀਂ ਦੇਸ਼ ਭਰ ਵਿੱਚ ਖਪਤਕਾਰ ਵਸਤਾਂ ਦੀ ਵਿਕਰੀ ਕਰ ਰਹੀਆਂ ਹਨ। ਸੁਭਾਵਿਕ ਤੌਰ 'ਤੇ ਸਰਕਾਰ ਇਸ ਤੋਂ ਪ੍ਰੇਸ਼ਾਨ ਹੋਈ।

ਆਨੀ-ਬਹਾਨੀ ਵਿਦੇਸ਼ਾਂ ਤੋਂ ਕਣਕ ਦਰਾਮਦ ਕਰਨ ਦਾ ਫੈਸਲਾ ਲਿਆ ਗਿਆ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਜੇ ਸਰਕਾਰ ਨਵੀਂ ਫਸਲ ਲਈ ਘਰੇਲੂ ਕਿਸਾਨਾਂ ਨੂੰ 750 ਰੁਪਏ ਫੀ ਕੁਇੰਟਲ ਦਾ ਭਾਅ ਦੇਣਾ ਚਾਹੁੰਦੀ ਹੈ, ਉਹ ਵਿਦੇਸ਼ਾਂ ਤੋਂ 950 ਰੁਪਏ ਤੋਂ ਲੈ ਕੇ 1000 ਰੁਪਏ ਕੁਇੰਟਲ ਦੀ ਦਰ ਨਾਲ ਕਣਕ ਖਰੀਦ ਰਹੀ ਹੈ। ਨਿੱਜੀ ਕੰਪਨੀਆਂ ਦੇ ਗੁਦਾਮਾਂ ਵਿੱਚ ਗਈ ਕਣਕ ਹੁਣ ਬਾਜ਼ਾਰ ਵਿੱਚ ਆ ਰਹੀ ਹੈ ਪਰ ਭਾਰੀ ਮੁਨਾਫੇ ਦੇ ਨਾਲ ਉਸ ਦੀ ਵਿਕਰੀ ਕੀਤੀ ਜਾ ਰਹੀ ਹੈ। ਇੱਕ ਤਰ੍ਹਾਂ ਦੇਖਿਆ ਜਾਵੇ ਤਾਂ ਘਰੇਲੂ ਬਾਜ਼ਾਰ ਵਿੱਚ ਕਣਕ ਦੀ ਕੀਮਤ ਵਿੱਚ ਉਛਾਲ ਲਈ ਦਰਾਮਦ ਕੀਤੀ ਕਣਕ ਵੀ ਜ਼ਿੰਮੇਵਾਰ ਹੈ। ਕਿਉਂਕਿ ਵਿਦੇਸ਼ਾਂ ਤੋਂ ਮੰਗਵਾਈ ਗਈ ਕਣਕ ਦੀ ਕੀਮਤ 1100 ਰੁਪਏ ਦੇ ਲਗਭਗ ਬੈਠ ਰਹੀ ਹੈ ਤੇ ਇਸ ਨੂੰ ਦੇਖਦਿਆਂ ਉਪਲਬਧ ਸਟਾਕ ਦੀ ਵਿਕਰੀ ਵੀ ਉਸੇ ਅਨੁਪਾਤ ਨਾਲ ਕੀਤੀ ਜਾ ਰਹੀ ਹੈ। ਉਪਭੋਗਤਾ ਜਿਣਸਾਂ ਦੇ ਵਾਅਦਾ ਕਾਰੋਬਾਰ ਨੂੰ ਵੀ ਇਸ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਵਾਅਦੇ ਵਿੱਚ ਸੌਦੇ ਉੱਪਰ ਚੜ੍ਹਾ ਕੇ ਕੀਤੇ ਜਾ ਰਹੇ ਹਨ, ਜਿਸ ਕਾਰਨ ਕਣਕ ਮਹਿੰਗੀ ਹੋ ਰਹੀ ਹੈ। ਅਗਲੇ ਮਹੀਨੇ ਲਈ 1147 ਰੁਪਏ ਪ੍ਰਤੀ ਕੁਇੰਟਲ ਦੇ ਭਾਅ 'ਤੇ ਸੌਦੇ ਕੀਤੇ ਗਏ ਹਨ।

ਜਨਵਰੀ ਤੇ ਫਰਵਰੀ ਲਈ ਇਹ ਸੌਦੇ ਹੋਰ ਉੱਚੇ ਭਾਅ 'ਤੇ ਕੀਤੇ ਜਾ ਰਹੇ ਹਨ। ਇਸ ਆਧਾਰ 'ਤੇ ਮੰਨਿਆ ਜਾ ਰਿਹਾ ਹੈ ਕਿ ਅਗਲੀ ਫਸਲ ਤਿਆਰ ਹੋਣ ਤੱਕ ਦੇਸ਼ ਦੇ ਵੱਖ-ਵੱਖ ਰਾਜਾਂ 'ਚ ਕਣਕ ਦਾ ਭਾਅ ਪ੍ਰਤੀ ਕੁਇੰਟਲ 1200 ਰੁਪਏ ਦੀ ਹੱਦ ਵੀ ਪਾਰ ਕਰ ਸਕਦਾ ਹੈ। ਬੀਤੇ ਸਾਲ ਜਨਵਰੀ ਮਹੀਨੇ ਵਿੱਚ ਪ੍ਰਤੀ ਕੁਇੰਟਲ ਕਣਕ ਦਾ ਭਾਅ 1026 ਰੁਪਏ ਸੀ ਜੋ ਮਾਰਚ 'ਚ 950 ਰੁਪਏ ਤੱਕ ਘੱਟ ਗਿਆ, ਅਪ੍ਰੈਲ ਮਹੀਨੇ 'ਚ ਇਸ ਦੀ ਕੀਮਤ ਦੀ ਔਸਤ 750 ਰੁਪਏ ਪ੍ਰਤੀ ਕੁਇੰਟਲ ਸੀ। ਨਤੀਜੇ ਵੀ ਸਾਹਮਣੇ ਹਨ। ਬ੍ਰੈਡ ਤਾਂ ਮਹਿੰਗੀ ਹੋ ਹੀ ਚੁੱਕੀ ਹੈ, ਬਿਸਕੁੱਟ ਬਣਾਉਣ ਵਾਲੀਆਂ ਕੰਪਨੀਆਂ ਵੀ ਕੀਮਤਾਂ ਦੇ ਵਾਧੇ ਬਾਰੇ ਸੋਚ ਰਹੀਆਂ ਹਨ। ਆਟਾ ਮਿੱਲਾਂ ਦੀ ਹਾਲਤ ਤਾਂ ਹੋਰ ਵੀ ਖਸਤਾ ਹੈ। ਮਹਿੰਗਾਈ ਕਾਰਨ ਦੇਸ਼ ਵਿੱਚ ਮੌਜੂਦ 1100 ਤੋਂ ਵੱਧ ਆਟਾ ਮਿੱਲਾਂ 'ਚੋਂ ਸਿਰਫ਼ 800 ਹੀ ਕੰਮ ਕਰ ਰਹੀਆਂ ਹਨ। ਸਰਕਾਰ ਉਮੀਦ ਤਾਂ ਕਰ ਰਹੀ ਹੈ ਕਿ ਕਣਕ ਪੈਦਾਵਾਰ ਦੇ ਮਾਮਲੇ ਵਿੱਚ ਸੀਜ਼ਨ ਜ਼ੋਰਦਾਰ ਹੋਵੇਗਾ ਪਰ ਮੌਸਮ ਦਾ ਕੀ ਵਸਾਹ ਹੁੰਦੈ। ਫਸਲ ਮਹਿੰਗੀ ਹੋਣ ਨਾਲ ਕਿਸਾਨ ਖੁਸ਼ਹਾਲ ਨਹੀਂ ਹੁੰਦਾ। ਲਾਗਤ ਕੀਮਤ ਵਧਣ ਨਾਲ ਕਿਸਾਨ ਪਹਿਲਾਂ ਹੀ ਪਿਸ ਰਿਹਾ ਹੈ। ਸਬਸਿਡੀਆਂ ਤਾਂ ਲਗਭਗ ਖਤਮ ਹੀ ਹਨ। ਇਸ ਲਈ ਡੂੰਘੇ ਹੁੰਦੇ ਇਸ ਸੰਕਟ ਦਾ ਸਥਾਈ ਹੱਲ ਕੱਢਣਾ ਫੌਰੀ ਕਾਰਜ ਬਣ ਗਿਆ ਹੈ।

# ਛੱਤੀਸਗੜ੍ਹ 'ਚ ਖੇਤੀ ਦੀ ਸਥਿਤੀ

ਸਾਡਾ ਦੇਸ਼ ਖੇਤੀ ਪ੍ਰਧਾਨ ਦੇਸ਼ ਹੈ। ਇਸ ਦੀ 100 ਕਰੋੜ ਤੋਂ ਵੱਧ ਆਬਾਦੀ ਵਿੱਚੋਂ ਤਕਰੀਬਨ ਦੋ ਤਿਹਾਈ ਖੇਤੀ ਤੇ ਉਸ ਨਾਲ ਸੰਬੰਧਤ ਰੁਜ਼ਗਾਰਾਂ 'ਤੇ ਨਿਰਭਰ ਹੈ। ਇਨ੍ਹਾਂ 'ਚ ਵੱਖ ਵੱਖ ਵਰਗ ਸ਼ਾਮਲ ਹਨ। ਜਿਵੇਂ ਖੇਤ ਮਜ਼ਦੂਰ, ਦਰਮਿਆਨੇ ਤੇ ਛੋਟੇ ਕਿਸਾਨ, ਧਨੀ ਕਿਸਾਨ, ਮਾਲਗੁਜ਼ਾਰ ਆਦਿ। ਬਸਤੀਵਾਦੀ ਗੁਲਾਮੀ ਦੇ ਦੌਰ ਸਮੇਂ ਆਪਣੀ ਲੁੱਟ ਨੂੰ ਤੇਜ਼ ਕਰਨ ਲਈ ਸਾਮਰਾਜ ਨੇ ਇਥੋਂ ਦੇ ਜਾਗੀਰੂ ਸਬੰਧਾਂ 'ਚ ਕਈ ਤਬਦੀਲੀਆਂ ਕੀਤੀਆਂ ਸਨ। 1947 'ਚ ਸੱਤਾਬਦਲੀ ਪਿੱਛੋਂ ਸਾਮਰਾਜੀ ਪੂੰਜੀ ਤੇ ਬਾਜ਼ਾਰ ਵਿਵਸਥਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਖੇਤੀ ਖੇਤਰ 'ਚ ਬਦਲਾਅ ਦੀ ਗਤੀ ਤੇਜ਼ ਹੋ ਗਈ ਹੈ। ਇਨ੍ਹਾਂ ਦੀ ਵਜ੍ਹਾ ਕਰ ਕੇ ਖੇਤੀ ਸਬੰਧਾ 'ਚ ਜਾਗੀਰੂ ਅਰਧ ਜਾਗੀਰੂ ਸਬੰਧਾ ਨੂੰ ਬਰਕਰਾਰ ਰੱਖਦਿਆਂ ਉਦਯੋਗਿਕ ਘਰਾਣਿਆਂ ਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਵੱਡੇ ਪੈਮਾਨੇ 'ਤੇ ਦਾਖਲੇ ਲਈ ਸਭ ਕਿਸਮ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਤੇ ਉਹ ਵੱਡੇ ਜ਼ਮੀਨੀ ਖੇਤਰਾਂ 'ਤੇ ਕੰਟਰੋਲ ਕਰ ਰਹੇ ਹਨ ਤੇ ਖੇਤੀ ਧੰਦੇ ਦੀ ਉਸਾਰੀ ਕਰ ਰਹੇ ਹਨ। ਕਿਸਾਨਾਂ ਨੇ ਸੰਘਰਸ਼ ਕਰ ਕੇ ਜੋ ਪ੍ਰਾਪਤੀਆਂ ਕੀਤੀਆਂ ਸਨ, ਉਨ੍ਹਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਇਥੋਂ ਤੱਕ ਕਿ ਬਹੁਕੌਮੀ ਕੰਪਨੀਆਂ ਵੱਲੋਂ ਟਰਮੀਨੇਟਰ ਬੀਜ ਦੀ ਵਰਤੋਂ ਦੀ ਇਜਾਜ਼ਤ ਦੇ ਕੇ ਬੀਜ ਤੇ ਕਿਸਾਨਾਂ ਦੇ ਰਵਾਇਤੀ ਅਧਿਕਾਰ ਨੂੰ ਨਕਾਰਿਆ ਜਾ ਰਿਹਾ ਹੈ।

ਬਹੁਕੌਮੀ ਕੰਪਨੀਆਂ ਵੱਲੋਂ ਤਿਆਰ ਪੈਟੇਂਟੀਕ੍ਰਿਤ ਬੀਜ ਤੇ ਕੀਟਨਾਸ਼ਕ ਨੂੰ ਖਰੀਦਣ ਲਈ ਕਿਸਾਨਾਂ ਨੂੰ ਮਜ਼ਬੂਰ ਕੀਤਾ ਜਾ ਰਿਹਾ ਹੈ। ਡੰਕਲ ਪ੍ਰਸਤਾਵ 'ਤੇ ਆਧਾਰਤ ਗੈਟ ਸੰਧੀ 'ਤੇ 1994 'ਚ ਦਸਤਖਤ ਹੋਏ ਸਨ ਜਿਸ ਦੇ ਆਧਾਰ 'ਤੇ 1995 'ਚ ਵਿਸ਼ਵ ਵਪਾਰ ਸੰਗਠਨ ਬਣਿਆ। ਇਸ ਦੇ ਮਸੌਦਿਆਂ ਨੂੰ ਪੂਰੀ ਤਰ੍ਹਾਂ ਅਮਲ 'ਚ ਲਿਆਉਣ ਲਈ ਦਸ ਸਾਲਾਂ ਦਾ ਸਮਾਂ ਦਿੱਤਾ ਗਿਆ ਸੀ। ਇਸ ਦੀ ਸੀਮਾ ਖਤਮ ਹੁੰਦਿਆਂ ਹੀ ਬੌਧਿਕ ਸੰਪਤੀ ਅਧਿਕਾਰ ਦੇ ਮਾੜੇ ਸਿੱਟੇ ਹੌਲੀ ਹੌਲੀ ਨਜ਼ਰ ਆਉਣ ਲੱਗੇ ਹਨ। ਹਾਕਮ ਜਮਾਤ ਦੀਆਂ ਪਾਰਟੀਆਂ ਸਾਮਰਾਜੀ ਭੂਮੰਡਲੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰ ਰਹੀਆਂ ਹਨ ਤੇ ਅਨਾਜ ਆਤਮ ਨਿਰਭਰਤਾ ਦੀ ਨੀਤੀ ਨੂੰ ਤਿਆਗ ਰਹੀਆਂ ਹਨ। ਰਾਜ ਦੀਆਂ ਸਾਰੀਆਂ ਰਾਖਵੀਆਂ ਨੀਤੀਆਂ ਤੇ ਗ੍ਰਾਂਟਾਂ ਦੇ ਖਾਤਮੇ, ਨਿਵੇਸ਼ ਲਾਗਤ 'ਚ ਵਾਧੇ, ਨਵੇਂ ਰੂਪ 'ਚ ਜਾਰੀ ਸੂਦਖੋਰੀ ਤੇ ਵਿਸ਼ਵ ਵਪਾਰ ਸੰਗਠਨ ਦੀਆਂ ਲੋਕ ਵਿਰੋਧੀ ਨੀਤੀਆਂ, ਕਿਸਾਨ ਵਿਰੋਧੀ ਪੈਂਤੜਿਆਂ ਦੀ ਵਜ੍ਹਾ ਕਾਰਨ ਕਿਸਾਨਾਂ ਦਾ ਵਿਆਪਕ ਹਿੱਸਾ ਬਾਜ਼ਾਰ ਦੀਆਂ ਤਾਕਤਾਂ ਦੀ ਦਇਆ 'ਤੇ ਹੀ ਨਿਰਭਰ ਹੋ ਕੇ ਕਹਿ ਗਿਆ ਹੈ ਤੇ ਖੇਤੀ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ।

ਛੱਤੀਸਗੜ੍ਹ ਰਾਜ ਦੇ ਗਠਨ ਨੂੰ ਲੈ ਕੇ ਰਾਜ ਦੀ ਜਨਤਾ ਨੇ ਬਹੁਤ ਉਮੀਦਾਂ ਲਾ ਰੱਖੀਆਂ ਸਨ ਕਿ ਨਵਾਂ ਰਾਜ ਲੋਕਾਂ ਦੀ ਗਰੀਬੀ, ਬੇਕਾਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਦਾ ਅੰਤ ਕਰ ਦੇਵੇਗਾ। ਅੱਜ ਨਵਾਂ ਸੂਬਾ ਬਣਨ ਦੇ 6 ਸਾਲ ਹੋਣ ਦੀ ਖੁਸ਼ੀ 'ਚ ਸਰਕਾਰ ਜਸ਼ਨ ਮਨਾ ਰਹੀ ਹੈ। ਪਰ ਲੋਕਾਂ ਨੇ ਜੋ ਉਮੀਦਾਂ ਲਾ ਰੱਖੀਆਂ ਸਨ ਉਹ ਪੂਰੀਆਂ ਨਹੀਂ ਹੋਈਆਂ। ਹੁਣ ਵੀ ਬਹੁਤ ਸਾਰੀ ਜ਼ਮੀਨ ਬੇਕਾਰ ਪਈ ਹੈ। ਖੇਤੀਯੋਗ

ਭੂਮੀ ਦੀ ਵਰਤੋਂ ਜਿਣਸ ਦੀ ਵਰਤੋਂ ਵਾਂਗ ਕੀਤੀ ਜਾ ਰਹੀ ਹੈ। ਖੇਤੀ 'ਚ ਬੰਧੂਆਂ ਮਜ਼ਦੂਰੀ ਸਮੇਤ ਲੁੱਟ ਦੇ ਕਈ ਰੂਪ ਬਿਰਾਜਮਾਨ ਹਨ। ਵੱਧ ਸਿੰਚਾਈ ਵਾਲੀ ਜ਼ਮੀਨ ਭੋਇੰਪਤੀ ਵਰਗ ਦੇ ਕੋਲ ਹੈ। ਖੇਤੀ ਕੰਮਾਂ 'ਚ ਨਵੇਂ ਉਪਕਰਣਾਂ ਦੀ ਵਧਦੀ ਵਰਤੋਂ ਕਾਰਨ ਬਹੁਤੇ ਖੇਤ ਮਜ਼ਦੂਰ ਖੇਤੀ ਖੇਤਰ 'ਚ ਰੁਜ਼ਗਾਰ ਤੋਂ ਵਾਂਝੇ ਹੋ ਗਏ ਹਨ। ਖੇਤੀ ਖੇਤਰ 'ਚ ਵਗਾਰ ਪ੍ਰਥਾ ਵੱਖ-ਵੱਖ ਰੂਪ 'ਚ ਮੌਜੂਦ ਹੈ। ਸਨਅਤਾਂ ਦੀ ਸਥਾਪਨਾ ਤੇ ਵਿਕਾਸ ਲਈ ਯੋਜਨਾਵਾਂ ਦੇ ਬਹਾਨੇ ਛੋਟੇ ਕਿਸਾਨਾਂ, ਦਲਿਤਾਂ ਤੇ ਆਦੀਵਾਸੀਆਂ ਨੂੰ ਬਿਨਾਂ ਹਰਜਾਨੇ ਤੇ ਮੁੜ ਵਸੇਬੇ ਦੇ ਉਜਾੜਿਆ ਜਾ ਰਿਹਾ ਹੈ। ਉਦਯੋਗ ਲਾਉਣ ਦੇ ਬਹਾਨੇ ਗਰੀਬ ਕਿਸਾਨਾਂ ਨੂੰ ਲਾਲਚ ਦੇ ਉਨ੍ਹਾਂ ਦੀ ਖੇਤੀ ਯੋਗ ਹਜ਼ਾਰਾਂ ਏਕੜ ਜ਼ਮੀਨ ਕੌਡੀਆਂ ਦੇ ਭਾਅ ਖੋਹੀ ਜਾ ਰਹੀ ਹੈ। ਖੇਤੀ ਮਜ਼ਦੂਰਾਂ ਨੂੰ ਸਰਕਾਰੀ ਘੱਟੋ-ਘੱਟ ਮਜ਼ਦੂਰੀ ਵੀ ਨਹੀਂ ਮਿਲਦੀ। ਮਜ਼ਦੂਰ ਹੋ ਕੇ ਖੇਤ ਮਜ਼ਦੂਰ ਤੇ ਗਰੀਬੀ ਭੂਮੀਹੀਣ ਕਿਸਾਨ ਬੰਧੂਆ ਮਜ਼ਦੂਰ ਬਣ ਗਏ ਹਨ। ਜਾਂ ਸ਼ਹਿਰਾਂ ਵੱਲ ਰੁਜ਼ਗਾਰ ਦੀ ਤਲਾਸ਼ 'ਚ ਪਲਾਇਨ ਕਰ ਰਹੇ ਹਨ।

ਧਾਰਮਿਕ ਤੇ ਜਾਤਵਾਦੀ ਜਥੇਬੰਦੀਆਂ ਕੋਲ ਤੇ ਭੂਮੀ ਸੁਧਾਰ ਕਾਨੂੰਨ ਅੰਗੂਠਾ ਵਿਖਾਉਣ ਲਈ ਬਣਾਏ ਗਏ ਅਨੇਕਾਂ ਟਰੱਸਟਾਂ ਕੋਲ ਵੱਡੇ ਪੈਮਾਨੇ 'ਤੇ ਜ਼ਮੀਨ ਦੀ ਮਾਲਕੀ ਮੌਜੂਦ ਹੈ। ਸਾਲ ਦਰ-ਸਾਲ ਮੀਂਹ ਤੇ ਨਿਰਭਰਤਾ ਕਾਰਨ ਕਦੀ ਸੋਕਾ ਤੇ ਕਦੀ ਹੜ੍ਹਾਂ ਦੀ ਮਾਰ ਝਲਣਾ ਕਿਸਾਨ ਦੀ ਮਜਬੂਰੀ ਬਣੀ ਗਈ ਹੈ। ਕਿਤੇ-ਕਿਤੇ ਖੇਤੀ ਦਾ ਅਣਉਪਜਾਊਪਣ ਤੇ ਖੇਤੀ ਦਾ ਲਗਾਤਾਰ ਮਹਿੰਗਾ ਹੁੰਦਾ ਜਾਣਾ ਵੀ ਕਿਸਾਨਾਂ ਦੀ ਪ੍ਰੇਸ਼ਾਨੀ ਦਾ ਸਵੱਬ ਬਣਿਆ ਹੋਇਆ ਹੈ। ਛੱਤੀਸ਼ਗੜ੍ਹ ਦੇ ਵਣਾਂਚਲ 'ਚ ਸਰਕਾਰ ਦੀ ਮਿਲੀਭੁਗਤ ਨਾਲ ਠੇਕੇਦਾਰ ਤੇ ਵਣ-ਮਾਫੀਆਂ ਨੇ ਜੰਗਲਾਂ ਦਾ ਸਫਾਇਆ ਕਰ ਦਿੱਤਾ ਹੈ। ਇਸ ਅਮਲ 'ਚ ਵਾਤਾਵਰਣ ਦਾ ਵਿਨਾਸ਼ ਹੋਇਆ ਹੈ।

ਕੁਦਰਤੀ ਸਾਧਨਾਂ ਦੀ ਬੇਲਗਾਮ ਲੁੱਟ ਨਾਲ ਧਰਤੀ ਹੇਠਲਾ ਪਾਣੀ ਕਾਫੀ ਹੇਠਾਂ ਚਲਿਆ ਗਿਆ ਹੈ। ਭੂਮੀ ਹੇਠਲੇ ਪਾਣੀ ਦੇ ਘੱਟ ਹੋਣ ਦਾ ਇਕ ਮਹੱਤਵਪੂਰਨ ਕਾਰਨ ਸਫੈਦੇ ਤੇ ਪਾਈਨ ਵਰਗੇ ਦਰਖਤਾਂ ਦਾ ਲਗਣਾ ਤੇ ਜੰਗਲਾਂ ਦੀ ਬੇਰਹਿਮ ਕਟਾਈ ਹੈ। 1938 ਦੇ ਵਣ-ਕਾਨੂੰਨ ਖਿਲਾਫ ਜਾਾ ਕੇ ਵਣ ਸੀਮਾ ਦੀ ਨਵੇਂ ਸਿਰਿਓਂ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਸੰਸਾਰ ਬੈਂਕ ਦੀਆਂ ਇਨ੍ਹਾਂ ਯੋਜਨਾਵਾਂ ਤਹਿਤ ਜਲ, ਜੰਗਲ, ਜ਼ਮੀਨ 'ਤੇ ਆਦੀਵਾਸੀਆਂ ਦੇ ਅਧਿਕਾਰ ਨੂੰ ਕਾਫੀ ਠੇਸ ਪਹੁੰਚਾਈ ਜਾ ਰਹੀ ਹੈ। ਸੈਂਕੜੇ ਸਾਲਾਂ ਤੋਂ ਵਣ ਭੂਮੀ 'ਤੇ ਕਾਬਜ਼ ਆਦੀਵਾਸੀਆਂ ਨੂੰ ਵੱਡੇ ਪੈਮਾਨੇ 'ਤੇ ਉਜਾੜਿਆ ਜਾ ਰਿਹਾ ਹੈ। ਸੂਬੇ 'ਚ ਵੱਡੇ ਪੈਮਾਨੇ 'ਤੇ ਖੇਤੀਯੋਗੀ ਜ਼ਮੀਨ ਪਾਣੀ ਤੋਂ ਵਾਂਝੀ ਹੈ। ਸਿੰਚਾਈ ਦਾ ਸਹੀ ਪ੍ਰਬੰਧ ਨਾ ਹੋਣ ਦੇ ਬਾਵਜੂਦ ਮਾਲੀਆ 'ਚ ਵਾਧਾ ਕੀਤਾ ਜਾ ਰਿਹਾ ਹੈ। ਨਦੀਆਂ ਸਮੇਤ ਜਲ ਸਾਧਨਾਂ ਦਾ ਨਿਜੀਕਰਨ ਕੀਤਾ ਜਾ ਰਿਹਾਹੈ। ਉਦਾਹਰਣ ਲਈ ਸ਼ਿਵਨਾਥ ਨਦੀ ਨੂੰ ਰੇਡਿਆ ਵਾਟਰ ਪ੍ਰਾਈਵੇਟ ਲਿਮਿਟਡ ਦੇ ਕੈਲਾਸ਼ ਸੋਲੀ ਨੂੰ 20 ਸਾਲਾਂ ਲਈ ਲੀਜ਼ 'ਤੇ ਦਿੱਤਾ ਗਿਆ।

ਛੱਤੀਸਗੜ੍ਹ ਸਰਕਾਰ ਨੇ 30 ਸਾਲਾਂ 'ਚ 36 ਹਜ਼ਾਰ ਸੌ ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਨੂੰ ਮਨਜ਼ੂਰੀ ਦਿੱਤੀ ਹੈ। ਟਾਟਾ, ਇਸਾਰ, ਜਿੰਦਲ ਵਰਗੀਆਂ ਕੰਪਨੀਆਂ ਲਈ ਹਜ਼ਾਰਾਂ ਏਕੜ ਖੇਤੀਯੋਗ ਭੂਮੀ ਮੁਹੱਈਆ ਕਰਾਉਣ ਲਈ ਰਾਜ ਸਰਕਾਰ ਨੇ ਤਿਆਰੀ ਕਰ ਲਈ ਹੈ। ਬਸਤਰ ਜ਼ਿਲੇ ਦੇ ਜਗਦਲਪੁਰ ਲੋਹਾੜੀਗੁੜਾ ਖੇਤਰ ਦੇ ਦਸ

ਪਿੰਡਾਂ ਦੇ ਕਿਸਾਨਾਂ ਨੇ ਆਪਣੀ ਜ਼ਮੀਨ ਟਾਟਾ ਤੇ ਇਸਹਾਰ ਨੂੰ ਨਾ ਦੇਣ ਦੀ ਗੱਲ ਕਹਿ ਕੇ ਵਿਰੋਧ ਪ੍ਰਗਟ ਕੀਤਾ ਹੈ। ਇਹ ’ਤੇ ਹਾਕਮ ਜਮਾਤ ਸਾਮ, ਦਾਮ, ਦੰਡ, ਭੇਦ ਦੀ ਨੀਤੀ ਅਪਣਾ ਕੇ ਉਨ੍ਹਾਂ ਨੂੰ ਜ਼ਮੀਨ ਦੇਣ ਲਈ ਮਜਬੂਰ ਕਰ ਰਹੀ ਹੈ। ਇਸ ਤਰ੍ਹਾਂ ਵਿਰੋਧ ਚਰੀਆਂ, ਕਠਿਆ ਲਿਤਰਾ, ਨਗਰਵਾਹ ਬੀਰਕੋਨੀ, ਦਾਂਤੇਵਾੜਾ ਤੇ ਬੇਮਡਾ ’ਚ ਹੋ ਰਿਹਾ ਹੈ। ਸੂਬੇ ’ਚ 39 ਨਦੀਆਂ ਹਨ ਪਰ ਸਿੰਚਾਈ ਸਿਰਫ 14 ਫੀਸਦੀ ਦੀ ਹੈ। ਸੂਬੇ ’ਚ 86 ਫੀਸਦੀ ਖੇਤੀ ਨੂੰ ਮਾਨਸੂਨ ’ਤੇ ਨਿਰਭਰ ਹੋਣਾ ਪੈਂਦਾ ਹੈ। 780 ਕਰੋੜ ਤੋਂ ਵੱਧ ਦੇ ਸਾਲਾਨਾ ਬਜਟ ਵਾਲਾ ਛੱਤੀਸਗੜ੍ਹ ਪਿਛਲੇ ਤਿੰਨ ਸਾਲ ’ਚ 2 ਫੀਸਦੀ ਸਿੰਚਾਈ ’ਚ ਹੀ ਵਾਧਾ ਕਰ ਸਕਿਆ ਹੈ। ਏਸ਼ੀਆਈ ਵਿਕਾਸ ਬੈਂਕ ਦੀਆਂ ਲੋਕ ਵਿਰੋਧੀ ਸ਼ਰਤਾਂ ਦੇ ਤਹਿਤ ਛੇ ਸੌ ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ। ਸੂਬੇ ’ਚ ਘੱਟੋ-ਘੱਟ ਮਜ਼ਦੂਰੀ ਤੇ ਕਿਰਤ ਕਾਨੂੰਨਾਂ ਨੂੰ ਲਾਗੂ ਕਰ ਕੇ, ਰੈਗੂਲਰ ਕਰਮਚਾਰੀਆਂ ਦਾ ਦਰਜਾ ਦੇਣ ਦੀ ਮੰਗ ਤਹਿਤ ਮਜ਼ਦੂਰ, ਜਨਭਾਗੀਦਾਰੀ ਅਧਿਆਪਕ ਤੇ ਪੰਚਾਇਤ ਮੁਲਾਜ਼ਮ ਤੇ ਖਾਦ, ਬੀਜ ਪਾਣੀ ਦੀ ਮੰਗ ਲੈ ਕੇ ਕਿਸਾਨ ਅੰਦੋਲਨ ਹੁੰਦੇ ਰਹੇ ਹਨ। ਬਦਲੇ ’ਚ ਉਨ੍ਹਾਂ ਨੂੰ ਲਾਠੀ, ਗੋਲੀ ਤੇ ਜੇਲ੍ਹ ਮਿਲਦੀ ਹੈ। ਛੱਤੀਸਗੜ੍ਹ ਨੂੰ ਹਰਬਲ ਸਟੇਟ ਬਣਾਉਣ ਦੇ ਨਾਂ ’ਤੇ ਵਣ ਸੰਪਤੀ ਦੀ ਭਾਰੀ ਲੁੱਟ ਜਾਰੀ ਹੈ। ਸਫੈਦ ਮੂਸਲੀ ਤੇ ਅਦਰਕ ਦੀ ਖੇਤੀ ਦੇ ਨਾਂ ’ਤੇ ਸਿਰਫ ਦੁਰਗ ਤੇ ਰਾਇਪੁਰ ਜ਼ਿਲਿਆ ’ਚ ਹੀ ਕਰੋੜਾਂ ਰੁਪਏ ਦੀ ਠੱਗੀ ਕੀਤੀ ਗਈ ਹੈ। ਕਿਸਾਨਾਂ ਨੂੰ ਨਕਦੀ ਫਸਲ ਫੁੱਲ, ਫਲ, ਸਬਜ਼ੀ ਤੇ ਦਲਹਣ ਬੀਜਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪਰ ਇਸ ਦਾ ਮੁਨਾਫਾ ਵਿਚੋਲੇ ਲਿਜਾ ਰਹੇ ਹਨ। 65000 ਟਨ ਅਨਾਜ ਗੁਦਾਮਾਂ ’ਚ ਪਿਆ ਸੜ ਰਿਹਾ ਹੈ। ਦੂਜੇ ਪਾਸੇ ਕਿਸਾਨਾਂ ਨੂੰ ਦੋ ਵਕਤ ਦੀ ਰੋਟੀ ਲਈ ਸੂਬਾ ਛੱਡ ਕੇ ਪਲਾਇਨ ਕਰਨਾ ਪੈ ਰਿਹਾ ਹੈ।

ਰਾਜ ਸਰਕਾਰ ਬਾਇਓ ਡੀਜ਼ਲ ਦੇ ਨਾਂ ਰਤਨ ਜੋਤ ਦਾ ਪੌਦਾ ਲਾ ਕੇ ਸੈਂਕੜੇ ਸਾਲਾਂ ਤੋਂ ਜ਼ਮੀਨ ’ਤੇ ਕਾਬਜ਼ ਲੋਕਾਂ ਨੂੰ ਉਜਾੜ ਰਹੀ ਹੈ। ਜਿਸ ਜ਼ਮੀਨ ’ਤੇ ਚੌਲ ਬੀਜੇ ਜਾਂਦੇ ਸੀ, ਉਸ ਜ਼ਮੀਨ ’ਤੇ ਰਤਨਜੋਤ ਲਾ ਕੇ ਕਿਸਾਨਾਂ ਨੂੰ ਭੁੱਖੇ ਮਾਰਨ ਦਾ ਨਵਾਂ ਤਰੀਕਾ ਲੱਭਿਆ ਹੈ। ਸਰਕਾਰ ਨੇ ਆਦੀਵਾਸੀ ਨੂੰ ਦਬਾਉਣ ਲਈ ਸਲਵਾ ਜੂਡਮ ਦੀ ਖੇਡ ਵੀ ਸ਼ੁਰੂ ਕੀਤੀ ਹੈ। ਬੁਨਿਆਦੀ ਸਮੱਸਿਆਵਾਂ ਦਾ ਹੱਲ ਕੱਢਣ ਦੀ ਥਾਂ ਅਣਗਿਣਤ ਘਪਲਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਸਲਵਾ ਹੀ ਇਕ ਮੁੱਦਾ ਬਣ ਗਿਆ ਹੈ। ਉਥੇ ਲੋਕ ਸੰਘਰਸ਼ ਤੇ ਜਬਰ ਲਈ ਛੱਤੀਸਗੜ੍ਹ ਵਿਸ਼ੇਸ਼ ਜਨ ਸੁਰੱਖਿਆ ਵਰਗਾ ਕਾਲਾ ਕਾਨੂੰਨ ਤਿਆਰ ਕੀਤਾ ਗਿਆ ਹੈ। ਬਸਤਰ ਫੌਜੀ ਛਾਉਣੀ ’ਚ ਬਦਲ ਗਿਆ ਹੈ। ਨਿਰਦੋਸ਼ ਆਦੀਵਾਸੀਆਂ ਦੀ ਹੱਤਿਆ ਬਦਸੂਰਤ ਜਾਰੀ ਹੈ।

ਲੋਕ ਵਿਰੋਧੀ ਸਰਕਾਰ ਵੱਲੋਂ ਭੂਮੰਡਲੀਕਰਨ, ਨਿਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਤਹਿਤ ਲਾਗੂ ਕੀਤਾ ਜਾ ਰਿਹਾ ਮੌਜੂਦਾ ਵਿਕਾਸ ਦਾ ਮਾਡਲ ਅਸਲ ’ਚ ਵਿਨਾਸ਼ ਦਾ ਮਾਡਲ ਹੈ। ਖੇਤੀ ਭੂਮੀ ਦੀ ਸਹੀ ਵਰਤੋਂ, ਵਾਤਾਵਰਣ ਸੁਰੱਖਿਆ ਤੇ ਰਾਸ਼ਟਰੀ ਵਿਕਾਸ ਇਨ੍ਹਾਂ ਤਿਨਾਂ ਦੇ ਹੀ ਖਿਲਾਫ ਹੈ, ਮੌਜੂਦਾ ਵਿਕਾਸ ਨੀਤੀ। ਅੱਜ ਦੀ ਵਿਕਾਸ ਨੀਤੀ ਸਾਮਰਾਜਵਾਦ ਤੇ ਦੇਸੀ ਦਲਾਲ ਹਾਕਮ ਜਮਾਤਾਂ ਦੇ ਹਿੱਤ ਵਿਚ ਹੈ। ਛੱਤੀਸਗੜ੍ਹ ’ਚ ਇਕ ਮੁੱਖ ਮੁੱਦਾ ਵਿਸ਼ਵੀਕਰਨ ਦੇ ਤਹਿਤ ਸੂਬੇ ਦੀ ਵਿਸ਼ਾਲ

ਕੁਦਰਤੀ, ਖਣਿਜ ਤੇ ਖਾਣਾ ਸੰਪਦਾ ਦੀ ਲੁੱਟ ਲਈ ਅੰਨ੍ਹੇਵਾਹ ਸਨਅਤੀਕਰਨ ਦਾ ਵੀ ਹੈ ਜਿਸ ਦੇ ਚਲਦਿਆਂ ਸਨਅਤ ਰਾਹੀਂ ਵੱਡੇ ਪੈਮਾਨੇ 'ਤੇ ਖੇਤੀਯੋਗ ਭੂਮੀ ਬਰਬਾਦ ਹੋ ਰਹੀ ਹੈ। ਇਨ੍ਹਾਂ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ ਦੇ ਮਾਲਕਾਂ ਖਿਲਾਫ ਸਰਕਾਰ ਕੋਈ ਕਾਰਵਾਈ ਨਹੀਂ ਕਰ ਰਹੀ ਹੈ। ਪਰ ਆਸ-ਪਾਸ ਦੇ ਕਿਸਾਂਨਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਰਾਜ ਬਣਨ ਪਿੱਛੋਂ ਪਿਛਲੇ 6 ਸਾਲਾਂ 'ਚ ਰਾਜ 'ਚ ਖੇਤੀ ਦੀ ਹਾਲਤ ਜਿਉਂ ਦੀ ਤਿਉਂ ਹੀ ਮਾੜੀ ਹੈ। ਦੇਸ਼ ਦੇ ਕੁੱਲ ਰੈਵਨਿਊ 'ਚ ਖੇਤੀ ਦਾ ਹਿੱਸਾ 20 ਫੀਸਦੀ ਤੋਂ ਵੀ ਘੱਟ ਗਿਆ ਹੈ। ਖੇਤੀ ਖੇਤਰ 'ਚ ਰੁਜ਼ਗਾਰ ਲਗਾਤਾਰ ਘੱਟ ਹੁੰਦੇ ਜਾ ਰਹੇ ਹਨ, ਬੇਰੁਜ਼ਗਾਰੀ ਵੱਧ ਰਹੀ ਹੈ। ਖੇਤੀ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਦੇ ਨਾਂ 'ਤੇ ਬਹੁਕੌਮੀ ਕੰਪਨੀਆਂ ਤੇ ਉਦਯੋਗਿਕ ਘਰਾਣਿਆਂ ਨੂੰ ਖੇਤੀ ਭੂਮੀ ਹੜੱਪਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਹੈ।

ਵਿਸ਼ਵੀਕਰਨ ਵਪਾਰ ਸੰਗਠਨ ਦੀਆਂ ਕਿਸਾਨ ਵਿਰੋਧੀ ਨੀਤੀਆਂ ਦੇ ਚਲਦਿਆਂ ਪਿਛਲੇ ਦੋ ਸਾਲਾਂ 'ਚ ਦੇਸ਼ ਭਰ 'ਚ 14000 ਤੋਂ ਵੱਧ ਕਿਸਾਨਾਂ ਨੇ ਆਤਮ ਹੱਤਿਆ ਕਰ ਲਈ ਹੈ। ਨਕਲੀ ਖਾਦ ਬੀਜ, ਕੀਟਨਾਸ਼ਕ ਦੇ ਕਾਰਨੋ ਕਿਸਾਨ ਕਰਜ਼ੇ ਨਾਲ ਲੱਦ ਗਏ ਹਨ। ਪੰਜਵੀਂ ਅਨਸੂਚੀ ਦੇ ਉਪਰ ਰਾਜ ਸਰਕਾਰ ਆਦੀਵਾਸੀਆਂ ਨੂੰ ਧੋਖਾ ਦੇ ਕੇ ਉਨ੍ਹਾਂ ਦੀ ਜ਼ਮੀਨ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਬੇਦਖਲ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ।

# ਕੀ ਖੇਤੀ ਛੱਡ ਕੇ ਭੱਜਣ ਦੀ ਕੋਈ ਮਜ਼ਬੂਰੀ ਹੈ?

ਬਾਕੀ ਸੂਬਿਆਂ ਵਾਂਗ ਬਿਹਾਰ ਵੀ ਇੱਕ ਖੇਤੀ ਪ੍ਰਧਾਨ ਦੇਸ਼ ਹੈ। ਇੱਥੋਂ ਦੀ 70 ਫ਼ੀ ਸਦੀ ਤੋਂ ਵੱਧ ਆਬਾਦੀ ਖੇਤੀ 'ਤੇ ਨਿਰਭਰ ਹੈ। ਪਰ ਖੇਤੀ ਛੋਟੇ ਕਿਸਾਨਾਂ ਲਈ ਘਾਟੇ ਦਾ ਧੰਦਾ ਬਣ ਗਈ ਹੈ। ਵੱਡੀ ਗਿਣਤੀ 'ਚ ਕਿਸਾਨ ਦੂਜੇ ਧੰਦਿਆਂ ਵੱਲ ਜਾਣ ਲਈ ਮਜਬੂਰ ਹੋ ਰਹੇ ਹਨ। ਜਲਦੀ ਹੀ ਖੇਤੀ ਨੂੰ ਲੈ ਕੇ ਕੋਈ ਸਹੀ ਨੀਤੀ ਨਾ ਬਣੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਛੋਟੇ ਕਿਸਾਨ ਖੇਤੀ ਕਰਨਾ ਬੰਦ ਕਰ ਦੇਣਗੇ। ਲੋਕ ਦਾਣੇ ਦਾਣੇ ਲਈ ਤਰਸਣ ਲੱਗਣਗੇ ਤਾਂ ਬੇਗਾਨਿਆਂ ਉੱਪਰ ਨਿਰਭਰ ਹੋ ਜਾਣਗੇ। ਸਰਕਾਰੀ ਅੰਕੜੇ ਦੱਸਦੇ ਹਨ ਕਿ ਉਪਜ 'ਚ ਵੀ ਲਗਾਤਾਰ ਗਿਰਾਵਟ ਹੋ ਰਹੀ ਹੈ। ਨਾਬਾਰਡ ਵੱਲੋਂ ਕੀਤੇ ਗਏ ਫ਼ਸਲ ਨਮੂਨਾ ਸਰਵੇਖਣ ਅਨੁਸਾਰ ਧਾਨ ਦੀ ਉਪਜ ਪ੍ਰਤੀ ਹੇਕਟੇਅਰ 2004-04 'ਚ 2356 ਕਿੱਲੋ ਸੀ ਜੋ 2004-05 'ਚ ਘੱਟ ਕੇ 1158 ਕਿੱਲੋ ਰਹਿ ਗਈ ਤੇ 2005-06 'ਚ ਇਹ ਮਾਮੂਲੀ ਵਾਧੇ ਨਾਲ 1444 ਕਿਲੋ 'ਤੇ ਆ ਗਈ। ਮੱਕੀ ਦੀ ਪੈਦਾਵਾਰ 1682 ਕਿਲੋ ਸੀ ਜੋ ਹੁਣ 1426 ਕਿਲੋ ਹੋ ਗਈ। ਕਣਕ ਦਾ ਹਾਲ ਤਾਂ ਹੋਰ ਵੀ ਮੰਦਾ ਹੋ ਗਿਆ। ਇਹ 1777 ਕਿਲੋ ਤੋਂ ਘੱਟ ਕੇ 1385 ਕਿਲੋ ਤੱਕ ਪਹੁੰਚ ਗਈ। ਕਦੀ ਹੜ ਕਦੀ ਸੋਕੇ ਨਾਲ ਗ੍ਰਸਤ ਕਿਸਾਨਾਂ ਦੀਆਂ ਹੋਰ ਫ਼ਸਲਾਂ ਦੀ ਵੀ ਇਹੀ ਕਹਾਣੀ ਹੈ। ਡੀਜ਼ਲ ਦੀਆਂ ਕੀਮਤਾਂ ਵਧੀਆਂ, ਖਾਦਾਂ ਦੀਆਂ ਕੀਮਤਾਂ 'ਚ ਵਾਧਾ ਹੋਇਆ, ਸਾਰੇ ਟਿਊਬਵੈੱਲ, ਬਿਜਲੀ ਤੇ ਰੱਖ ਰਖਾਅ ਦੀ ਕਮੀ ਕਾਰਨ ਠੱਪ ਹਨ। ਮਜ਼ਦੂਰਾਂ ਦਾ ਦੂਜੇ ਸੂਬਿਆਂ 'ਚ ਪਲਾਇਨ ਹੋ ਗਿਆ, ਖੇਤੀ ਦੀ ਲਾਗਤ ਵਧਦੀ ਗਈ ਅਤੇ ਮੁਨਾਫ਼ਾ ਘਟਦਾ ਗਿਆ। ਕਿਸਾਨਾਂ ਨੂੰ ਮਿਲਣ ਵਾਲੀ ਸਹਾਇਤਾ ਰਾਸ਼ੀ ਦੀ ਬਾਂਦਰਵੰਡ ਦਾ ਸਿਲਸਲਾ ਚੱਲ ਪਿਆ 'ਤੇ ਖੇਤੀ ਵਿਭਾਗ ਸਫ਼ੈਦ ਹਾਥੀ ਹੀ ਬਣ ਕੇ ਰਹਿ ਗਿਆ ਹੈ। ਬੀਤੇ ਕਈ ਸਾਲਾਂ ਤੋਂ ਸਰਕਾਰ ਦੀ ਕੋਈ ਠੋਸ ਖੇਤੀ ਨੀਤੀ ਨਹੀਂ ਰਹੀ, ਕੋਈ ਯੋਜਨਾ, ਦ੍ਰਿਸ਼ਟੀ, ਦਿਸ਼ਾ ਤੇ ਸੰਕਲਪ ਕਿਤੇ ਨਹੀਂ ਦਿਸਦਾ। ਰਵਾਇਤੀ ਤਕਨੀਕ, ਜੰਤਰ, ਉਪਰਕਣ ਤੇ ਜਾਣਕਾਰੀ ਨੂੰ ਅਧੁਨਿਕ ਤੇ ਵਿਗਿਆਨਕ ਬਣਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ। ਪਸ਼ੂ ਪਾਲਣ ਤੇ ਖੇਤੀ ਦੀ ਅਜਿਹੀ ਦੁਰਗਤ ਹੋਈ ਕਿ 1951 'ਚ ਇਥੇ ਇੱਕ ਹਜ਼ਾਰ ਆਦਮੀ ਪਿੱਛੇ ਜਿੱਥੇ 451 ਪਸ਼ੂ ਸਨ, ਉਹ 2005 'ਚ 185 ਰਹਿ ਗਏ। 1951 ਤੋਂ ਹੁਣ ਤੱਕ ਕਿਸਾਨ 15 ਫ਼ੀਸਦੀ ਘੱਟ ਗਏ ਤੇ ਖੇਤ ਮਜ਼ਦੂਰ 14 ਫ਼ੀ ਵੱਧ ਗਏ।

1970 ਤੋਂ 1990 ਵਿਚਕਾਰ ਖੇਤੀ ਪੈਦਾਵਾਰ 'ਚ ਕਾਫ਼ੀ ਵਾਧਾ ਹੋਇਆ। ਅਗਿਆਨਤਾ ਵਸ ਵੱਧ ਮਾਤਰਾ 'ਚ ਅਸੰਤੁਲਿਤ ਤਰੀਕੇ ਨਾਲ ਰਸਾਇਣਕ ਖਾਦਾਂ ਦੀ ਵਰਤੋਂ ਹੋਈ। ਜ਼ਮੀਨ ਦੀ ਕੁਦਰਤੀ ਉਪਜਾਊ ਸ਼ਕਤੀ 'ਚ ਗਿਰਾਵਟ ਆਈ। ਧਰਤੀ ਹੇਠਲੇ ਪਾਣੀ ਦੇ ਸਰੋਤ 'ਚ ਕਮੀ ਆਈ। ਰਸਾਇਣਕ ਖਾਦਾਂ ਤੇ ਕੀਟ ਨਾਸ਼ਕਾਂ ਦੀ ਅੰਦਾਧੁੰਦ ਵਰਤੋਂ ਨਾਲ ਵਾਤਾਵਰਣ 'ਚ ਪ੍ਰਦੂਸ਼ਣ ਫੈਲਿਆ। ਸਿੱਟੇ ਵਜੋਂ ਗਿਰਝਾਂ ਵਰਗੇ ਪੰਛੀ ਅਲੋਪ ਹੋ ਗਏ ਅਤੇ 'ਈਕੋ ਸਿਸਟਮ' ਦਾ ਸੰਤੁਲਨ ਵਿਗੜ ਗਿਆ। ਅਸਰ ਇਹ ਹੋਇਆ ਕਿ ਉਤਰ ਬਿਹਾਰ 'ਚ ਨਿੰਮ ਦੇ ਸਾਰੇ ਦਰਖ਼ਤ ਸੁੱਕ ਗਏ। ਹਾਈਬ੍ਰਿਡ ਬੀਜਾਂ ਨੇ ਜ਼ਮੀਨ ਦੀ ਕੁਖ 'ਤੇ ਬੁਰਾ ਅਸਰ ਪਾਇਆ ਤੇ ਬਿਨਾਂ ਕਾਰਨ

ਉਸ ਦੀ ਯੋਗਤਾ ਘਟ ਗਈ। ਰਾਜ ਦੇ ਟਿਊਬਵੈੱਲ ਇੱਕ ਇੱਕ ਕਰ ਕੇ ਬੰਦ ਹੋ ਗਏ। ਉਨ੍ਹਾਂ ਦੀਆਂ ਨਾਲੀਆਂ ਤੇ ਇਮਾਰਤਾਂ ਦੀਆਂ ਇੱਟਾਂ ਤੱਕ ਪੁੱਟ ਲਈਆਂ ਗਈਆਂ। ਉੱਧਰ ਖੇਤੀ ਤੇ ਅੰਕੜਾ ਵਿਭਾਗ ਦੀ ਕਮਾਲ ਇਹ ਕਿ ਕਾਗਜ਼ਾਂ 'ਤੇ ਹੀ ਸਿੰਜਾਈ ਕੀਤੀ ਭੂਮੀ ਦੇ ਅੰਕੜੇ ਪੂਰੇ ਹੋਏ। ਕਿਸਾਨਾਂ ਲਈ ਨਿੱਜੀ ਟਿਊਬਵੈੱਲ ਲਾਉਣ ਤੇ ਉਨ੍ਹਾਂ ਨੂੰ ਪੰਪਸੈੱਟ ਦੇਣ 'ਚ ਕਰੋੜਾਂ ਰੁਪਏ ਦਾ ਘਪਲਾ ਹੋਇਆ। ਮਾਮਲਾ ਸੀ. ਬੀ. ਆਈ. ਨੂੰ ਸੌਂਪਿਆ ਗਿਆ ਜਿਸ ਨੇ 33 ਡੀਲਰਾਂ 'ਤੇ ਮੁਕੱਦਮਾ ਦਰਜ ਕੀਤਾ। ਮਾਮਲਾ ਪਾਰਲੀਮੈਂਟ 'ਚ ਵੀ ਉਠਿਆ ਪਰ ਰਫ਼ਾ ਦਫ਼ਾ ਹੋ ਗਿਆ। ਅੱਛੀ ਨਸਲ ਦੀਆਂ ਦੁੱਧ ਦੇਣ ਵਾਲੀਆਂ ਗਾਵਾਂ ਤੇ ਮੱਝਾਂ ਦੀ ਜਾਤੀ ਅਲੋਪ ਹੋ ਗਈ। ਵਿਦੇਸ਼ੀ ਨਸਲ ਦੇ ਪਸ਼ੂ ਵੰਡਣ ਦੇ ਨਾਂ 'ਤੇ ਦੱਬ ਕੇ ਲੁੱਟ ਹੋਈ। ਗਾਵਾਂ ਆਦਿ ਦੇ ਬਨਾਉਟੀ ਗਰਭਧਾਰਣ ਕੇਂਦਰ ਬੰਦ ਹੋ ਗਏ। ਕਿਤੇ ਵੀ ਮਿੱਟੀ ਪਰਖ ਪ੍ਰਯੋਗਸ਼ਾਲਾ ਨਹੀਂ ਬਚੀ। ਸਭ ਪੰਚਾਇਤਾਂ ਨੂੰ ਸਰਕਾਰੀ ਪੱਧਰ ਤੇ ਉਪਕਰਣ ਦਿੱਤੇ ਗਏ ਸਨ। ਉਹ ਹੁਣ ਕਿਤੇ ਵੀ ਨਹੀਂ ਹਨ। ਬੀਜ ਫ਼ਾਰਮ ਸਾਲਾਂ ਤੋਂ ਬੰਦ ਪਏ ਹਨ। ਇਨ੍ਹਾਂ ਦੇ ਰੱਖ ਰਖਾਅ ਦੇ ਨਾਂ 'ਤੇ ਹਮੇਸ਼ਾਂ ਸਰਕਾਰੀ ਖ਼ਰਚ ਵਿਖਾਇਆ ਜਾਂਦਾ ਰਿਹਾ ਪਰ ਇਹ ਪਸ਼ੂਆਂ ਦੀਆਂ ਚਰਾਂਦਾ 'ਚ ਤਬਦੀਲ ਹੋ ਗਏ। ਕੇਂਦਰ ਸਰਕਾਰ, ਰਾਜ ਸਰਕਾਰ ਤੇ ਬੈਂਕ, ਸਾਲਾਂ ਤੋਂ ਸਫ਼ਲ ਬੀਮਾ ਯੋਜਨਾ ਤੇ ਗਰਾਂਟ ਦਾ ਢੰਡੋਰਾ ਪਿਟ ਰਹੇ ਹਨ। ਪਰ ਸੂਬੇ ਦੇ ਇੱਕ ਫ਼ੀ ਸਦੀ ਕਿਸਾਨਾਂ ਨੂੰ ਵੀ ਇਯ ਦਾ ਲਾਭ ਨਹੀਂ ਮਿਲ ਸਕਿਆ। ਪੈਸੇ ਆਉਂਦੇ ਗਏ ਤੇ ਨੌਕਰਸ਼ਾਹਾਂ ਦੇ ਜਾਲ 'ਚ ਫਸਦੇ ਗਏ। ਗਰਾਂਟਾਂ ਦਾ ਵੀ ਇਹੋ ਹਾਲ ਹੈ। ਜ਼ਰੂਰਤਮੰਦਾਂ ਤੱਕ ਪਹੁੰਚਦੇ ਪਹੁੰਚਦੇ ਪੰਜਾਹ ਫ਼ੀ ਸਦੀ ਤੋਂ ਵੱਧ ਰਾਸ਼ੀ ਰਾਹ 'ਚ ਕਿਰ ਜਾਂਦੀ ਹੈ ਤੇ ਬਾਕੀ ਲਈ ਫ਼ਰਜ਼ੀ ਲਾਭ ਪਾਤਰੀ ਤਿਆਰ ਕਰ ਦਿੱਤੇ ਜਾਂਦੇ ਹਨ। ਸਰਕਾਰ ਨੇ ਖ਼ੂਬ ਜੰਗਲ ਲਵਾਏ ਸਨ। ਜਗ੍ਹਾ ਜਗ੍ਹਾ ਦਰੱਖ਼ਤ ਲਵਾਏ ਸਨ। ਉਨ੍ਹਾਂ ਦੀ ਦੇਖਭਾਲ ਲਈ ਕਾਮੇ ਲਾਏ ਗਏ ਸਨ, ਉਹ ਹੁਣ ਹਨ ਹੀ ਨਹੀਂ। ਕਿਥੇ ਗਏ? ਸਰਕਾਰ ਨੂੰ ਵੀ ਨਹੀਂ ਪਤਾ। ਰਾਜਧਾਨੀ ਪਟਨਾ ਸਥਿਤ ਰਾਜੇਂਦਰ ਖੇਤੀ ਯੂਨੀਵਰਸਿਟੀ ਸਫ਼ੈਦ ਹਾਥੀ ਬਣ ਕੇ ਰਹਿ ਗਈ ਹੈ। ਉਥੇ ਖੇਤੀ ਵਿਭਾਗ ਦਿਨ ਰਾਤ ਫ਼ਰਜ਼ੀ ਅੰਕੜੇ ਬਣਾਉਂਦਾ ਹੈ ਤੇ ਇਸ ਕੰਮ ਲਈ ਸਰਕਾਰ ਉਨ੍ਹਾਂ ਨੂੰ ਤਨਖ਼ਾਹ ਦਿੰਦੀ ਹੈ। ਬੀ. ਡੀ. ਓ., ਸੀ. ਓ., ਪ੍ਰਸਾਰ ਅਧਿਕਾਰੀ, ਸਿੰਚਾਈ ਵਿਭਾਗ, ਲਘੂ ਸਿੰਚਾਈ ਵਿਭਾਗ, ਜ਼ਿਲਾ ਗ੍ਰਾਮੀਣ ਵਿਕਾਸ ਬੈਂਕ ਤੇ ਵਣ ਵਿਭਾਗ ਦੇ ਅਧਿਕਾਰੀਆਂ ਤੇ ਖੇਤੀ ਉਪਕਰਣ ਵਾਲੇ ਲੀਡਰਾਂ ਨੇ ਮਿਲ ਕੇ ਕਿਸਾਨਾਂ ਦਾ ਸਾਰਾ ਖ਼ੂਨ ਚੂਸ ਲਿਆ ਹੈ। ਫਿਰ ਵੀ ਕਿਸਾਨ ਕਿਵੇਂ ਨਾ ਕਿਵੇਂ ਜੀਊਂਦੇ ਹਨ। ਆਤਮ ਹੱਤਿਆਵਾਂ ਦੇ ਮਾਮਲੇ 'ਚ ਹੁਣ ਸਥਿਤੀ ਬਦਤਰ ਹੋ ਸਕਦੀ ਹੈ। ਦੂਜੇ ਪਾਸੇ ਸਰਕਾਰ ਵਿਕਾਸ ਪ੍ਰਤੀ ਵਚਨਬੱਧ ਹੈ। ਵਿਕਾਸ ਦਾ ਅਰਥ ਮਲਟੀਪਲੈਕਸ, ਸ਼ਾਪਿੰਗ ਮਾਲ ਤੇ ਵੱਡੇ ਵੱਡੇ ਉਦਯੋਗਪਤੀਆਂ ਨੂੰ ਸੂਬੇ 'ਚ ਲਿਆਉਣ ਹਿਤ ਕੀਤੇ ਜਾ ਰਹੇ ਪੂੰਜੀ ਨਿਵੇਸ਼ 'ਚ ਖੋਜਿਆ ਜਾ ਰਿਹਾ ਹੈ, ਭਾਵ ਵਿਕਾਸ ਮੁਨਾਫ਼ੇ ਲਈ ਹੈ, ਨਾ ਕਿ ਕਿਸਾਨਾਂ ਲਈ।

# ਬਹੁਕੌਮੀ ਕੰਪਨੀਆਂ ਦਾ ਖੇਤੀ ਉਪਜ ’ਤੇ ਹਮਲਾ

ਇੱਕ ਪਾਸੇ ਚਮਕਦੇ-ਚਮਕਦੇ ਸ਼ਹਿਰਾਂ ਦੀਆਂ ਆਲੀਸ਼ਾਨ ਕੋਠੀਆਂ ਵਿੱਚ ਰਹਿਣ ਵਾਲ ਮੁੱਠੀ ਭਰ ਲੋਕ; ਤਾਂ ਦੂਜੇ ਪਾਸੇ ਜ਼ਿੰਦਗੀ ਦੀ ਬਦਹਾਲੀ ਤੋਂ ਤੰਗ ਆ ਕੇ, ਮਰ ਜਾਣ ਨੂੰ ਬਿਹਤਰ ਸਮਝਦੇ ਅਣਗਿਣਤ ਲੋਕ। ਇੱਕ ਪਾਸੇ ਲਹਿ ਲਹਾਉਂਦੇ ਖੇਤਾਂ ਤਾਂ ਦੂਜੇ ਪਾਸੇ ਇਨ੍ਹਾਂ ਹੀ ਖੇਤਾਂ ਨੂੰ ਲਹਿ-ਲਹਾਉਂਦੇ ਕਰਨ ਵਾਲੇ ਲੋਕ ਰੋਟੀ ਨੂੰ ਤਰਸਦੇ ਮਜ਼ਦੂਰ-ਕਿਸਾਨ; ਆਖਰ ਅਜਿਹਾ ਕਿਉਂ? ਆਜ਼ਾਦੀ ਦੇ 59 ਸਾਲ ਬੀਤ ਜਾਣ ਪਿੱਛੋਂ ਵੀ ਹਾਕਮ ਜਮਾਤ ਦੇਸ਼ ਦੀ ਆਮ ਜਨਤਾ ਦੇ ਇਸ ਸੁਆਲ ਦਾ ਜੁਆਬ ਲਾਠੀ-ਗੋਲੀ ਨਾਲ ਦੇ ਰਹੀ ਹੈ ਪਰ ਅੱਜ ਉਸ ਤੋਂ ਵੀ ਵਧ ਕੇ ਇਸ ਸੁਆਲ ਨੂੰ ਹੀ ਝੁਠਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਅੱਜ ਦੋਗਲੇਪਣ ਦੀ ਚਾਲ ਚੱਲਣ ’ਚ ਮੁਹਾਰਤ ਹਾਸਲ ਕਰ ਲਈ ਹੈ। ਇਹ ਇੱਕ-ਇੱਕ ਕਰਕੇ ਦੇਸ਼ ਦੇ ਸਮੁੱਚੇ ਕੁਦਰਤੀ ਸਾਧਨਾਂ, ਜਲ-ਜੰਗਲ-ਜ਼ਮੀਨ, ਖੇਤੀਬਾੜੀ ਉਦਯੋਗ ਧੰਦਿਆਂ ਨੂੰ ਆਪਣੇ ਸਾਮਰਾਜੀ ਪ੍ਰਭੂਆਂ ਨੂੰ ਨਿਲਾਮ ਕਰਦੇ ਜਾ ਰਹੇ ਹਨ। ਪਰ ਦੂਜੇ ਪਾਸੇ ਇਹ ‘ਵਿਕਾਸ’ ਦੇ ਲਈ ਲਾਜ਼ਮੀ ਬਣਾ ਕੇ ਦੇਸ਼ ਦੀ ਜਨਤਾ ਨੂੰ ਧੋਖਾ ਦੇ ਰਹੇ ਹਨ। ਸਭ ਤੋਂ ਜੀਵਤ ਉਦਾਹਰਣ ਦੇਸ਼ ਦੀ ਜੀਵਨ ਰੇਖਾ ਮੰਨੀ ਜਾਣ ਵਾਲੀ ਖੇਤੀ ਦੇ ਬੰਧਕ ਹੋ ਜਾਣ ਦੀ ਹੈ। ਖਾਦ-ਪਾਣੀ ਬੀਜ ਦੇ ਨਾਲ-ਨਾਲ ਖੇਤੀ ਉਪਜ, ਅਨਾਜਾਂ ’ਤੇ ਬਹੁਕੌਮੀ/ਸਾਮਰਾਜੀ ਕੰਪਨੀਆਂ ਦਾ ਹੌਲੀ ਹੌਲੀ ਕਬਜ਼ਾ ਹੁੰਦੇ ਜਾਣ ਨਾਲ ਦੇਸ਼ ਦਾ ਆਮ ਕਿਸਾਨ ਅੱਜ ਇੱਕ ਅਜਿਹੀ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ। ਜਿਸ ਨਾਲ ਉਸ ਦੀ ਹੋਂਦ ਦੇ ਬਚਣ ਦਾ ਹੀ ਸੁਆਲ ਉਠ ਖੜ੍ਹਾ ਹੋ ਰਿਹਾ ਹੈ। ਜੇ ਸਭ ਕੁਝ ਇਉਂ ਹੀ ਚੱਲਦਾ ਰਿਹਾ ਤਾਂ ਦਿਨ ਦੂਰ ਨਹੀਂ ਜਦ ਸਿਰਫ ਕਿਸਾਨ ਹੀ ਨਹੀਂ, ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਤੇ ਨਿਮਨ-ਵਰਗ ਦੇ ਲੋਕ ਹੀ ਨਹੀਂ ਬਲਕਿ ਦੇਸ਼ ਦੀ ਬਹੁਤੀ ਜਨਤਾ ਦਾਣੇ-ਦਾਣੇ ਨੂੰ ਮੁਹਤਾਜ਼ ਹੋ ਕੇ ਮਰਨ ਦੀ ਹਸਰਤ ’ਚ ਜੀਵਿਆ ਕਰਨਗੇ। ਸਾਡੇ ਦੇਸ਼ ਦੇ ਲੋਕ ਸਭ ਕੁਝ ਹੁੰਦੇ ਹੋਇਆਂ ਵੀ ਕਿੱਲਤ ਭਰੀ ਜ਼ਿੰਦਗੀ ਜਿਉਂਣ ਲਈ ਮਜਬੂਰ ਹਨ। ਸਿੱਟੇ ਵਜੋਂ ਖੇਤੀ ਪ੍ਰਧਾਨ ਸਾਡੀ ਇਸ ਵਿਸ਼ਾਲ ਧਰਤੀ ਦੀ ਬਹੁਗਿਣਤੀ ਖੇਤੀ ਕਿਸਾਨੀ ਆਬਾਦੀ ਨੂੰ ਦੋ ਢੰਗ ਦੀ ਲੋੜੀਂਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਅਨਾਜ ਤੇ ਖੇਤੀ ਸੰਗਠਨ ਦੀ ‘ਸੰਸਾਰ ’ਚ ਖਾਦ ਅਨਾਜ ਸੁਰੱਖਿਆ ਦੀ ਸਥਿਤੀ ਦੀ 2003 ਦੀ ਰਿਪੋਰਟ ਅਨੁਸਾਰ ਭਾਰਤ ਦੇ 40 ਕਰੋੜ ਲੋਕ ਭੁੱਖ ਨਾਲ ਗ੍ਰਸਤ ਹਨ।

ਜੋ ਦੇਸ਼ ਦੀ ਅਨਾਜ ਜਾਇਦਾਦ ’ਤੇ ਵਿਦੇਸ਼ੀ (ਸਾਮਰਾਜੀ) ਬਹੁਕੌਮੀ ਕੰਪਨੀਆਂ ਦੇ ਕਬਜ਼ਾ ਕਰਨ ਦੇ ਮਨਸੂਬੇ ਉਨ੍ਹਾਂ ਦੀ ਸਕੀਮ ਅਨੁਸਾਰ ਪੂਰੇ ਹੋਣ ਦਿੱਤੇ ਗਏ ਤਾਂ ਆਉਣ ਵਾਲੇ ਦਿਨ ਪੂਰੇ ਦੇਸ਼ ਖਾਸ ਕਰਕੇ ਕਿਸਾਨੀ ਆਬਾਦੀ ਲਈ ਹੋਰ ਵੀ ਤਕਲੀਫ ਦੇਣ ਤੇ ਹੋਰ ਵੀ ਤਰਾਸਦ ਹੋਣ ਵਾਲੇ ਹਨ।

ਵਿਸ਼ਵ ਵਪਾਰ ਸੰਗਠਨ ਦੇ ਦਬਾਅ ਹੇਠ ਸਾਮਰਾਜੀ ਦੇਸ਼ਾਂ ਦੀਆਂ ਖੇਤੀ ਵਸਤਾਂ ਲਈ ਭਾਰਤ ਬਾਜ਼ਾਰਾਂ ਨੂੰ ਪੂਰੀ ਤਰ੍ਹਾਂ ਖੁੱਲ੍ਹ ਦੇਣ ਦੇ ਭਾਰਤ ਦੀ ਦਲਾਲ ਸਰਕਾਰ ਵੱਲੋਂ ਅਜੀਬੋਗਰੀਬ ਤਰਕ ਦਿੱਤੇ ਜਾ ਰਹੇ ਹਨ। ਮਸਲਨ, ਇੱਕ ਤਰਕ ਇਹ

ਦਿੱਤਾ ਜਾ ਰਿਹਾ ਹੈ ਕਿ ਮੁਕਤ ਖੇਤੀ ਵਸਤਾਂ ਦੇ ਵਪਾਰ ਨਾਲ ਭਾਰਤ ਦੇ ਕਿਸਾਨਾਂ ਨੂੰ ਕੌਮਾਂਤਰੀ ਮੰਡੀਆਂ 'ਚ ਅਨਾਜ ਆਦਿ ਦੇ ਵੱਧ ਭਾਅ ਮਿਲ ਸਕਣਗੇ। ਇਸ ਤਰਕ ਦੇ ਆਧਾਰ 'ਤੇ ਹੀ ਖੇਤੀ ਵਸਤਾਂ ਦੀ ਮੁਕਤ ਦਰਾਮਦ-ਬਰਾਮਦ ਦੀ ਵਕਾਲਤ ਕੀਤੀ ਜਾ ਰਹੀ ਹੈ। ਹਕੀਕਤ ਇਹ ਹੈ ਕਿ ਭਾਰਤੀ ਖੇਤੀ ਅੱਜ ਖਾਦ, ਬੀਜ, ਪਾਣੀ ਤੋਂ ਲੈ ਕੇ ਟਰੈਕਟਰ, ਹਾਰਵੈਸਟਰ ਆਦਿ ਖੇਤੀ ਉਪਕਰਣਾਂ ਲਈ ਪੂਰੀ ਤਰ੍ਹਾਂ ਸਾਮਰਾਜੀ ਸ਼ਿਕੰਜੇ 'ਚ ਕੱਸਦੀ ਜਾ ਰਹੀ ਹੈ। ਖੇਤੀ ਪੈਦਾਵਾਰ ਦੀ ਲਾਗਤ ਵਧ ਰਹੀ ਹੈ ਤੇ ਦੂਜੇ ਪਾਸੇ ਸਰਕਾਰੀ ਸਹਾਇਤਾ (ਸਬਸਿਡੀ) ਦੇ ਰੂਪ 'ਚ ਕਿਸਾਨਾਂ ਨੂੰ ਮਿਲਦੀ ਥੋੜ੍ਹੀ ਬਹੁਤੀ ਰਾਹਤ ਵੀ ਘੱਟ ਕਰਦਿਆਂ ਹੁਣ ਇਸ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੈਸੇ ਵੀ ਵਿਕਸਤ ਸਾਮਰਾਜੀ ਦੇਸ਼ਾਂ ਵੱਲੋਂ ਆਪਣੇ ਦੇਸ਼ ਦੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਭਾਰੀ ਸਬਸਿਡੀ ਦੇ ਚਲਦਿਆਂ ਭਾਰਤ ਦੇ ਕਿਸਾਨਾਂ ਲਈ ਉਨ੍ਹਾਂ ਦੇ ਮੁਕਾਬਲੇ 'ਚ ਖੜ੍ਹੇ ਰਹਿ ਸਕਣਾ ਸੰਭਵ ਨਹੀਂ ਹੈ।

ਬਹੁਕੌਮੀ ਸਾਮਰਾਜੀ ਕੰਪਨੀਆਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਕਣਕ ਦੀ ਖਰੀਦੋ-ਫਰੋਖਤ ਨੇ ਇਸ ਸਾਲ ਆਪਣਾ ਜੋ ਸਾਜਸ਼ੀ ਤੇ ਵਿਕਰਾਲ ਰੂਪ ਵਿਖਾਇਆ ਹੈ ਉਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬਹੁਕੌਮੀ ਕੰਪਨੀਆਂ ਦਾ ਕੁਚੱਕਰ ਸਾਡੀ ਅਨਾਜ ਦੀ ਪੈਦਾਵਾਰ ਨੂੰ ਬੁਰੀ ਤਰ੍ਹਾਂ ਘੇਰਨ ਜਾ ਰਿਹਾ ਹੈ। ਇਸ ਦੀ ਭਿਆਨਕ ਤਸਵੀਰ ਅਸੀਂ ਇਸ ਸਾਲ ਦੇਸ਼ 'ਚ ਲੋੜੀਂਦੀ ਮਾਤਰਾ 'ਚ ਕਣਕ ਪੈਦਾ ਕਰਨ ਦੇ ਬਾਵਜੂਦ ਸਰਕਾਰ ਵੱਲੋਂ ਆਸਟਰੇਲੀਆ ਤੋਂ 35 ਲੱਖ ਟਨ ਕਣਕ ਦੀ ਦਰਾਮਦ ਸੁਆਲ ਪੈਦਾ ਹੁੰਦਾ ਹੈ ਕਿ ਇਸ ਦੇਸ਼ ਦੇ ਕਿਸਾਨਾਂ ਦੀ ਕਣਕ ਆਈ. ਟੀ. ਸੀ., ਕਾਰਗਿਲ, ਅਮਰੀਕਨ ਵ੍ਹੀਟ ਬੋਰਡ, ਆਸਟਰੇਲੀਆ ਵ੍ਹੀਟ ਬੋਰਡ ਅਤੇ ਮਦਾਨੀ ਬਿਲਮੋਰ ਵਰਗੀਆਂ ਵਿਦੇਸ਼ੀ ਕੰਪਨੀਆਂ ਵੱਲੋਂ ਖਰੀਦ ਕੇ ਮਨਮਰਜ਼ੀ ਦੇ ਰੇਟਾਂ 'ਤੇ ਉਸ ਦਾ ਵਪਾਰ ਕੀਤਾ ਜਾ ਰਿਹਾ ਹੈ ਤਾਂ ਫਿਰ ਗਰੀਬੀ-ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੇ ਨਾਂ 'ਤੇ ਵਿਦੇਸ਼ਾਂ ਤੋਂ ਕਣਕ ਦੀ ਦਰਾਮਦ ਕਿਉਂ? ਵਿਕਸਤ ਸਾਮਰਾਜੀ ਦੇਸ਼ ਚਾਹੁੰਦੇ ਹਨ ਕਿ ਭਾਰਤ ਵਰਗਾ ਵਿਕਾਸਸ਼ੀਲ ਦੇਸ਼ ਅਨਾਜ ਦੇ ਮਾਮਲੇ 'ਚ ਆਤਮ-ਨਿਰਭਰਤਾ ਦੀ ਕੋਸ਼ਿਸ਼ ਹੀ ਨਾ ਕਰ ਸਕੇ। ਬਲਕਿ ਬਹੁਕੌਮੀ ਕੰਪਨੀਆਂ ਵੱਲੋਂ ਦਰਾਮਦ ਕੀਤੇ ਅਨਾਜ ਉੱਪਰ ਹੀ ਨਿਰਭਰ ਕਰੇ। ਇਸ ਵਾਰੀ ਜਿਸ ਤਰ੍ਹਾਂ ਐੱਫ. ਸੀ. ਆਈ. ਦੇ ਗੁਦਾਮਾਂ, ਸਮਿਤੀਆਂ, ਆੜ੍ਹਤੀਆਂ ਆਦਿ ਤੋਂ ਖੋਹ ਕੇ ਵਿਦੇਸ਼ੀ ਕੰਪਨੀਆਂ ਨੇ ਕਣਕ ਦੀ ਉਪਜ 'ਤੇ ਕਬਜ਼ਾ ਕੀਤਾ ਹੈ, ਉਸ ਨਾਲ ਨਾ ਸਿਰਫ ਇਸ ਦੇਸ਼ ਦੇ ਕਿਸਾਨਾਂ-ਮਜ਼ਦੂਰਾਂ ਬਲਕਿ ਖਰੀਦ ਕੇ ਖਾਣ ਵਾਲੀ ਦੇਸ਼ ਦੀ ਵੱਡੀ ਮੱਧ-ਵਰਗੀ ਆਬਾਦੀ ਨੂੰ ਵੀ ਰੋਣਾ ਪਵੇਗਾ। ਉੱਪਰੋਂ ਭਾਵੇਂ ਇਹ ਹੀ ਲੱਗ ਰਿਹਾ ਹੋਵੇ ਕਿ ਵਿਦੇਸ਼ੀ ਕੰਪਨੀਆਂ ਨੇ ਸਰਕਾਰੀ ਸਹਿਕਾਰੀ ਖਰੀਦ ਕੇਂਦਰ/ਆੜ੍ਹਤੀਆਂ ਦੇ ਮੁਕਾਬਲਤਨ ਵੱਖ ਰੇਟ ਦੇ ਕੇ ਕਣਕ ਖਰੀਦੀ ਹੈ ਜਿਸ ਕਾਰਨ ਕਿਸਾਨਾਂ ਨੂੰ ਫੌਰੀ ਤੌਰ 'ਤੇ ਕੁਝ ਵੱਧ ਪੈਸਾ ਮਿਲ ਰਿਹਾ ਹੈ ਪਰ ਇਹ ਡੂੰਘੀ ਚਾਲ ਤੋਂ ਵੱਧ ਕੁਝ ਨਹੀਂ ਹੈ ਤਾਂ ਹੀ ਤਾਂ ਆਪਣੇ ਕਿਸਾਨਾਂ ਨੂੰ 8 ਰੁਪਏ ਕਿਲੋ ਸਹਾਇਕ ਮੁੱਲ 'ਚ ਵੀ ਸਰਕਾਰਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਜਦੋਂ ਕਿ ਆਸਟਰੇਲੀਆ ਤੋਂ ਕਣਕ ਦੀ ਦਰਾਮਦ ਲਗਪਗ 10 ਰੁਪਏ ਕਿਲੋ ਦੇ ਹਿਸਾਬ ਨਾਲ ਕੀਤੀ ਜਾ ਰਹੀ ਹੈ।

ਜਿਸ ਤਰ੍ਹਾਂ ਪਿਛਲੇ ਦਸੰਬਰ ਜਨਵਰੀ ਤੋਂ ਕਣਕ ਦੇ ਭਾਅ ਅਸਿੱਧੇ ਰੂਪ ਨਾਲ

ਵਧਾਏ ਗਏ ਤੇ ਜਿਸ ਨਾਲ ਇੱਕ ਕਿਲੋ ਸਾਧਾਰਨ ਕਣਕ ਦੇ ਆਟੇ ਦਾ ਭਾਅ ਵੀ 12 ਤੋਂ 14 ਰੁਪਏ ਹੋ ਗਿਆ, ਉਸ ਤੋਂ ਇਸ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਉਣ ਵਾਲੇ ਦਿਨਾਂ 'ਚ ਖਾਸ ਕਰਕੇ ਬੇਜ਼ਮੀਨੇ ਕਿਸਾਨਾਂ, ਮਜ਼ਦੂਰਾਂ, ਛੋਟੇ-ਮੋਟੇ ਕਾਰੋਬਾਰੀਆਂ, ਰਿਕਸ਼ਾ ਚਾਲਕਾਂ, ਦਲਿਤਾਂ ਆਦਿਵਾਸੀਆਂ ਆਦਿ ਦੀ ਕਰੋੜਾਂ ਦੀ ਆਬਾਦੀ ਲਈ ਦੋ ਡੰਗ ਦੀ ਰੋਟੀ ਖਾ ਸਕਣੀ ਵੀ ਮੁਸ਼ਕਿਲ ਹੋਵੇਗੀ। ਪਰ ਮਹਿੰਗਾਈ ਨਾ ਤਾਂ ਸੁਭਾਵਿਕ ਸੀ ਤੇ ਨਾ ਹੀ ਦੇਸ਼ 'ਚ ਅਨਾਜ ਦੀ ਕੋਈ ਕਮੀ ਹੋ ਗਈ ਸੀ।

ਹੌਲੀ-ਹੌਲੀ ਕਿਸ ਤਰ੍ਹਾਂ ਸਰਕਾਰੀ ਕਾਰਜ ਕੇਂਦਰਾਂ ਨੂੰ ਨਸ਼ਟ ਕੀਤਾ ਜਾ ਰਿਹਾ ਹੈ ਇਹ ਐੱਫ. ਸੀ. ਆਈ. ਵੱਲੋਂ ਪਿੱਛੇ ਜਿਹੇ ਹੀ ਕੁਝ ਸਾਲਾਂ 'ਚ ਕੀਤੀ ਗਈ ਕਣਕ ਦੀ ਖਰੀਦ ਤੋਂ ਪਤਾ ਲੱਗਦਾ ਹੈ। ਐੱਫ. ਸੀ. ਆਈ. ਵੱਲੋਂ ਪੂਰੇ ਦੇਸ਼ 'ਚ 2001-02 'ਚ 206, 2002-2003 'ਚ 190, 2002-04, 'ਚ 158 ਤੇ ਪਿਛਲੇ ਸਾਲ 2004-05 'ਚ ਸਿਰਫ਼ 147 ਲੱਖ ਟਨ ਕਣਕ ਹੀ ਖਰੀਦੀ ਗਈ। ਕਿਹਾ ਜਾ ਰਿਹਾ ਹੈ ਕਿ ਘਟੀ ਹੋਈ ਖਰੀਦ ਦੇ ਚਲਦਿਆਂ ਹੀ ਗਰੀਬੀ-ਰੇਖਾ ਤੋਂ ਹੇਠਾਂ ਆਪਣੇ ਹੀ ਗੁਦਾਮਾਂ ਨੂੰ ਬਹੁ-ਕੌਮੀ ਕੰਪਨੀਆਂ ਰਾਹੀਂ ਆਨਾਜ ਨੂੰ ਮਹਿੰਗੇ ਭਾਵਾਂ ਤੇ ਦਰਾਮਦ ਕਰਨ ਦਾ ਕੰਮ ਵੀ ਲੋਕਾਂ ਦੀਆਂ ਸਰਕਾਰਾਂ ਕਦੇ ਕਰਦੀਆਂ ਹਨ?

ਹੁਣ ਰਵਾਇਤੀ ਖੇਤੀ, ਮੰਡੀਆਂ, ਗੱਲਾਂ ਵਪਾਰੀਆਂ, ਆੜ੍ਹਤੀਆਂ ਆਦਿ ਦੀ ਥਾਂ ਵੱਡੀਆਂ-ਵੱਡੀਆਂ 'ਐਗਰੀ ਬਿਜ਼ਨਸ ਕਾਰਪੋਰੇਸ਼ਨਾਂ ਲੈ ਲੈਣਗੀਆਂ ਜਿਸ ਦਾ ਸਿੱਧਾ ਮਕਸਦ ਹੈ ਕਿਸਾਨਾਂ ਦੀ ਖ਼ੂਨ ਪਸੀਨੇ ਦੀ ਗਾੜ੍ਹੀ ਕਮਾਈ ਪੈਦਾਵਾਰ ਨੂੰ ਕੌਡੀਆਂ ਦੇ ਭਾਅ ਹੜੱਪ ਲੈਣਾ ਤੇ ਆਪਣੇ ਨਫੇ-ਨੁਕਸਾਨ ਦੇ ਲਿਹਾਜ਼ ਨਾਲ ਉਸ ਉਪਜ ਨੂੰ ਕੌਮਾਂਤਰੀ ਮੰਡੀਆਂ 'ਚ ਪਹੁੰਚਾਉਣਾ ਅਤੇ ਦੇਸ਼ ਦੀ ਆਮ/ਜਨਤਾ ਕਿਸਾਨਾਂ ਨੂੰ ਲੋੜ ਪੈਣ 'ਤੇ ਦੁੱਗਣੇ-ਤਿਗਣੇ ਭਾਵਾਂ 'ਤੇ ਖਰੀਦਣ ਲਈ ਮਜਬੂਰ ਕਰਨਾ। ਇਸ ਸਮੇਂ ਆਈ. ਟੀ. ਸੀ. ਦੇ ਈ-ਚੌਪਾਲ ਦੀ ਪਹੁੰਚ 35 ਲੱਖ ਕਿਸਾਨਾਂ ਤੇ 31,000 ਪਿੰਡਾਂ ਤੱਕ ਹੋ ਚੁੱਕੀ ਹੈ। ਇਸ ਦਹਾਕੇ ਦੇ ਅੰਤ ਤੱਕ ਆਈ. ਟੀ. ਸੀ. ਦਾ ਉਦੇਸ਼ ਈ-ਚੌਪਾਲ ਨੈੱਟਵਰਕ ਨੂੰ 15 ਰਾਜਾਂ ਦੇ ਇੱਕ ਲੱਖ ਪਿੰਡਾਂ ਤੱਕ ਪਹੁੰਚਾ ਦੇਣ ਦਾ ਰੱਖਿਆ ਗਿਆ ਹੈ। ਇਸ ਤਰ੍ਹਾਂ ਭਾਰਤ ਦੇ ਖਪਤਕਾਰ ਬਾਜ਼ਾਰ 'ਤੇ ਸਭ ਤੋਂ ਵੱਧ ਕੰਟਰੋਲ ਰੱਖਣ ਵਾਲੀ 'ਹਿੰਦੁਸਤਾਨ ਲੀਵਰ' ਜਾਂ 'ਯੂਨੀ ਲੀਵਰ' ਦੀ ਸ਼ਕਤੀ' ਨਾਂ ਦੀ ਯੋਜਨਾ ਵੀ ਹੈ। ਕਿਸਾਨਾਂ ਤੋਂ ਸਿੱਧਾ ਅਨਾਜ ਖਰੀਦਣਾ ਤੇ ਉਸ ਬਦਲੇ ਆਪੋ-ਆਪਣੀਆਂ ਖਪਤਕਾਰੀਆਂ ਵਸਤੂਆਂ ਦਾ ਰੋਗੀ ਜਾਂ ਆਦਤੀ (ਐਡਿਕਟ) ਬਣਾਉਣਾ, ਉਨ੍ਹਾਂ ਨੂੰ ਮਹਿੰਗੇ ਤੇ ਗੈਰ ਜ਼ਰੂਰੀ ਸਾਮਾਨ ਦੇਣੇ, ਇਨ੍ਹਾਂ ਕੰਪਨੀਆਂ ਦੀ ਯੋਜਨਾ 'ਚ ਸ਼ਾਮਲ ਹੈ।

ਰੋਜ਼ਮਰਾ ਦੀ ਜ਼ਿੰਦਗੀ 'ਚ ਆਪਣੀਆਂ ਵਸਤਾਂ ਨੂੰ ਕਿਸਾਨਾਂ ਤੇ ਆਮ ਪੇਂਡੂ ਲੋਕਾਂ 'ਚ ਘਸੋਣਾ ਅਤੇ ਉਨ੍ਹਾਂ ਦੀ ਮਿਹਨਤ ਤੇ ਉਪਜ 'ਤੇ ਕਬਜ਼ਾ ਕਰਨਾ ਇਨ੍ਹਾਂ ਕੰਪਨੀਆਂ ਦੇ ਮਾਇਆ ਜਾਲ ਦਾ ਹਿੱਸਾ ਹੈ। ਆਈ. ਟੀ. ਸੀ. ਤੇ ਹਿੰਦੁਸਤਾਨ ਲੀਵਰ ਦੇ ਕਾਰਨਾਮੇ ਦੇਸ਼ ਦੀ ਖੇਤੀ ਦੇ ਨਿਗਮੀਕਰਨ ਦੀਆਂ ਸਿਰਫ਼ ਕੁਝ ਉਦਾਹਰਣਾਂ ਹਨ। ਪੈਪਸੀ-ਕੋਕ, ਗੈਲਿਸ ਇੰਡੀਆ, ਪਰਲਜ਼ ਆਦਿ ਨੇ ਇਸ ਜਾਂ ਉਸ ਬਹਾਨੇ ਕਿਸਾਨਾਂ ਦੀ ਮੰਦਹਾਲੀ ਦਾ ਫਾਇਦਾ ਉਠਾਉਂਦਿਆਂ ਉਨ੍ਹਾਂ ਦੀਆਂ ਖੇਤੀਯੋਗ ਜ਼ਮੀਨਾਂ ਖੋਹਣਾ

ਤੇ ਅਖੌਤੀ 'ਕਾਰਪੋਰੇਟ ਖੇਤੀ' ਦਾ ਦੇਸ਼ 'ਚ ਜਾਲ ਬੁਣਨਾ ਤੇਜ਼ ਕਰ ਦਿੱਤਾ ਹੈ।

ਕੇਂਦਰ ਹੋਵੇ ਜਾਂ ਸੂਬਾਈ ਸਰਕਾਰਾਂ ਬਹੁਕੌਮੀ ਕੰਪਨੀਆਂ ਦੇ ਸਾਹਮਣੇ ਹਮੇਸ਼ਾ ਗੋਡੇ ਟੇਕਦੀਆਂ ਰਹਿੰਦੀਆਂ ਹਨ। ਜੇ ਕੋਈ ਥੋੜ੍ਹਾ ਬਹੁਤ ਕਿਸਾਨ ਹਿਤੈਸ਼ੀ ਹੋਣ ਜਾਂ ਇਹ ਸਰਕਾਰਾਂ ਢੌਂਗ ਵੀ ਕਰਦੀਆਂ ਹਨ ਉਦੋਂ ਜਦੋਂ ਇਹ ਚੋਣਾਂ ਦਾ ਸਮਾਂ ਹੁੰਦਾ ਹੈ ਜਾਂ ਫਿਰ 'ਡੀਲ' ਲੱਗਣ ਵਾਲਾ ਸਮਾਂ।

ਕੇਂਦਰ ਹੋਵੇ ਜਾਂ ਸੂਬਾਈ ਸਰਕਾਰਾਂ ਦੀ ਸਭ ਦੀ ਮਨਸ਼ਾ ਇਹ ਦਿੱਸਦੀ ਹੈ ਕਿ ਕਣਕ-ਚੌਲ-ਦਾਲ ਆਦਿ ਤਾਂ ਵਿਦੇਸ਼ੀ ਬਹੁਕੌਮੀ ਕੰਪਨੀਆਂ ਨੂੰ ਮਨਮਰਜ਼ੀ ਦਾ ਮੁਨਾਫਾ ਕਮਾਉਣ ਦੇ ਲਈ ਸੰਭਾਲ ਦਿੱਤਾ ਜਾਵੇ ਤੇ ਗਰੀਬ ਲੋਕਾਂ ਨੂੰ ਮੋਟਾ-ਘਟੀਆ ਅਨਾਜ ਖਾਣ ਜਾਂ ਫਿਰ ਇਉਂ ਹੀ ਮਰਨ ਲਈ ਛੱਡ ਦਿੱਤਾ ਜਾਵੇ।

ਸਰਕਾਰਾਂ ਨੂੰ ਤਾਂ ਚਾਹੀਦਾ ਸੀ ਕਿ ਕਿਸਾਨਾਂ ਦੀ ਖੇਤੀ ਉਪਜ ਦੀ ਬਜਾਏ ਭਾਅ ਦੇ ਕੇ ਬਫਰ-ਸਟਾਕ ਗਰੀਬਾਂ ਲਈ ਇਕੱਠਾ ਕਰਦੀ ਪਰ ਉਸ ਦੀ ਬਜਾਏ ਅੱਜ ਕਿਸਾਨਾਂ ਨੂੰ ਵਿਦੇਸ਼ੀ ਕੰਪਨੀਆਂ ਦੇ ਚੁੰਗਲ 'ਚ ਫਸਾ ਕੇ ਬੇਸਹਾਰਾ ਛੱਡਿਆ ਜਾ ਰਿਹਾ ਹੈ।

ਆਮ ਕਿਸਾਨਾਂ ਦੇ ਨਾਲ ਮਜ਼ਦੂਰਾਂ ਸ਼ਹਿਰੀ ਮੱਧ ਵਰਗ 'ਚ ਬਹੁਕੌਮੀ ਕੰਪਨੀਆਂ ਦੀਆਂ ਸ਼ਾਤਰਾਨਾ ਹਰਕਤਾਂ ਨਾਲ ਅਨਾਜ ਵਸਤਾਂ ਦੀਆਂ ਵਧਦੀਆਂ ਕੀਮਤਾਂ ਤੇ ਰੋਟੀ 'ਤੇ ਵੀ ਵਧਦੇ ਇਸ ਸੰਕਟ ਦੇ ਚਲਦਿਆਂ ਰੋਹ ਤੇ ਗੁੱਸਾ ਵਧਿਆ ਹੈ। ਜ਼ਰੂਰਤ ਹੈ ਸਮੁੱਚੀਆਂ ਦੇਸ਼ ਭਗਤ, ਅਗਾਂਹਵਧੂ, ਜਮਹੂਰੀ ਤੇ ਇਨਕਲਾਬੀ ਤਾਕਤਾਂ ਦੇ ਇਕਮੁੱਠ ਹੋਣ ਤੇ ਲੋਕਾਂ ਦੇ ਵਧਦੇ ਰੋਹ ਨੂੰ ਸਹੀ ਦਿਸ਼ਾ ਦੇਣ ਦੀ। ਕੁੱਝ ਮਹੱਤਵਪੂਰਨ ਮੁੱਦਿਆਂ`ਤੇ ਲਾਮਬੰਦੀ ਕੀਤੀ ਜਾ ਸਕਦੀ ਹੈ ਜਿਵੇਂ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੇ ਅਨਾਜ ਖਰੀਦਣ ਦੇ ਲਾਇਸੰਸ ਰੱਦ ਕੀਤੇ ਜਾਣ, ਸਰਕਾਰੀ-ਸਹਿਕਾਰੀ ਖਰੀਦ ਕੇਂਦਰਾਂ ਨੂੰ ਖਤਮ ਕਰਨ ਦੀ ਕਾਰਵਾਈ ਤੁਰੰਤ ਬੰਦ ਕੀਤੀ ਜਾਵੇ ਤੇ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਮੁਕਤ ਤੇ ਤਰਕਸੰਗਤ ਬਣਾਇਆ ਜਾਵੇ, ਕਣਕ ਤੇ ਹੋਰ ਅਨਾਜਾਂ ਦੀ ਸਹਾਇਕ ਕੀਮਤ 'ਤੇ ਕਿਰਤ ਨੂੰ ਧਿਆਨ 'ਚ ਰੱਖਦਿਆਂ ਕਿਸਾਨਾਂ ਲਈ ਲਾਭਕਾਰੀ ਬਣਾਇਆ ਜਾਵੇ, ਖੇਤੀ ਦੀ ਲਾਗਤ ਕੀਮਤ ਘਟਾਈ ਜਾਵੇ। ਖਾਦ ਬੀਜ-ਪਾਣੀ ਬਿਜਲੀ ਨੂੰ ਮੁਨਾਫਾਖੋਰ ਬਹੁਕੌਮੀ ਕੰਪਨੀਆਂ ਦੇ ਚੁੰਗਲ ਤੋਂ ਮੁਕਤ ਕਰਵਾਇਆ ਜਾਵੇ ਤੇ ਕਿਸਾਨਾਂ ਦੇ ਹਿੱਤਾਂ ਲਈ ਉਨ੍ਹਾਂ ਦੀ ਕੀਮਤਾਂ ਘਟਾਈਆਂ ਜਾਣ।

ਖੇਤੀ 'ਤੇ ਸਰਕਾਰੀ, ਸਬਸਿਡੀ/ਸਹਾਇਤਾ ਘਟਾਈ ਨਾ ਜਾਵੇ, ਜਨਤਕ ਵੰਡ ਪ੍ਰਣਾਲੀ ਚੁਸਤ-ਦਰੁੱਸਤ ਤੇ ਭ੍ਰਿਸ਼ਟਾਚਾਰ ਮੁਕਤ ਕੀਤਾ ਜਾਵੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਨੂੰ ਨਿਸ਼ਚਿਤ ਮਾਤਰਾ 'ਚ ਮੁਫ਼ਤ ਰਾਸ਼ਨ ਮੁਹੱਈਆ ਕਰਵਾਇਆ ਜਾਵੇ। ਠੇਕਾ ਖੇਤੀ ਕਾਰਪੋਰੇਟ ਖੇਤੀ ਦੇ ਨਾਂ 'ਤੇ ਬਹੁਕੌਮੀ ਕੰਪਨੀਆਂ ਤੇ ਸਰਮਾਏਦਾਰਾਂ ਵੱਲੋਂ ਕਿਸਾਨਾਂ ਦੀ ਜ਼ਮੀਨ ਖੋਹਣ ਦੀ ਕਾਰਵਾਈ 'ਤੇ ਫੌਰੀ ਰੋਕ ਲਾਈ ਜਾਵੇ।

ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਪਾਰਲੀਮੈਂਟ ਦੇ ਦੋਨਾਂ ਸਦਨਾਂ ਵਿੱਚ ਅਸਾਨੀ ਨਾਲ ਪਾਸ ਕਰ ਦਿੱਤਾ ਗਿਆ ਸੀ। ਭਾਰਤ ਦੇ ਵੱਖ-ਵੱਖ ਪਾਰਲੀਮਾਨੀ ਸਿਆਸੀ ਪਾਰਟੀਆਂ ਵਿਚਕਾਰ ਇਸ 'ਤੇ ਆਪਸੀ ਸਹਿਮਤੀ ਏਨੀ ਪੂਰੀ ਸੀ ਕਿ ਜਨਤਾ 'ਚ ਚਰਚਾ ਤਾਂ ਦੂਰ ਦੀ ਗੱਲ, ਦੇਸ਼ ਦੇ ਲੋਕਾਂ ਨੂੰ ਇਸ ਦੀ ਭਿਣਕ ਵੀ

ਨਹੀਂ ਪਾਈ। ਅੱਜ ਜਦ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਵਿਸ਼ੇਸ਼ ਆਰਥਕ ਖੇਤਰਾਂ ਲਏ ਟਿੱਕੇ ਇਲਾਕੇ ਵੱਖ-ਵੱਖ ਖਾੜਕੂ ਸੰਘਰਸ਼ਾਂ ਤੋਂ ਪ੍ਰਭਾਵਿਤ ਹਨ। ਇਸ ਗੱਲ 'ਚ ਕੋਈ ਸ਼ੱਕ ਨਹੀਂ ਹੈ ਕਿ ਸਾਮਰਾਜ-ਪ੍ਰਸਤ ਹਾਕਮ ਜਮਾਤਾਂ ਦੀਆਂ ਪਾਰਟੀਆਂ ਕਿਸੇ ਦੇ ਹਿੱਤਾਂ ਦੀ ਨੁਮਾਇੰਦਗੀ ਕਰ ਰਹੀਆਂ ਹਨ। ਆਪਣੀ ਦਿਖਾਵੇ ਦੇ ਵਿਰੋਧਾਂ ਨੂੰ ਜਾਰੀ ਰੱਖਦਿਆਂ ਸਰਕਾਰੀ ਖੱਬੇ ਪੱਖੀਆਂ ਨੇ ਲੋਕ ਵਿਰੁੱਧ ਦਾ ਮਖੌਟਾ ਪਹਿਨਣ ਦੇ ਇਰਾਦੇ ਨਾਲ ਇੱਕ ਹੋਰ ਕਦਮ ਉਠਾਉਂਦਿਆਂ ਵਿਸ਼ੇਸ਼ ਆਰਥਕ ਖੇਤਰ ਕਾਨੂੰਨ, 2005 ਦੇ ਸਾਰੇ ਪਹਿਲੂਆਂ ਤੇ ਕੁੱਝ ਹਲਕੇ/ਮਾੜੇ ਮੋਟੇ ਸੋਧ ਪ੍ਰਸਤਾਵ ਪਾਸ ਕਰ ਦਿੱਤੇ ਹਨ। ਕੌਣ ਭੁੱਲ ਸਕਦਾ ਹੈ ਕਿ ਪਿਛਲੇ ਸਾਲ ਜਦ ਇਸ ਕਾਨੂੰਨ ਨੂੰ ਸ਼ਾਂਤੀ ਪੂਰਵਕ ਢੰਗ ਨਾਲ ਪਾਸ ਕੀਤਾ ਗਿਆ ਤਦ ਉਹਨਾਂ ਦੇ ਪਾਰਲੀਮੈਂਟ ਮੈਂਬਰ ਦੀ ਪਾਰਲੀਮੈਂਟ ਹਾਊਸ ਵਿੱਚ ਹਾਜ਼ਰ ਸਨ। ਵਿਸ਼ੇਸ਼ ਆਰਥਕ ਖੇਤਰਾਂ ਦਾ ਵਿਚਾਰ ਅਸਲ ਵਿੱਚ ਵਿਦੇਸ਼ੀ ਲੁੱਟ ਦੀਆਂ ਸਹੂਲਤਾਂ ਨੂੰ ਵਧਾਉਂਦੇ ਹੋਏ ਲੋਕਾਂ ਵੱਲੋਂ ਹਾਸਲ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਕੱਟਣ ਅਤੇ ਲੋਕ ਰੋਹ ਨੂੰ ਨਾਕਾਮ ਕਰਨ ਲਈ 1947 'ਚ ਪਰੋਟੋਰਿਕੋ 'ਚ ਸਥਾਪਤ 'ਉਦਯੋਗਿਕ ਪਾਰਕ" ਹੈ। ਇਹ ਵਿਚਾਰ ਆਪਣੇ ਮੌਜੂਦਾ ਰੂਪ 'ਚ 1980 ਦੇ ਦਹਾਕੇ 'ਚ ਚੀਨ ਦੇ ਵਿਸ਼ੇਸ਼ ਆਰਥਕ ਖੇਤਰਾਂ' ਦੇ ਨਾਲ ਸਥਾਪਤ ਹੋਇਆ। ਇਸ ਦਾ ਮਕਸਦ ਸੀ ਪ੍ਰਤੱਖ ਵਿਦੇਸ਼ੀ ਨਿਵੇਸ਼ ਦੀਆਂ ਸੰਭਾਵਨਾਵਾਂ ਵਧਾਉਣਾ ਅਤੇ ਵਿਦੇਸ਼ੀ ਸਮਾਜਵਾਦੀ ਚੀਨ ਦੇ ਟੁੱਟਣ ਦੀ ਲੜੀ 'ਚ ਪੂਰਬ ਦੇ ਰਾਜਕੀ ਪ੍ਰਸ਼ਿਤਠਾਨਾ ਤੋਂ ਕੱਢਿਆ ਜਾ ਰਿਹਾ ਸੀ।

ਭਾਰਤ 'ਚ ਬਰਾਮਦ ਪ੍ਰੋਸੈਸਿੰਗ ਖੇਤਰ ਇਹਨਾਂ ਦੇ ਪੂਰਵਜ ਸਨ - ਭਾਰਤ ਦੀ ਹਾਕਮ ਜਮਾਤ ਨੇ 100 ਫੀਸਦੀ ਬਰਾਮਦ ਹਿੱਤ ਪੈਦਾਵਾਰ ਲਈ ਬਰਾਮਦ ਪੈਦਾਵਾਰੀ ਖੇਤਰਾਂ (EPZ) ਤੋਂ ਸ਼ੁਰੂਆਤ ਕੀਤੀ ਸੀ ਜਿਨ੍ਹਾਂ ਨੂੰ ਚਲਾਉਣ 'ਚ ਸਹਿਯੋਗ ਲਈ ਕਿਰਤ ਕਾਨੂੰਨਾਂ 'ਚ ਕਟੌਤੀ ਦੇ ਭਰੋਸੇ ਦਿੱਤੇ ਗਏ। ਇਨ੍ਹਾਂ ਨੂੰ 5 ਸਾਲਾਂ ਤੱਕ ਟੈਕਸਾਂ ਤੋਂ ਮੁਕਤ ਕਰ ਦਿੱਤਾ ਗਿਆ। ਨਾਲ-ਨਾਲ ਪਿਛਲੇ ਖੇਤਰਾਂ 'ਚ ਸਨਅਤ ਲਾਉਣ ਦੇ ਨਾਮ ਤੇ ਘੱਟ ਦਰਾਂ 'ਤੇ ਸਹੂਲਤਾ ਤੇ ਅਸਿੱਧੇ ਟੈਕਸਾਂ 'ਚ 5 ਸਾਲ ਲਈ ਛੋਟ ਐਲਾਨੀ ਗਈ। ਇਸ ਸਾਰੇ ਕੁਝ ਨੇ ਵੀ ਨਿਵੇਸ਼ ਵਧਾਉਣ ਦਾ ਕੰਮ ਨਹੀਂ ਕੀਤਾ। ਫਿਰ ਸੰਨ 2000 'ਚ ਨਵੀਂ ਬਰਾਮਦ-ਦਰਾਮਦ ਨੀਤੀ ਨੇ ਸਥਾਪਿਤ ਬਰਾਮਦ ਉਤਪਾਦਨ ਖੇਤਰਾਂ ਨੂੰ ਵਿਸ਼ੇਸ਼ ਆਰਥਕ ਖੇਤਰਾਂ (SE2s) 'ਚ ਤਬਦੀਲ ਕਰ ਦਿੱਤਾ ਅਤੇ ਸੰਯੁਕਤ ਨਿਵੇਸ਼ ਤੇ ਨਿੱਜੀ ਖੇਤਰ 'ਚ ਵਿਸ਼ੇਸ਼ ਆਰਥਕ ਖੇਤਰਾਂ ਨੂੰ ਇਜਾਜ਼ਤ ਦੇ ਦਿੱਤੀ।

ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 :- ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ਵਿੱਚ ਵੀ ਬਰਾਮਦ ਨੂੰ ਸਹਿਯੋਗ ਦੇਣ ਦੀ ਗੱਲ ਕਰਦਿਆਂ ਲਿਖਿਆ ਗਿਆ ਹੈ ਕਿ ਇਹ 'ਬਰਾਮਦ ਹਿੱਤ ਕੌਮਾਂਤਰੀ ਦਰਜੇ ਦਾ ਵਾਤਾਵਰਣ ਤਿਆਰ ਕਰਨ ਲਈ ਹੈ। ਜੋ ਅਸਲੀਅਤ 'ਚ ਬਣ ਰਿਹਾ ਹੈ ਉਹ ਹੈ ਭਾਰਤ ਦੇ ਸਭ ਤੋਂ ਕੀਮਤੀ ਖੇਤਰਾਂ 'ਚ ਸਿੱਧੇ ਤੇ ਅਸਿੱਧੇ ਟੈਕਸਾਂ ਤੋਂ ਆਜ਼ਾਦ ਟਾਪੂ, ਜਿਨ੍ਹਾਂ 'ਚ ਮੁਫਤ ਰਚਨਾ ਦੇ ਨਾਲ ਨਾਲ ਰਾਇਲ ਅਸਟੇਟ, ਯਾਨੀ ਜ਼ਮੀਨ ਦੇ ਖਰੀਦੋ ਫਰੋਖਤ ਦੇ ਧੰਦੇ ਦਾ ਵਿਕਾਸ ਕਰਨਾ ਹੈ। ਇਸ ਲਾਲਚ ਨਾਲ ਵਿਦੇਸ਼ੀ ਨਿਵੇਸ਼ ਆਕ੍ਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜਿਹੇ ਖੇਤਰਾਂ ਦਾ ਵਿਕਾਸ ਕਰਨ ਵਾਲਿਆਂ ਨੂੰ ਰਾਜ ਸਰਕਾਰ ਦੇ ਸਾਹਮਣੇ

ਅਰਜ਼ੀ ਦੇਣੀ ਹੋਵੇਗੀ ਜੋ ਯੋਜਨਾਂ ਨੂੰ ਮੰਨਜ਼ੂਰੀ ਦੇ ਕੇ ਕੇਂਦਰੀ ਵਣਜ ਮੰਤਰਾਲੇ ਦੀ ਮੰਨਜ਼ੂਰੀ ਪਰੀਸ਼ਦ ਕੋਲ ਭੇਜੇਗੀ। ਹਾਲਾਂਕਿ 250 ਵਿਸ਼ੇਸ਼ ਆਰਥਕ ਖੇਤਰਾਂ ਨੂੰ ਮੰਨਜ਼ੂਰੀ ਦਿੱਤੀ ਗਈ ਹੈ। ਇਹਨਾਂ ਵਿੱਚ ਨਿਵੇਸ਼ ਲਈ ਵਿਦੇਸ਼ੀਆਂ ਨੇ ਨਹੀਂ ਬਿਲਡਰਾਂ ਤੇ ਠੇਕੇਦਾਰਾਂ ਨੇ ਭਗਦੜ ਮਚਾਈ ਹੋਈ ਹੈ। ਇਹਨਾਂ ਖੇਤਰਾਂ 'ਚ ਰਾਜ ਸਰਕਾਰਾਂ ਨੇ ਸਿਰਫ ਜ਼ੁਬਾਨੀ ਭਰੋਸੇ ਦਿੱਤੇ ਹਨ। ਪਰ ਟੈਕਸਾਂ ਨੂੰ ਹਟਾ ਦਿੱਤਾ ਗਿਆ ਹੈ ਅਤੇ ਭੂਮੀ ਹੱਦਬੰਦੀ ਕਾਨੂੰਨ ਦੀਆਂ ਵਿਸਸਥਾਵਾਂ ਨੂੰ ਵੀ। ਇੱਕ ਪਾਸੇ ਦਲਾਲ ਸਰਕਾਰ, ਉਪਨਿਵੇਸ਼ਕ ਭੂਮੀ ਅਧਿਗ੍ਰਹਿਣ ਕਾਨੂੰਨ 1894 ਦੀ ਵਰਤੋਂ ਕਰਕੇ ਕੀਮਤੀ ਜ਼ਮੀਨਾਂ ਸਸਤੇ ਭਾਵਾਂ 'ਤੇ ਵਿਸ਼ੇਸ਼ ਆਰਥਕ ਖੇਤਰਾਂ ਲਈ ਇਕਵਾਇਰ ਕਰ ਰਹੀਆਂ ਹਨ ਅਤੇ ਦੂਜੇ ਪਾਸੇ ਵਿਦੇਸ਼ ਕੰਪਨੀਆਂ ਤੇ ਪ੍ਰਤਿਸ਼ਠਾਨ ਭੂਮੀ ਹੱਦਬੰਦੀ ਕਾਨੂੰਨ ਤੋਂ ਛੁਟਕਾਰਾ ਪਾ ਕੇ ਭੂਮੀ ਲਈ ਮਾਲਕਾਂ ਦੇ ਰੂਪ ਵਿੱਚ ਵਿਕਸਤ ਹੋ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਜਬਰੀ ਭੂਮੀ ਖੋਹਣ ਦੇ ਇਸ ਸੰਵੇਦਨਸ਼ੀਲ ਸੁਆਲ 'ਤੇ ਸਰਕਾਰ ਨੂੰ ਵੀ ਉਮੀਦ ਤੋਂ ਕਿਤੇ ਵੱਧ ਵਿਰੋਧ ਝੱਲਣਾ ਪੈ ਰਿਹਾ ਹੈ। ਇਹਨਾਂ ਵਿੱਚ ਬਹੁਤ ਸਾਰੇ ਵਿਦੇਸ਼ੀ ਆਰਥਕ ਖੇਤਰਾਂ ਦਾ ਸਥਾਨਕ ਲੋਕ ਸੰਘਰਸ਼ਾਂ ਰਾਹੀਂ ਵਿਰੋਧ ਕਰ ਰਹੇ ਹਨ। ਸੰਖੇਪ 'ਚ ਕਿਹਾ ਜਾਵੇ ਤਾਂ "ਵਿਸ਼ੇਸ਼ ਆਰਥਕ ਖੇਤਰਾਂ ਦਾ ਉਦੇਸ਼ ਬਰਾਮਦ ਮੁਖੀ ਉਤਪਾਦਨ ਹਿਤ ਰਚਨਾ ਦੀ ਹਮਾਇਤ ਲਈ ਟੈਕਸਾਂ ਤੇ ਪਾਬੰਦੀਆਂ ਤੋਂ ਮੁਕਤ ਵਸਤਾਂ ਤੇ ਸਹੂਲਤਾਂ ਮੁਹੱਈਆ ਕਰਨਾ ਹੈ। ਜਿਸ ਦੀ ਮਨਜ਼ੂਰੀ ਦੇ ਅਮਲ ਨੂੰ ਇਸ ਅਰਜ਼ੀ ਦੇ ਮਾਧਿਅਮ ਰਾਹੀਂ ਮਨਜ਼ੂਰੀ ਦਿੱਤੀ ਜਾ ਸਕੇ ਅਤੇ ਜਿਸ ਵਿੱਚ ਬਰਾਮਦ ਆਧਾਰਤ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਘਰੇਲੂ ਤੇ ਵਿਦੇਸ਼ੀ ਨਿਵੇਸ਼ ਆਕ੍ਰਿਸ਼ਤ ਕਰਨ ਦੇ ਉਤਸ਼ਾਹਾਂ ਦਾ ਪੈਕੇਜ ਹੋਵੇ। ਪਰ ਇਸ ਵਿੱਚ ਅਜਿਹਾ ਕੋਈ ਬੰਧਨ ਨਹੀਂ ਹੈ ਕਿ ਕਿੰਨੇ ਫੀਸਦੀ ਮਾਲ ਬਰਾਮਦ ਹੋਵੇਗਾ ਜਾਂ ਬਰਾਮਦ ਕਿੰਨੇ ਦਰਾਂ 'ਚ ਸ਼ੁਰੂ ਹੋਵੇਗੀ ਜਾਂ ਇਹ ਸਹੂਲਤਾਂ ਕਦੋਂ ਤੱਕ ਜਾਰੀ ਰਹਿਣਗੀਆਂ। ਇਸ ਲਈ ਇਹ ਵਿਸ਼ਵਾਸ ਵਧਦਾ ਜਾ ਰਿਹਾ ਹੈ ਕਿ ਵਿਸ਼ੇਸ਼ ਆਰਥਕ ਖੇਤਰਾਂ ਦੀ ਯੋਜਨਾ ਘਰੇਲੂ ਬਜ਼ਾਰ 'ਚ ਵਿਦੇਸ਼ੀ ਘੁਸਪੈਂਠ ਵਧਾਉਣ ਦੀ ਸਹੂਲਤ ਹੈ। ਅਜੇਹੇ 257 ਖੇਤਰਾਂ ਨੂੰ ਮਨਜ਼ੂਰੀ ਪ੍ਰੀਸ਼ਦ ਨੇ ਹਰੀ ਝੰਡੀ ਵਿਖਾਈ ਹੈ। ਇੱਕ ਪਾਸੇ ਇਹਨਾਂ ਖੇਤਰਾਂ ਨੂੰ ਰਿਜ਼ਰਵ ਬੈਂਕ ਨੇ ਅਸਲ 'ਚ ਜ਼ਮੀਨ ਖਰੀਦੋ ਫਰੋਖਤ ਧੰਦੇ ਦਾ ਖੇਤਰ" ਐਲਾਨਿਆ ਤੇ ਬੈਂਕਾਂ ਨੂੰ ਇਹਨਾਂ ਖੇਤਰਾਂ ਲਈ ਉਧਾਰ ਦੇਣ 'ਤੇ ਸਾਵਧਾਨੀ ਵਰਤਣ ਦੀ ਹਦਾਇਤ ਕੀਤੀ ਤਾਂ ਦੂਜੇ ਪਾਸੇ ਇਸ ਪਿੱਛੋਂ ਉਹ ਖੁਦ ਹੀ ਇਸ 'ਤੇ ਢਿੱਲਾ ਪੱਖ ਅਪਣਾਉਣ ਲੱਗੀ। ਦੂਜੇ ਪਾਸੇ ਵਿਤ ਮੰਤਰਾਲੇ ਇਹਨਾਂ ਵਿਸ਼ੇਸ਼ ਆਰਥਕ ਖੇਤਰਾਂ ਦੇ ਪੱਖ ਵਿੱਚ ਨਹੀਂ ਹੈ। ਕਿਉਂਕਿ ਟੈਕਸਾਂ ਤੋਂ ਸਰਕਾਰੀ ਆਮਦਨ ਘੱਟ ਜਾਵੇਗੀ। ਇਹ ਕਾਨੂੰਨ ਕਹਿੰਦਾ ਹੈ ਕਿ ਕੇਂਦਰ ਸਰਕਾਰ ਘੱਟੋ ਘੱਟ ਖੇਤਰ ਤੇ ਹੋਰ ਸ਼ਰਤਾਂ ਨਿਰਧਾਰਿਤ ਕਰੇਗਾ। ਹੁਣ ਤੱਕ 25 ਫੀਸਦੀ ਜ਼ਮੀਨ ਪੈਦਾਵਾਰ ਲਈ ਵਰਤੀ ਜਾਵੇਗੀ ਤੇ 40 ਫੀਸਦੀ ਬੈਂਕ ਤੇ ਹੋਰ ਖੇਤਰਾਂ ਲਈ ਤੇ ਬਾਕੀ ਵਪਾਰਕ ਕੰਮਾਂ ਲਈ।

ਅਸਲ ਵਿੱਚ ਇਹ 40 ਫੀਸਦੀ ਵੀ ਵਪਾਰਕ ਕੰਮ ਹੀ ਹੈ। ਇਸ ਦੀ ਆਲੋਚਨਾ ਤੇ ਅੰਦੋਲਨਾਂ ਦੇ ਸਿੱਟੇ ਵਜੋਂ ਕਾਂਗਰਸ ਨੇਤਾ 35 ਫੀਸਦੀ ਪੈਦਾਵਾਰੀ ਖੇਤਰ 'ਚ ਲਾਭਕਾਰੀ ਹੋਣ ਦੀ ਗੱਲ ਕਰ ਰਹੇ ਹਨ ਅਤੇ ਮਾਕਪਾ ਨੇ ਹੋਰ ਅੱਗੇ ਕਦਮ ਵਧਾਉਂਦਿਆਂ ਪੱਛਮੀ ਬੰਗਾਲ 'ਚ ਇਸ ਨੂੰ 50 ਫੀਸਦੀ ਕਰਨ ਦੀ ਗੱਲ ਕਰ ਰਹੀ

ਹੈ। ਪਰ ਇਹ ਕੋਈ ਕਿਉਂ ਨਹੀਂ ਦੱਸਦਾ ਕਿ ਇਹ 100 ਫੀਸਦੀ ਕਿਉਂ ਨਹੀਂ ਹੋਣੀ ਚਾਹੀਦੀ। ਵਿਸ਼ੇਸ਼ ਆਰਥਕ ਖੇਤਰ ਕਾਨੂੰਨ 2005 ’ਚ ਅਜੇ ਤੇ ਵੱਖਰੇ ਖੇਤਰਾਂ ਦੇ ਅੱਡ ‘ਪ੍ਰਾਧੀਕਰਣ’ ਦੀ ਵਿਵਸਥਾ ਹੈ। ਇਹਨਾਂ ਖੇਤਰਾਂ ’ਚ ਪੈਦਾ ਹੋਣ ਵਾਲੇ ਝਮੇਲਿਆਂ ਤੇ ਸਿਵਲ ਕੇਸਾਂ ਦੀ ਸੁਣਵਾਈ ਇੱਕ ਨਿਰਧਾਰਤ ਕੋਰਟ ’ਚ ਕੀਤੀ ਜਾਵੇਗੀ। ਦੇਰ-ਸਵੇਰ ਕਿਰਤ ਕਾਨੂੰਨਾਂ ਨੂੰ ਲਾਗੂ ਹੋਣ ਤੋਂ ਰੋਕਣ ਲਈ ਸੰਭਾਵਨਾ ਹੈ ਕਿ ਇਹ ਇੱਕ ਰੂਪ ਬਣੇਗਾ। ਵੱਖ-ਵੱਖ ਡਿਵੈਲਪਰਾਂ ਖਾਸ ਕਰਕੇ ਰਿਲਾਇੰਸ ਨੂੰ ਵਿਸ਼ੇਸ਼ ਆਰਥਕ ਖੇਤਰਾਂ ਦੇ ਵਿਕਾਸ ਹਿੱਤ ਜ਼ਮੀਨ ਦਿੱਤੇ ਜਾਣ ਦੀ ਮਨਜ਼ੂਰੀ ਦੇ ਪ੍ਰਸੰਗ ਵਿੱਚ ਨੈਨੀਤਾਲ ’ਚ ਕਾਂਗਰਸੀ ਮੁੱਖ ਮੰਤਰੀਆਂ ਦਾ ਸੰਮੇਲਨ ਹੋਇਆ ਉੜੀਸਾ ਦੇ ਜਗਤ ਸਿੰਘ ਪੁਰ ਜ਼ਿਲ੍ਹੇ ਵਿੱਚ ਜਿੱਥੇ ਪਹਿਲਾਂ ਤੋਂ ਹੀ ਪਾਸਕੋ ਦੀ ਇੱਕ ਇਸਪਾਤ ਸਨਅਤ ਲਾਉਣ ਦੀ ਯੋਜਨਾ ਹੈ, ਉਸਨੇ ਆਪਣੇ ਲਈ ਇੱਕ ਵਿਸ਼ੇਸ਼ ਆਰਥਕ ਖੇਤਰ ਮਨਜ਼ੂਰ ਕਰਵਾ ਲਿਆ ਹੈ ਤੇ ਇਹਨਾਂ ਖੇਤਰਾਂ ਦੀ ਸਚਾਈ ਉਜਾਗਰ ਕਰ ਦਿੱਤੀ ਹੈ। ਇਸ ਰੂਪ ’ਚ ਉਸ ਨੇ ਆਪਣੀ ਪੁਰੀ ਸਨਅਤੀ ਯੋਜਨਾ ਟੈਕਸ ਮੁਕਤ ਕਰ ਲਿਆ ਹੈ। ਮੁਖ ਮੰਤਰੀਆਂ ਦੇ ਸੰਮੇਲਨਾਂ ’ਚ ਸੋਨੀਆ ਗਾਂਧੀ ਨੇ ਰੋਹਬਦਾਰ ਅੰਦਾਜ਼ ’ਚ ਐਲਾਨ ਕੀਤਾ ਕਿ ਵਿਸ਼ੇਸ਼ ਆਰਥਕ ਖੇਤਰਾਂ ਦੇ ਲਈ ਖੇਤੀ ਯੋਗ ਜ਼ਮੀਨ ਨਹੀਂ ਲਈ ਜਾਣੀ ਚਾਹੀਦੀ ਸਿੱਟੇ ਵਜੋਂ ਵੱਖ ਵੱਖ ਮੰਤਰਾਲਿਆਂ ਨੇ ਜਲਦੀ ਐਲਾਨ ਕਰ ਦਿੱਤੇ ਕਿ ਇਸ ਵਾਸਤੇ ਬੰਜਰ ਜ਼ਮੀਨਾਂ ਹੀ ਲਈਆਂ ਜਾਣੀਆਂ ਚਾਹੀਦੀਆਂ ਹਨ ਜਾਂ ਵੱਧ ਤੋਂ ਵੱਧ ਇਸ ਫਸਲੀ ਜ਼ਮੀਨਾਂ ਵਣਿਜ ਮੰਤਰਾਲੇ ਨੇ ਕਿਹਾ ਕਿ ਖੇਤੀਯੋਗ ਜ਼ਮੀਨ ਤੇ ਕੋਈ ਵਿਸ਼ੇਸ਼ ਆਰਥਕ ਖੇਤਰ ਮਨਜ਼ੂਰੀ ਨਹੀਂ ਕੀਤਾ ਗਿਆ। ਸੱਚ ਤਾਂ ਇਹ ਹੈ ਕਿ ਸਰਕਾਰ ਇਸ ਤਰ੍ਹਾਂ ਨਾਲ ਜ਼ਮੀਨ ਦੇ ਵਰਗੀ ਕਰਨ ਦੇ ਐਲਾਨ ਮਨਮਾਨੇ ਤੇ ਨੁਕਸਦਾਰ ਤਰੀਕੇ ਨਾਲ ਕਰ ਰਹੀ ਹੈ। ਜੇ ਏਨੀ ਮਾਤਰਾ ’ਚ ਬੰਜਰ ਭੂਮੀ ਹੈ ਤਾਂ ਉਹ ਬੇਜ਼ਮੀਨੀਆਂ ਨੂੰ ਕਿਉਂ ਨਹੀਂ ਦੇ ਦਿੱਤੀ ਜਾਂਦੀ? ਸਚਾਈ ਤਾਂ ਇਹ ਹੈ ਕਿ ਅੱਛੀ ਖੇਤੀਯੋਗ ਜ਼ਮੀਨ ਹੀ ਬੇਸ਼ਰਮੀ ਨਾਲ ਖੋਹੀ ਜਾ ਰਹੀ ਹੈ। ਮੁੰਬਈ ਕੋਲ ਰਾਜਗੜ੍ਹ ਜ਼ਿਲ੍ਹੇ ਦੀ ਜ਼ਮੀਨ ਧਾਨ ਪੈਦਾਵਾਰ ਦਾ ਚੰਗਾ ਖੇਤਰ ਹੈ। ਗਾਜੀਆਬਾਦ ਨੇੜੇ ਦਾਦਰੀ, ਪੱਛਮੀ ਬੰਗਾਲ ’ਚ ਸਿੰਗਪੁਰ, ਉੜੀਸਾ ’ਚ ਜਗਤ ਸਿੰਘ ਪੁਰ ਤੇ ਪੰਜਾਬ ’ਚ ਬਰਨਾਲਾ ਤੇ ਹੋਰ ਜ਼ਮੀਨਾਂ ਖੇਤੀ ਲਈ ਚੰਗੀਆਂ ਉਪਜਾਊ ਜ਼ਮੀਨਾਂ ਹਨ। ਸੂਚੀ ਬਹੁਤ ਲੰਬੀ ਹੈ ਤੇ ਕਿਸਾਨ ਵਿਰੋਧ ’ਤੇ ਉੱਤਰੇ ਹੋਏ ਹਨ। ਇਸ ਦੇ ਬਾਵਜੂਦ ਵਪਾਰ ਮਨਿਸਟਰੀ ਨੇ ਇਹ ਐਲਾਨ ਕੀਤਾ ਹੈ ਕ 181 ਵਿਸ਼ੇਸ਼ ਆਰਥਕ ਖੇਤਰਾਂ ਲਈ ਇਕਵਾਇਰ ਕੀਤੀ 25000 ਏਕੜ ਜ਼ਮੀਨ ਖੇਤੀ ਯੋਗ ਜ਼ਮੀਨ ਨਹੀਂ ਹੈ। ਉਹਨਾਂ ਦਾ ਕਹਿਣਾ ਹੈ ਕਿ ਇਸ ਵਿੱਚੋਂ 9800 ਹੈਕਟੇਅਰ ਸਰਕਾਰ ਕੋਲ ਸੀ ਅਤੇ ਬਾਕੀ ਕੰਪਨੀਆਂ ਕੋਲ। ਵਿਸ਼ੇਸ਼ ਆਰਥਕ ਖੇਤਰਾਂ ਦੇ ਸੁਆਲ ’ਤੇ ਇੱਕ ਰੋਚਕ ਬਿਆਨ ਇੱਕ ਕਾਰਪੋਰੇਟ ਘਰਾਣੇ ਦੇ ਨੁਮਾਇੰਦੇ ਨੇ ਦਿੱਤਾ। ਉਹਨਾਂ ਨੇ ਇਸ ਗੱਲ ’ਤੇ ਧਿਆਨ ਕੇਂਦਰਤ ਕੀਤਾ ਕਿ ਇਹਨਾਂ ਖੇਤਰਾਂ ’ਚ ਜੋ ਟੈਕਸਾਂ ਦੀ ਛੋਟ ਦਿੱਤੀ ਜਾ ਰਹੀ ਹੈ। ਉਸ ਦਾ ਸਿੱਟਾ ਹੋਵੇਗਾ ਕਿ ਗੈਰ-ਵਿਸ਼ੇਸ਼ ਆਰਥਕ ਖੇਤਰਾਂ ਵਾਲੇ ਉਦਯੋਗ ਬੰਦ ਹੋ ਕੇ ਇਹਨਾਂ ਖੇਤਰਾਂ ’ਚ ਆ ਜਾਣਗੇ।

ਵਿਸ਼ੇਸ਼ ਆਰਥਕ ਖੇਤਰ ਕਾਨੂੰਨ ’ਚ ਅਜੇਹਾ ਕੁਝ ਨਹੀਂ ਹੈ ਕਿ ਇਹਨਾਂ ਵਿੱਚ ਲੱਗੀਆਂ ਸਨਅਤਾਂ ਦੀਆਂ ਵਸਤਾਂ ਘਰੇਲੂ ਬਜ਼ਾਰ ’ਚ ਨਹੀਂ ਵਿਕ ਸਕਦੀਆਂ। ਇਸ ਲਈ ਇਹਨਾਂ ਖੇਤਰਾਂ ਤੋਂ ਬਾਹਰ ਲੱਗੀਆਂ ਸਨਅਤਾਂ ਨੂੰ ਭਾਰੀ ਨੁਕਸਾਨ ਹੋਵੇਗਾ।

ਖੇਤੀ ਯੋਗ ਜ਼ਮੀਨਾਂ ’ਤੇ ਹੋ ਰਹੇ ਹਮਲੇ ਦਾ ਇੱਕ ਪਹਿਲੂ ਨੂੰ ਘੱਟ ਕਰਕੇ ਦਰਸਾਇਆ ਜਾ ਰਿਹਾ ਹੈ ਅਤੇ ਉਹ ਹੈ ਇਸ ਨਾਲ ਹੋਣ ਵਾਲੇ ਖੇਤੀ ਦੀ ਪੈਦਾਵਾਰ ’ਚ ਨੁਕਸਾਨ ਨੂੰ। ਵੈਸੇ ਵੀ ਆਪਣੀ ਜਨਤਾ ਲਈ ਲੋੜੀਂਦੀ ਖੇਤੀ ਪੈਦਾਵਾਰ ਕਰ ਸਕਣ ’ਚ ਭਾਰਤ ਪਹਿਲਾਂ ਹੀ ਕਾਫ਼ੀ ਪਿੱਛੇ ਹੈ। ਹੁਣ ਅਨਾਜ ਦੀ ਪੈਦਾਵਾਰ ’ਚ ਗਿਰਾਵਟ, ਖਾਦ ਦਰਾਮਦ ’ਚ ਵਾਧੇ, ਸਾਮਰਾਜ ਪੱਖੀ ਨੀਤੀਆਂ ਦੇ ਸਿੱਟੇ ਵਜੋਂ ਖੇਤੀ ਪੈਦਾਵਾਰ ’ਚ ਘਾਟ, ਖੇਤੀ ਦਾ ਸੰਕਟ ਤੇ ਹੁਣ ਜ਼ਮੀਨਾਂ ’ਤੇ ਹੋ ਰਿਹਾ ਇਹ ਹਮਲਾ ਇੱਕ ਗੰਭੀਰ ਸਥਿਤੀ ਦਾ ਸੂਚਕ ਹੈ। ਭੂਮੀ ਦੀ ਭੁੱਖ ਭਾਰਤ ਦੇ ਕਿਸਾਨਾਂ ’ਚ ਵਿਆਪਕ ਹੈ। ਅਜਿਹੀ ਹਾਲਤ ’ਚ ਬੇਜ਼ਮੀਨੀਆਂ ਨੂੰ ਤਾਂ ਬੰਦ ਕੀਤਾ ਹੀ ਜਾ ਰਿਹਾ ਹੈ, ਹੋਰ ਤਬਕੇ ਵੀ ਜਫਰੀ ਜ਼ਮੀਨ ਇਕਵਾਇਰ ਕਰਨ ਦਾ ਸਾਹਮਣਾ ਕਰ ਰਹੇ ਹਨ। ਅਜਿਹੀ ਹਾਲਤ ’ਚ ਅਖੌਤੀ ਖੱਬੇ ਮੋਰਚੇ ਨੇ ਖੇਤੀ ਮਜ਼ਦੂਰਾਂ ਲਈ 5 ਸਾਲਾਂ ਦੀ ਘੱਟੋ ਘੱਟ ਮਜ਼ਦੂਰੀ ਦਾ ਰਾਮਬਾਣ ਛੱਡਿਆ ਹੈ, ਇਸ ਦੇ ਨਾਲ ਇਸ ਗੱਲ ਤੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਵੱਡੇ ਪੈਮਾਨੇ ਤੇ ਕੁਦਰਤੀ ਖਣਿਜ ਸਰੋਤਾਂ ਨੂੰ ਬਰਾਮਦ ਹਿੱਤ ਵਿਦੇਸ਼ੀਆਂ ਕੰਪਨੀਆਂ ਨੂੰ ਸੌਂਪਿਆ ਜਾ ਰਿਹਾ ਹੈ। ਭਾਰਤੀ ਖੇਤੀ ਦਾ ਬਲਾਤਕਾਰ ਜਾਰੀ ਹੈ ਅਤੇ ਇਹ ਕਿਸਾਨਾਂ ਸੰਘਰਸ਼ਾਂ ਦਾ ਕੇਂਦਰੀ ਨੁਕਤਾ ਬਣਦਾ ਜਾ ਰਿਹੈ। ਭਾਰਤੀ ਕਿਸਾਨਾਂ ਵੱਲੋਂ ਕੀਤੇ ਸੰਘਰਸ਼ ਸ਼ਾਇਦ ਹਾਕਮਾਂ ਦੀ ਉਮੀਦ ਤੋਂ ਕਿਤੇ ਵੱਧ ਹਨ। ਹਾਕਮ ਜਮਾਤ ਦੇ ਵੱਖ-ਵੱਖ ਤਬਕੇ ਖੁਦ ਵੀ ਭੂਮੀ ਇਕਵਾਇਰ ਕਾਨੂੰਨ ’ਚ ਸੋਧ ਦੀ ਗੱਲ ਕਰਨ ਲੱਗੇ ਹਨ ਤੇ ਅੰਮ੍ਰਿਤਸਰ ’ਚ ਜ਼ਮੀਨ ਇਕਵਾਇਰ ਕਰਨ ਦੇ ਕਿਸਾਨਾਂ ’ਤੇ ਲਾਠੀ ਚਾਰਜ ਕੀਤਾ। ਮੁੰਬਈ ਕੋਲ ਰਿਲਾਇੰਸ ਵੱਲੋਂ ਬਣਾਏ ਜਾ ਰਹੇ ਵੱਡੇ ਵਿਸ਼ੇਸ਼ ਆਰਥਕ ਖੇਤਰਾਂ ਰਾਇਗੜ੍ਹ ਜ਼ਿਲ੍ਹੇ ਦੇ 45 ਪਿੰਡਾਂ ਦੀ ਧਾਨ ਦੀ ਪੈਦਾਵਾਰ ਦੀ ਭਰਪੂਰ ਜ਼ਮੀਨ ਨਾਲ ਸੰਬੰਧਿਤ ਹੈ। ਇਨ੍ਹਾਂ ’ਚੋਂ ਬਹੁਤੇ ਕਿਸਾਨ ਗਰੀਬ ਤੇ ਦਰਮਿਆਨੇ ਕਿਸਾਨ ਹਨ। ਉਹ ਇਹ ਜ਼ਮੀਨ ਇਕਵਾਇਰ ਦਾ ਵਿਰੋਧ ਕਰਦਿਆਂ ਇਲਾਕੇ ’ਚ ਵਿਸ਼ੇਸ਼ ਖੇਤੀ ਖੇਤਰ ਦੀ ਮੰਗ ਉਠਾ ਰਹੇ ਹਨ। ਝਾਰਖੰਡ ’ਚ ਪੱਛਮੀ ਸਿੰਘ ਭੂਮ ਜ਼ਿਲ੍ਹੇ ਦੇ ਆਦੀਵਾਸੀਆਂ ਨੇ ਇਸਾਰ ਗਰੁੱਪ ਦੇ ਮੈਨੇਜਰ ਨੂੰ ਭਜਾ ਦਿੱਤਾ ਤੇ ਦਲਾਲੀ ਕਰਨ ਬਦਲੇ ਉਸ ਤੋਂ ਪਿੰਡ ਪਿੰਡ ਘੁਮਾ ਕੇ ਮੁਆਫ਼ੀ ਮੰਗਵਾਈ। ਪੰਜਾਹ ’ਚ ਚੱਲ ਰਹੇ ਵੱਖ-ਵੱਖ ਸੰਘਰਸ਼ਾਂ ਦਾ ਹਵਾਲਾ ਆ ਰਿਹਾ ਹੈ। ਜੇ ਇਹ ਸੰਘਰਸ਼ ਹੋਰ ਵਿਕਸਤ ਹੋ ਕੇ ਖਾੜਕੂ ਰੂਪ ਧਾਰਨ ਕਰਦਿਆਂ ਜਾਰੀ ਰਹੇ ਤਾਂ ਸਾਮਰਾਜੀ ਲੁੱਟ ਨੂੰ ਵਧਾਉਣ ਦੇ ਵਿਸ਼ੇਸ਼ ਆਰਥਕ ਖੇਤਰਾਂ ਦੇ ਮਾਰਗ ਨੂੰ ਢਹਿ ਢੇਰੀ ਵੀ ਕਰ ਸਕਦੇ ਹਨ। ਬਸ਼ਰਤੇ ਕਿ ਸੱਚੀ ਕਮਿਊਨਿਸਟ ਇਨਕਲਾਬੀ ਪਾਰਟੀ ਇਹਨਾਂ ਦੀ ਬਾਂਹ ਜ਼ਰੂਰ ਫੜੇ।

# ਕੀ ਪਾਣੀ ਦੇ ਛਿੱਟਿਆਂ ਨਾਲ ਅੱਗ ਬੁਝੇਗੀ?

ਭਾਰਤੀ ਹਾਕਮ ਜਮਾਤ ਸਮੇਂ-ਸਮੇਂ ਕੁਝ ਨਾ ਕੁਝ ਸੁਧਾਰਵਾਦੀ ਕਦਮ ਉਠਾਉਂਦੀ ਰਹਿੰਦੀ ਹੈ। ਇਕ ਅਜਿਹਾ ਹੀ ਸੁਧਾਰਵਾਦੀ ਕਦਮ ਉਠਾਉਣ ਦੀ ਤਿਆਰੀ ਭਾਰਤ ਸਰਕਾਰ ਪਿਛਲੇ ਦਿਨਾਂ ਤੋਂ ਕਰ ਰਹੀ ਹੈ। 15 ਸਤੰਬਰ 2006 ਨੂੰ ਲੋਕ ਸਭਾ ਨੇ 'ਆਦੀਵਾਸੀ ਅਤੇ ਹੋਰ ਵਣ ਖੇਤਰ ਦੇ ਨਿਵਾਸੀ ਬਿੱਲ 2006 ਨੂੰ ਪਾਸ ਕਰ ਦਿੱਤਾ। ਹੁਣ ਇਸ ਬਿਲ ਨੂੰ ਰਾਜ ਸਭਾ ਅਤੇ ਰਾਸ਼ਟਰਪਤੀ ਦੀ ਮਨਜ਼ੂਰੀ ਦੇ ਅਮਲ ਵਿਚ ਦੀ ਲੰਘਣਾ ਹੈ। ਲੋਕ ਸਭਾ ਵੱਲੋਂ ਪਾਸ ਕੀਤੇ ਗਏ ਬਿਲ ਅਨੁਸਾਰ ਵਣ ਖੇਤਰ ਨਿਵਾਸੀਆਂ ਦੇ ਹਰੇਕ ਪਰਿਵਾਰ (ਜਾਂ ਫਿਰਕੇ) ਨੂੰ 4 ਹੈਕਟੇਅਰ (10 ਏਕੜ) ਜ਼ਮੀਨ ਦਿੱਤੀ ਜਾਵੇਗੀ। ਇਸ ਲਈ ਇਸ ਪਰਿਵਾਰ ਨੂੰ ਸਾਬਤ ਕਰਨਾ ਪਵੇਗਾ ਕਿ 15 ਸਤੰਬਰ 2005 ਨੂੰ ਵਣ ਖੇਤਰ ਦੀ ਜ਼ਮੀਨ 'ਤੇ ਵਸੇ ਹੋਇਆਂ ਉਸ ਨੂੰ ਤਿੰਨ ਪੁਸ਼ਤਾਂ (75 ਸਾਲ) ਦਾ ਸਮਾਂ ਹੋ ਗਿਆ ਹੈ। ਇਸ ਜ਼ਮੀਨ ਦੇ ਉਸ ਜਮਾਂਦਰੂ ਅਧਿਕਾਰ ਹੋਣਗੇ ਪਰ ਇਸ ਨੂੰ ਵੇਚਿਆ ਜਾਂ ਤਬਦੀਲ ਨਹੀਂ ਕੀਤਾ ਜਾ ਸਕੇਗਾ।

ਆਦੀਵਾਸੀਆਂ ਅਤੇ ਹੋਰ ਵਣ ਖੇਤਰ ਨਿਵਾਸੀਆਂ ਨੂੰ ਇਸ ਭੂਮੀ ਦੇ ਅਧਿਕਾਰ ਦੇ ਨਾਲ ਵਣ ਸਮੱਗਰੀ (ਲੱਕੜੀ, ਜੜੀ ਬੂਟੀਆਂ ਆਦਿ) ਨੂੰ ਇਕੱਠਾ ਕਰਨ ਅਤੇ ਵੇਚਣ ਦਾ ਅਧਿਕਾਰ ਵੀ ਹੋਵੇਗਾ। ਪਿੰਡ ਸਭਾ ਜਾਂ ਕੋਈ ਹੋਰ ਰਵਾਇਤੀ ਮੰਨੀ-ਪ੍ਰਮੰਨੀ ਸੰਸਥਾ ਵਣ ਖੇਤਰ 'ਚ 75 ਸਾਲ ਜਾਂ ਤਿੰਨ ਪੁਸ਼ਤਾਂ ਦੀ ਰਿਹਾਇਸ਼ ਦੀ ਪੁਸ਼ਟੀ ਕਰੇਗੀ। ਇਸ ਬਿਲ ਦੇ ਪਹਿਲੇ ਖਰੜੇ ਵਿਚ ਸਿਰਫ ਆਦੀਵਾਸੀਆਂ ਨੂੰ ਹੀ ਸ਼ਾਮਲ ਕੀਤਾ ਗਿਆ ਸੀ ਪਰ ਪਿੱਛੋਂ ਇਸ 'ਚ ਆਦੀਵਾਸੀਆਂ ਦੇ ਨਾਲ ਉਨ੍ਹਾਂ ਲੋਕਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਜੋ ਵਣ ਖੇਤਰ 'ਚ ਤਿੰਨ ਪੁਸ਼ਤਾਂ ਭਾਵ 75 ਸਾਲ ਤੋਂ ਉਥੇ ਰਹਿ ਰਹੇ ਹਨ। ਇਹ ਬਿਲ ਜੰਮੂ ਕਸ਼ਮੀਰ ਨੂੰ ਛੱਡ ਕੇ ਸਮੁੱਚੇ ਦੇਸ਼ ਵਿਚ ਲਾਗੂ ਹੋਵੇਗਾ।

ਕੇਂਦਰ ਸਰਕਾਰ ਅਤੇ ਉਸ ਦੇ ਮੰਤਰੀਆਂ ਨੇ ਇਸ ਬਿਲ ਵਿਚ ਮੰਨਿਆ ਕਿ ਆਦੀਵਾਸੀਆਂ ਅਤੇ ਵਣ ਵਾਸੀਆਂ 'ਤੇ ਬ੍ਰਿਟਿਸ਼ ਬਸਤੀਵਾਦੀ ਸਮੇਂ ਤੋਂ ਹੀ ਅਨਿਆਂ ਹੋਇਆ ਹੈ ਅਤੇ ਹੁਣ ਇਤਿਹਾਸਕ ਅਨਿਆਂ ਨੂੰ ਨਿਆਂ 'ਚ ਬਦਲ ਦਿੱਤਾ ਗਿਆ ਅਤੇ ਵਣ ਖੇਤਰ 'ਚ ਉਨ੍ਹਾਂ ਦੇ ਨਿਆਸ਼ੀਲ ਅਧਿਕਾਰੀਆਂ ਨੂੰ ਮਾਨਤਾ ਦਿੱਤੀ ਜਾ ਰਹੀ ਹੈ। ਬਿਲ ਦੇ ਪ੍ਰਾਰੂਪ ਸੰਸਦ ਤੇ ਮੰਤਰੀਆਂ ਵੱਲੋਂ ਅਨਿਆਂ ਨੂੰ ਮੰਨਣ ਤੋਂ ਵੱਧ ਆਤਮ ਪ੍ਰਸੰਸਾ ਹੈ। ਯੂ. ਪੀ. ਏ. ਸਰਕਾਰ ਤੇ ਖੱਬੇ ਆਪਣੀ ਪਿੱਠ ਠੋਕ ਰਹੇ ਹਨ। ਭਾਰਤ 'ਚ ਆਦੀਵਾਸੀਆਂ ਦੀ ਗਿਣਤੀ ਲਗਪਗ 8 ਕਰੋੜ ਹੈ। ਹੋਰ ਵਣਵਾਸੀਆਂ ਨੂੰ ਮਿਲਾ ਕੇ ਇਹ ਹੋਰ ਕਈ ਕਰੋੜ ਹੋ ਜਾਵੇਗੀ। ਆਦੀਵਾਸੀਆਂ ਦੀ ਇਕ ਵਿਸ਼ਾਲ ਗਿਣਤੀ ਅੱਜ ਅਜਿਹੀ ਹੈ ਜੋ ਕਿ ਵਣ ਖੇਤਰ 'ਚ ਨਹੀਂ ਰਹਿੰਦੀ ਅਤੇ ਪਹਿਲਾਂ ਜਿਸ ਨੂੰ ਬ੍ਰਿਟਿਸ਼ ਸਾਮਰਾਜੀਆਂ ਅਤੇ ਫਿਰ ਭਾਰਤ ਦੀ ਦਲਾਲ ਸਰਮਾਏਦਾਰੀ ਨੇ ਉਜੜਿਆ ਹੈ ਅਤੇ ਇਹ ਅਮਲ ਅੱਜ ਵੀ ਜਾਰੀ ਹੈ। ਝਾਰਖੰਡ ਬਿਹਾਰ, ਛੱਤੀਸਗੜ੍ਹ ਇਲਾਕੇ ਤੋਂ ਆਦੀਵਾਸੀਆਂ ਨੂੰ ਬ੍ਰਿਟਿਸ਼ ਸਾਮਰਾਜੀਆਂ ਨੇ ਜ਼ਬਰਦਸਤੀ ਆਸਾਮ ਦੇ ਚਾਹ ਬਾਗਾਂ ਜਾਂ ਹੋਰ ਥਾਵਾਂ 'ਤੇ ਕੰਮ ਕਰਨ ਲਈ ਮਜ਼ਬੂਰ ਕੀਤਾ ਸੀ। ਇਸ ਤਰ੍ਹਾਂ ਬੰਨ੍ਹਾਂ ਖਾਨਾ,

ਸੜਕਾਂ, ਰੇਲਾਂ ਆਦਿ ਦੀ ਉਸਾਰੀ ਲਈ ਕੋਈ ਬਦਲਵਾਂ ਪ੍ਰਬੰਧ ਕੀਤੇ ਬਗ਼ੈਰ ਆਦੀਵਾਸੀਆਂ ਨੂੰ ਬੇਰਹਿਮੀ ਨਾਲ ਉਜਾੜ ਦਿੱਤਾ।

ਆਦੀਵਾਸੀਆਂ ਵੱਲੋਂ ਵਿਰੋਧ ਹੋਣ 'ਤੇ ਉਨ੍ਹਾਂ ਨੂੰ ਬੇਰਹਿਮੀ ਨਾਲ ਕੁਚਲ ਦਿੱਤਾ ਗਿਆ। ਬਿਰਸਾ ਮੁੰਡਾ ਦੀ 19ਵੀਂ ਸਦੀ ਦੀ ਬਗਾਵਤ ਤੋਂ 21ਵੀਂ ਸਦੀ 'ਚ ਉੜੀਸਾ ਦੇ ਕਲਿੰਗਨਗਰ 'ਚ ਆਦੀਵਾਸੀਆਂ ਨੂੰ ਜ਼ਮੀਨ ਤੋਂ ਬੇਦਖਲ ਕਰਨ ਲਈ ਕੀਤੀ ਗਈ ਗੋਲਾਬਾਰੀ ਦੀਆਂ ਘਟਨਾਵਾਂ ਦਾ ਇਕ ਅਟੁੱਟ ਸਿਲਸਿਲਾ ਹੈ। ਭਾਰਤ ਦੇ ਆਸਾਮ, ਮਣੀਪੁਰ, ਮੇਘਾਲਿਆ, ਤ੍ਰਿਪੁਰਾ, ਅਰੁਣਾਚਲ, ਮਿਜ਼ੋਰਮ, ਝਾਰਖੰਡ, ਉੜੀਸਾ, ਪੱਛਮੀ ਬੰਗਾਲ, ਕਰਨਾਟਕ, ਮਹਾਂਰਾਸ਼ਟਰ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਆਦਿ ਰਾਜਾਂ 'ਚ ਆਦੀ ਵਾਸੀਆਂ ਦੀ ਇਕ ਵਿਸ਼ਾਲ ਗਿਣਤੀ ਹੈ। ਜੋ ਆਦੀਵਾਸੀਆਂ ਅਤੇ ਜੰਗਲਾਂ 'ਚ ਰਹਿ ਰਹੇ ਹਨ, ਜੇ ਇਹ ਬਿਲ ਪੂਰੀ ਇਮਾਨਦਾਰੀ ਨਾਲ ਲਾਗੂ ਕੀਤਾ ਗਿਆ ਤਾਂ ਸ਼ਾਇਦ ਉਨ੍ਹਾਂ ਨੂੰ ਕੁਝ ਰਾਹਤ ਮਿਲ ਸਕੇ। ਭਾਵੇਂ ਕਿ ਕਈ ਗੁੰਝਲਾਂ ਅਜੇ ਵੀ ਸਾਹਮਣੇ ਹਨ, ਜਿਸ ਵਿਚ ਇਸ ਵਣ ਭੂਮੀ ਦੇ ਬੰਜਰ ਹੋਣ ਤੋਂ ਲੈ ਕੇ ਖੇਤੀ ਲਈ ਬੁਨਿਆਦੀ ਸਹੂਲਤਾਂ (ਪਾਣੀ, ਖਾਦ, ਬਿਜਲੀ) ਦੀ ਘਾਟ ਸਾਹਮਣੇ ਹੈ। ਪਰ ਜੇ ਆਦੀਵਾਸੀ ਵਣ ਖੇਤਰਾਂ 'ਚ ਨਹੀਂ ਰਹਿ ਰਹੇ ਜਾਂ ਜਿਨ੍ਹਾਂ ਨੂੰ ਪਹਿਲਾਂ ਅੰਗਰੇਜ਼ਾਂ ਤੇ ਫਿਰ ਹਾਕਮਾਂ ਨੇ ਉਜਾੜ ਦਿੱਤਾ ਹੈ ਉਨ੍ਹਾਂ ਬਾਰੇ ਇਹ ਬਿੱਲ ਪੂਰੀ ਤਰ੍ਹਾਂ ਖਾਮੋਸ਼ ਹੈ।

ਸਾਂਹਸੀ ਜਨਜਾਤੀ ਪੁਲਿਸ ਦੇ ਜਬਰ ਤੋਂ ਪੀੜਤ ਹੈ। ਭਿਆਨਕ ਗਰੀਬੀ 'ਚ ਜਿਉਣ ਵਾਲੇ ਇਸ ਜਨਜਾਤੀ ਦੇ ਕਈ ਲੋਕਾਂ ਨੂੰ ਰੇਲਵੇ ਪੁਲਾਂ ਦੇ ਆਸਪਾਸ ਜਾਂ ਸ਼ਹਿਰ ਦੇ ਗੰਦੇ ਇਲਾਕਿਆਂ 'ਚ ਵੇਖਿਆ ਜਾ ਸਕਦਾ ਹੈ। ਮੌਜੂਦਾ ਬਿਲ ਆਦੀਵਾਸੀਆਂ ਦੇ ਇਕ ਵੱਡੇ ਹਿੱਸੇ ਨੂੰ ਆਪਣੇ ਘੇਰੇ 'ਚ ਕਿਉਂ ਨਹੀਂ ਲੈਂਦਾ, ਇਸ ਲਈ ਆਦੀਵਾਸੀਆਂ ਜਨਜਾਤੀਆਂ ਦੀਆਂ ਸਮੱਸਿਆਵਾਂ ਜਿਉਂ ਦੀ ਤਿਉਂ ਹੀ ਰਹਿਣ ਵਾਲੀਆਂ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਜੇ ਭੂਮੀ ਦੀ ਵੰਡ ਹੋ ਗਈ ਤਾਂ ਇਸ ਨਾਲ ਆਦੀਵਾਸੀਆਂ ਜਾਂ ਵਣ ਖੇਤਰ ਨਿਵਾਸੀਆਂ ਦੇ ਜਨ ਜੀਵਨ 'ਤੇ ਕੀ ਅਸਰ ਪਵੇਗਾ? ਭਾਰਤ ਦੇ ਸਾਰੇ ਮਿਹਨਤਕਸ਼ ਵਾਂਗੂੰ ਹੀ ਆਦੀਵਾਸੀ ਅਤੇ ਵਣ ਖੇਤਰ ਨਿਵਾਸੀ ਇਕ ਪੂੰਜੀਵਾਦੀ ਪ੍ਰਬੰਧ ਦੇ ਕਾਨੂੰਨਾਂ ਨੂੰ ਬਣਨ ਤੋਂ ਪਹਿਲਾਂ ਹੀ ਭ੍ਰਿਸ਼ਟ ਕਰ ਦਿੰਦੇ ਹਨ। ਕਾਗਜ਼ੀ ਰੂਪ ਬਣੇ ਰਹਿਣ ਦੇ ਬਾਵਜੂਦ ਅਸਲੀ ਜੀਵਨ 'ਚ ਇਸ ਅਧਿਕਾਰ ਦਾ ਹਸ਼ਰ ਜਾਂ ਰਣਨੀਤੀ 'ਚ ਹੋਣਾ ਇਹੀ ਹੈ ਕਿ ਸਮਾਜ 'ਚ ਸਥਾਪਤ ਪੂੰਜੀਵਾਦ ਅਤੇ ਮਜ਼ਦੂਰਾਂ ਦੀ ਵੰਡ ਆਦੀਵਾਸੀਆਂ ਜਾਂ ਵਣ ਖੇਤਰ ਵਾਸੀਆਂ ਦੀ ਭੂਮੀ ਅਧਿਕਾਰ ਨੂੰ ਆਪਣੇ ਹੀ ਢੰਗ ਨਾਲ ਢਾਲ ਦੇਵੇਗਾ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਖਸਰਾ-ਖਤੌਨੀ 'ਚ ਕਿਸ ਦੇ ਨਾਂ ਤੇ ਜ਼ਮੀਨ ਹੈ। ਜ਼ਮੀਨ 'ਤੇ ਤਾਂ ਧਨੀ ਕਿਸਾਨ ਦਾ ਕਬਜ਼ਾ ਹੈ।

ਭਾਰਤ ਦੀ ਹਾਕਮ ਜਮਾਤ ਉੱਤਰ ਪੂਰਬ ਤੋਂ ਲੈ ਕੇ ਉੜੀਸਾ, ਝਾਰਖੰਡ, ਆਂਧਰਾ, ਅਸੰਤੋਸ਼ ਬਗ਼ਾਵਤ ਦਾ ਸਾਹਮਣਾ ਕਰ ਰਹੀ ਹੈ। ਇਨ੍ਹਾਂ ਹਾਲਾਤਾਂ 'ਚ ਉਸ ਦੇ ਲਈ ਸਮੇਂ ਸਮੇਂ 'ਤੇ ਕੁਝ ਸੁਧਾਰਵਾਦੀ ਕਦਮ ਉਠਾਉਣੇ ਸਰਕਾਰਾਂ ਦੀ ਮਜਬੂਰੀ ਬਣ ਜਾਂਦੀ ਹੈ। ਦੋ ਕਾਰਨਾਂ ਕਰਕੇ ਅਜਿਹਾ ਜ਼ਰੂਰੀ ਹੁੰਦਾ ਹੈ। ਪਹਿਲਾ ਕਾਰਨ ਹਾਕਮ

ਜਮਾਤ ਆਪਣੇ ਆਧਾਰ 'ਤੇ ਪ੍ਰਭਾਵ ਨੂੰ ਵਿਸ਼ਾਲ ਕਰਨਾ ਚਾਹੁੰਦੀ ਹੈ। ਪੂੰਜੀਪਤੀ ਜਮਾਤ ਤੋਂ ਲੈ ਕੇ ਮੱਧ ਵਰਗ ਦੇ ਆਧਾਰ 'ਤੇ ਆਕਾਰ ਨੂੰ ਵਧਾਉਣ ਨਾਲ ਵੱਖ-ਵੱਖ ਕੰਮਾਂ ਤਬਕਿਆਂ ਨੂੰ ਆਪਣੇ ਅੰਦਰ ਸ਼ਾਮਲ ਕਰਨ ਨਾਲ ਉਹ ਆਪਣੇ ਪ੍ਰਬੰਧ ਦੀ ਉਮਰ ਵਧਾਉਣ ਦਾ ਯਤਨ ਕਰਦਾ ਹੈ। ਆਦੀਵਾਸੀਆਂ 'ਚ ਇਹ ਬਿਲ ਇਹੀ ਕੰਮ ਕਰੇਗਾ। ਦੂਜਾ ਕਾਰਨ ਉਹ ਹੀ ਜਿਸ ਦੀ ਪਹਿਲਾਂ ਚਰਚਾ ਹੋ ਚੁੱਕੀ ਹੈ। ਗੁੱਸਾ, ਰੋਹ, ਬੈਚੇਨੀ, ਵਿਦਰੋਹ ਦੀ ਅੱਗ 'ਤੇ ਸੁਧਾਰਾਂ ਦੇ ਠੰਢੇ ਪਾਣੀ ਦੇ ਛਿੱਟੇ ਮਾਰਨਾ ਪਾਰਲੀਮਾਨੀ-ਪੂੰਜੀਵਾਦੀ ਪਾਰਟੀਆਂ ਆਪਣੇ ਖੁਰਦੇ ਜਨਤਕ ਆਧਾਰ ਨੂੰ ਇਸ ਤਰ੍ਹਾਂ ਦੇ ਸੁਧਾਰਵਾਦੀ ਕਦਮਾਂ ਨਾਲ ਬਚਾ ਕੇ ਰੱਖਣਾ ਲੋਚਦੀਆਂ ਹਨ। ਪਰ ਸੁਧਾਰ ਤਾਂ ਸੁਧਾਰ ਹੀ ਹੁੰਦੇ ਹਨ। ਸੁਧਾਰਾਂ ਨਾਲ ਆਮ ਮਿਹਨਤਕਸ਼ਾਂ ਦੀ ਜ਼ਿੰਦਗੀ 'ਚ ਅਸਲੀ ਤਬਦੀਲੀ ਨਹੀਂ ਆਉਂਦੀ।

# ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ

ਪੰਜਾਬ ਅਸੈਂਬਲੀ ਵੱਲੋਂ ਪਿਛਲੇ ਸਾਲ, ਵਾਟਰ ਐਗਰੀਮੈਂਟ ਐਕਟ 2004 ਨੂੰ ਖਤਮ ਕਰਨ ਦਾ ਮਤਾ ਸਰਬਸੰਮਤੀ ਨਾਲ ਪੇਸ਼ ਕੀਤੇ ਜਾਣ ਕਰਕੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਰੇੜਕਾ ਇੱਕ ਵਾਰ ਫਿਰ ਭਾਰਤ ਦੇ ਸਿਆਸੀ ਮੰਚ ਤੇ ਉਭਰ ਆਇਆ ਹੈ। ਇਸ ਐਕਟ ਨੇ 12 ਜੁਲਾਈ 2004 ਨੂੰ ਸੰਵਿਧਾਨਕ ਪ੍ਰਵਾਨਗੀ ਲੈ ਲਈ ਹੈ। ਇਹ ਇੱਕੋ ਦਿਨ ਵਿੱਚ ਗਵਰਨਰ ਕੋਲੋਂ ਪਾਸ ਕਰਵਾ ਲਿਆ ਗਿਆ। ਕੈਪਟਨ ਸਰਕਾਰ ਨੇ ਇਸ ਨੂੰ ਅਚਾਨਕ ਹੀ ਲਿਆਂਦਾ ਸੀ ਤੇ ਪੰਜਾਬ ਦੇ ਅਸੈਂਬਲੀ ਵਿੱਚ ਹਾਜਰ ਅਕਾਲੀਆਂ ਤੇ ਭਾਰਤੀ ਜਨਤਾ ਪਾਰਟੀ ਨੇ ਇਸ ਦੀ ਹਮਾਇਤ ਵੀ ਕੀਤੀ ਸੀ। 4 ਜੂਨ 2004 ਨੂੰ ਸੁਪਰੀਮ ਕੋਰਟ ਦੇ ਇੱਕ ਦੋਂ ਮੈਂਬਰੀ ਬੈਂਚ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਸਤਲੁਜ-ਜਮਨਾ ਲਿੰਕ ਨਹਿਰ ਦਾ ਬਾਕੀ ਬਚਦਾ ਕੰਮ ਕਿਸੇ ਕੇਂਦਰੀ ਏਜੰਸੀ ਨੂੰ ਸੌਂਪ ਕੇ 15 ਜੁਲਾਈ ਤੱਕ ਪੂਰਾ ਕਰਵਾਇਆ ਜਾਵੇ ਤੇ ਪੰਜਾਬ ਸਰਕਾਰ ਜ਼ਮੀਨ ਦੇ ਸਾਰੇ ਕਾਗਜ਼ ਕੇਂਦਰ ਨੂੰ ਦੇਵੇ। ਇਹ ਕੰਮ ਕਰਨ ਵਾਲੀ ਏਜੰਸੀ ਦੇ ਮੁਲਾਜ਼ਮਾਂ ਤੇ ਮਜ਼ਦੂਰਾਂ ਨੂੰ ਸੁਰੱਖਿਆ ਵੀ ਮੁਹੱਈਆ ਕਰਵਾਈ ਜਾਵੇ। ਇਸ ਲਈ ਮੌਜੂਦਾ ਬਿੱਲ ਅਸੈਂਬਲੀ 'ਚ ਪਾਸ ਕਰਵਾਉਣ ਤੋਂ ਸਿਵਾਏ ਕੈਪਟਨ ਸਰਕਾਰ ਕੋਲ ਕੋਈ ਹੋਰ ਰਾਹ ਹੀ ਨਹੀਂ ਸੀ ਬਚਿਆ। ਜੇ ਸੁਪਰੀਮ ਕੋਰਟ ਦਾ ਫੈਸਲਾ ਕੈਪਟਨ ਸਰਕਾਰ ਲਾਗੂ ਕਰਦੀ ਸੀ ਤਾਂ ਸੰਕਟ ਗ੍ਰਸਟ ਕਿਸਾਨੀ ਨੇ ਇਸ ਦਾ ਵਿਰੋਧ ਕਰਨਾ ਸੀ ਤੇ ਇਸ ਮਾਮਲੇ ਨੇ ਸਰਕਾਰ ਦੇ ਗਲ ਦੀ ਹੱਡੀ ਬਣ ਜਾਣਾ ਸੀ। ਫਿਰ ਇਸ ਦਾ ਫਾਇਦਾ ਅਕਾਲੀਆਂ ਨੇ ਵੋਟ ਰਾਹੀਂ ਲੈਣਾ ਸੀ। ਇਸ ਤੋਂ ਇਲਾਵਾ ਕਾਂਗਰਸ ਦੀ ਅੰਦਰੂਨੀ ਲੜਾਈ ਹੋਰ ਵੀ ਤਿੱਖੀ ਹੋ ਜਾਣੀ ਸੀ। ਸਿੱਖ ਪ੍ਰਧਾਨ ਮੰਤਰੀ ਹੋਣ ਦਾ ਲਾਹਾ ਵੀ ਨਹੀਂ ਲਿਆ ਜਾ ਸਕਦਾ ਸੀ। ਇਸ ਐਕਟ ਦੇ ਲਾਗੂ ਹੋਣ ਨਾਲ ਸਤਲੁਜ-ਯਮਨਾ ਲਿੰਕ ਨਹਿਰ ਦਾ ਮੁੱਦਾ ਇੱਕ ਵਾਰ ਫਿਰ ਘੁੰਮਣ ਘੇਰੀ ਵਿੱਚ ਪੈ ਗਿਆ। ਇਸ ਐਕਟ ਨੂੰ ਲਿਆਣ ਵਿੱਚ ਕੈਪਟਨ ਸਰਕਾਰ ਦੀ ਪਹਿਲ ਕਦਮੀ ਜਦ ਸਭ ਧਿਰਾਂ ਨੇ ਹਮਾਇਤ ਕਰਦਿਆਂ ਇਸ ਨੂੰ ਸਹੀ ਦੱਸਿਆ ਹੈ। ਇਸ ਫੈਸਲੇ ਨੇ ਹਰਿਆਣਾ ਤੇ ਰਾਜਸਥਾਨ ਦੀਆਂ ਸਰਕਾਰਾਂ ਲਈ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਸੰਨ 2004 ਵਿੱਚ ਇਸ ਮੁੱਦੇ ਤੇ ਪਾਰਲੀਮੈਂਟ ਬਜਟ ਸੈਸ਼ਨ ਦੌਰਾਨ ਕਾਫ਼ੀ ਰੌਲਾ ਪਿਆ। ਬੀ. ਜੇ. ਪੀ. ਨੇ ਦੋਸ਼ ਲਾਇਆ ਕਿ ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਹਨ੍ਹੇਰੇ ਵਿੱਚ ਰੱਖਿਆ ਗਿਆ ਜਦ ਕਿ ਸੋਨੀਆ ਗਾਂਧੀ ਨੂੰ ਇਸ ਬਿੱਲ ਬਾਰੇ ਪਤਾ ਵੀ ਨਹੀਂ ਸੀ। ਫਿਰ ਕੇਂਦਰ ਸਰਕਾਰ ਫਿਰ ਸੁਪਰੀਮ ਕੋਰਟ ਕੋਲ ਇਹ ਅਪੀਲ ਲੈ ਕੇ ਗਈ ਕਿ ਉਨ੍ਹਾਂ ਨੂੰ ਨਵੀਂ ਸਥਿਤੀ ਨਾਲ ਨਿਬੜਨ ਲਈ ਨਵੇਂ ਨਿਰਦੇਸ਼ ਜਾਰੀ ਕੀਤੇ ਜਾਣ। ਮਨਮੋਹਨ ਸਿੰਘ ਨੇ ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਨੂੰ ਯਕੀਨ ਦਵਾਇਆ ਕਿ ਸਾਰੀਆਂ ਧਿਰਾਂ ਨੂੰ ਮਨਜ਼ੂਰ ਕੋਈ ਸਾਂਝਾ ਹੱਲ ਕੱਢ ਲਿਆ ਜਾਵੇਗਾ ਜੇ ਹਾਲਾਤ ਠੰਡੇ ਨਾ ਹੁੰਦੇ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਕੁਰਸੀ ਵੀ ਦਾਅ ਤੇ ਲੱਗ ਜਾਣੀ ਸੀ। ਪਾਣੀਆਂ ਦਾ ਮੁੱਦਾ ਇੱਕ ਅਜਿਹਾ ਹੈ ਜਿਸ ਨੂੰ ਹਾਕਮ ਜਮਾਤਾਂ ਆਪਣੀ ਮਰਜ਼ੀ ਅਨੁਸਾਰ ਗਰਮਾ ਲੈਂਦੀਆਂ ਹਨ ਤੇ ਫਿਰ ਠੰਡੇ ਬਸਤੇ ਵਿੱਚ ਰੱਖ

ਲੈਂਦੀਆਂ ਹਨ ਇਸ ਤਰ੍ਹਾਂ ਉਹ ਮਰ ਚਿੜੀਏ ਜਿਉਂ ਚਿੜੀਏ ਦੀ ਖੇਡ ਜਾਰੀ ਰੱਖਦੀਆਂ ਹਨ। ਸੰਕਟ ਗਰਸਤ ਪੰਜਾਬ ਤੇ ਹਰਿਆਣਾ ਰਾਜਾਂ ਲਈ ਇਹ ਦਾਅ-ਪੇਚ ਵਧੀਆ ਕੰਮ ਆਉਂਦਾ ਹੈ। ਹਾਕਮ ਜਮਾਤ ਸੁਪਰੀਮ ਕੋਰਟ ਨੂੰ ਇੱਕ ਅਜ਼ਾਦ ਤੇ ਨਿਰਪੱਖ ਸੰਸਥਾ ਦਾ ਦਰਜਾ ਦੇਣ ਦਾ ਦਾਵਾ ਪੇਸ਼ ਕਰਦੀ ਹੈ ਪਰ ਅਸਲ ਵਿੱਚ ਸੁਪਰੀਮ ਕੋਰਟ ਹਾਕਮ ਜਮਾਤ ਅਧੀਨ ਉਨ੍ਹਾਂ ਦੇ ਸੱਤਾ ਵਿੱਚ ਰਹਿ ਕੇ ਲਏ ਗਏ ਸਿਆਸੀ ਫੈਸਲਿਆਂ ਨੂੰ ਜੁਡੀਸ਼ੀਅਲੀ ਵਾਜਵਤਾ ਪ੍ਰਧਾਨ ਕਰਦੀ ਰਹਿੰਦੀ ਹੈ।

ਕੀ ਪੰਜਾਬ ਅਸੈਂਬਲੀ ਵੱਲੋਂ ਪਾਸ ਕੀਤਾ ਮੌਜੂਦਾ ਬਿੱਲ ਪੰਜਾਬ ਦੇ ਪਾਣੀਆਂ ਦੇ ਮਾਮਲੇ ਦਾ ਪੱਕਾ ਹੱਲ ਹੈ? ਇਹ ਸੁਆਲ ਬਹਿਸ ਅਧੀਨ ਆਉਣਾ ਚਾਹੀਦਾ ਹੈ ਨਹੀਂ ਤਾਂ ਇਹ ਬਿੱਲ ਪੰਜਾਬ ਦੇ ਦਰਿਆਈ ਪਾਣੀਆਂ ਦਾ ਕੋਈ ਪੱਕਾ ਹੱਲ ਨਹੀਂ। ਕਿਉਂਕਿ ਇਹ ਸਤਲੁਜ-ਯਮਨਾ ਲਿੰਕ ਨਹਿਰ ਦੇ ਬਣਨ ਜਾਂ ਨਾ ਬਣਨ ਨਾਲ ਨਹੀਂ ਨਿਕਲਣਾ। ਇਸ ਮਸਲੇ ਦੇ ਹੱਲ ਲਈ ਇੱਕ ਪਾਸੇ ਰੀਪੇਰੀਅਨ ਕਨੂੰਨ ਮੁਤਾਬਕ ਪਾਣੀਆਂ ਦੀ ਵੰਡ ਦੂਜੇ ਪਾਸੇ ਜਮਾਤੀ ਅਧਾਰ ਤੇ ਪਾਣੀਆਂ ਦੀ ਵੰਡ ਨਾਲ ਜੁੜਿਆ ਹੋਇਆ ਹੈ। ਪਿਛਲੇ 57 ਸਾਲਾਂ ਵਿੱਚ ਕਾਂਗਰਸ ਤੇ ਅਕਾਲੀ ਕੇਂਦਰ ਤੇ ਸੂਬੇ, ਪਾਣੀਆਂ ਦੀ ਵੰਡ ਨਹੀਂ ਕਰ ਸਕੇ ਕਿਉਂਕਿ ਉਨ੍ਹਾਂ ਦੇ ਜਮਾਤੀ ਹਿੱਤ ਅਤੇ ਸਿਆਸੀ ਹਿੱਤ ਵੰਡ ਕਰਨੀ ਤਾਂ ਇੱਕ ਪਾਸੇ ਰਹੀ ਕੌਮੀਅਤ ਨਜ਼ਰੀਏ ਤੋਂ ਪਾਣੀਆਂ ਦੇ ਮਸਲੇ ਦਾ ਹੱਲ ਉਨ੍ਹਾਂ ਦੀ ਲੋੜ ਵੀ ਨਹੀਂ ਬਣਦਾ। ਜਮਾਤੀ ਆਧਾਰ ਤੇ ਨਹਿਰੀ ਪਾਣੀਆਂ ਦੀ ਸਹੀ ਵੰਡ ਤਦ ਤੱਕ ਸੰਭਵ ਨਹੀਂ ਜਦ ਤੱਕ ਸਰਮਾਏਦਾਰੀ ਕਿਸਮ ਦੇ ਵੱਡੇ ਜ਼ਿੰਮੀਦਾਰਾਂ ਤੇ ਆੜ੍ਹਤੀਆਂ ਦੀ ਜ਼ਮੀਨ ਦੀ ਮਾਲਕੀ ਤੋੜ ਕੇ ਛੋਟੇ ਪੇਂਡੂ ਕਿਸਾਨਾਂ, ਗਰੀਬਾਂ ਤੇ ਮਜ਼ਦੂਰਾਂ ਦੇ ਹੱਥ ਨਹੀਂ ਆਉਂਦੀ। ਲੋੜ ਹੈ ਕਿ ਪੰਜਾਬੀਆਂ ਤੇ ਹਰਿਆਣਵੀਆਂ ਦੀਆਂ ਭਾਵਨਾਵਾਂ ਦੇ ਹਿੱਤ ਨੂੰ ਬਲੈਕਮੇਲ ਹੋਣ ਤੋਂ ਰੋਕਣ ਦੀ। ਜਦੋਂ ਅਸੀਂ ਗੱਲ ਕਰਦੇ ਹਾਂ ਪੰਜਾਬ ਦਾ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦਾ ਪੂਰਾ ਹੱਕ ਹੈ। ਗੈਰ ਪੰਜਾਬੀ ਸੂਬੇ ਪੰਜਾਬ ਦਾ ਪਾਣੀ ਵਰਤਣਾ ਚਾਹੁਣ ਤਾਂ ਪੰਜਾਬੀਆਂ ਦੀ ਰਜਾਮੰਦੀ ਨਾਲ ਵਰਤ ਸਕਦੇ ਹਨ। ਨਾ ਕਿ ਉਹ ਆਪਣਾ ਹੱਕ ਸਮਝ ਕੇ ਪੰਜਾਬ ਦਾ ਪਾਣੀ ਵਰਤਣ। ਇਹ ਸਾਫ ਹੈ ਕਿ ਪਾਣੀਆਂ ਦਾ ਮਾਮਲਾ ਸੁਬਾਈ ਮਾਮਲਾ ਹੈ ਇਸ ਬਾਰੇ ਸੂਬੇ ਹੀ ਕਾਨੂੰਨ ਬਣਾ ਸਕਦੇ ਹਨ। ਪੰਜਾਬ ਅਸੈਂਬਲੀ ਵੱਲੋਂ ਪਾਸ ਕੀਤਾ ਗਿਆ 2004 ਦਾ ਐਕਟ ਇਸ ਕਰਕੇ ਗੈਰ ਸਵਿਧਾਨਕ ਨਹੀਂ ਹੈ। ਪਿਛਲੇ ਸਮੇਂ ਵਿੱਚ ਪਾਣੀਆਂ ਦੀ ਵੰਡ ਸਬੰਧੀ ਕਾਂਗਰਸ ਤੇ ਅਕਾਲੀਆਂ ਦੀਆਂ ਸਰਕਾਰਾਂ (ਕੈਰੋਂ, ਗਿਆਨੀ ਜੈਲ ਸਿੰਘ, ਦਰਬਾਰਾ ਸਿੰਘ, ਬਾਦਲ, ਬਰਨਾਲਾ ਤੇ ਰਾਜੀਵ ਲੋਂਗੋਵਾਲ ਸਮਝੌਤਿਆਂ ਅਧੀਨ) ਨੇ ਇਨ੍ਹਾਂ ਸਮਝੌਤਿਆਂ ਅਤੇ ਕੇਂਦਰ ਸਰਕਾਰਾਂ ਦੀ ਮੌਕੇ ਸਿਰ ਲੱਗੀ ਮੋਹਰ ਮੁਤਾਬਕ ਇਨ੍ਹਾਂ ਸਰਕਾਰਾਂ ਨੇ ਰੀਪੇਅਰੀਅਨ ਕਨੂੰਨ ਅਨੁਸਾਰ ਪਾਣੀਆਂ ਤੇ ਪੰਜਾਬ ਦਾ ਹੱਕ ਨਹੀਂ ਜਿਤਾਇਆ ਬਲਕਿ ਹਰਿਆਣਾ ਤੇ ਰਾਜਸਥਾਨ ਨੂੰ ਰੁਪੇਰੀਅਨ ਸੂਬੇ ਮੰਨ ਕੇ ਪੰਜਾਬੀਆਂ ਦੇ ਕੌਮੀ ਹਿੱਤਾਂ ਨਾਲ ਗਦਾਰੀ ਕੀਤੀ ਹੈ।

### ਪੰਜਾਬ ਪਾਣੀ ਦੇ ਸੰਕਟ ਦੀ ਜਕੜ ਵਿੱਚ ਹੈ

ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਦੀ ਕੁੱਲ ਖੇਤੀ ਯੋਗ 105-106 ਲੱਖ ਏਕੜ ਜ਼ਮੀਨ ਹੈ। ਜਿਸ ਵਿੱਚੋਂ 35 ਲੱਖ ਏਕੜ ਜ਼ਮੀਨ ਦੀ ਸਿੰਜਾਈ ਨਹਿਰੀ ਪਾਣੀ ਨਾਲ ਹੁੰਦੀ ਹੈ। ਜਿਸ ਨਾਲ 13 ਲੱਖ ਤੋਂ ਵੱਧ ਟਿਊਬਵੈਲਾਂ ਰਾਹੀਂ ਹੁੰਦੀ ਹੈ

ਜਿਸ ਵਿੱਚ 13 ਲੱਖ ਤੋਂ ਵੱਧ ਟਿਊਬਵੈਲ ਹਨ ਜਿਹੜੇ ਜ਼ਿਆਦਾਤਰ ਬਿਜਲੀ ਨਾਲ ਤੇ ਬਾਕੀ ਦੇ ਡੀਜ਼ਲ ਨਾਲ ਚੱਲਦੇ ਹਨ। 20 ਲੱਖ ਏਕੜ ਜ਼ਮੀਨ ਨੂੰ ਅਜੇ ਤੱਕ ਪਾਣੀ ਦੀ ਕੋਈ ਸਹੂਲਤ ਨਹੀਂ ਇਸ ਕਰਕੇ ਪੰਜਾਬ ਦੀ ਖੇਤੀ ਅੱਜ ਗੰਭੀਰ ਸੰਕਟ ਵਿੱਚ ਹੈ। ਪੰਜਾਬ ਦੀ ਕੁੱਲ ਵਾਹੀਯੋਗ ਜ਼ਮੀਨ 'ਚ 70 ਲੱਖ ਏਕੜ ਜ਼ਮੀਨ ਨੂੰ ਅੱਜ ਵੀ ਨਹਿਰੀ ਪਾਣੀ ਨਹੀਂ ਮਿਲਦਾ ਕੁੱਲ ਵਾਹੀ ਮਿਤੀ 9-3-2007 ਬਠਿੰਡਾ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਲਗਾਏ ਗਏ ਕਿਸਾਨ ਮੇਲੇ ਵਿੱਚ ਅੰਕੁਰ ਸੀਡਜ਼ ਪ੍ਰਾ: ਲਿ: (ਨਾਗਪੁਰ) ਨੇ ਹਿੱਸਾ ਲਿਆ। ਇਸ ਵਿੱਚ ਹਜ਼ਾਰਾਂ ਦੇ ਹਿਸਾਬ ਨਾਲ ਕਿਸਾਨਾਂ ਨੇ ਅੰਕੁਰ ਦੀ ਆਉਣ ਵਾਲੀ ਬੀ. ਟੀ. ਨਰਮੇ ਦੀ ਕਿਸਮ 2226 ਬੀ. ਟੀ. ਦੀ ਜਾਣਕਾਰੀ ਲਈ ਅਤੇ ਮੰਗ ਕੀਤੀ। ਅੰਕੁਰ 2226 ਨਰਮਾਂ ਪਹਿਲਾਂ ਤੋਂ ਹੀ ਕਿਸਾਨਾਂ ਦਾ ਮਨਪਸੰਦ ਨਰਮਾ ਹੈ ਪਰ ਹੁਣ ਬੀ. ਟੀ. ਵਿੱਚ ਆਉਂਦਾ ਦੇਖ ਕੇ ਕਿਸਾਨਾਂ ਦੀ ਮੰਗ ਅੰਕੁਰ 2226 ਬੀ. ਟੀ. ਵਾਸਤੇ ਹੋਰ ਵੀ ਵਧ ਗਈ ਹੈ। ਹਰ ਕਿਸਾਨ ਨੇ ਆਪਣਾ-2 ਤਜ਼ਰਬਾ ਚਾਹੇ ਅੰਕੁਰ 2226 ਨਾਲ ਬੀ. ਟੀ. ਅਤੇ ਅੰਕੁਰ 2226 ਬੀ. ਟੀ. ਨਰਮੇ ਦੇ ਬਾਰੇ ਵਿੱਚ ਅੰਕੁਰ ਦੀ ਪ੍ਰਦਰਸ਼ਨੀ ਸਟਾਲ ਤੇ ਦੱਸਿਆ। ਕੁਝ ਕਿਸਾਨ ਭਰਾਵਾਂ ਨੇ ਇਹ ਵੀ ਕਿਹਾ ਕਿ ਬੀ. ਟੀ. ਨਰਮਾ ਹੋਵੇ ਤਾਂ 2226 ਬੀ. ਟੀ. ਨਰਮਾ ਹੀ ਹੋਵੇ। ਕਿਉਂਕਿ ਇਸ ਕਿਸਮ ਵਿੱਚ ਹਰੇਕ ਖੂਬੀ ਹੈ ਜੋ ਕਿ ਆਪਣੇ ਬੀ. ਟੀ ਨਰਮੇ ਵਾਲੇ ਕਿਸਾਨਾਂ ਦੀ ਚਾਹਤ ਹੈ ਜਿਵੇਂ ਕਿ ਮੋਟਾ ਟੀਂਡਾ, ਆਸਾਨ ਚੁਗਾਈ, ਵਧੀਆ ਕੱਦ, ਲਗਾਤਾਰ ਫਲ ਚੁੱਕਣਾ, ਛੋਟੇ ਅਤੇ ਰੁੰਈਦਾਰ ਪੱਤੇ, ਘੱਟ ਸਮੇਂ ਤੇ ਪੱਕਣਾ, ਹਰ ਮੌਸਮ ਵਿੱਚ ਕਾਮਯਾਬ ਅਤੇ ਕਿਸਾਨਾਂ ਦੀ ਸਭ ਤੋਂ ਜ਼ਿਆਦਾ ਪਰਖੀ ਅਤੇ ਭਰੋਸੇਮੰਦ ਕਿਸਮ ਅੰਕੁਰ 2226 ਬੀ. ਟੀ. ਜਿਹਦੇ ਨਾਲ ਕਿ ਕਣਕ ਵੀ ਸਮੇਂ ਤੇ ਬੀਜੀ ਜਾ ਸਕਦੀ ਹੈ।

ਇਸ ਮੌਕੇ ਤੇ ਅੰਕੁਰ ਸੀਡਜ਼ ਦੇ ਜਿਲ੍ਹਾ ਅਧਿਕਾਰੀ ਸ਼੍ਰੀ ਸਤੀਸ਼ ਸ਼ਰਮਾ ਅਤੇ ਸ਼੍ਰੀ ਅਜੈ ਸ਼ਰਮਾ ਨੇ ਕਿਸਾਨਾਂ ਦੇ ਦਿਲਾਂ ਨੂੰ ਹੋਰ ਵੀ ਜਿੱਤ ਲਿਆ ਜਦੋਂ ਉਨ੍ਹਾਂ ਨੇ ਅੰਕੁਰ 2226 ਬੀ. ਟੀ. ਦਾ ਤਜਰਬਾ ਇੱਕ ਪ੍ਰਤੀਯੋਗਤਾ ਰਾਹੀਂ ਕਿਸਾਨਾਂ ਨਾਲ ਸਾਂਝਾ ਕੀਤਾ, ਜਿਸਦੇ ਵਿੱਚ ਪੰਜ ਸਵਾਲ ਅੰਕੁਰ ਸੀਡਜ਼ ਅਤੇ ਅੰਕੁਰ 2226 ਬੀ. ਟੀ. ਨਰਮੇ ਬਾਰੇ ਪੁੱਛੇ ਗਏ ਅਤੇ ਹਰੇਕ ਜਵਾਬ ਦੇਣ ਵਾਲੇ ਕਿਸਾਨ ਨੂੰ ਯਾਦਗਾਰੀ ਚਿੰਨ ਦਿੱਤੇ ਗਏ ਅਤੇ ਆਖਿਰ ਵਿੱਚ ਅੰਕੁਰ ਸੀਡਜ਼ ਦੀਆਂ ਤਿੰਨ ਟਰਾਫੀਆਂ ਲੱਕੀ ਡਰਾਅ ਰਾਹੀਂ ਤਿੰਨ ਕਿਸਾਨਾਂ ਨੂੰ ਦਿੱਤੀਆਂ ਗਈਆਂ। ਇਸ ਦੇ ਨਾਲ-ਨਾਲ ਅੰਕੁਰ 2226 ਬੀ. ਟੀ. ਬੀਜਣ ਵਾਲੇ ਕਿਸਾਨਾਂ ਦੇ ਤਜਰਬੇ ਇੱਕ ਵੀਡੀਓ ਰਾਹੀਂ ਦਿਖਾਏ ਗਏ ਅਤੇ ਅੰਕੁਰ 2226 ਬੀ. ਟੀ. ਦੀ ਪੈਕਿੰਗ ਵੀ ਦਿਖਾਈ ਗਈ।

ਇਸ ਸਾਰੇ ਮੇਲੇ ਵਿੱਚ ਕਿਸਾਨਾਂ ਨੇ ਸਭ ਤੋਂ ਜ਼ਿਆਦਾ ਅੰਕੁਰ ਸੀਡਜ਼ ਦੀ ਪ੍ਰਦਰਸ਼ਨੀ ਸਟਾਲ ਅਤੇ ਅੰਕੁਰ 2226 ਬੀ. ਟੀ. ਨੂੰ ਪਸੰਦ ਕੀਤਾ। ਯੋਗ ਜ਼ਮੀਨ ਲਈ ਅੱਜ ਪੰਜਾਬ ਨੂੰ 43-5 ਐਮ-ਏ-ਐੱਫ ਪਾਣੀ ਲੋੜੀਂਦਾ ਹੈ ਜਦ ਕਿ 34-08 ਐੱਮ. ਏ. ਐੱਫ. ਪਾਣੀ ਪੰਜਾਬ ਦੇ ਦਰਿਆਵਾਂ ਵਿੱਚ ਵਗਦਾ ਹੈ। ਪੰਜਾਬ ਇੱਕ ਸਰਹੱਦੀ ਤੇ ਪੰਜ ਦਰਿਆਵਾਂ ਦੀ ਧਰਤੀ ਦੇਸ਼ ਭਰ ਵਿੱਚ ਉਪਜਾਊ ਹੈ। ਭਾਰਤੀ ਹਾਕਮ ਇਸ ਸੂਬੇ ਨੂੰ ਅੰਨਦਾਤਾ ਆਖਦੇ ਹਨ। ਇਹ ਸੂਬਾ ਦੇਸ਼ ਦੇ ਅਨਾਜ ਦਾ ਮੁੱਖ ਭੰਡਾਰ ਹੈ। ਪੰਜਾਬ ਦੀ ਖੇਤੀ ਦੀ ਸਿੰਚਾਈ ਕੁਦਰਤੀ ਸੋਮੇ ਨਹਿਰੀ ਪਾਣੀ ਨਾਲ ਨਹੀਂ ਬਲਕਿ

ਜ਼ਿਆਦਾਤਰ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ। ਪੰਜਾਬ ਵਿੱਚ ਕੋਲਾ ਪੈਦਾ ਨਹੀਂ ਹੁੰਦਾ ਇਹ ਬਿਹਾਰ ਤੇ ਝਾੜਖੰਡ ਦੇ ਸੂਬਿਆਂ ਵਿੱਚ ਹੁੰਦਾ ਹੈ। ਡੀਜ਼ਲ ਵੀ ਇੱਥੋਂ ਦਾ ਕੁਦਰਤੀ ਸੋਮਾ ਨਹੀਂ ਬਲਕਿ ਅਰਬ ਦੇਸ਼ਾਂ ਤੋਂ ਦਰਾਮਦ ਕੀਤਾ ਜਾਂਦਾ ਹੈ। ਇਹ ਦੋਨਾ ਕੁਦਰਤੀ ਸਰੋਤਾਂ ਲਈ ਪੰਜਾਬੀ ਲੋਕਾਂ ਨੂੰ ਪੈਸੇ ਦੇਣੇ ਪੈਂਦੇ ਹਨ ਇਸ ਦੇ ਉਲਟ ਕੇਂਦਰ ਹਾਕਮ, ਹਰਿਆਣਾ ਤੇ ਰਾਜਸਥਾਨ ਦੇ ਲੋਕ ਪੰਜਾਬ ਦੇ ਕੁਦਰਤੀ ਸੋਮੇ (ਸਰਮਾਏ) ਦੀ ਸਰੇਆਮ ਲੁੱਟ ਕਰਦੇ ਹਨ। ਇਸ ਤੋਂ ਇਲਾਵਾ ਇਹ ਹਾਕਮ ਆਪਣੇ ਰਾਜਾਂ ਦੇ ਕਿਸਾਨ, ਮਜ਼ਦੂਰਾਂ ਤੋਂ ਸਿੰਜਾਈ ਤੇ ਪੀਣ ਲਈ ਪਾਣੀ ਦੇਣ ਬਦਲੇ ਪੈਸੇ ਵਸੂਲਦੇ ਹਨ ਜਦੋਂ ਕਿ ਪੰਜਾਬ ਤੋਂ ਉਹ ਹਾਕਮ ਪਾਣੀ ਮੁਫਤ ਲੈਂਦੇ ਹਨ। ਪੰਜਾਬ ਨੂੰ ਸਬੰਧਤ ਸੂਬੇ ਤੇਲ ਅਤੇ ਕੋਇਲਾ ਮਹਿੰਗੇ ਭਾਅ ਤੇ ਦਿੰਦੇ ਹਨ ਜਦੋਂ ਕਿ ਪਾਣੀ ਤੋਂ ਪੈਦਾ ਹੋਈ ਬਿਜਲੀ ਕਿਤੇ ਵੱਧ ਸਸਤੀ ਹੈ। ਬਿਜਲੀ ਦੀਆਂ ਮੋਟਰਾਂ, ਇੰਜਣਾਂ ਦਾ ਹੋਰ ਸਾਜੋ ਸਮਾਨ ਕਿਸਾਨਾਂ ਨੂੰ ਮਹਿੰਗਾ ਮਿਲਦਾ ਹੈ। ਪਾਣੀ ਦੀ ਸਤਾ ਹੇਠ ਚਲੀ ਗਈ ਹੈ। ਟਿਊਬਵੈਲਾਂ ਰਾਹੀਂ ਜੇਕਰ ਪਾਣੀ ਧਰਤੀ ਹੇਠੋਂ ਖਿੱਚਣਾ ਬੰਦ ਨਾ ਕੀਤਾ ਤਾਂ ਸਾਲ 2015 ਤੱਕ ਟਿਊਬਵੈਲ ਸੁੱਕ ਜਾਣਗੇ ਪਾਣੀ ਦਾ ਪੱਧਰ ਹੇਠਾਂ ਚਲੇ ਜਾਣ ਨਾਲ ਕਿਸਾਨਾਂ ਨੂੰ ਨਵੇਂ ਸਿਰਿਓਂ ਤੇ ਡੂੰਘੇ ਬੋਰ ਕਰਨ ਤੇ ਕਿਸਾਨਾਂ ਨੂੰ ਹੋਰ ਖਰਚਾ ਕਰਨਾ ਪੈਂਦਾ ਜਿਸ ਕਰਕੇ ਕਈ ਕਿਸਾਨਾਂ ਤੇ ਗਰੀਬ ਲੋਕਾਂ ਤੇ ਮਜ਼ਦੂਰਾਂ ਦੀਆਂ ਬੋਰ ਕਰਦੇ ਧਰਤੀ ਦੇ ਹੇਠਾਂ ਵੱਲ ਧਸ ਜਾਣ, ਬੈਠ ਜਾਣ ਕਰਕੇ ਮੌਤਾਂ ਹੁੰਦੀਆਂ ਹਨ। ਮੋਗਾ ਜਿਲ੍ਹੇ ਦੇ ਪਿੰਡ ਢੁਡੀਕੇ ’ਚ ਖੂਹ ਪੁਟਦਿਆਂ ਤਿੰਨ ਨੌਜਵਾਨ ਮਿੱਟੀ ਵਿੱਚ ਦੱਬਣ ਕਰਕੇ ਮਰ ਗਏ ਬਠਿੰਡਾ ਜਿਲ੍ਹੇ ਦੇ ਪਿੰਡ ਕਲਿਆਣ ਸੁੱਖਾਂ ਵਿੱਚ ਇੱਕ ਮਜ਼ਦੂਰ ਇਹੋ ਕਾਰਨ ਕਰਕੇ ਮਰ ਗਿਆ। ਪੰਜਾਬ ਵਿੱਚ ਮੀਂਹ ਘੱਟ ਪੈਣ ਕਰਕੇ ਨਹਿਰੀ ਪਾਣੀ ਦੀ ਸਪਲਾਈ ਅੱਧੀ ਰਹਿ ਗਈ 24.89 ਲੱਖ ਰਬਕਾ ਝੋਨੇ ਦੀ ਕਾਸ਼ਤ ਕਰਨ ਕਰਕੇ ਪਾਣੀ ਦੀ ਸਤਾ ਡੂੰਘੀ ਹੋ ਗਈ। ਪੰਜਾਬ ਅਸੈਂਬਲੀ ਵਿੱਚ ਦਰਿਆਈ ਪਾਣੀਆਂ ਦਾ ਬਿੱਲ ਪਾਸ ਹੋਣ ਦੇ ਬਾਵਜੂਦ ਅਜੇ ਵੀ ਰਾਜਸਥਾਲ ਨੂੰ 8225 ਕਿਊਸਰ ਪਾਣੀ ਦਿੱਤਾ ਜਾ ਰਿਹਾ ਏ ਪਾਣੀ 7325 ਕਿਊਸਰ ਰਾਜਸਥਾਨ ਨਹਿਰ ਤੇ 900 ਕਿਊਸਰ ਸਰਹਿੰਦ ਫੀਡਰ ਰਾਹੀਂ ਦਿੱਤਾ ਜਾ ਰਿਹਾ ਹੈ। ਜੇਕਰ ਪਾਣੀ ਦਾ ਕੱਟ ਲੱਗਦਾ ਹੈ ਤਾਂ ਸਿਰਫ ਪੰਜਾਬ ਦੀਆਂ ਨਹਿਰਾਂ ਤੇ ਹੀ ਲੱਗਦਾ ਜਦੋਂ ਕਿ ਹਰਿਆਣੇ ਨੂੰ ਪਾਣੀ ਬੈਰੋਕ ਦਿੱਤਾ ਜਾ ਰਿਹਾ ਹੈ। ਪੰਜਾਬ ਵਿੱਚ ਧਰਤੀ ਹੇਠਲਾ ਪਾਣੀ 30-35 ਫੁੱਟ ਧਰਤੀ ਪੁੱਟਣ ਤੇ 100 ਫੁੱਟ ਸਤਾ ਤੱਕ ਮਿਲਦਾ ਸੀ ਦੂਜੀ ਪਰਤ ਵਿੱਚ 200 ਤੋਂ 250 ਫੁੱਟ ਤੇ ਅਤੇ ਤੀਜੀ ਪਰਤ ਤੇ ਸਬਮਰਸੀਬਲ ਮੋਟਰ ਲਵਾਉਣ ਦਾ ਖਰਚ 1.25 ਤੋਂ 1.50 ਲੱਖ ਤੱਕ ਆਉਂਦਾ ਹੈ। ਪੰਜਾਬ ਦੇ 75% ਰਕਬਾ ਅਜਿਹਾ ਹੈ ਜਿਸਦਾ ਪਾਣੀ ਪੱਧਰ ਨੀਵਾਂ ਹੋ ਗਿਆ ਸਿਰਫ ਅਜੇ 25% ਇਸ ਸਮੱਸਿਆ ਤੋਂ ਬਚਿਆ ਹੋਇਆ ਹੈ। ਇਸ ਕਰਕੇ ਸਿੰਚਾਈ ਲਈ ਪਾਣੀ ਦੇ ਸੰਕਟ ਨਾਲ ਪੀਣ ਵਾਲੇ ਪਾਣੀ ਦਾ ਸੰਕਟ ਵੀ ਖੜ੍ਹਾ ਹੋ ਗਿਆ ਹੈ।

ਪੰਜ ਦਰਿਆਵਾਂ ਦੇ ਨਾਮ ਨਾਲ ਜਾਣੀ ਜਾਂਦੀ ਇਹ ਧਰਤੀ ਤੇ ਪੀਣ ਵਾਲਾ ਪਾਣੀ ਵੇਚਣ ਵਾਲੀਆਂ ਬਹੁ ਕੰਪਨੀਆਂ ਦਖਲ ਹੋ ਚੁੱਕੀਆਂ ਹਨ। ਪੰਜਾਬ ਦੇ ਪਾਣੀ ਦੇ ਸੋਕੇ ਦੀ ਗੰਭੀਰ ਸਮੱਸਿਆ ਆਉਣੀ ਯਕੀਨਨ ਹੈ। ਕਿਸਾਨ ਤਾਂ ਪਹਿਲਾਂ ਹੀ ਖੇਤੀ ਦੇ ਸੰਕਟ ਅਧੀਨ ਆਏ ਹੋਏ ਹਨ ਖਾਸ ਕਰਕੇ ਬੇ ਜ਼ਮੀਨੇ ਗਰੀਬ ਕਿਸਾਨ ਤੇ ਮੱਧ ਵਰਗ ਦੇ ਕਿਸਾਨ ਹੋਰ ਵੀ ਤਬਾਹ ਹੋ ਜਾਣਗੇ। ਇਹ ਪੰਜਾਬ ਪਾਣੀਆਂ ਦੀ ਸਮੱਸਿਆ

ਲਈ ਹਾਕਮ ਤੇ ਉਨ੍ਹਾਂ ਦੇ ਦਰਬਾਰੀ ਖੇਤੀ ਮਾਹਿਰ ਜੋ ਉਨ੍ਹਾਂ ਨੂੰ ਹਰੇ ਇਨਕਲਾਬ ਦੇ ਨਾਮ ਹੇਠ ਕਾਂਗਰਸ ਤੇ ਅਕਾਲੀਆਂ ਅਜਿਹੀਆਂ ਮੱਤਾ ਦਿੰਦੇ ਹਨ ਕਿ ਪੰਜਾਬ ਦੀ ਖੇਤੀ ਨਹਿਰੀ ਪਾਣੀ ਤੇ ਅਧਾਰਿਤ ਨਹੀਂ ਬਲਕਿ ਟਿਊਬਵੈਲਾਂ ਤੇ ਨਿਰਭਰ ਹੈ ਜਿਸ ਨਾਲ ਧਰਤੀ ਹੇਠਲਾ ਪਾਣੀ ਤੇ ਭੋਇੰ ਤਬਾਹ ਹੋਈ ਹੈ।

## ਹਰਿਆਣਾ ਸਰਕਾਰ ਦਾ ਦਾਅਵਾ ਖੋਖਲਾ ਹੈ

ਪੰਜਾਬ ਵਿੱਚ ਵਗਦੇ ਪਾਣੀਆਂ ਦਾ ਹਰਿਆਣਾ ਨਾਲ ਕੋਈ ਦੂਰ ਦਾ ਵਾਸਤਾ ਨਹੀਂ ਹਰਿਆਣਾ ਦੇ ਕਿਸੇ ਵੀ ਹਿੱਸੇ ਤੋਂ ਪੰਜਾਬ 'ਚ ਵਗਦੇ ਦਰਿਆਵਾਂ ਦਾ ਪਾਣੀ ਨਹੀਂ ਪੈਂਦਾ। ਪੰਜਾਬ ਦੇ ਸਤਲੁਜ, ਰਾਵੀ ਤੇ ਬਿਆਸ ਦਰਿਆਵਾਂ ਦਾ ਘੱਗਰ ਨਾਲ ਕੋਈ ਸੰਬੰਧ ਨਹੀਂ ਇਸ ਲਈ ਪੰਜਾਬ ਦਾ ਰੀਪੇਰੀਅਨ ਸੂਬਾ ਹਰਿਆਣਾ ਨਹੀਂ ਹੋ ਸਕਦਾ। ਇਸ ਕਰਕੇ ਪੰਜਾਬ ਤੇ ਹਰਿਆਣਾ ਦਾ ਹੱਕ ਨਹੀਂ ਤੇ ਹਰਿਆਣਾ ਪੰਜਾਬ ਦੀ ਰੀਪੇਰੀਅਨ ਸੂਬਾ ਨਹੀਂ। ਪੰਜਾਬ ਦੇ ਦਰਿਆਈ ਪਾਣੀਆਂ ਤੇ ਹਰਿਆਣਾ ਦਾ ਕੋਈ ਹੱਕ ਨਹੀਂ ਹੈ। ਕੌਮੀ ਤੇ ਕੌਮਾਂਤਰੀ, ਪੱਧਰ ਤੇ ਦਰਿਆਵੀ ਪਾਣੀਆਂ ਦੇ ਝਗੜਿਆਂ ਦੇ ਹੱਲ ਲਈ ਰੀਪੇਰੀਅਨ ਕਾਨੂੰਨ ਦੇ ਪੱਖ ਵਿੱਚ ਨਹੀਂ ਜਾਂਦਾ। ਹਰਿਆਣਾ ਦਾ ਬੇਸਿਕ ਥਿਉਰੀ ਮੁਤਾਬਕ ਇਸ ਝਗੜੇ ਵਿੱਚ ਆਪਣਾ ਦਾਅਵਾ ਜਿਤਾਉਣਾ ਜਾਇਜ਼ ਨਹੀਂ। ਰੀਪੇਰੀਅਨ ਫਾਰਮੂਲੇ ਪਿੱਛੋਂ ਇਹ ਥਿਊਰੀ ਦੂਜੀ ਪ੍ਰਮਾਣਿਤ ਥਿਊਰੀ ਕਹੀ ਜਾਂਦੀ ਹੈ ਜਿਸ ਰਾਹੀਂ ਅਜਿਹੇ ਝਗੜਿਆਂ ਦਾ ਹੱਲ ਕੀਤਾ ਜਾਂਦਾ ਹੈ, ਇਸ ਮੁਤਾਬਕ ਸੂਬੇ ਜਿਨ੍ਹਾਂ ਦੇ ਦਰਿਆ ਇੱਕੋ ਡੈਲਟੇ 'ਚ ਵਗਦੇ ਹੋਣ ਜਾਂ ਇੱਕੋ ਸਮੁੰਦਰ ਵਿੱਚ ਪੈਂਦੇ ਹੋਣ ਉਨ੍ਹਾਂ ਨੂੰ ਇੱਕੋ ਬੇਸਨ ਮੰਨਿਆ ਜਾਂਦਾ ਹੈ। ਜਿੱਥੋਂ ਤੱਕ ਹਰਿਆਣੇ ਦੇ ਘੱਗਰ ਦਰਿਆ ਦਾ ਸਬੰਧ ਰਾਜਸਥਾਨ ਵਿੱਚ ਜਾ ਕੇ ਖਤਮ ਹੁੰਦਾ ਹੈ, ਪੰਜਾਬ ਦੇ ਸਾਰੇ ਦਰਿਆ ਇੰਡਸ ਦਰਿਆ ਵਿੱਚ ਵਗਦੇ ਹਨ ਇਸ ਲਈ ਪੰਜਾਬ ਦੇ ਦਰਿਆਵਾਂ ਨੂੰ ਇੰਡਸ ਦਰਿਆ ਦੀਆਂ ਬ੍ਰਾਂਚਾਂ ਮੰਨਿਆ ਜਾਂਦਾ ਹੈ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਵਾਜਿਬ ਹੈ ਕਿ ਭਾਰਤ ਦੇ ਪਾਕਿਸਤਾਨ ਵਿਚਕਾਰ ਦਰਿਆਈ ਪਾਣੀਆਂ ਦੇ ਝਗੜੇ ਦੌਰਾਨ ਭਾਰਤੀ ਹਾਕਮ ਤੇ ਭਾਰਤੀ ਸਿੰਜਾਈ ਸਕੱਤਰ ਸ਼੍ਰੀ ਗੁਲਾਟੀ ਨੇ ਵੱਧ ਪਾਣੀ ਤੇ ਆਪਣਾ ਹੱਕ ਜਿਤਾਉਣ ਲਈ ਗਲਤ ਦਲੀਲ ਪੇਸ਼ ਕੀਤੀ ਸੀ ਘੱਗਰ ਦਰਿਆ ਪੰਜਾਬ ਦੇ ਪਾਣੀਆਂ ਦਾ ਹਿੱਸਾ ਸੀ। ਹਰਿਆਣੇ ਦੇ ਹਾਕਮ ਇਸ ਗਲਤ ਦਲੀਲ ਦੀ ਅਜੇ ਵੀ ਵਰਤੋਂ ਕਰਦੇ ਆ ਰਹੇ ਹਨ ਜੋ ਬਿਲਕੁਲ ਰੱਦ ਹੋਣੀ ਚਾਹੀਦੀ ਹੈ। ਪਾਕਿਸਤਾਨ ਨਾਲ ਪਾਣੀ ਦਾ ਝਗੜਾ ਹੱਲ ਕਰਦੇ ਸਮੇਂ ਵੀ ਇਹ ਦਲੀਲ ਨਹੀਂ ਵਰਤੀ ਜਾਣੀ ਚਾਹੀਦੀ ਸੀ ਤੀਜੀ ਦਲੀਲ ਜੋ ਹਰਿਆਣਾ ਸਰਕਾਰ ਪਾਣੀਆਂ ਤੇ ਆਪਣਾ ਹੱਕ ਜਿਤਾਉਣ ਦਾ ਵਰਤਦੀ ਹੈ ਉਹ ਇਹ ਹੈ ਕਿ ਸੂਬਿਆਂ ਦੀ ਮੁੜ ਹੱਦਬੰਦੀ ਸਮੇਂ ਇਹ ਤਹਿ ਹੋਇਆ ਸੀ ਕਿ ਪੰਜਾਬ ਦੀ ਮਾਲਕੀ 60:40 ਅਨੁਸਾਰ ਵੰਡੀ ਜਾਵੇਗੀ ਇਸ ਲਈ ਹਰਿਆਣਾ ਪਾਣੀਆਂ ਦੀ ਵੰਡ ਵੀ ਇਸੇ ਅਨੁਪਾਤ ਨਾਲ ਵੰਡਣ ਦੀ ਮੰਗ ਕਰਦਾ ਹੈ। ਪਰ ਇਹ ਗੱਲ ਮੌਜੂਦਾ ਪੰਜਾਬ ਦੇ ਪਾਣੀਆਂ ਦੀ ਕਰਦਾ ਹੈ। ਸਾਂਝੇ ਪੰਜਾਬ ਵੇਲੇ 5-6 ਐੱਮ. ਏ. ਐੱਫ ਪਾਣੀ ਹਰਿਆਣਾ ਕੋਲ ਹੈ ਪੰਜਾਬ ਦੇ ਲੋਟੂ ਹਾਕਮ ਤੇ ਉਹਨਾਂ ਦੇ ਬੁੱਧੀ ਜੀਵੀ ਦਰਬਾਰੀ ਯਮਨਾ ਤੇ ਪਾਣੀ ਦਾ ਹੱਕ ਜਿਤਾਉਂਦੇ ਹਨ। ਇਸ ਪਾਣੀ ਤੇ ਸਿਰਫ ਹਰਿਆਣਾ ਦਾ ਹੱਕ ਹੈ। 1966 ਤੋਂ ਪਹਿਲਾਂ ਪੰਜਾਬ ਦੇ ਪਾਣੀਆਂ ਨਾਲ 19.61 'ਚ ਮੌਜੂਦਾ ਪੰਜਾਬ ਤੇ ਹਰਿਆਣੇ ਦੇ ਇਲਾਕੇ

ਨੂੰ 1.9 ਐੱਮ-ਏ-ਐੱਫ ਪਾਣੀ ਮਿਲਿਆ 1966 ਵਿੱਚ ਵੰਡ ਸਮੇਂ ਹਰਿਆਣੇ ਨੂੰ ਫਿਰ ਬਰਾਬਰ ਦਾ ਪਾਣੀ ਮਿਲਿਆ ਅਗਲਾ ਨੁਕਤਾ 1966 ਦੇ ਐਕਟ ਵਜੋਂ 60:40 ਦੀ ਵੰਡ ਦਾ ਹੈ ਪਰ ਪਾਣੀ ਦੀ ਵੰਡ ਇਸ ਐਕਟ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀ ਇਸ ਵੰਡ ਦਾ ਮੁੱਦਾ ਰਿਪੇਰੀਅਨ ਕਨੂੰਨ ਦੇ ਤਹਿਤ ਹੀ ਆਉਂਦਾ ਹੈ। ਉਦਾਹਰਣ ਦੇ ਤੌਰ ਤੇ ਰਾਜਸਥਾਨ ਦਾ ਨਰਮਾਦਾ ਦਾ ਦਰਿਆ ਤੇ ਦਾਅਵਾ ਰੱਦ ਹੋ ਗਿਆ ਸੀ। ਕ੍ਰਿਸ਼ਨਾ ਦਰਿਆ ਆਂਧਰਾ ਤੇ ਕਰਨਾਟਕ ਵਿੱਚ ਵਹਿੰਦਾ ਹੈ ਇਸ ਲਈ ਦੋ ਸੂਬਿਆਂ ਨੂੰ ਰੀਪੇਰੀਅਨ ਮੰਗ ਕੇ ਮਸਲੇ ਦਾ ਹੱਲ ਕੀਤਾ ਗਿਆ ਕੇਂਦਰ ਸਰਕਾਰ ਦਾ ਇਸ ਮਸਲੇ ਦੇ ਹੱਲ ਲਈ ਇਸ ਕਰਕੇ ਸਹੀ ਸੀ। ਪਰ ਇਹੋ ਚੀਜ਼ ਲਾਗੂ ਕਰਦਿਆਂ ਸਾਜਸੀ ਤਰੀਕੇ ਨਾਲ ਪੰਜਾਬ ਤੇ ਹਰਿਆਣੇ ਦੇ ਗੈਰ-ਰੀਪੇਰੀਅਨ ਸੂਬਿਆਂ ਤੇ 1966 ’ਚ ਤੇ 1966 ਦੇ ਰੀਆਰਗੇਨਾਈਜ਼ੇਸ਼ਨ ਐਕਟ ਤਹਿਤ ਆਰਟੀਕਲ 78 ਰਾਹੀਂ ਆਪਣਾ ਹੱਕ ਸਥਾਪਤ ਕਰ ਲਿਆ। ਪਾਣੀ ਦੀ ਵੰਡ ਦਾ ਮੁੱਦਾ ਸੂਬਿਆਂ ਦੇ ਅਧਿਕਾਰ ਖੇਤਰ ’ਚ ਆਉਂਦਾ ਹੈ ਅਤੇ ਸੂਬਾ ਸਰਕਾਰ ਦੇ ਕਾਨੂੰਨ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਕੇਂਦਰ ਸਰਕਾਰ ਵੱਲੋਂ ਇਸ ਵਿੱਚ ਦਖਲ ਦੇਣਾ ਵਾਜਬ ਨਹੀਂ ਬਣਦਾ ਪਰ ਪੰਜਾਬ ਦੇ ਮਸਲੇ ’ਚ ਬਿਲਕੁਲ ਇਸ ਧਾਰਨਾ ਦੇ ਉਲਟ ਵਾਪਰਿਆ। ਭਾਵੇਂ ਇਹ 31-12-1955 ਦਾ ਸਮਝੌਤਾ ਜਾਂ 24-3-1976 ਦਾ ਭਾਵੇਂ 31-12-1981 ਚ ਸਹੀ ਜਾ 31-1-1987 ਦੀਆਂ ਇਰਾਦੀ ਟ੍ਰਿਬਿਊਨਲ ਦੀਆਂ ਸਿਫਾਰਸ਼ਾਂ ਸਾਰਿਆਂ ’ਚ ਹੀ ਕੇਂਦਰ ਸਰਕਾਰ ਦੇ ਹੁਕਮਾਂ ਤੇ ਪੰਜਾਬ ਦੇ ਸਾਰੇ ਮੁੱਖ ਮੰਤਰੀਆਂ ਨੇ ਰੀਪੇਰੀਅਨ ਕਨੂੰਨ ਨੂੰ ਅਣਗੌਲਿਆਂ ਕਰਕੇ ਪੰਜਾਬ ਦੇ ਲੋਕਾਂ ਨਾਲ ਗਦਾਰੀ ਕੀਤੀ ਹੈ। ਸੋ ਹਰਿਆਣੇ ਦੇ ਹਾਕਮ ਪੰਜਾਬ ਰੀ-ਆਰਗੇਨਾਈਜੇਸ਼ਨ ਐਕਟ ਦੇ ਆਰਟੀਕਲ 70-80 ਦੇ ਆਧਾਰ ਤੇ ਪੰਜਾਬ ਦੇ ਦਰਿਆਈ ਪਾਣੀਆਂ ਤੇ ਆਪਣਾ ਹੱਕ ਜਿਤਾਉਂਦੇ ਹਨ ਜਦ ਕਿ ਇਸ ਐਕਟ ਵਿੱਚ ਅਜਿਹੇ ਆਰਟੀਕਲ ਦਾ ਆਧਾਰ ਗਲਤ ਹੈ।

**ਰਾਜਸਥਾਨ ਸਰਕਾਰ ਦਾ ਦਾਅਵਾ ਵੀ ਆਧਾਰ ਰਹਿਤ ਤੇ ਖੋਖਲਾ ਹੈ**

ਰਾਜਸਥਾਨ ਦੀ ਹਾਈਕੋਰਟ ਨੇ ਇਨ੍ਹਾਂ ਆਰਟੀਕਲਾਂ ਦੀ ਵਰਤੋਂ ਕਰਦਿਆਂ ਪੰਜਾਬ ਦੇ ਹੈਡ ਵਰਕਸਾਂ ਦਾ ਕੰਟਰੋਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ 30 ਦਿਨਾਂ ਦੇ ਅੰਦਰ ਅੰਦਰ ਸੌਂਪਣ ਦਾ ਫੈਸਲਾ ਸੁਣਾ ਦਿੱਤਾ ਤਾਂ ਕਿ ਮਾਮਲਾ ਸੁਲਝਣ ਦੇ ਬਜਾਏ ਉਲਜ ਜਾਵੇ। ਇਹ ਫੈਸਲਾ ਬੇਹੂਦਾ ਹੈ ਕਿਉਂਕਿ ਨਾ ਤਾਂ ਰਾਜਸਥਾਨ ਪੰਜਾਬ ਦਾ ਰੀਪੇਰੀਅਨ ਸੂਬਾ ਹੈ ਅਤੇ ਨਾ ਹੀ ਇਸ ਦਾ ਦਾਅਵਾ ਵਾਜਬ ਹੈ ਪੰਜਾਬ ਦੇ ਪਾਣੀਆਂ ਤੇ ਰਾਜਸਥਾਨ ਨੇ ਆਪਣੇ ਸੋਕੇ ਦੇ ਮਾਮਲੇ ਨੂੰ ਉਭਾਰਿਆ ਹੈ। ਭਾਰਤੀ ਹਾਕਮਾਂ ਦੀਆਂ ਸਾਮਰਾਜ ਪੱਖੀ ਤੇ ਅਰਧ ਜਾਗੀਰੂ ਪਾਲਸੀਆਂ ਤੇ ਉਨ੍ਹਾਂ ਦੀਆਂ ਸੂਬਾਈ ਤੇ ਕੇਂਦਰ ਦੀਆਂ ਨੀਤੀਆਂ ਇਸ ਮੌਕੇ ਦੀ ਸਥਿਤੀ ਲਈ ਜ਼ਿੰਮੇਵਾਰ ਹਨ। ਆਪਣੀਆਂ ਜਮਾਤੀ ਲੋੜਾਂ ਦੀ ਪੂਰਤੀ ਲਈ ਹਾਕਮਾਂ ਦੀਆਂ ਨੀਤੀਆਂ ਨੇ ਰਾਜਸਥਾਨ ਨੂੰ ਜਾਣ-ਬੁੱਝ ਕੇ ਪਛਾੜਿਆਂ ਹੋਇਆ ਹੈ। ਇਸ ਕਰਕੇ ਇਨ੍ਹਾਂ ਸੂਬਿਆਂ ਵਿੱਚ ਸੋਕੇ ਦੀ ਸਥਿਤੀ ਇੱਕ ਆਮ ਵਾਤਾਵਰਣ ਬਣ ਗਈ ਹੈ। ਰਾਜਸਥਾਨ ਦੇ ਦਰਿਆਈ ਪਾਣੀਆਂ ਤੋਂ ਇਲਾਵਾ ਸਮੁੰਦਰ ਦੇ ਪਾਣੀ ਨੂੰ ਪੁਣ-ਛਾਣ ਕੇ ਪੀਣ ਯੋਗ ਬਣਾਉਣ ਤੇ ਕਿਸੇ ਠੀਕ ਸਕੀਮ ਦੀ ਘਾਟ ਮੀਂਹ ਦੇ ਪਾਣੀ ਨੂੰ ਸਟੋਰ ਕਰਨ ਲਈ ਕਿਸਾਨੀ ਨੂੰ ਵਿਸ਼ੇਸ਼ ਸਹੂਲਤਾਂ ਦੀ ਘਾਟ, ਜੰਗਲਾਂ ਦੀ ਕਟਾਈ ਰੋਕਣ ਦੀ ਘਾਟ ਨੇ ਹਾਲਾਤ

ਹੋਰ ਵੀ ਗੰਭੀਰ ਬਣਾ ਦਿੱਤੇ ਹਨ। ਆਪਣੀ ਸਕੀਮ ਅਧੀਨ ਰਾਜਸਥਾਨ ਨੇ ਨਰਮਾਦਾ ਦੇ ਪਾਣੀ ਤੇ ਵੀ ਆਪਣਾ ਦਾਅਵਾ ਜਿਤਾਇਆ ਸੀ ਜਿਹੜਾ ਕਿ ਰੱਦ ਕਰ ਦਿੱਤਾ ਗਿਆ ਸੀ ਹੁਣ ਰਾਜਸਥਾਨ ਨੇ ਆਪਣੀ ਹਾਈਕੋਰਟ ਦੇ ਫੈਸਲੇ ਰਾਹੀਂ ਪੰਜਾਬ ਦੇ ਪਾਣੀ ਤੇ ਹੈਡ ਵਰਕਸ ਤੇ ਗਲਤ ਦਾਅਵਾ ਉਭਾਰਿਆ ਹੈ ਜਿਹੜਾ ਕਿ ਰਾਜਸਥਾਨ ਦੀ ਹਾਈਕੋਰਟ ਨੇ ਸੁਣਾਇਆ ਹੈ। ਪਰ ਇਸ ਨੁਕਤੇ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੱਤਾ ਕਿ ਪੰਜਾਬ ਖੁਦ ਪਾਣੀ ਦੇ ਸੰਕਟ ਵਿੱਚ ਫਸਿਆ ਹੋਇਆ ਹੈ ਤੇ ਉਹ ਵੀ ਰਾਜਸਥਾਨ ਵਾਂਗ ਬੰਜਰ ਬਣ ਸਕਦਾ ਹੈ ਹਰੇ ਭਰੇ ਪੰਜਾਬ ਨੂੰ ਬੰਜਰ ਬਣਾਉਣਾ ਤੇ ਬੰਜਰ ਰਾਜਸਥਾਨ ਨੂੰ ਉਪਜਾਊ ਬਣਾਉਣਾ ਸਿਆਣਪ ਨਹੀਂ।

ਕੋਰਟ ਦੇ ਇਸ ਫੈਸਲੇ ਵਿੱਚੋਂ ਕੈਪਟਨ ਸਰਕਾਰ ਨੇ ਪੰਜਾਬ ਰੀਆਰਗੇਨਾਈਜ਼ੇਨ ਐਕਟ 1966 ਦੇ ਵਿਵਾਦਗ੍ਰਸਤ ਆਰਟੀਕਲ 70–80 ਨੂੰ ਚੈਲਿੰਜ ਕਰਨ ਲਈ ਸੁਪਰੀਮ ਕੋਰਟ 'ਚ ਇੱਕ ਸਪੈਸ਼ਲ ਲੀਵ ਪਟੀਸਨ ਫਾਈਲ ਕਰਨ ਦਾ ਫੈਸਲਾ ਲਿਆ ਪਰ ਜਦੋਂ ਪੰਜਾਬ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟ 2004 ਲਿਆਂਦਾ ਸੀ ਤਾਂ ਇਸ ਐਕਟ ਨੂੰ ਸੰਵਿਧਾਨਕ ਦਰਜਾ ਦਿੱਤਾ ਸੀ ਤਾਂ ਪੰਜਾਬ ਸਰਕਾਰ ਆਰਟੀਕਲ 70–80 ਬਾਰੇ ਚੁੱਪ ਰਹੀ ਹਰਿਆਣੇ ਵਿੱਚ ਕਾਂਗਰਸ ਦੀ ਜਿੱਤ ਪਿੱਛੋਂ ਉਥੋਂ ਦੀ ਸਰਕਾਰ ਨੇ ਤਾਂ ਚੁੱਪ ਧਾਰ ਹੀ ਲਈ ਸੀ। ਪਰ ਰਾਜਸਥਾਨ ਦੀ ਸਰਕਾਰ ਤੇ ਹਰਿਆਣਾ ਦੀ ਲੋਕ ਦਲ ਰਾਜਸਥਾਨ ਹਾਈਕੋਰਟ ਦੇ ਫੈਸਲੇ ਤੇ ਇੱਕ ਮੱਤ ਹੋ ਗਏ ਕੋਰਟਾਂ ਕੁਝ ਕਹਿਣ ਕੈਪਟਨ ਕੁਝ ਕਹੇ ਪਰ ਕੋਰਟਾਂ ਜਾਂ ਸੰਵਿਧਾਨਕ ਬਿਲਾਂ ਰਾਹੀਂ ਪਾਣੀਆਂ ਦਾ ਮਾਮਲਾ ਹੱਲ ਹੋਣ ਵਾਲਾ ਨਹੀਂ ਹੈ।

# ਕੀ ਗੁਲ ਖਿਲਾਵੇਗਾ ਦੂਜਾ ਹਰਾ ਇਨਕਲਾਬ?

ਭਾਰਤ ਦੇ ਪ੍ਰਧਾਨ ਮੰਤਰੀ ਨੇ ਇਸ ਸਾਲ ਜਨਵਰੀ ਵਿੱਚ ਪੇਂਡੂ ਜ਼ਰੱਈ ਖੇਤਰ ਵਿੱਚ ਦੂਜੇ ਹਰੇ ਇਨਕਲਾਬ ਦਾ ਨਾਅਰਾ ਦਿੱਤਾ ਹੈ, ਪਰ ਇਹ ਕਦਮ ਖੇਤੀ ਦਾ ਵਿਕਾਸ ਕਰਨ ਦੀ ਬਜਾਏ ਕਿਸਾਨ ਪਰਿਵਾਰਾਂ ਦੀ ਤਬਾਈ ਤੇ ਪੇਂਡੂ ਰੁਜ਼ਗਾਰ ਦੇ ਖਾਤਮੇ ਦਾ ਸਬੱਬ ਬਣੇਗਾ। ਹੈਦਰਾਬਾਦ ਵਿੱਚ 93ਵੀਂ ਭਾਰਤੀ ਵਿਗਿਆਨ ਕਾਂਗਰਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਦੂਜੇ ਹਰੇ ਇਨਕਲਾਬ ਦਾ ਨਾਅਰਾ ਦਿੱਤਾ। ਇਸ ਹਰੇ ਇਨਕਲਾਬ ਦਾ ਜ਼ੋਰ ਗੈਰ-ਅਨਾਜ, ਫਸਲਾਂ-ਫੁੱਲਾਂ ਤੇ ਫਲਾਂ ਦੀ ਪੈਦਾਵਾਰ ਵਧਾ ਕੇ ਖੇਤੀ ਤੇ ਪੇਂਡੂ ਬਾਜ਼ਾਰ ਦੇ ਵਿਆਪਕ ਬਦਲਾਅ ਤੇ ਉਸ ਨੂੰ ਜ਼ਿਆਦਾ ਊਰਜਾਵਾਨ ਬਣਾਉਣ 'ਤੇ ਰਹੇਗਾ। ਕੌਮੀ ਖੇਤੀ ਕਮਿਸ਼ਨ ਨੇ ਦੂਜੇ ਹਰੇ ਇਨਕਲਾਬ ਦੀ ਸ਼ੁਰੂਆਤ ਕਰਨ ਹਿੱਤ ਖੇਤੀ ਦੇ ਪੁਨਰਜੀਵਨ ਦਾ ਇੱਕ ਪ੍ਰੋਗਰਾਮ ਵੀ ਸੁਝਾਅ ਦਿੱਤਾ। ਇਹ ਰੌਚਕ ਹੈ ਕਿ ਇਸ ਮੰਚ ਤੋਂ ਇਸ ਦਿਨ ਕੇਂਦਰੀ ਵਿਗਿਆਨ ਮੰਤਰੀ ਕਪਿਲ ਸਿੱਬਲ ਨੇ ਵਿਸ਼ਵੀਕਰਨ ਦੀ ਨੀਤੀ ਨੂੰ ਕਿਸਾਨਾਂ ਦੀ ਮੁੱਖ ਸਮੱਸਿਆਵਾਂ ਦੱਸਿਆ, ਕਿਉਂਕਿ ਇਸ ਦੇ ਚਲਦਿਆਂ ਉਨ੍ਹਾਂ ਨੂੰ ਆਪਣੀ ਬਰਾਮਦ ਦਾ ਸਹੀ ਮੁੱਲ ਨਹੀਂ ਮਿਲ ਰਿਹਾ ਹੈ। ਸ੍ਰੀ ਸਿੱਬਲ ਨੇ ਠੀਕ ਹੀ ਕਿਹਾ ਕਿ ਵਿਸ਼ਵੀਕਰਨ ਵੱਡੀਆਂ ਆਰਥਿਕ ਸ਼ਕਤੀਆਂ ਵੱਲੋਂ ਕੌਮੀ ਰਾਖਵੇਂਕਰਨ ਨੂੰ ਹਟਾ ਕੇ ਆਪਣਾ ਪ੍ਰਭੂਤਵ ਜਮਾਉਣ ਤੇ ਆਪਣੇ ਫਾਇਦੇ ਦੇ ਲਈ ਵਿਸਥਾਰ ਕਰਨ ਦਾ ਹੀ ਇੱਕ ਔਜ਼ਾਰ ਹੈ।

ਸੰਸਾਰ ਦੇ ਬਾਜ਼ਾਰ 'ਤੇ ਕਬਜ਼ਾ ਕਰਨਾ ਲੋਚਦੀਆਂ ਦਿਉਕੱਦ, ਬਹੁਕੌਮੀ ਕੰਪਨੀਆਂ ਲਈ ਇਹ ਨਵਾਂ ਵਿਸ਼ਵੀ ਮਾਡਲ ਬਹੁਤ ਅਨੁਕੂਲ ਹੈ। ਡਬਲਿਯੂ. ਟੀ. ਓ. ਦੇ ਸਿੱਟੇ ਵਜੋਂ ਭਾਰਤੀ ਕਿਸਾਨ ਕੌਮਾਂਤਰੀ ਬਾਜ਼ਾਰ ਵਿੱਚ ਆਪਣੀ ਦਰਾਮਦ ਦਾ ਸਹੀ ਮੁੱਲ ਹਾਸਲ ਕਰਨ ਵਿੱਚ ਅਸਫਲ ਰਹਿੰਦੇ ਹਨ ਕਿਉਂਕਿ ਉਥੇ ਬਹੁ ਕੌਮੀ ਕੰਪਨੀਆਂ ਮੁਲਾਂ 'ਤੇ ਕਾਫ਼ੀ ਦਬਾਅ ਬਣਾਈ ਰੱਖਦੀਆਂ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਖਾਦ, ਤੇਲਾਂ ਦੇ ਮਾਮਲੇ ਵਿੱਚ ਅਸੀਂ ਟੈਕਨੋਲੌਜੀ ਮਿਸ਼ਨ ਦੇ ਤਹਿਤ ਆਤਮ ਨਿਰਭਰਤਾ ਹਾਸਲ ਕਰ ਲਈ ਸੀ ਜਿਸ ਵਿੱਚ ਸਸਤੇ ਖਾਦ ਤੇਲ ਦੀ ਦਰਾਮਦ ਨੇ ਗੜਬੜ ਕਰ ਦਿੱਤੀ। ਸ੍ਰੀ ਸਿੱਬਲ ਨੂੰ ਵਧਾਈ ਦੇਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਸੱਚਾਈ ਕਬੂਲ ਕਰਨ ਤੇ ਮੌਜੂਦਾ ਜ਼ੱਰਈ ਸੰਕਟ ਦਾ ਸਪੱਸ਼ਟ ਵਿਸ਼ਲੇਸ਼ਣ ਕਰਨ ਦੀ ਹਿੰਮਤ ਕੀਤੀ, ਪਰ ਕੀ ਕਪਿਲ ਸਿੱਬਲ ਦੀ ਇਸ ਗੱਲ ਨਾਲ ਪ੍ਰਧਾਨ ਮੰਤਰੀ, ਵਿੱਤ ਮੰਤਰੀ, ਖੇਤੀ ਮੰਤਰੀ ਨੇ ਯੋਜਨਾ ਕਮਿਸ਼ਨ ਦੇ ਚੇਅਰਮੈਨ ਸਹਿਮਤ ਹੋਣਗੇ?

ਦੂਜੇ ਹਰੇ ਇਨਕਲਾਬ ਦਾ ਪੂਰਾ ਬਲਿਊ ਪ੍ਰਿੰਟ ਭਾਰਤੀ ਖੇਤੀ ਦੇ ਹੋਰ ਵੱਧ ਵਿਸ਼ਵੀਕਰਨ ਤੇ ਖੇਤੀ ਧੰਦੇ ਦੀਆਂ ਦਿਉਕੱਦ ਬਹੁਕੌਮੀ ਕੰਪਨੀਆਂ ਨੂੰ ਖੁੱਲ੍ਹਾ ਸੱਦਾ ਹੈ। ਦੂਜੇ ਹਰੇ ਇਨਕਲਾਬ ਦੇ ਦੌਰ ਵਿੱਚ ਇਹਨਾਂ ਬਹੁਕੌਮੀ ਕੰਪਨੀਆਂ ਕਿਸਾਨੀ ਦੀਆਂ ਨੀਤੀ-ਨਿਰਧਾਰਿਤ ਹੋਣਗੀਆਂ। ਮੌਨਸੈਂਟੋ ਦੀ ਬੀ. ਟੀ. ਕਾਟਨ, ਆਂਧਰਾ ਪ੍ਰਦੇਸ਼ ਦੇ ਵਿਦਰਭ ਵਿੱਚ ਪਹਿਲਾਂ ਹੀ ਤਬਾਹੀ ਮਚਾ ਰਹੀਆਂ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਰਾਜ ਦੀਆਂ ਰਾਜ ਸਰਕਾਰਾਂ ਤੇ ਕਾਨੂੰਨੀ ਸੰਸਥਾਵਾਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਬੇਵੱਸ ਮਹਿਸੂਸ ਕਰ ਰਹੀਆਂ ਹਨ, ਤੇ ਚੁਪ ਚੁਪ ਮੌਨਸੈਂਟੋ ਤੇ ਹੋਰ ਬਹੁਕੌਮੀ ਸਾਮਰਾਜੀ

ਕੰਪਨੀਆਂ ਦੇ ਇਸ ਨੰਗੇ ਚਿੱਟੇ ਜ਼ਬਰ ਨੂੰ ਦੇਖ ਰਹੀਆਂ ਹਨ ਜੋ ਉਨ੍ਹਾਂ ਨੇ ਦੇਸ਼ ਦੇ ਗਰੀਬ ਕਿਸਾਨ ਦੇ ਖਿਲਾਫ਼ ਵਿਢਿਆ ਹੋਇਆ ਹੈ।

ਦੂਜੇ ਹਰੇ ਇਨਕਲਾਬ ਦਾ ਵਿਚਾਰ ਨਵੀਆਂ ਬੋਤਲਾਂ ਵਿੱਚ ਭਰੀ ਪੁਰਾਣੀ ਸ਼ਰਾਬ ਹੀ ਹੈ। ਇਹ ਕਿਸਾਨਾਂ ਦੀ ਰੋਟੀ ਰੋਜ਼ੀ ਨੂੰ ਵੱਡੀ ਪੱਧਰ 'ਤੇ ਰਕਮ ਕਰ ਦੇਵੇਗਾ ਤੇ ਉਨ੍ਹਾਂ ਦੇ ਪਰਿਵਾਰਕ ਖੇਤਾਂ ਨੂੰ ਨਸ਼ਟ ਕਰ ਦੇਵੇਗਾ, ਉਹ ਵੀ ਵੱਡੀ 'ਉੱਚ ਕੁਸ਼ਲਤਾ' ਦੇ ਨਾਲ ਕੇਵਲ ਕਿਸਾਨਾਂ ਦੀ ਹੀ ਨਹੀਂ ਬਲਕਿ ਪੂਰੇ ਪੇਂਡੂ ਭਾਰਤ ਦੀ ਲੁੱਟ ਤੇ ਤਬਾਹੀ ਦਾ ਬਲਿਊ ਪ੍ਰਿੰਟ ਹੈ ਇਹ ਦੂਜੇ ਹਰੇ ਇਨਕਲਾਬ ਦਾ ਇਹ ਨੁਸਖਾ। ਦੂਜੇ ਹਰੇ ਇਨਕਲਾਬ ਦਾ ਸਭ ਤੋਂ ਮਹੱਤਵਪੂਰਨ ਲੱਛਣ ਹੈ ਵੱਡੇ ਪੈਮਾਨੇ 'ਤੇ ਸਨਅਤੀ ਖੇਤੀ ਲਈ ਆਧਾਰ ਤਿਆਰ ਕਰਨਾ ਤੇ ਮੋਨਸੈਂਟੋ, ਸਿਨਜੇਂਟਾ ਤੇ ਕਾਰਗਿਲ ਵਰਗੀਆਂ ਬਹੁਕੌਮੀ ਕੰਪਨੀਆਂ ਦੇ ਹੱਥ ਵਿੱਚ ਭਾਰਤੀ ਖੇਤੀ ਨੂੰ ਅੰਤਿਮ ਤੌਰ 'ਤੇ ਸੌਂਪ ਦੇਣਾ। ਅਜਿਹਾ ਕਰਨ ਲਈ ਸਭ ਤੋਂ ਪਹਿਲਾਂ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ (ਮੀਂਹ 'ਤੇ ਨਿਰਭਰ) ਖੇਤਾਂ ਦੇ ਵੱਡੇ ਹਿੱਸੇ ਨੂੰ ਵਿਨਾਸ਼ਕਾਰੀ ਰੂਪ ਨਾਲ ਸੰਕਟ ਗ੍ਰਸਤ ਬਣਾ ਕੇ ਉਥੇ ਜ਼ੱਰਈ ਸੰਕਟ ਪੈਦਾ ਕਰਨਾ ਤੇ ਫਿਰ ਪੂਰੇ ਖੇਤੀ ਖੇਤਰ ਨੂੰ ਬਿਮਾਰ ਤੇ ਅਸੰਭਵ ਐਲਾਨ ਦੇਣਾ, ਜਿਸ ਨਾਲ ਇਨ੍ਹਾਂ ਜ਼ਮੀਨਾਂ ਨੂੰ ਐਗਰੀਬਿਜਨਸ ਦੀਆਂ ਵੱਡੀ ਕੰਪਨੀਆਂ ਤੇ ਬਹੁਕੌਮੀ ਕੰਪਨੀਆਂ ਨੂੰ ਉਦਯੋਗਿਕ ਖੇਤੀ ਲਈ ਨਿਲਾਮ ਕੀਤਾ ਜਾ ਸਕੇ।

ਪਹਿਲਾ ਹਰੇ ਇਨਕਲਾਬ ਤੇ ਫਿਰ ਡਬਲਿਊ. ਟੀ. ਓ. ਸੰਚਾਲਿਤ ਵਪਾਰਕ ਖੇਤੀ ਤਾਂ ਕੁਝ ਖੇਤਰ ਤੱਕ ਹੀ ਸੀਮਤ ਸੀ ਫਿਰ ਉਨ੍ਹਾਂ ਵੱਲੋਂ ਠੋਸੇ ਗਏ ਗੈਰ ਟਿਕਾਓ ਤੇ ਘਾਟੇ ਦੇ ਮਾਡਲ ਨੇ ਵੱਡੇ ਪੈਮਾਨੇ 'ਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕਰ ਦਿੱਤਾ ਜਾਂ ਆਤਮ ਹੱਤਿਆ ਲਈ ਮਜਬੂਰ ਕੀਤਾ। ਪੂਰੇ ਖੇਤੀ ਨੂੰ ਬਿਮਾਰ, ਅਸੰਭਵ ਤੇ ਘਾਟੇ ਦੇ ਖੇਤਰ ਐਲਾਨਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਬਚੀ ਹੋਈ 60% ਵਰਖਾ ਅਧਾਰਤ ਖੇਤੀ ਨੂੰ ਵੀ ਅਪਾਹਜ ਬਣਾ ਦਿੱਤਾ ਜਾਵੇ ਤਾਂ ਫਿਰ ਇਹ ਆਸਾਨ ਹੋਵੇਗਾ ਕਿ ਇਨ੍ਹਾਂ ਜ਼ਮੀਨਾਂ ਨੂੰ 'ਕਾਰਜਕੁਸ਼ਲ ਖੇਤੀ' 'ਆਰਥਕ ਵਾਧੇ' ਤੇ ਉੱਚ ਪੱਧਰੀ ਅਰਥਚਾਰੇ ਵਰਗੀਆਂ ਧਾਰਨਾਵਾਂ ਦੇ ਤਰਕ ਦੇ ਕੇ ਵਿਸ਼ਾਲ ਖੇਤੀ ਬਹੁਕੌਮੀ ਕੰਪਨੀਆਂ ਨੂੰ ਸੌਂਪ ਦਿੱਤੀ ਜਾਵੇ। ਇਸ ਦੂਜੇ ਹਰੇ ਇਨਕਲਾਬ ਦੇ ਦੌਰ ਵਿੱਚ ਆਂਧਰਾ ਪ੍ਰਦੇਸ਼ ਤੇ ਵਿਦਰਭ ਦੇ ਖੇਤੀ ਸੰਕਟ ਪੂਰੇ ਦੇਸ਼ ਵਿੱਚ ਦੁਹਰਾਏ ਜਾਣਗੇ ਅਤੇ ਜ਼ਿਆਦਾਤਰ ਕਿਸਾਨਾਂ ਦੇ ਸਾਹਮਣੇ ਆਤਮਹੱਤਿਆ ਕਰਨ ਤੋਂ ਇਲਾਵਾ ਕੋਈ ਰਾਹ ਨਹੀਂ ਬਚੇਗਾ। ਇਸ ਸਮੇਂ ਤਾਂ ਵਿਦਰਭ ਵਿੱਚ ਦੋਰਲਾ ਤੇ ਪੰਜਾਬ ਦੇ ਕੁਝ ਪਿੰਡ ਵੀ ਵਿਕਾਊ ਹਨ।

ਦੂਜਾ ਹਰਾ ਇਨਕਲਾਬ ਪੂਰੇ ਭਾਰਤ ਨੂੰ ਵਿਕਾਊ ਬਣਾ ਦੇਵੇਗਾ। ਭਾਰਤ ਨਿਰਮਾਣ ਪ੍ਰਯੋਜਨਾ ਪੂਰੇ ਪੇਂਡੂ ਭਾਰਤ ਨੂੰ ਬਹੁਕੌਮੀ ਕੰਪਨੀਆਂ ਲਈ ਵਿਸ਼ਾਲ ਬਾਜ਼ਾਰ ਬਣਾਉਣ ਤੇ ਗਰੀਬ ਕਿਸਾਨਾਂ ਨੂੰ ਉਨ੍ਹਾਂ ਦੀਆਂ ਵਸਤਾਂ ਦੇ ਖਪਤਕਾਰਾਂ 'ਚ ਤਬਦੀਲ ਕਰਨ ਲਈ ਹੀ ਸ਼ੁਰੂ ਕੀਤੀ ਗਈ ਹੈ। 'ਮਾਰਕੀਟ' ਤੇ 'ਤਕਨੀਕ' ਦੀ ਓਵਰਡੋਜ਼– ਦੂਜੇ ਹਰੇ ਇਨਕਲਾਬ ਦਾ ਰੱਥ 'ਮਾਰਕੀਟ' ਤੇ 'ਤਕਨੀਕ' ਨਾਂ ਦੇ ਦੋ ਦੈਂਤਾਂ ਵੱਲੋਂ ਖਿੱਚਿਆ ਜਾਵੇਗਾ। ਰਵਾਇਤੀ, ਸੰਭਵ ਤੇ ਟਿਕਾਊ ਖੇਤੀ ਪ੍ਰਬੰਧ ਨੂੰ ਬਿਮਾਰ ਤੇ ਅਸੰਭਵ ਬਣਾਉਣ ਲਈ 'ਮਾਰਕੀਟ' ਤੇ 'ਤਕਨੀਕ' ਦੋ ਪ੍ਰਭਾਵੀ ਹਥਿਆਰ ਹਨ।

'ਮਾਰਕੀਟ' ਤੇ 'ਤਕਨੀਕ' ਦੀ ਘਾਟ ਸਮੱਸਿਆ ਦਾ ਹਿੱਸਾ ਹੈ ਜਾਂ ਅਸੰਭਵ ਹੱਲ? ਇਹ ਦੋਨੋਂ ਹਨ। ਇਨ੍ਹਾਂ ਦੀ ਘਾਟ ਕਿਸਾਨਾਂ ਲਈ ਤਾਂ ਹੱਲ ਹੈ, ਪਰ ਬਹੁਕੌਮੀ (ਸਾਮਰਾਜੀ) ਕੰਪਨੀਆਂ ਲਈ ਸਮੱਸਿਆ ਹੈ। ਜੇ ਕਿਸਾਨ ਕੰਪਨੀਆਂ ਦੇ ਪ੍ਰਮਾਣਿਤ ਬੀਜ, ਕੀਟਨਾਸ਼ਕ ਤੇ ਖਾਦਾਂ ਨਾ ਖਰੀਦਣ ਤਾਂ ਖੇਤੀ ਬਹੁਕੌਮੀ ਸਾਮਰਾਜੀ ਕੰਪਨੀਆਂ ਦਾ ਕੀ ਬਣੂੰ? ਉਨ੍ਹਾਂ ਦੇ ਸਾਹਮਣੇ ਆਪਣੀ ਦੁਕਾਨ ਤੇ ਫੈਕਟਰੀਆਂ ਬੰਦ ਕਰਨ ਤੋਂ ਇਲਾਵਾ ਕੋਈ ਰਾਹ ਨਹੀਂ ਬਚਣਾ। ਇਸ ਤਰ੍ਹਾਂ ਨਾਲ 'ਮਾਰਕੀਟ' ਤੇ 'ਤਕਨੀਕ' ਬਹੁਕੌਮੀ ਕੰਪਨੀਆਂ, ਖੇਤੀ ਵਪਾਰ ਤੇ ਇਨ੍ਹਾਂ 'ਤੇ ਨਿਰਭਰ ਲੋਕਾਂ ਲਈ ਤਾਂ ਆਕਸੀਜਨ ਹੈ। ਪਰ ਗਰੀਬ ਕਿਸਾਨਾਂ ਲਈ 'ਮਾਰਕੀਟ' ਤੇ 'ਤਕਨੀਕ' ਇੱਕ ਸਮੱਸਿਆ ਹੈ।

ਖੇਤੀ ਸੰਕਟ ਤੇ ਕਿਸਾਨਾਂ ਵੱਲੋਂ ਆਤਮਹੱਤਿਆ ਦਾ ਮਾਮਲਾ 'ਮਾਰਕੀਟ' ਤੇ 'ਤਕਨੀਕ' ਨਾਲ ਸਿੱਧਾ ਜੁੱਟਿਆ ਹੋਇਐ। ਕੀ ਤੁਸੀਂ ਕਦੀ ਬਿਹਾਰ, ਉੜੀਸਾ, ਪੂਰਬੀ ਉੱਤਰ ਪ੍ਰਦੇਸ਼, ਬੁੰਦੇਲਖੰਡ ਤੇ ਉੱਤਰ ਪੂਰਬ ਦੇ ਪਛੜੇ ਇਲਾਕਿਆਂ 'ਚ ਕਿਸਾਨਾਂ ਵੱਲੋਂ ਆਤਮ ਹੱਤਿਆਵਾਂ ਬਾਰੇ ਸੁਣਿਆ ਹੈ? ਇੱਥੇ ਮਾਰਕੀਟ ਤੇ ਤਕਨਾਲੋਜੀ ਦੋਨੋਂ ਹੀ ਮੁਹੱਈਆ ਨਹੀਂ ਹਨ। ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਕੇਰਲ, ਕਰਨਾਟਕ ਤੇ ਪੰਜਾਬ 'ਚ ਵੱਡੇ ਪੈਮਾਨੇ 'ਤੇ ਖੇਤੀ ਸੰਕਟ ਤੇ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦਾ ਮਾਮਲਾ ਇੱਥੇ 'ਮਾਰਕੀਟ' ਤੇ 'ਤਕਨੀਕ' ਦੀ ਉਪਲੱਬਧਾ ਨਾਲ ਵੱਡੇ ਪੈਮਾਨੇ 'ਤੇ ਜੁੜਿਆ ਹੋਇਆ ਹੈ। ਜੇ 'ਮਾਰਕੀਟ' 'ਤਕਨੀਕ' ਦੀ ਓਵਰਡੋਜ਼ ਇਨ੍ਹਾਂ ਵਿਕਸਤ ਸੂਬਿਆਂ 'ਚ ਕਿਸਾਨਾਂ ਨੂੰ ਨਸ਼ਟ ਕਰ ਰਹੀ ਹੈ ਤਾਂ ਇਹ ਕਹਿਣਾ ਮੁਸ਼ਕਿਲ ਹੈ ਕਿ ਦੋਨੋਂ ਦੈਂਤ ਪਛੜੇ ਖੇਤੀ ਖੇਤਰਾਂ 'ਚ ਆਤਮਨਿਰਭਰਤਾ ਪੈਦਾ ਕਰਨਗੇ।

ਅਸਲ 'ਚ ਦੂਜਾ ਹਰਾ ਇਨਕਲਾਬ ਪਹਿਲੇ ਹਰੇ ਇਨਕਲਾਬ ਦੇ ਅਧੂਰੇ ਮਕਸਦ ਨੂੰ ਪੂਰਾ ਕਰਨ ਲਈ ਲਿਆਂਦਾ ਜਾ ਰਿਹੈ। ਅਰਥਾਤ ਟਿਕਾਊ ਤੇ ਆਤਮ ਨਿਰਭਰ ਪਰਿਵਾਰਕ ਖੇਤੀ ਨੂੰ ਨਸ਼ਟ ਕਰਕੇ ਉਨ੍ਹਾਂ ਨੂੰ ਵੱਡੇ ਪੈਮਾਨੇ 'ਤੇ ਖੇਤੀ ਬਹੁਕੌਮੀ ਕੰਪਨੀਆਂ ਨੂੰ ਸਨਅਤੀ ਖੇਤੀ ਲਈ ਸੌਂਪਣ ਦੀ ਤਿਆਰੀ ਕਰਨਾ। ਇਸ ਮਕਸਦ ਦੀ ਪੂਰਤੀ ਲਈ ਜ਼ਰੂਰੀ ਹੈ ਕਿ ਇਨ੍ਹਾਂ ਛੋਟੇ ਪਰਿਵਾਰਕ ਖੇਤਾਂ ਦੇ ਢਾਂਚੇ ਨੂੰ ਅਪਾਹਜ ਬਣਨ ਦਿੱਤਾ ਜਾਵੇ ਅਤੇ ਇਸ ਖੇਤੀ ਨੂੰ ਬਿਮਾਰ ਐਲਾਨ ਦਿੱਤਾ ਜਾਵੇ ਜਾਂ ਕਿਸਾਨਾਂ ਨੂੰ ਆਤਮਹੱਤਿਆ ਲਈ ਛੱਡ ਦਿੱਤਾ ਜਾਵੇ।

ਕੌਮੀ ਵਿਗਿਆਨ ਕਾਂਗਰਸ ਨੂੰ ਪ੍ਰਧਾਨ ਮੰਤਰੀ ਦਾ ਦੂਜੇ ਹਰੇ ਇਨਕਲਾਬ ਦਾ ਸੱਦਾ ਅਚਾਨਕ ਹੀ ਨਹੀਂ ਆਇਆ। ਜੇ ਤੁਹਾਡੇ ਪਾਸ ਖੇਤੀ ਸਮੱਸਿਆ ਦਾ ਕੋਈ ਹੱਲ ਹੀ ਨਹੀਂ ਹੈ ਤਾਂ ਵਿਗਿਆਨ ਤੇ ਤਕਨੀਕ ਦਾ ਜਾਦੂ ਦਾ ਡੰਡਾ ਘੁਮਾ ਦਿਓ। ਖੇਤੀ 'ਚ ਵਿਗਿਆਨ ਤੇ ਤਕਨੀਕ ਦਾ ਅਰਥ ਹੈ-ਸਰਟੀਫਾਈਡ ਕੰਪਨੀ ਦੇ ਬੀਜ ਪੈਸਟੀਸਾਈਡ ਤੇ ਰਸਾਇਣਕ ਖਾਦ ਤੇ ਖੇਤੀ ਮਸ਼ੀਨਰੀ, ਜੋ ਖੇਤੀ ਬਹੁਕੌਮੀ ਕੰਪਨੀਆਂ ਵੱਲੋਂ ਬਣਾਏ ਜਾਂਦੇ ਹਨ ਤੇ ਮਹਿੰਗੇ ਭਾਵਾਂ 'ਤੇ ਕਿਸਾਨਾਂ ਨੂੰ ਵੇਚੇ ਜਾਂਦੇ ਹਨ। ਮੌਨਸੈਂਟੋ ਬੀ. ਟੀ. ਕਾਟਨ ਦੇ ਬੀਜ ਦੇ 450 ਗਰਾਮ ਦੇ ਪੈਕਟ 'ਤੇ 1250 ਰੁਪਏ ਰਾਇਲਟੀ ਦੇ ਰੂਪ 'ਚ ਪੈਕਟ ਦੀ ਕੀਮਤ ਦੇ ਨਾਲ ਵਸੂਲ ਰਹੀ ਹੈ। ਇਹ ਦਿਨ ਦਿਹਾੜੇ ਲੁੱਟ ਹੈ, ਪਰ ਸਰਕਾਰਾਂ ਕੁਝ ਕਰਨ 'ਚ ਅਸਮਰਥ ਹਨ ਤੇ ਸਿਰਫ ਦਲਾਲੀ ਖਾ ਰਹੀਆਂ ਹਨ। ਦੂਜੇ ਹਰੇ ਇਨਕਲਾਬ ਦੇ ਇਸ ਮੰਤਰ ਨੂੰ ਸਾਧਾਰਨ ਸ਼ਬਦਾਂ 'ਚ ਜੇ ਦੇਖੀਏ ਤਾਂ ਇਹ ਇਨਕਲਾਬ ਬਹੁਕੌਮੀ ਕੰਪਨੀਆਂ ਦਾ, ਬਹੁਕੌਮੀ ਕੰਪਨੀਆਂ ਦੁਆਰਾ ਤੇ ਬਹੁਕੌਮੀ

ਕੰਪਨੀਆਂ (ਸਾਮਰਾਜੀਆਂ) ਲਈ ਹੋਵੇਗਾ।

ਜੇ ਦੂਜਾ ਹਰਾ ਇਨਕਲਾਬ ਛੋਟੇ ਤੇ ਦਰਮਿਆਨੇ ਕਿਸਾਨਾਂ ਵੱਲੋਂ ਕੀਤਾ ਜਾਣਾ ਹੁੰਦਾ ਤਾਂ ਇਸ ਦਾ ਸੱਦਾ ਕਿਸੇ ਕਿਸਾਨ ਮੰਚ ਤੋਂ ਹੋਣਾ ਚਾਹੀਦਾ ਸੀ, ਪਰ ਕਿਉਂਕਿ ਇਹ ਅਸਲ ਵਿੱਚ ਦਿਓਕੱਦ ਬਹੁਕੌਮੀ ਕੰਪਨੀਆਂ ਤੇ ਵਿਗਿਆਨ ਤੇ ਤਕਨੀਕ ਦੇ ਲਈ ਨਵਾਂ ਬਾਜ਼ਾਰ ਪੈਦਾ ਕਰਨ ਦੀ ਕਵਾਇਤ ਹੈ, ਇਹ ਵੀ ਛੋਟੇ ਦਰਮਿਆਨੇ ਕਿਸਾਨਾਂ ਦੇ ਜੀਵਨ ਤੇ ਰੋਟੀ-ਰੋਜ਼ੀ ਦੀ ਕੀਮਤ ’ਤੇ ਤਾਂ ਹੀ ਸਹੀ ਹੀ ਸੀ ਕਿ ਇਸ ਦਾ ਸੱਦਾ ਵਿਗਿਆਨ ਕਾਂਗਰਸ ਦੇ ਮੰਚ ਤੋਂ ਦਿੱਤਾ ਗਿਆ ਨਾ ਕਿ ਕਿਸਾਨ ਮੰਚ ਤੋਂ ਵਿਗਿਆਨੀਆਂ ਨੂੰ ਇੱਕ ਅਜਿਹੀ ਸਮੱਸਿਆ ਦਾ ਹੱਲ ਪੇਸ਼ ਕਰਨ ਲਈ ਕਹਿਣਾ, ਜੋ ਬੁਨਿਆਦੀ ਤੌਰ ’ਤੇ ਸਰਕਾਰੀ ਨੀਤੀਆਂ ਦੁਆਰਾ ਪੈਦਾ ਕੀਤੀ ਗਈ ਹੈ ਵੀ ਇੱਕ ਚਾਲ ਹੈ, ਚਲਾਕ ਰਣਨੀਤੀ ਹੈ ਖੇਤੀ ਲਈ ਸਿੰਚਾਈ ਤੇ ਦੇਸੀ ਖੋਜ ਵਰਗੀਆਂ ਬੁਨਿਆਦੀ ਸਹੂਲਤਾਂ ’ਚ ਪੂੰਜੀ ਨਿਵੇਸ਼ ਨਾ ਹੋਣਾ, ਯੋਜਨਾ ਆਯੋਗ, ਵਿੱਤੀ ਤੇ ਖੇਤੀ ਮੰਤਰਾਲਿਆਂ, ’ਚ ਬੈਠੇ ਨੌਕਰਸ਼ਾਹਾਂ ਕਾਰਨ ਵੀ ਹੋਇਆ ਹੈ, ਨਾ ਕਿ ਇਕੱਲਾ ਵਿਸ਼ਵ ਵਪਾਰ ਸੰਗਠਨ ਕਰਕੇ। ਦੂਜੇ ਪਾਸੇ ਅਮੀਰ ਦੇਸ਼ਾਂ ਵੱਲੋਂ ਸਸਤੇ ਅਨਾਜ ਦੀ ਦਰਾਮਦ, ਜੋ ਖੇਤੀ ਸੰਕਟ ਪਿੱਛੇ ਇੱਕ ਹੋਰ ਕਾਰਨ ਹੈ, ਦਾ ਤਕਨੀਕ ਨਾਲ ਕੋਈ ਰਿਸ਼ਤਾ ਨਹੀਂ ਹੈ ਦੂਜੇ ਹਰੇ ਇਨਕਲਾਬ ਦਾ ਨਾਅਰਾ ਹਰ ਕੁਝ ਨਹੀਂ, ਬਲਕਿ ਸਾਰੇ ਕਿਸਾਨਾਂ ਨੂੰ ਮੂਰਖ ਬਣਾਉਣ ਦੀ ਕੋਝੀ ਚਾਲ ਹੈ।

# ਕਿਹੜੇ ਲੋਕਾਂ ਲਈ ਹੋ ਰਿਹਾ ਹੈ ਵਿਕਾਸ?

ਇਹ ਸਵੈ-ਵਿਰੋਧਤਾ ਨਹੀਂ ਤਾਂ ਹੋਰ ਕੀ ਹੈ ਕਿ ਇੱਕ ਪਾਸੇ ਅਸੀਂ 9.5 ਫੀਸਦੀ ਦੀ ਵਿਕਾਸ ਦਰ ਦੇ ਨਾਲ ਅੱਗੇ ਵਧ ਰਹੇ ਹਾਂ ਤਾਂ ਦੂਜੇ ਪਾਸੇ ਦੇਸ਼ ਵਿੱਚ ਪਹਿਲੀ ਵਾਰ ਭੁੱਖੇ ਪੇਟ ਸੌਣ ਵਾਲਿਆਂ ਦੀ ਤਾਦਾਦ ਵਧ ਕੇ 32 ਕਰੋੜ ਤੱਕ ਪਹੁੰਚ ਗਈ ਹੈ। ਇਹ ਆਪਾ ਵਿਰੋਧ ਵੱਡੀ ਹੈਰਾਨਕੁੰਨ ਗੱਲ ਨਹੀਂ ਤਾਂ ਹੋਰ ਕੀ ਹੈ ਕਿ ਇੱਕ ਪਾਸੇ ਅਰਬਪਤੀਆਂ ਦੇ ਕਲੱਬ ਵਿੱਚ ਭਾਰਤੀਆਂ ਦੀ ਗਿਣਤੀ ਵਿੱਚ ਭਾਰੀ ਇਜ਼ਾਫਾ ਹੋ ਰਿਹਾ ਹੈ ਉੱਥੇ ਦੂਜੇ ਪਾਸੇ ਦੇਸ਼ ਦੇ ਪੇਂਡੂ ਖੇਤਰਾਂ ਵਿੱਚ 5 ਫੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਕੋਲ ਰੋਜ਼ਾਨਾ ਖਰਚ ਲਈ ਸਿਰਫ਼ ਸਾਢੇ ਸੱਤ ਰੁਪਏ ਹੁੰਦੇ ਹਨ ਜਿਸ ਨਾਲ ਉਹ ਸਹੀ ਤਰੀਕੇ ਨਾਲ ਇੱਕ ਵਾਰੀ ਦੀ ਰੋਟੀ ਤਾਂ ਕੀ ਢੰਗ ਨਾਲ ਨਾਸ਼ਤਾ ਵੀ ਨਹੀਂ ਕਰ ਸਕਦੇ।

ਦੇਸ਼ ਦੇ 36 ਅਰਬਪਤੀਆਂ ਦੇ ਕੋਲ ਦੇਸ਼ ਦੇ ਸਕਲ ਘਰੇਲੂ ਉਤਪਾਦ ਦਾ 21 ਫੀਸਦੀ ਹੈ। ਜਦਕਿ ਦੂਜੇ ਪਾਸੇ ਦੇਸ਼ ਦੇ 36 ਕਰੋੜ ਲੋਕ ਜੀ. ਡੀ. ਪੀ.ਦੇ ਸਿਰਫ਼ 3.5 ਫੀਸਦੀ 'ਤੇ ਹੀ ਆਪਣਾ ਗੁਜ਼ਾਰਾ ਕਰ ਰਹੇ ਹਨ। ਆਖਰ ਇਹ ਆਪਾ ਵਿਰੋਧ ਕੀ ਸਾਬਤ ਕਰਦੇ ਹਨ? ਅਖਬਾਰਾਂ ਤੇ ਟੀ. ਵੀ. ਚੈਨਲਾਂ 'ਚ ਦਿਨ ਰਾਤ ਭਾਰਤ ਦੇ ਆਰਥਿਕ ਮਹਾਂਸ਼ਕਤੀ ਬਣਨ ਦਾ ਜੋ ਢੰਡੋਰਾ ਪਿੱਟਿਆ ਜਾ ਰਿਹਾ ਹੈ ਅਤੇ ਜਿਸ ਨੂੰ ਚਮਚਮਾਉਂਦੇ ਵਿਕਾਸ ਦੀ ਵੰਨਗੀ ਨਾਲ ਸਹੀ ਸਾਬਤ ਕੀਤਾ ਜਾ ਰਿਹਾ ਹੈ ਕੀ ਉਸੇ ਭਾਰਤ ਦਾ ਇੱਕ ਵੱਡਾ ਹਿੱਸਾ ਬੇਹੱਦ ਕਰੂਪ ਤੇ ਬਦਰੰਗ ਨਹੀਂ ਹੁੰਦਾ ਜਾ ਰਿਹਾ?

ਸਾਲ 2006 ਵਿੱਚ ਦੁਨੀਆ ਦੇ ਰਿਟੇਲਰਸ ਦੀ ਗਿਣਤੀ ਨੇ ਭਾਰਤ ਨੂੰ ਉਹ ਦੇਸ਼ ਐਲਾਨਿਆ ਜਿੱਥੇ ਸਭ ਤੋਂ ਵੱਧ ਕਾਰਜਸ਼ਕਤੀ ਮੌਜੂਦ ਹੈ। ਇਹ ਕੋਈ ਹਵਾਈ ਅੰਕੜਾ ਵੀ ਨਹੀਂ ਹੈ। ਦੇਸ਼ ਵਿੱਚ 350 ਬਿਲਿਅਨ ਡਾਲਰ ਦੀ ਕਾਰਜ ਸ਼ਕਤੀ ਹੈ ਜੋ ਸ਼ਾਇਦ ਹੀ ਕਿਸੇ ਦੂਜੇ ਦੇਸ਼ ਵਿੱਚ ਹੋਵੇ। ਭਾਰਤ ਵਿੱਚ 19 ਤੋਂ 20 ਕਰੋੜ ਲੋਕ ਅਜਿਹੇ ਹਨ ਜੋ ਦੁਨੀਆ ਦੇ ਕਿਸੇ ਵੀ ਹਿੱਸੇ ਦੇ ਠੋਸ ਖਪਤਕਾਰਾਂ ਤੋਂ ਵੱਧ ਦਰਿਆਦਿਲੀ ਨਾਲ ਖਰਚ ਕਰਦੇ ਹਨ। ਪਰ ਇਸ ਵਿਸ਼ਾਲ ਦੇਸ਼ ਦੀ ਇੱਕ ਵੱਡੀ ਗੱਲ ਇਹ ਹੈ ਕਿ ਇੱਥੇ ਕਮਜ਼ੋਰ ਲੋਕਾਂ ਦੀ ਸੁਣਵਾਈ ਕਦੀ ਨਹੀਂ ਹੁੰਦੀ। 1947 ਤੋਂ ਪਿੱਛੋ ਦੇਸ਼ ਵਿੱਚ ਲਗਾਤਾਰ 'ਵਿਕਾਸ' ਹੋਇਆ ਹੈ ਪਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਜਦ ਭਾਰਤ ਦੀ ਵਿਕਾਸ ਦਰ ਸਿਰਫ ਸਾਢੇ ਤਿੰਨ ਫੀਸਦੀ 'ਤੇ ਕੇਂਦਰਿਤ ਸੀ ਤਦ ਗਰੀਬਾਂ ਦੀ ਇਸ ਹੱਦ ਤੱਕ ਦੁਰਗਤੀ ਨਹੀਂ ਸੀ।

ਅਜਿਹਾ ਨਹੀਂ ਸੀ ਕਿ ਉਦੋਂ ਗਰੀਬ ਨਹੀਂ ਸਨ। ਗਰੀਬ ਉਦੋਂ ਵੀ ਸਨ ਪਰ ਗਰੀਬੀ ਦੇ ਮਾਮਲੇ ਵਿੱਚ ਅਸੀਂ ਦੁਨੀਆ ਦੀ ਚੋਟੀ 'ਤੇ ਨਹੀਂ ਸਾਂ। ਦੇਸ਼ ਦਾ ਇੱਕ ਵੱਡਾ ਹਿੱਸਾ ਗਰੀਬ ਸੀ ਪਰ ਗਰੀਬੀ ਇਸ ਹੱਦ ਤੱਕ ਅਸਹਿ ਅਤੇ ਅਕਹਿ ਨਹੀਂ ਸੀ ਜਿੰਨੀ ਕਿ ਅੱਜ ਹੈ। ਅੱਜ ਭਾਰਤ ਵਿੱਚ ਦੁਨੀਆ ਦੇ 28.9 ਫੀਸਦੀ ਤੋਂ ਵੱਧ ਗਰੀਬ ਲੋਕ ਰਹਿ ਰਹੇ ਹਨ। ਇਹ ਸੰਸਾਰ ਬੈਂਕ ਦੀ ਤਾਜ਼ਾ ਰਿਪੋਰਟ ਦਾ ਮੰਨਣਾ ਹੈ। ਗਰੀਬੀ ਦੇ ਮਾਮਲੇ ਵਿੱਚ ਅਸੀਂ ਸਿਖਰ 'ਤੇ ਪਹੁੰਚ ਗਏ ਹਾਂ।

ਦੂਜੇ ਪਾਸੇ ਇਹ ਵੀ ਹਕੀਕਤ ਹੈ ਕਿ ਏਸ਼ੀਆ ਵਿੱਚ ਹੁਣ ਭਾਰਤ ਤੋਂ ਵੱਧ

ਅਰਬਪਤੀ ਕਿਸੇ ਵੀ ਦੂਜੇ ਦੇਸ਼ ਵਿੱਚ ਨਹੀਂ ਹਨ। ਫੋਰਬਸ ਮੈਗਜ਼ੀਨ ਵੱਲੋਂ ਹਰ ਸਾਲ ਜਾਰੀ ਕੀਤੀ ਜਾਣ ਵਾਲੀ ਅਰਬਪਤੀਆਂ ਦੀ ਸੂਚੀ ਵਿੱਚ ਅਸੀਂ ਇਸ ਸਾਲ ਜਪਾਨ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇੱਕ ਪਾਸੇ ਜਿੱਥੇ ਦੇਸ਼ ਵਿੱਚ 5 ਤੋਂ ਵੱਧ ਕੇ 36 ਅਰਬਪਤੀ ਹੋ ਗਏ ਹਨ। ਇਸੇ ਤਰ੍ਹਾਂ 14 ਕਰੋੜ ਤੋਂ ਵੱਧ ਕੇ 19 ਕਰੋੜ ਉੱਚ ਮੱਧਵਰਗ ਦੇ ਲੋਕ ਹੋ ਗਏ ਹਨ। ਦੂਜੇ ਪਾਸੇ ਪਿਛਲੇ ਕੁਝ ਸਾਲਾਂ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਗੁਜ਼ਾਰਾ ਕਰਨ ਵਾਲੇ 24 ਕਰੋੜ ਤੋਂ ਵੱਧ ਕੇ 33 ਕਰੋੜ ਤੱਕ ਪਹੁੰਚ ਗਏ ਹਨ।

ਹੈਰਾਨ ਕਰਨ ਵਾਲੀ ਹਕੀਕਤ ਇਹ ਹੈ ਕਿ ਏਨੀ ਵੱਡੀ ਗਿਣਤੀ ਵਿੱਚ ਇਹ ਗਰੀਬ ਪਿਛਲੇ ਇੱਕ ਦਹਾਕੇ ਦੌਰਾਨ ਵਧੇ, ਜਦ ਭਾਰਤੀ ਅਰਥਚਾਰੇ ਵਿੱਚ ਆਪਣੀ ਛਲਾਂਗ ਅਤੇ ਵਿਕਾਸ ਦੇ ਝੰਡੇ ਗੱਡ ਰਹੀ ਸੀ। ਹੈਰਾਨ ਕਰਨ ਵਾਲੀ ਇੱਕ ਸੱਚਾਈ ਇਹ ਵੀ ਹੈ ਕਿ ਅੱਜ ਦੇਸ਼ ਵਿੱਚ 34 ਕਰੋੜ ਤੋਂ ਵੱਧ ਲੋਕ ਅਜਿਹੇ ਹਨ ਜੋ ਗੁਜ਼ਾਰਾ ਤਾਂ ਕਰ ਰਹੇ ਹਨ ਪਰ ਪ੍ਰਤੀ ਦਿਨ ਆਪਣੀਆਂ ਜ਼ਰੂਰਤਾਂ ਲਈ ਸਿਰਫ਼ 13 ਰੁਪਏ ਖਰਚ ਕਰਨ ਦੀ ਹੀ ਹੈਸੀਅਤ ਰੱਖਦੇ ਹਨ। ਇਨ੍ਹਾਂ 13 ਰੁਪਿਆਂ ਵਿੱਚ ਰੋਟੀ ਵੀ ਖਾਣੀ ਹੈ। ਇਧਰ ਉਧਰ ਜਾਣਾ ਹੈ ਤੇ ਬਾਕੀ ਸਾਰੀਆਂ ਜ਼ਰੂਰਤਾਂ ਵੀ ਪੂਰੀਆਂ ਕਰਨੀਆਂ ਹਨ। ਇਸ ਲਈ ਇਹ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਇਹ ਲੋਕ ਕਿਸ ਤਰ੍ਹਾਂ ਦੀ ਜ਼ਿੰਦਗੀ ਜਿਉਂ ਰਹੇ ਹੋਣਗੇ।

ਦੁਨੀਆਂ ਵਿੱਚ ਅਮੀਰੀ ਤੇ ਗਰੀਬੀ ਹਮੇਸ਼ਾ ਸੀ ਜਦੋਂ ਤੋਂ ਦੁਨੀਆਂ ਹੋਂਦ ਵਿੱਚ ਆਈ। ਜਦੋਂ ਤੋਂ ਲੋਕਾਂ ਨੇ ਵਸਤਾਂ ਇਕੱਠੀਆਂ ਕਰਨੀਆਂ ਸ਼ੁਰੂ ਕੀਤੀਆਂ ਉਦੋਂ ਤੋਂ ਹੀ ਇਹ ਕਾਣੀ ਵੰਡ ਹੈ ਪਰ ਹਰ ਨਵੇਂ ਪ੍ਰਬੰਧ ਨੇ ਪਹਿਲੇ ਪ੍ਰਬੰਧ ਨੂੰ ਹੀ ਕਹਿ ਕੇ ਕੋਸਿਆ ਕਿ ਉਸ ਦੇ ਦੌਰ ਵਿੱਚ ਅਮੀਰੀ ਨਹੀਂ ਗਰੀਬੀ ਵਧੀ ਹੈ। ਸਮਾਜਵਾਦ ਦੀ ਸਭ ਤੋਂ ਵੱਧ ਆਲੋਚਨਾ ਇਸ ਗੱਲ ਨੂੰ ਲੈ ਕੇ ਕੀਤੀ ਗਈ। ਆਜ਼ਾਦ ਅਰਥਚਾਰੇ ਵਿੱਚ ਦਖ਼ਲਅੰਦਾਜ਼ੀ ਹੋਣੀ ਹੀ ਨਹੀਂ ਚਾਹੀਦੀ। ਬਲਕਿ ਉਸ ਨੂੰ ਅੱਗੇ ਵਧਾਉਣਾ ਚਾਹੀਦਾ ਹੈ। 1947 ਤੋਂ ਲੈ ਕੇ 1985 ਤੱਕ ਭਾਰਤ ਵਿੱਚ ਜੋ ਸਰਕਾਰਾਂ ਰਹੀਆਂ ਉਨ੍ਹਾਂ ’ਤੇ ਕਿਤੇ ਨਾ ਕਿਤੇ ਸਮਾਜਵਾਦ ਦਾ ਦਬਾਅ ਸੀ। ਪਿੱਠਭੂਮੀ ਵਿੱਚ ਹੀ ਸਹੀ, ਕਲਿਆਣਕਾਰੀ ਰਾਜ ਦੀ ਧਾਰਨਾ ਸਰਕਾਰਾਂ ਦੀਆਂ ਤਰਜੀਹਾਂ ਵਿੱਚ ਮੌਜੂਦ ਸੀ ਪਰ 1985 ਪਿਛੋਂ ਹੌਲੀ ਹੌਲੀ ਦ੍ਰਿਸ਼ ਬਦਲਦਾ ਗਿਆ।

1991 ਵਿੱਚ ਪੀ. ਵੀ. ਨਰਸਿਮਹਾ ਰਾਓ ਦੀ ਸਰਕਾਰ ਖੁੱਲ੍ਹੇ ਅਰਥਚਾਰੇ ਦੇ ਇੱਕ ਵੱਡੇ ਪ੍ਰਚਾਰ ਨਾਲ ਕੇਂਦਰ ਦੀ ਸੱਤਾ ਵਿੱਚ ਆਈ ਅਤੇ ਗੁਲਾਬੀ ਅਖਬਾਰਾਂ ਦੇ ਅਰਥਸ਼ਾਸਤਰੀਆਂ ਨੇ ਐਲਾਨ ਕੀਤਾ ਕਿ ਹੁਣ ਸਭ ਲਈ ਅੱਗੇ ਵਧਣ ਦੇ ਭਰਪੂਰ ਆਰਥਿਕ ਮੌਕੇ ਮੌਜੂਦ ਹੋਣਗੇ। ਜੇ ਅਰਥਚਾਰੇ ਦਾ ਆਧਾਰ ਸ਼ੇਅਰ ਬਾਜ਼ਾਰ ਦੀ ਉਛਾਲ, ਕੁਝ ਲੋਕਾਂ ਦੀਆਂ ਜੇਬਾਂ ਵਿੱਚ ਵਧੀ ਕਾਰਜਸ਼ਕਤੀ ਅਤੇ ਇੱਕ ਛੋਟੇ ਜਿਹੇ ਵਰਗ ਲਈ ਖ਼ੂਬ ਮੌਕਿਆਂ ਦੀ ਉਪਲਭਧਤਾ ਤੱਕ ਹੀ ਸੀਮਤ ਹੈ ਤਾਂ ਨਿਸ਼ਚੇ ਹੀ 1991 ਪਿੱਛੋਂ ਇਹ ਸਥਿਤੀ ਲਗਾਤਾਰ ਮਜ਼ਬੂਤ ਹੋਈ ਹੈ। ਪਰ ਜਿੱਥੋਂ ਤੱਕ ਇਹ ਵਿਕਾਸ ਦੀ ਕਸੌਟੀ ਵੱਡੇ ਪੈਮਾਨੇ ’ਤੇ ਲੋਕਾਂ ਦੀ ਗਰੀਬੀ ਜਾਂ ਉਨ੍ਹਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਨਾਲ ਕਰੀਏ ਤਾਂ ਇਹ ਉਮੀਦਾਂ ਨਾ ਸਿਰਫ ਟੁੱਟੀਆਂ ਬਲਕਿ ਹੋਰ ਡੂੰਘਾਈ ਤੱਕ ਪਹੁੰਚ ਗਈਆਂ ਹਨ।

ਪਿਛਲੇ ਡੇਢ ਦਹਾਕਿਆਂ ਵਿੱਚ ਭਾਰਤੀ ਅਰਥਚਾਰਾ ਲਗਾਤਾਰ 5 ਫੀਸਦੀ

ਤੋਂ ਉੱਪਰ ਵਿਕਾਸ ਦਰ ਨਾਲ ਅੱਗੇ ਵਧ ਰਿਹਾ ਹੈ ਪਰ ਇਨ੍ਹਾਂ ਦੀ ਡੇਢ ਦਹਾਕਿਆਂ ਵਿੱਚ ਵੱਡੇ ਪੈਮਾਨੇ 'ਤੇ ਛੋਟੇ ਕਿਸਾਨ ਬੇ-ਜ਼ਮੀਨੇ ਮਜ਼ਦੂਰ ਬਣ ਗਏ ਹਨ। ਹਜ਼ਾਰਾਂ ਦੀ ਗਿਣਤੀ ਵਿੱਚ ਛੋਟੇ ਲਘੂ ਉਦਯੋਗ ਬੰਦ ਹੋ ਗਏ ਹਨ। ਸੈਂਕੜੇ ਮਿੱਲਾਂ ਤੇ ਫੈਕਟਰੀਆਂ ਬੰਦ ਹੋ ਗਈਆਂ ਹਨ।

ਜਦ ਅਰਥਚਾਰਾ 3 ਜਾਂ 3.5 ਫੀਸਦੀ ਦੀ ਦਰ ਨਾਲ ਵਧ ਰਿਹਾ ਸੀ ਉਨ੍ਹਾਂ ਦਿਨਾਂ ਵਿੱਚ ਰੁਜ਼ਗਾਰ 2 ਤੋਂ 2.5 ਫੀਸਦੀ ਦੀ ਦਰ ਨਾਲ ਵਧ ਰਿਹਾ ਸੀ ਅੱਜ ਜਦ ਅਰਥਚਾਰਾ 9 ਤੋਂ 9.5 ਫੀਸਦੀ ਦੀ ਦਰ ਨਾਲ ਵਿਕਾਸ ਕਰ ਰਿਹਾ ਹੈ ਤਾਂ ਰੁਜ਼ਗਾਰ ਇੱਕ ਫੀਸਦੀ ਦੀ ਦਰ ਨਾਲ ਵੀ ਨਹੀਂ ਵਧ ਰਿਹਾ।

ਆਖਰ ਇਹ ਕਿਹੋ ਜਿਹਾ ਵਿਕਾਸ ਹੈ? ਆਖਰ ਇਹ ਕਿਹੋ ਜਿਹੀ ਆਤਮਨਿਰਭਰਤਾ ਹੈ? ਕੀ ਸਿਰਫ ਕੁਝ ਲੋਕਾਂ ਦੇ ਵਿਕਾਸ ਲਈ ਕੁਝ ਲੋਕਾਂ ਦੀ ਕਾਰਜਸ਼ਕਤੀ ਵਧਾਉਣ ਲਈ ਇਹ ਵਿਕਾਸ ਕੰਮ ਕਰ ਰਿਹਾ ਹੈ? ਹਕੀਕਤ ਇਹੀ ਹੈ, ਮੌਜੂਦਾ ਵਿਕਾਸ ਦੇ ਢਾਂਚੇ ਨੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਇਸ ਦੇ ਲਾਭਾਂ ਤੋਂ ਵਾਂਝਿਆ ਕੀਤਾ ਹੈ। ਅੱਜ ਦੇਸ਼ ਵਿੱਚ ਲੱਖਾਂ ਪ੍ਰੋਫੈਸ਼ਨਲਾਂ ਲਈ ਨੌਕਰੀਆਂ ਮੌਜੂਦ ਹਨ। ਦਰਜਨਾਂ ਅਜਿਹੇ ਖੇਤਰ ਹਨ ਜਿੱਥੇ ਲੱਭਣ 'ਤੇ ਵੀ ਕੁਸ਼ਲ-ਸਿੱਖਿਅਤ ਪ੍ਰੋਫੈਸ਼ਨਲ ਨਹੀਂ ਮਿਲ ਰਹੇ ਹਨ ਪਰ ਕਰੋੜਾਂ ਆਮ ਲੋਕਾਂ ਲਈ ਕੋਈ ਕੰਮ ਨਹੀਂ ਹੈ।

ਸਿਖਲਾਈ ਤੇ ਕੁਸ਼ਲਤਾ ਏਨੀ ਮਹਿੰਗੀ ਹੋ ਗਈ ਹੈ ਕਿ ਉਸ ਨੂੰ ਬੇਹੱਦ ਸੀਮਤ ਵਰਗ ਦੇ ਬੇਹੱਦ ਸੀਮਤ ਲੋਕ ਹੀ ਹਾਸਲ ਕਰ ਸਕਦੇ ਹਨ ਤੇ ਕਰ ਰਹੇ ਹਨ। ਇਸ ਲਈ ਕਹਿਣ ਨੂੰ ਤਾਂ ਮੌਕੇ ਮੌਜੂਦ ਹਨ ਪਰ ਹਕੀਕਤ ਇਹ ਹੈ ਕਿ ਵੱਡੇ ਪੈਮਾਨੇ 'ਤੇ ਆਮ ਲੋਕਾਂ ਲਈ ਕੋਈ ਮੌਕਾ ਹੀ ਨਹੀਂ ਹੈ। ਕੋਈ ਬਦਲ ਹੀ ਨਹੀਂ ਹੈ। ਇਹ ਬਿਨਾਂ ਕਿਸੇ ਕਾਰਨ ਦੇ ਨਹੀਂ ਕਿ ਜਦੋਂ ਤੋਂ ਦੇਸ਼ ਵਿੱਚ ਵਿਕਾਸ ਦਰ ਵਧੀ ਹੈ ਉਸ ਤੋਂ ਦੋ ਗੁਣਾਂ ਵੱਧ ਦੇਸ਼ ਵਿੱਚ ਆਤਮਹੱਤਿਆਵਾਂ ਅਤੇ ਅਪਰਾਧ ਵਧੇ ਹਨ। ਇਹ ਇਸ ਵਿਕਾਸ ਦੀ ਅਸਲੀਅਤ ਹੈ। ਇਸ ਲਈ ਜੋ ਲੋਕ ਫੋਰਬਸ ਦੀ ਸੂਚੀ ਲੈ ਕੇ ਹਿੰਦੁਸਤਾਨ ਨੂੰ ਮਹਾਂਸ਼ਕਤੀ ਐਲਾਨਣ 'ਤੇ ਤੁਲੇ ਹੋਏ ਹਨ ਉਨ੍ਹਾਂ 'ਤੇ ਤਰਸ ਹੀ ਖਾਧਾ ਜਾ ਸਕਦਾ ਹੈ।

# ਕੀ ਕਿਰਤ ਕਾਨੂੰਨਾਂ ਤੋਂ ਬਾਹਰ ਹਨ ਵਿਸ਼ੇਸ਼ ਆਰਥਿਕ ਖੇਤਰ?

ਵਿਸ਼ੇਸ਼ ਆਰਥਕ ਖੇਤਰ ਖਾਸ ਤੌਰ-ਤਰੀਕਿਆਂ ਤੋਂ ਨਿਰਧਾਰਤ ਅਜਿਹੇ ਵਿਸ਼ੇਸ਼ ਖੇਤਰ ਹਨ ਜੋ ਕਾਰੋਬਾਰੀ ਕੰਮਕਾਜ ਅਤੇ ਵਪਾਰਕ ਟੈਕਸਾਂ ਪੱਖੋਂ ਵਿਦੇਸ਼ੀ ਜਾਗੀਰ ਮੰਨੇ ਗਏ ਹਨ। ਵਿਸ਼ੇਸ਼ ਆਰਥਕ ਖੇਤਰਾਂ ਲਈ ਕਿਰਤ ਕਾਨੂੰਨ 'ਚ ਅਜਿਹੀਆਂ ਸੋਧਾਂ ਕੀਤੀਆਂ ਗਈਆਂ ਹਨ ਜਾਂ ਪ੍ਰਸਤਾਵਤ ਹਨ ਜਿਨ੍ਹਾਂ ਅਮਲ 'ਚ ਆਉਣ ਨਾਲ 'ਸੇਜ਼' 'ਚ ਦੇਸ਼ ਦੇ ਸਖਤ ਕਿਰਤ ਕਾਨੂੰਨ ਲਾਗੂ ਨਹੀਂ ਹੋ ਸਕਣਗੇ। ਕਿਰਤ ਕਾਨੂੰਨਾਂ ਨੂੰ ਸੌਖਾ ਤੇ ਲਚਕਦਾਰ ਬਣਾਏ ਜਾਣ ਦੇ ਨਾਲ-ਨਾਲ ਸੇਜ਼ ਨੂੰ ਵਾਤਾਵਰਣ ਸਬੰਧੀ ਕਾਨੂੰਨਾਂ ਤੋਂ ਮੁਕਤ ਕਰ ਦਿੱਤਾ ਗਿਆ ਹੈ ਅਤੇ ਟੈਕਸਾਂ ਆਦਿ 'ਚ ਵੀ ਭਾਰੀ ਛੋਟ ਦੇ ਦਿੱਤੀ ਗਈ ਹੈ। ਸੇਜ਼ ਦੀ ਸਥਾਪਨਾ ਦੇ ਮੱਦੇਨਜ਼ਰ ਕਿਰਤ ਕਾਨੂੰਨਾਂ 'ਚ ਕੀਤੇ ਗਏ ਜਾਂ ਸੰਭਾਵਤ ਬਦਲਾਅ ਅਤੇ ਆਂਧਰਾ ਪ੍ਰਦੇਸ਼, ਕਰਨਾਟਕ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਰਗੇ ਸੂਬਿਆਂ 'ਚ ਕਿਰਤ ਕਾਨੂੰਨਾਂ 'ਚ ਪ੍ਰਸਤਾਵਤ ਸੋਧਾਂ ਇਸ ਦੀ ਉਦਾਹਰਣ ਹਨ।

ਸਨਅਤੀ ਝਗੜਿਆਂ ਸਬੰਧੀ ਕਾਨੂੰਨ 1947 ਦੀ ਜਿਸ ਧਾਰਾ 'ਚ ਵਿਆਪਕ ਸੋਧ ਕੀਤੀ ਗਈ ਹੈ ਉਹ ਹੈ ਧਾਰਾ 2 (ਐੱਨ) ਇਸ ਜਨਤਕ ਵਰਤੋਂ ਦੇ ਸੇਵਾ ਪ੍ਰਭਾਸ਼ਿਤ ਕੀਤੀ ਗਈ ਹੈ। ਵਿਸ਼ੇਸ਼ ਆਰਥਕ ਖੇਤਰਾਂ 'ਚ ਸਥਾਪਤ ਕਾਰੋਬਾਰੀਆਂ ਨੂੰ ਜਨਤਕ ਵਰਤੋਂ ਦੀ ਸੇਵਾ ਦੇ ਦਾਇਰੇ 'ਚ ਲਿਆਉਣ ਦਾ ਮਤਲਬ ਹੈ ਕਿ ਸਨਅਤੀ ਵਿਵਾਦ ਕਾਨੂੰਨ ਦੀ ਧਾਰਾ 22 ਦੇ ਤਹਿਤ ਮਾਲਕਾਂ ਨੂੰ ਤਾਲਾਬੰਦੀ ਤੋਂ ਪਹਿਲਾਂ ਅਤੇ ਕਾਮਿਆਂ ਨੂੰ ਹੜਤਾਲ ਤੋਂ ਪਹਿਲਾਂ ਅਤੇ ਕਾਮਿਆਂ ਹੜਤਾਲ 14 ਦਿਨਾਂ ਦਾ ਪਹਿਲਾਂ ਨੋਟਿਸ ਦੇਣਾ ਪਵੇਗਾ। ਏਨਾ ਹੀ ਨਹੀਂ ਕਿਸੇ ਹੀਰੇ-ਜਵਾਹਰਾਤ ਦੀ ਇਕਾਈ ਨੂੰ ਜਨਤਕ ਵਰਤੋਂ ਦੀ ਸੇਵਾ ਮੰਨ ਲਿਆ ਗਿਆ ਹੈ। ਇਹ ਤਾਂ ਇੱਕ ਮਜ਼ਾਕ ਹੀ ਹੈ। ਅਜਿਹੇ 'ਚ ਜੇ ਕੋਈ ਸਨਅਤੀ ਯੂਨਿਟ ਜਨਤਕ ਵਰਤੋਂ ਦੀ ਸੇਵਾ ਨਹੀਂ ਹੈ ਤਾਂ ਸੇਜ਼ 'ਚ ਸਥਾਪਤ ਹੋ ਜਾਣ 'ਤੇ ਉਸ ਨੂੰ ਅਜਿਹਾ ਕਿਵੇਂ ਮੰਨਿਆ ਜਾ ਸਕਦਾ ਹੈ?

ਮਹਾਂਰਾਸ਼ਟਰ ਸਰਕਾਰ ਨੇ ਸਨਅਤੀ ਵਿਵਾਦ ਕਾਨੂੰਨ 'ਚ ਅਜਿਹੀ ਸੋਧ ਕੀਤੀ ਹੈ ਜਿਸ 'ਚ ਅਧਿਆਇ-5 ਦੇ ਪ੍ਰੋਵੀਜ਼ਨ ਸੇਜ਼ 'ਚ ਸਥਾਪਤ ਸਨਅਤਾਂ 'ਤੇ ਲਾਗੂ ਨਹੀਂ ਹੋਣਗੇ। ਇਸ ਪ੍ਰਸਤਾਵਿਤ ਸੋਧ ਦਾ ਸਿੱਟਾ ਹੋਵੇਗਾ:

* ਜੇ ਕੋਈ ਮਜ਼ਦੂਰ ਕੰਮ 'ਤੇ ਆਉਂਦਾ ਹੈ ਅਤੇ ਮਾਲਕ ਉਸ ਨੂੰ ਕੰਮ ਦੇਣ ਤੋਂ ਨਾਂਹ ਕਰ ਦਿੰਦਾ ਹੈ ਤਾਂ ਮਜ਼ਦੂਰ ਨੂੰ ਕੰਮ ਤੋਂ ਹਟਾਏ ਜਾਣ ਦਾ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ। ਛਾਂਟੀ ਲਈ ਕੋਈ ਅੰਤਿਮ ਨੋਟਿਸ ਜਾਂ ਮੁਆਵਜ਼ਾ ਦੇਣ ਦੀ ਕੋਈ ਵਿਵਸਥਾ ਨਹੀਂ ਹੋਵੇਗੀ।

* ਜੇ ਕੋਈ ਇਕਾਈ ਜਾਂ ਉਸ ਦਾ ਪ੍ਰਬੰਧ ਆਪਣਾ ਕਾਰੋਬਾਰ ਸੇਜ਼ ਤੋਂ ਹਟਾ ਦਿੰਦਾ ਹੈ ਤਾਂ ਕਰਮਚਾਰੀਆਂ ਨੂੰ ਕੋਈ ਮੁਆਵਜ਼ਾ ਨਹੀਂ ਦੇਣਾ ਪੈਣਾ।

* ਜੇ ਕੋਈ 100 ਤੋਂ ਘੱਟ ਕਾਮਿਆਂ ਵਾਲੀ ਇਕਾਈ ਬੰਦ ਹੁੰਦੀ ਹੈ ਤਾਂ

ਨਾ ਕੋਈ ਪਹਿਲਾਂ ਨੋਟਿਸ ਦੇਣ ਦੀ ਜ਼ਰੂਰਤ ਹੈ ਤੇ ਨਾ ਹੀ ਕਰਮਚਾਰੀ ਕਿਸੇ ਮੁਆਵਜ਼ੇ ਦਾ ਦਾਅਵਾ ਕਰ ਸਕਦੇ ਹਨ।

* ਜੇ ਮਜ਼ਦੂਰਾਂ ਦੀ ਦੁਬਾਰਾ ਭਰਤੀ ਹੁੰਦੀ ਮਾਲਕਾਂ ਉੱਪਰ ਅਜਿਹੀ ਕੋਈ ਸ਼ਰਤ ਲਾਗੂ ਨਹੀਂ ਹੋਣੀ ਕਿ ਹਟਾਏ ਗਏ ਪੁਰਾਣੇ ਕਰਮਚਾਰੀਆਂ ਨੂੰ ਨੌਕਰੀ 'ਚ ਪਹਿਲ ਦਿੱਤੀ ਜਾਵੇ।

ਹੋਰਨਾਂ ਸੂਬਿਆਂ ਦਾ ਵੀ ਪ੍ਰਸਤਾਵ ਹੈ ਕਿ ਸੇਜ਼ ਜਾਂ ਉਸ ਵਿੱਚ ਸਥਾਪਤ ਹੋਣ ਵਾਲਿਆਂ 300 ਮਜ਼ਦੂਰਾਂ ਤੋਂ ਘੱਟ ਵਾਲੀਆਂ ਇਕਾਈਆਂ ਨੂੰ ਸਨਅਤੀ ਡਿਸਪਿਊਟ ਐਕਟ ਦੇ ਅਧਿਆਇ 5-ਬੀ ਦੇ ਪ੍ਰਾਵਧਾਨਾ ਤੋਂ ਮੁਕਤ ਰੱਖਿਆ ਜਾਵੇ। ਅਧਿਆਇ-5 ਬੀ ਦੇ ਤਹਿਤ 100 ਤੋਂ ਵੱਧ ਮਜ਼ਦੂਰਾਂ ਵਾਲੀ ਕਿਸੇ ਫੈਕਟਰੀ ਦੇ ਮਾਲਕ ਜਦ ਕਰਮਚਾਰੀਆਂ ਦੀ ਛਾਂਟੀ ਕਰਨ ਜਾਂ ਫੈਕਟਰੀ ਬੰਦ ਕਰਨਾ ਚਾਹੁੰਦੇ ਹੋਣ ਤਾਂ ਇਸ ਲਈ ਸੂਬਾਈ ਸਰਕਾਰ ਦੀ ਪਹਿਲਾਂ ਮਨਜ਼ੂਰੀ ਜ਼ਰੂਰੀ ਹੈ। ਇਸ ਸ਼ਰਤ ਦਾ ਖਾਤਮਾ ਕਰਨ ਦਾ ਮਤਲਬ ਹੋਵੇਗਾ ਕਿ ਮਾਲਕ ਮਨਮਰਜ਼ੀ ਨਾਲ ਜਦ ਚਾਹੇ ਤਦ ਫੈਕਟਰੀ ਬੰਦ ਕਰ ਦੇਵੇ ਜਾਂ ਕਰਮਚਾਰੀਆਂ ਦੀ ਛਾਂਟੀ ਕਰ ਦੇਵੇ।

ਮਜ਼ਦੂਰਾਂ ਦੇ ਹਿੱਤਾਂ ਦੇ ਖਿਲਾਫ਼ ਇੰਡਸਟੀਅਲ ਡਿਸਪਿਊਟ ਐਕਟ 'ਚ ਸਭ ਤੋਂ ਵੱਡੀ ਸੋਧ ਇਹ ਕੀਤੀ ਗਈ ਹੈ ਕਿ ਸੇਜ ਦੇ ਤਹਿਤ ਕਾਰਖਾਨਿਆਂ ਨੂੰ ਆਪਣੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ 'ਚ ਕਿਸੇ ਤਬਦੀਲੀ ਤੋਂ ਪਹਿਲਾਂ ਇਸ ਬਾਰੇ ਕਾਮਿਆਂ ਨੂੰ ਨੋਟਿਸ ਦੇਣ ਦੀ ਜ਼ਰੂਰਤ ਨਹੀਂ ਹੋਵੇਗੀ।

ਇਸ ਦਾ ਅਰਥ ਹੈ ਕਿ ਮਾਲਕਾਂ ਨੂੰ ਮਨਮਰਜ਼ੀ ਨਾਲ ਕਿਸੇ ਵੀ ਸਮੇਂ ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ 'ਚ ਇਕਤਰਫੇ ਬਦਲਾਅ ਦਾ ਅਧਿਕਾਰ ਮਿਲ ਗਿਆ ਹੈ ਅਤੇ ਮਜ਼ਦੂਰ ਬੇਵੱਸ ਤੇ ਨਿਤਾਣੇ ਹੋ ਗਏ ਹਨ। ਇਸ ਸੋਧ ਤੋਂ ਪਹਿਲਾਂ ਜੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ 'ਚ ਕੋਈ ਬਦਲਾਅ ਕਰਨਾ ਹੁੰਦਾ ਤਾਂ ਪਹਿਲਾਂ ਤਾਂ ਇਸ ਲਈ ਨੋਟਿਸ ਦਿੱਤਾ ਜਾਣਾ ਜ਼ਰੂਰੀ ਸੀ ਅਤੇ ਕਰਮਚਾਰੀਆਂ ਨੂੰ ਆਪਣੇ ਹਿੱਤਾਂ ਦੇ ਉਲਟ ਸੋਧ ਕਰਨ 'ਤੇ ਰੋਕ ਲਾਉਣ ਲਈ ਕਾਨੂੰਨੀ ਕਾਰਵਾਈ 'ਚ ਜਾਣ ਦਾ ਬਦਲ (ਵਿਕਲਪ) ਹੁੰਦਾ ਸੀ।

ਅਨੁਬੰਧਿਤ ਕਿਰਤ (ਨਿਯਮਤੇ ਉਨਮੂਲਨ) ਕਾਨੂੰਨ 1970 ਅਜਿਹਾ ਕਾਨੂੰਨ ਹੈ ਜਿਸ ਦੇ ਤਹਿਤ ਅਨੁਬੰਧ 'ਤੇ (ਠੇਕੇਦਾਰੀ ਦੇ ਤਹਿਤ) ਕੰਮ ਕਰਨ ਵਾਲੇ ਮਜ਼ਦੂਰ ਆਪਣੀਆਂ ਸੇਵਾਵਾਂ ਨੂੰ ਨਿਯਮਤ ਕਰਾਉਣ ਜਾਂ ਸੇਵਾ ਸ਼ਰਤ ਦੀ ਰਜ਼ਿਸਟਰੇਸ਼ਨ ਲਈ ਅਨੁਬੰਧਿਤ ਲੇਬਰ ਬੋਰਡ ਜਾਂ ਕਿਰਤ ਅਦਾਲਤਾਂ 'ਚ ਜਾ ਸਕਦੇ ਹਨ। ਉੱਤਰ ਪ੍ਰਦੇਸ਼ ਸਰਕਾਰ ਨੇ ਸੇਜ਼ ਦੀਆਂ ਇਕਾਈਆਂ ਨੂੰ ਅਨੁਬੰਧਿਤ ਕਿਰਤ (ਠੇਕਾ ਮਜ਼ਦੂਰੀ) (ਨਿਯਮ ਤੇ ਉਨਮੂਲਨ) ਕਾਨੂੰਨ ਦੇ ਪ੍ਰਾਵਧਾਨਾ ਤੋਂ ਛੋਟ ਦੇ ਦਿੱਤੀ ਹੈ, ਜਿਸ ਦਾ ਮਤਲਬ ਹੈ ਕਿ (ਪੂਰੇ ਰਾਜ ਸਮੇਤ ਦਿੱਲੀ ਦੇ ਸਟੇ) ਨੋਇਡਾ ਦੇ ਵਿਸ਼ੇਸ਼ ਆਰਥਕ ਖੇਤਰ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਕਿਰਤ ਕਾਨੂੰਨਾਂ ਦੇ ਤਹਿਤ ਕੋਈ ਰਿਆਇਤ ਨਹੀਂ ਮਿਲ ਸਕੇਗੀ। ਹੋਰ ਰਾਜਾਂ ਨੇ ਅਨੁਬੰਧਿਤ ਕਿਰਤ) ਨਿਯਮ ਤੇ ਉਨਮੂਲਨ) ਕਾਨੂੰਨ ਦੇ ਦਾਇਰੇ ਨੂੰ ਸੀਮਤ ਕਰ ਦਿੱਤਾ ਹੈ। ਯਾਨੀ ਕਿ ਸਾਫ ਸਫਾਈ ਅਤੇ ਕੈਂਟੀਨ ਵਰਗੀਆਂ ਸੇਵਾਵਾਂ ਨੂੰ ਅਸਬੰਧਤ ਸਰਗਰਮੀਆਂ ਜਿਸ ਦਾ ਸਨਅਤੀ ਇਕਾਈ ਦੇ ਮੁੱਖ ਕਾਰੋਬਾਰ ਨਾਲ ਸਿੱਧਾ ਸਬੰਧ ਨਹੀਂ ਹੈ, ਕਰਾਰ ਦੇ ਦਿੱਤਾ ਗਿਆ ਹੈ ਅਤੇ

ਅਨੁਬੰਧਿਤ ਮਜ਼ਦੂਰਾਂ ਦੀ ਮਨਾਹੀ ਸਿਰਫ ਸਨਅਤ ਨਾਲ ਸਿੱਧੀਆਂ ਜੁੜੀਆਂ ਸਰਗਰਮੀਆਂ ’ਤੇ ਹੀ ਲਾਗੂ ਹੁੰਦਾ ਹੈ। ਕੁਝ ਸੂਬਿਆਂ ਨੇ ਅਨੁਬੰਧਿਤ ਕਿਰਤ ਕਾਨੂੰਨ ਦੀ ਧਾਰਾ 31 ’ਚ ਸੋਧ ਦਾ ਪ੍ਰਸਤਾਵ ਕੀਤਾ ਹੈ। ਜਿਸ ਨਾਲ ਰਾਜ ਸਰਕਾਰਾਂ ਨੂੰ ਸੇਜ ਦੇ ਉਦਯੋਗਾਂ ਨੂੰ ਇਸ ਕਾਨੂੰਨ ਤੋਂ ਮੁਕਤ ਕਰਾਉਣ ਦਾ ਅਧਿਕਾਰ ਮਿਲ ਜਾਵੇਗਾ।

ਮਜ਼ਦੂਰ ਸੰਗਠਨ ਕਾਨੂੰਨ 1947 ’ਚ ਦੋ ਰਾਜਾਂ ਨੇ ਸੋਧਾਂ ਕੀਤੀਆਂ ਹਨ। ਜਿਸ ਦੇ ਤਹਿਤ ਬਾਹਰੀ ਵਿਅਕਤੀਆਂ ਨੂੰ ਮਜ਼ਦੂਰ ਸੰਗਠਨ ’ਚ ਕੋਈ ਅਹੁਦਾ ਦਿੱਤੇ ਜਾਣ ’ਤੇ ਪਾਬੰਦੀ ਲਾ ਦਿੱਤੀ ਹੈ। ਦੋ ਹੋਰ ਰਾਜਾਂ ਨੇ ਵੀ ਅਜਿਹੇ ਸੋਧ ਪ੍ਰਸਤਾਵ ਕੀਤੇ ਹਨ। ਬਾਹਰੀ ਵਿਅਕਤੀ ਨੂੰ ਮਜ਼ਦੂਰ ਸੰਗਠਨ ਦਾ ਅਹੁਦਾ ਹਾਸਲ ਕਰਨ ਤੋਂ ਵਾਂਝਿਆਂ ਕਰਨਾ ਕੌਮਾਂਤਰੀ ਕਿਰਤ ਕਾਨੂੰਨ ਦੇ ਐਲਾਨਨਾਮੇ ਦੀ ਉਲੰਘਣਾ ਹੈ, ਜਿਸ ਤਹਿਤ ਕੋਈ ਵੀ ਸਰਕਾਰ ਜਾਂ ਨਿੱਜੀ ਨਿਯੁਕਤ ਮਜ਼ਦੂਰਾਂ ਦੇ ਸੰਗਠਨ ਬਣਾਉਣ ਅਤੇ ਆਪਣੇ ਅਹੁਦੇਦਾਰ ਚੁਣਨ ਦੇ ਅਮਲ ’ਚ ਦਖ਼ਲ-ਅੰਦਾਜ਼ੀ ਨਹੀਂ ਕਰ ਸਕਦਾ ਹੈ। ਇਹ ਵਿਡੰਬਨਾ ਹੀ ਕਹੀ ਜਾਵੇਗੀ ਕਿ ਸੇਜ਼ ’ਚ ਕੰਮ ਕਰਨ ਦੇ ਵੱਡੇ ਵੱਡੇ ਵਪਾਰਕ ਘਰਾਣੇ ਅਜਿਹੇ ਲੋਕਾਂ ਨੂੰ ਆਪਣੇ ਨਿਰਦੇਸ਼ਕ ਮੰਡਲ ’ਚ ਸ਼ਾਮਲ ਕਰ ਸਕਦੇ ਹਨ ਜੋ ਸੇਜ ’ਚ ਸਥਿਤ ਕਿਸੇ ਕੰਪਨੀ ਦੇ ਅਧਿਕਾਰੀ ਨਹੀਂ ਹਨ। ਪਰ ਮਜ਼ਦੂਰਾਂ ’ਤੇ ਬਾਹਰੀ ਵਿਅਕਤੀ ਨੂੰ ਆਪਣੇ ਸੰਗਠਨ ਦਾ ਅਹੁਦੇਦਾਰ ਬਣਾਉਣ ’ਤੇ ਪਾਬੰਦੀ ਲਾ ਦਿੱਤੀ ਗਈ ਹੈ।

ਇਸ ਸੋਧ ਦਾ ਨਤੀਜਾ ਇਹ ਹੈ ਕਿ ਮਜ਼ਦੂਰ ਅੰਦੋਲਨ ਖਿੰਡ ਰਿਹਾ ਹੈ ਅਤੇ ਮਜ਼ਦੂਰਾਂ ਦੇ ਕਿਸੇ ਇੱਕ ਵੱਡੇ ਸੰਗਠਨ ਦੀ ਛਤਰੀ ਹੇਠ ਰਹਿਣ ਦੀ ਬਜਾਏ ਉਨ੍ਹਾਂ ਦੇ ਸੰਗਠਨ ਆਪਣੀਆਂ-ਆਪਣੀਆਂ ਕੰਪਨੀਆਂ ਤੱਕ ਸੀਮਤ ਹੋ ਕੇ ਰਹਿ ਗਏ ਹਨ। ਫੈਕਟਰੀ ਕਾਨੂੰਨ 1948 ’ਚ ਅਨੇਕਾਂ ਸੋਧਾਂ ਕੀਤੀਆਂ ਗਈਆਂ ਹਨ ਅਤੇ ਕਈ ਸੋਧਾਂ ਪ੍ਰਸਤਾਵਿਤ ਹਨ ਜਿਨ੍ਹਾਂ ਦਾ ਸਾਰ ਇਹ ਹੈ ਕਿ ਕਿਸੇ ਵੀ ਮਜ਼ਦੂਰ ਤੋਂ ਇੱਕ ਦਿਨ ਜਾਂ ਇੱਕ ਹਫ਼ਤੇ ’ਚ ਕਿੰਨਾ ਵੀ ਕੰਮ ਕਰਵਾਇਆ ਜਾ ਸਕਦਾ ਹੈ। ਮਜ਼ਦੂਰਾਂ ਨੂੰ ਸਮੇਂ ਸੀਮਾ ਤੋਂ ਵੱਧ ਕੰਮ ਕਰਨ ਦੇ ਬਦਲੇ ਵਾਧੂ ਭੱਤੇ ਦਾ ਦਾਅਵਾ ਕਰਨ ਦਾ ਅਧਿਕਾਰ ਨਹੀਂ ਹੈ। ਇਨ੍ਹਾਂ ਸੋਧਾਂ ਦੇ ਮੱਦੇਨਜ਼ਰ ਘੱਟੋ-ਘੱਟ ਤਨਖਾਹ ਕਾਨੂੰਨ 1948 ’ਚ ਤਬਦੀਲੀਆਂ ਕੀਤੀਆਂ ਗਈਆਂ ਹਨ ਜਿਸ ਦੇ ਤਹਿਤ ਸਰਕਾਰ ਨੂੰ ਕਾਰਜ ਦਿਨ ਦੇ ਘੱਟੋ-ਘੱਟ ਘੰਟੇ ਨਿਰਧਾਰਤ ਕਰਨ ਦਾ ਅਧਿਕਾਰ ਨਹੀਂ ਹੋਵੇਗਾ। ਹਫਤਾਵਾਰੀ ਛੁੱਟੀ ਦੇਣ ਦੀ ਕੋਈ ਗਰੰਟੀ ਨਹੀਂ ਹੋਵੇਗੀ। ਪੂਰਾ ਹਫਤਾ ਭਾਵ ਪੂਰੇ ਸੱਤ ਦਿਨ ਹੀ ਕੰਮ ਦੇ ਦਿਨ ਹੋ ਸਕਦੇ ਹਨ।

ਸੇਜ਼ ਨੂੰ ਘੱਟੋ ਘੱਟ ਮਜ਼ਦੂਰੀ ਦੀ ਧਾਰਾ 18 ਤੋਂ ਛੋਟ ਦੇ ਦਿੱਤੀ ਗਈ ਹੈ ਜਿਸ ਦਾ ਮਤਲਬ ਹੈ ਕਿ ਸੇਜ਼ ਸਥਿਤ ਕੰਪਨੀਆਂ ਦੇ ਮਾਲਕਾਂ ਨੂੰ ਆਪਣੇ ਕਰਮਚਾਰੀਆਂ ਦੀਆਂ ਗਿਣਤੀਆਂ, ਉਨ੍ਹਾਂ ਦੇ ਕੰਮ ਕਰਨ ਦੇ ਘੰਟੇ ਤੇ ਉਨ੍ਹਾਂ ਦੀ ਘੱਟੋ ਘੱਟ ਤਨਖਾਹ ਦਾ ਲੇਖਾ-ਜੋਖਾ ਰੱਖਣ ਦੀ ਕੋਈ ਮਜ਼ਬੂਰੀ ਨਹੀਂ ਰਹੀ। ਇਸ ਸੋਧ ਪਿਛੋਂ ਜੇ ਕਿਸੇ ਮਜ਼ਦੂਰ ਨੂੰ ਘੱਟੋ-ਘੱਟ ਤਨਖਾਹ ਤੋਂ ਘੱਟ ਤਨਖਾਹ ਦਿੱਤੀ ਜਾਂਦੀ ਹੈ ਤਾਂ ਲੇਖਾ-ਜੋਖਾ ਨਾ ਹੋਣ ਕਾਰਨ ਉਸ ਨੂੰ ਸਾਬਤ ਕਰਨਾ ਅਸੰਭਵ ਹੋਵੇਗਾ। ਆਂਧਰਾ ਪ੍ਰਦੇਸ਼ ਨੇ ਜੋ ਸੋਧਾਂ ਕੀਤੀਆਂ ਹਨ ਉਸ ’ਚ ਸੇਜ਼ ਨੂੰ ਘੱਟੋ-ਘੱਟ ਤਨਖਾਹ ਕਾਨੂੰਨ ਦੀ ਧਾਰਾ-11 ਤੋਂ ਵੀ ਛੋਟ ਦੇ ਦਿੱਤੀ ਗਈ ਹੈ। ਇਸ ਦੇ ਤਹਿਤ ਤਨਖਾਹ ਪੂਰਨ

ਜਾਂ ਅੰਸ਼ਿਕ ਤੌਰ ’ਤੇ ਨਕਦ ਦੀ ਬਜਾਏ ਕਿਸੇ ਤੋਹਫ਼ੇ ਦੇ ਰੂਪ ’ਚ ਦਿੱਤੀ ਜਾ ਸਕਦੀ ਹੈ ਅਤੇ ਸਾਮਾਨ ਰਿਆਇਤੀ ਦਰ ’ਤੇ ਦੇਣ ਦੀ ਇਜਾਜ਼ਤ ਦਿੱਤੀ ਗਈ ਹੈ। ਮੱਧ ਪ੍ਰਦੇਸ਼ ਨੇ ਸਭ ਤੋਂ ਘਾਤਕ ਸੋਧ ਕੀਤੀ ਹੈ। ਉਸ ਦੇ ਸੋਧ ਪ੍ਰਸਤਾਵ ’ਚ ਸੇਜ਼ ਨੂੰ ਘੱਟੋ-ਘੱਟ ਤਨਖਾਹ ਕਾਨੂੰਨੀ ਦੀ ਧਾਰਾ 26 ਤੋਂ ਮੁਕਤ ਰੱਖਿਆ ਗਿਆ ਹੈ। ਇਸ ਸੋਧ ਨੂੰ ਕਿਸੇ ਹਾਲਤ ’ਚ ਵੀ ਮਨਜ਼ੂਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਨਾਲ ਮਨੁੱਖੀ ਅਧਿਕਾਰ ਦੀ ਉਲੰਘਣਾ ਦੇ ਸਭ ਰਾਹ ਖੁੱਲ੍ਹ ਜਾਣਗੇ।

ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਦਾ ਪ੍ਰਸਤਾਵ ਹੈ ਕਿ ਸੇਜ਼ ’ਚ ਮੁੱਖ ਸ਼ਾਮਲ ਸਨਅਤਾਂ ਨੂੰ ਜੀ. ਪੀ. ਐੱਫ. ਤੇ ਸਬੰਧਤ ਕਾਨੂੰਨਾਂ ਤਹਿਤ ਛੋਟ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਮੁੱਖ ਸਨਅਤ ਨੂੰ ਮੁਲਾਜ਼ਮਾਂ ਨੂੰ ਜੀ. ਪੀ. ਐੱਫ. ਨਾ ਦੇਣਾ ਪਵੇ। ਇਹ ਪ੍ਰਸਤਾਵ ਵੀ ਹੈ ਕਿ ਸੇਜ਼ ’ਚ ਮੁੱਖ ਇੰਪਲਾਇਰ ’ਤੇ ਜ਼ੁਬਾਨੀ/ਆਰਜ਼ੀ ਤੌਰ ’ਤੇ ਨਿਯੁਕਤ ਕੀਤੇ ਗਏ ਕਰਮਚਾਰੀਆਂ ਪ੍ਰਤੀ ਕਰਮਚਾਰੀ ਰਾਜ ਬੀਮਾ ਕਾਨੂੰਨ 1948 ਤਹਿਤ ਕੋਈ ਜੁਆਬਦੇਹੀ ਨਹੀਂ ਹੋਣੀ ਚਾਹੀਦੀ। ਇਸ ਦਾ ਮਤਲਬ ਹੈ ਕਿ ਦੁਰਘਟਨਾ, ਬਿਮਾਰੀ ਜਾਂ ਕੰਮ ਨਾਲ ਜੁੜੇ ਕਿਸੇ ਰੋਗ ਦੇ ਇਲਾਜ ਲਈ ਠੇਕਾ ਕਾਮਿਆਂ ਨੂੰ ਇਸ ਕਾਨੂੰਨ ਦੇ ਤਹਿਤ ਕੋਈ ਰਾਹਤ ਨਹੀਂ ਮਿਲੇਗੀ। ਰੁਜ਼ਗਾਰ ਕੇਂਦਰ (ਅਹੁਦਿਆਂ ਦੀ ਲਾਜ਼ਮੀ ਸੂਚਨਾ) ਕਾਨੂੰਨ 1959 ਤੋਂ ਵੀ ਛੋਟ ਮੰਗੀ ਗਈ ਹੈ। ਇਸ ਕਾਨੂੰਨ ’ਚ ਵਿਵਸਥਾ ਹੈ ਕਿ ਬੇਰੁਜ਼ਗਾਰ ਵਿਅਕਤੀਆਂ ਨੂੰ ਇੰਟਰਵਿਊ ਲਈ ਬੁਲਾਇਆ ਜਾਣਾ ਚਾਹੀਦਾ ਹੈ।

ਵੱਖ ਵੱਖ ਕਿਰਤ ਕਾਨੂੰਨਾਂ ਤਹਿਤ ਲੇਬਰ ਕਮਿਸ਼ਨਰ ਤੇ ਹੋਰ ਲੇਬਰ ਇੰਸਪੈਕਟਰਾਂ ਨੂੰ ਕਿਰਤ ਮਾਮਲਿਆਂ ’ਚ ਦਖ਼ਲ-ਅੰਦਾਜ਼ੀ ਕਰਨ ਦੇ ਅਧਿਕਾਰ ਦਿੱਤੇ ਗਏ ਹਨ। ਹੁਣ ਇਹ ਪ੍ਰਸਤਾਵ ਲਿਆਂਦਾ ਜਾ ਰਿਹਾ ਹੈ ਕਿ ਇਹ ਅਧਿਕਾਰ ਵਿਕਾਸ ਕਮਿਸ਼ਨ ਨੂੰ ਦੇ ਦਿੱਤੇ ਜਾਣ। ਅਜਿਹਾ ਲੱਗਦਾ ਹੈ ਕਿ ਵਿਕਾਸ ਕਮਿਸ਼ਨ ਕੰਪਨੀ ਦੇ ਏਜੰਟਾਂ ਵਜੋਂ ਕੰਮ ਕਰਨਗੇ। ਵਿਕਾਸ ਕਮਿਸ਼ਨਰ ਹੀ ਕੰਪਨੀਆਂ ਨੂੰ ਸਭ ਤਰ੍ਹਾਂ ਦੀਆਂ ਮਨਜ਼ੂਰੀਆਂ ਦੇਣਗੇ ਅਤੇ ਲਾਭਾਂ-ਛੋਟਾਂ ਦਾ ਨਿਰਧਾਰਣ ਕਰਨਗੇ। ਅਜਿਹੀ ਸਥਿਤੀ ’ਚ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਵਿਕਾਸ ਕਮਿਸ਼ਨ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ ਅਤੇ ਮਜ਼ਦੂਰਾਂ ਦੇ ਵਿਵਾਦਾਂ ਦੇ ਨਿਪਟਾਰੇ ’ਚ ਨਿਰਪੱਖ ਭੂਮਿਕਾ ਨਿਭਾਉਣਗੇ। ਹੁਣ ਸਾਰੇ ਰਾਜਾਂ ’ਚ ਵਿਕਾਸ ਕਮਿਸ਼ਨਰ ਦੇ ਸਭ ਅਧਿਕਾਰ ਹੋਣਗੇ। ਤੇ ਉਨ੍ਹਾਂ ਨੂੰ ਝਗੜਿਆਂ ਦੇ ਹੱਲ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ ਹੈ।

ਸੇਜ਼ ਬਾਰੇ ਵੀ ਜੋ ਸੋਧਾਂ ਕੀਤੀਆਂ ਗਈਆਂ ਹਨ ਜਾਂ ਪ੍ਰਸਤਾਵਿਤ ਹਨ ਉਹ ਨਿਸ਼ਚੇ ਹੀ ਚਿੰਤਾ ਦਾ ਵਿਸ਼ਾ ਹਨ। ਇਨ੍ਹਾਂ ਸੋਧਾਂ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸ਼ੰਕੇ ਵਧੇ ਹਨ। ਇਥੇ ਇਹ ਦਲੀਲ ਬੇਹੱਦ ਖੋਖਲੀ ਹੈ ਕਿ ਸੇਜ਼ ਮੁਕਤ ਵਪਾਰ ਦੀ ਐਸੀ ਵਿਵਸਥਾ ਹੈ ਜਿਸ ’ਚ ਮਜ਼ਦੂਰਾਂ ਨੂੰ ਆਪਣੀ ਮਜ਼ਦੂਰੀ ਦਾ ਸੌਦਾ, ਕਰਨ ਦੀ ਛੋਟ ਹੋਵੇਗੀ। ਅਜਿਹਾ ਇਸ ਲਈ ਨਹੀਂ ਹੋ ਸਕਦਾ, ਕਿਉਂਕਿ ਸੇਜ਼ ਨਾਲ ਸਬੰਧਤ ਸਾਰੇ ਨਿਯਮਾਂ ’ਚ ਮੁਕਤ ਵਪਾਰ ਦਾ ਜੋ ਮਾਡਲ ਹੈ ਉਹ ਦੁਸ਼ਵਾਰੀਆਂ ਭਰਪੂਰ ਹੈ। ਇਸ ਲਈ ਜੋ ਸੋਧਾਂ ਹੋਈਆਂ ਜਾਂ ਹੋ ਰਹੀਆਂ ਹਨ ਉਹ ਕੁੱਲ ਮਿਲਾ ਕੇ ਮਜ਼ਦੂਰ ਵਿਰੋਧੀ ਹਨ।

# ਆਤਮ ਹੱਤਿਆ ਦੀ ਖੇਤੀ

1935 'ਚ ਜਦ ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ 'ਚ ਤੇਜਪੁਰ 'ਚ ਕਾਂਗਰਸ ਦੇ ਸਵਰਨ ਜੈਅੰਤੀ ਸਮਾਰੋਹ 'ਚ ਐਲਾਨ ਕੀਤਾ ਗਿਆ ਸੀ ਕਿ ਖੇਤੀ ਖੇਤਰ ਦੀ ਸਮੱਸਿਆ ਦਾ ਅੰਤਮ ਹੱਲ ਬ੍ਰਿਟਿਸ਼ ਸਾਮਰਾਜੀ ਲੁੱਟ ਦੇ ਖਾਤਮੇ ਤੇ ਘਿਸੀ ਪਿਟੀ ਲੋਟੂ ਭੂਮੀ ਵਿਵਸਥਾ ਤੇ ਭੂ ਰੈਵਨਿਊ ਪ੍ਰਣਾਲੀ 'ਚ ਮੁਢੋਂ-ਸੁਢੋਂ ਤਬਦੀਲੀ ਰਾਹੀਂ ਹੀ ਹੋ ਸਕਦਾ ਹੈ ਤਾਂ ਇਸ ਦੀ ਪਿੱਠ ਭੂਮੀ 'ਚ 19ਵੀਂ ਸਦੀ ਦੇ ਮੱਧ 'ਚ ਬੰਗਾਲ ਤੇ ਬਿਹਾਰ 'ਚ ਨੀਲ ਦੀ ਖੇਤੀ ਦੇ ਸਿਟੇ ਵਜੋਂ ਫੈਲੀ ਕਿਸਾਨ ਬੇਚੈਨੀ ਤੋਂ ਲੈ ਕੇ 9130 ਦੇ ਦਹਾਕੇ 'ਚ ਸਵਾਗੀ ਸਹਿਜਾਨੰਦ, ਰਾਹੁਲ ਸ਼ੰਕਰਤਾਇਨੀ ਆਦਿ ਦੀ ਅਗਵਾਈ 'ਚ ਚੱਲੇ 'ਬਕਾਸ਼ਤ ਅੰਦੋਲਨ', ਅਵਧ ਵਿਚ ਬਾਬਾ ਰਾਮ ਚੰਦਰ ਦੀ ਅਗਵਾਈ 'ਚ ਚੱਲੇ ਕਿਸਾਨ ਅੰਦੋਲਨ' ਤੇ ਗੁਜਰਾਤ 'ਚ ਸਰਦਾਰ ਪਟੇਲ ਨੀਤ 'ਬਾਰੋਲੀ ਸਤਿਆ ਗ੍ਰਹਿ' ਮੌਜੂਦ ਤੇਜ ਕਿਸਾਨ ਬੇਚੈਨੀ ਸੀ। ਪਰ ਇਸ ਦੇ ਲਗਭਗ ਸੱਤ ਦਹਾਕਿਆਂ ਪਿੱਛੋਂ 'ਆਜਾਦੀ ਦਿਨ' ਤੇ ਲਾਲ ਕਿਲ੍ਹੇ ਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਬੋਲਦਿਆਂ ਕਿਹਾ ਕਿ 'ਵਿਦਰਭ 'ਚ ਕਿਸਾਨਾਂ ਦੀ ਦਸ਼ਾ ਨੇ ਮੈਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ ਮੈਂ ਭਾਰੀ ਕਰਜ਼ੇ 'ਚ ਡੁੱਬੇ ਕਿਸਾਨਾਂ ਦੀ ਭਾਰੀ ਬੇਚੈਨੀ ਨੂੰ ਸਮਝ ਸਕਦਾ ਹਾਂ।" ਤਾਂ ਇਸ ਦੀ ਪਿਠ ਭੂੰਮੀ 'ਚ ਪਿਛਲੇ ਇਕ ਦਹਾਕੇ 'ਚ ਮਹਾਰਾਸ਼ਟਰ ਸਮੇਤ ਦੇਸ ਦੇ ਕਈ ਸੂਬਿਆਂ 'ਚ ਕੀਤੀਆਂ ਗਈਆਂ ਆਤਮ ਹੱਤਿਆਵਾਂ ਸਨ। ਇਸ ਇਤਿਹਾਸ ਦੀ ਮੁੜਸੁਰਜੀਤੀ ਨਹੀਂ ਬਲਕਿ 'ਅਖੌਤੀ ਆਜ਼ਾਦੀ' ਦੀ ਹੀ ਇਕ ਤਰਾਸ਼ਦੀ ਸੀ। ਰਾਜਸੀ ਲੀਡਰਾਂ ਦੀ ਬੇਰਹਿਮਦਾਰੀ ਜਿਸ ਦੇ ਸਿਟੇ ਵਜੋਂ ਇਕ ਜਾਲਮ ਵਿਦੇਸ਼ੀ ਸਾਮਰਾਜੀ ਸੱਤਾ ਵਿਰੁੱਧ ਇਤਿਹਾਸਕ ਸੰਘਰਸ਼ ਅਤੇ ਵਿਜੈ ਹਾਸਲ ਕਰਨ ਵਾਲੀ ਤਾਕਤ ਨਾਲ ਭਰਿਆ ਕਿਸਾਨ ਨਿਰਾਸ਼ ਹੋ ਕੇ ਆਤਮ ਹੱਤਿਆ ਕਰਨ ਲਈ ਮਜ਼ਬੂਰ ਹੋ ਗਿਆ। ਆਖਰ ਇਹਨਾਂ ਸੱਤ ਦਹਾਕਿਆਂ 'ਚ ਅਜਿਹਾ ਕੀ ਹੋਇਆ ਕਿ ਅੰਨਦਾਤਾ ਆਤਮ ਹੱਤਿਆਰਾ ਬਣ ਗਿਆ? ਕਿਸਾਨਾਂ ਤੇ ਲੁੱਟ ਦਾ ਰਿਸ਼ਤਾ ਤਾਂ ਸਦੀਆਂ ਪੁਰਾਣਾ ਹੈ, ਬ੍ਰਿਟਿਸ਼ ਹਕੂਮਤ ਤੋਂ ਪਹਿਲਾਂ ਵੀ ਜਾਗੀਰੂ ਅਰਥਚਾਰਾ ਸੀ ਜਿਸ ਵਿਚ ਜ਼ਿਮੀਂਦਾਰਾਂ ਤੇ ਕੁਲਕਾਂ ਵਲੋਂ ਕਿਸਾਨਾਂ ਦੀ ਬੇਰਹਿਮ ਲੁੱਟ ਹੁੰਦੀ ਸੀ ਤੇ ਅੰਗਰੇਜ਼ਾਂ ਦੇ ਆਉਣ ਪਿਛੋਂ ਵੀ ਇਹ ਤੰਤਰ ਅਨੇਕਾਂ ਤਰੀਕਿਆਂ ਨਾਲ ਹੋਰ ਮਜ਼ਬੂਤ ਹੀ ਹੋਇਆ ਬਲਕਿ ਭੁਖਮਰੀ ਅਕਾਲ ਹੜ੍ਹ ਸਭ ਝਲਣ ਦੇ ਬਾਵਜੂਦ ਕਿਸਾਨਾ ਨੇ ਕਦੀ ਆਤਮਹੱਤਿਆ ਨਹੀਂ ਕੀਤੀ ਉਹ ਤਾਂ ਸਾਰੀਆਂ ਮਾੜੀਆਂ ਹਾਲਤਾਂ ਨਾਲ ਵੀ ਜੂਝਦਾ ਰਿਹਾ ਮੋਹ ਦੇ ਦੀਵੇ ਹੀ ਜਗਾਉਂਦਾ ਰਿਹਾ ਤਾਂ ਫਿਰ ਹੁਣ ਕਿਹੜੀਆਂ ਹਾਲਤਾਂ ਬਣ ਗਈਆਂ ਕਿ ਕਿਸਾਨਾਂ ਦੇ ਸਾਰੇ ਸੁਪਨੇ ਟੁਟ ਗਏ? ਕਿਹੜੀਆਂ ਹਾਲਤਾਂ ਹਨ ਜਿਸ ਕਾਰਨ ਇਕ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਦੀ ਮੰਦੀ ਹਾਲਤਾਂ 'ਤੇ ਟਿੱਪਣੀ ਕਰਨ ਲਈ ਮਜ਼ਬੂਰ ਹੋਣਾ ਪਿਆ। ਦਰਅਸਲ ਵੈਸੇ ਤਾਂ ਪਿਛਲੇ ਇਕ ਦਹਾਕੇ ਤੋਂ ਮਹਾਂਰਾਸ਼ਟਰ ਸਮੇਤ ਦੇਸ਼ ਦੇ ਅਨੇਕਾਂ ਰਾਜਾਂ ਦੇ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀਆਂ ਖਬਰਾਂ ਆ ਰਹੀਆਂ ਹਨ ਪਰ ਬੀਤੇ ਕੁਝ ਸਾਲਾ ਤੋਂ ਕਪਾਹ ਦੀ ਖੇਤੀ ਲਈ ਪ੍ਰਸਿੱਧ ਵਿਦਰਭ 'ਚ ਇਹਨਾਂ ਘਟਨਾਵਾਂ 'ਚ ਅਥਾਹ ਵਾਧਾ ਹੋਇਆ ਹੈ। ਦੇਖੀਏ ਤਾਂ ਸਭ ਤੋਂ ਪਹਿਲਾਂ 1998 'ਚ

ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 150 ਤੋਂ ਵੱਧ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਦੀਆਂ ਖਬਰਾਂ ਆਈਆਂ। ਦੇਖਦੇ ਹੀ ਦੇਖਦੇ ਇਹ ਅੱਗ ਕਰਨਾਟਕਾ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਵਰਗੇ ਜਿਲ੍ਹਿਆਂ ਵਿਚ ਫੈਲ ਗਈ ਤੇ 1999 ਦੇ ਅੰਤ ਤਕ ਇਹ ਅੰਕੜਾ 14803 ਤਕ ਪੁੱਜ ਗਿਆ। ਸੰਨ 2001 ਤਕ ਇਹਨਾਂ ਰਾਜਾਂ ਤੋਂ ਇਲਾਵਾ ਖੇਤੀ ਖੇਤਰ 'ਚ ਰਵਾਇਤੀ ਰੂਪ 'ਚ ਵਿਕਸਤ ਸਮਝੇ ਜਾਂਦੇ ਪੰਜਾਬ 'ਚ ਵੀ 100 ਤੋਂ ਵੱਧ ਕਿਸਾਨਾਂ ਨੇ ਖੁਦਕਸ਼ੀ ਕਰ ਲਈ। ਸਥਿਤੀ ਏਨੀ ਗੰਭੀਰ ਹੋ ਚੁੱਕੀ ਹੈ ਕਿ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ 'ਚ ਇਹ ਮਾਮਲਾ ਜੋਰ ਸ਼ੋਰ ਨਾਲ ਉਠਾਇਆ ਗਿਆ ਪਰ ਹਾਲਾਤ ਸੁਧਰਨ ਦੀ ਬਜਾਏ ਬਦਤਰ ਹੀ ਹੋ ਗਏ। 2003 ਬੀਤਦੇ ਬੀਤਦੇ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੀ ਗਿਣਤੀ 25000 ਦਾ ਅੰਕੜਾ ਪਾਰ ਕਰ ਗਈ। ਉਸ ਵੇਲੇ ਦੇ ਖੇਤ ਮੰਤਰੀ ਰਾਜਨਾਥ ਸਿੰਘ ਦੇ ਰਾਜਸਭਾ 'ਚ ਦਿਤੇ ਬਿਆਨ 'ਚ ਇਕੱਲੇ 2002 'ਚ 191 ਆਤਮ ਹੱਤਿਆਵਾਂ ਦੀ ਪੁਸ਼ਟੀ ਕੀਤੀ ਗਈ ਜਦੋਂ ਕਿ ਗੈਰ ਸਰਕਾਰੀ ਸੂਤਰਾਂ ਅਨੁਸਾਰ ਅਸਲੀ ਗਿਣਤੀ ਕਈ ਗੁਣਾ ਸੀ 2004 ਦੀ ਦੂਜੀ ਛਿਮਾਹੀ ਵਿਚ ਹੀ ਸਿਰਫ ਵਿਦਰਭ 'ਚ 750 ਤੋਂ ਵੱਧ ਕਿਸਾਨਾਂ ਨੇ ਆਤਮ ਹੱਤਿਆ ਕਰ ਲਈ। ਪ੍ਰਧਾਨ ਮੰਤਰੀ ਨੇ ਉਹ 'ਮਾਰੋਮਾਰ ਭਾਸ਼ਨ' ਦੇ ਅੰਦਰ-ਅੰਦਰ 150 ਹੋਰ ਕਿਸਾਨ ਆਤਮ ਹੱਤਿਆ ਕਰ ਚੁਕੇ ਹਨ। ਜੂਨ 2006 ਤਕ ਪੁੱਜ ਗਈ ਹੈ। ਇਹ ਅੰਕੜੇ ਦੇਖਣ ਵਿਚ ਕਾਫੀ ਵੱਡੇ ਹਨ ਇਸ ਸਬੰਧੀ ਵੀ ਸਚਾਈ ਇਹ ਹੈ ਕਿ ਸਿਰਫ ਸ਼ੁਰੂਆਤ ਹੀ ਹੈ, ਇਕ ਭਾਰੀ ਸੰਕਟ ਖੇਤੀ ਤਕ ਹੀ ਸੀਮਤ ਨਹੀਂ ਬਲਕਿ ਅਰਥ ਚਾਰੇ ਦੇ ਸਾਰੇ ਖੇਤਰਾਂ ਤਕ ਇਹ ਵਿਸਥਾਰਿਤ ਭਾਰੀ ਸੰਕਟ ਕਿਉਂਕਿ ਇਹ ਕਿਸੇ ਫੌਰੀ ਅਰਥਚਾਰੇ, ਭੂਗੋਲਿਕ ਆਫਤ ਜਾਂ ਰਾਜਸੀ ਭੁੱਲ ਦਾ ਸਿਟਾ ਹੀ ਨਹੀਂ ਹੈ ਇਹ ਭੂਮੰਡਲੀ ਕਰਨ ਕਾਰਪੋਰੇਸ਼ਨਾਂ ਲਈ ਬਾਜ਼ਾਰ ਦੇ ਵਿਸਥਾਰ ਖਾਤਰ ਘਰੇਲੂ ਦੇਸੀ ਅਰਥਚਾਰੇ ਨੂੰ ਤਹਿਸ-ਨਹਿਸ ਕਰਨਾ ਲੋੜੀਂਦੀਆਂ ਹਨ। ਇਹ ਸੰਕਟ ਇਸੇ ਪ੍ਰੋਗਰਾਮ ਤੇ ਲੀਤੀ ਦਾ ਅੰਗ ਹੈ। ਇਸ ਦਾਅਵੇ ਦੀ ਪੁਸ਼ਟੀ ਲਈ ਕਾਫੀ ਤੱਥ ਮੌਜੂਦ ਵੀ ਹਨ। ਸਭ ਤੋਂ ਪਹਿਲਾਂ ਜੇ ਉਨ੍ਹਾਂ ਸੂਬਿਆਂ 'ਤੇ ਗੌਰ ਕਰੀਏ ਜਿਥੋਂ ਇਹ ਖਬਰਾਂ ਆਈਆਂ ਹਨ ਤਾਂ ਸਾਫ ਨਜ਼ਰ ਆਉਂਦਾ ਹੈ ਕਿ ਇਹ ਉਹੀ ਸੂਬੇ ਹਨ ਜਿੱਥੇ ਸਭ ਤੋਂ ਪਹਿਲਾਂ ਸਾਮਰਾਜੀ ਆਰਥਕ ਨੀਤੀਆਂ ਲਾਗੂ ਹੋਈਆਂ ਹਨ। ਆਂਧਰਾ ਪ੍ਰਦੇਸ਼ 'ਚ ਉਸ ਸਾਰੀ ਦੁਨੀਆਂ 'ਚ ਆਰਥਕ ਸੁਧਾਰਾਂ ਦੇ ਪੈਰੋਕਾਰ ਵਜੋਂ ਜਾਣਿਆ ਜਾਂਦਾ ਸੀ ਇਹੋ ਹਾਲ ਕਰਨਾਟਕ ਦੀ ਕ੍ਰਿਸ਼ਨਾ ਸਰਕਾਰ ਦੇ ਮਹਾਂਰਾਸ਼ਟਰ ਦੀ ਦੇਸ਼ ਮੁਖ ਬਹੁਕੌਮੀ ਕੰਪਨੀਆਂ ਨੂੰ ਖੇਤੀ ਖੇਤਰ 'ਚ ਦਾਖਲਾ ਦਿੱਤਾ ਗਿਆ ਤੇ ਲਾਜ਼ਮੀ ਸੀ ਕਿ ਇਸ ਦੇ ਬੁਰੇ ਪ੍ਰਭਾਵ ਸਭ ਤੋਂ ਪਹਿਲਾਂ ਇਨ੍ਹਾਂ ਹੀ ਰਾਜਾਂ ਵਿਚ ਸਾਹਮਣੇ ਆਏ। ਆਓ ਦੇਖੀਏ ਕਿਵੇਂ ਇਹਨਾਂ ਦੇਸ਼ਾਂ ਦੀਆਂ ਨੀਤੀਆਂ ਤੇ ਇਹਨਾਂ ਦੇਸ਼ ਦੇ ਅਰਥਚਾਰੇ ਨੂੰ ਪ੍ਰਭਾਵਿਤ ਕੀਤਾ ਗਿਆ ਹੈ। ਵਿਸ਼ਵ ਵਪਾਰ ਸੰਗਠਨ ਦੇ ਤਿੰਨ ਅਜਿਹੇ ਸਮਝੌਤੇ ਹਨ ਜੋ ਸਿੱਧੇ ਹੀ ਖੇਤੀ ਨਾਲ ਜੁੜੇ ਹੋਏ ਹਨ। ਪਹਿਲਾਂ ਵਪਾਰ ਸੰਬੰਧੀ ਸਮਝੌਤਾ ਅਤੇ ਤੀਜਾ ਸਫਾਈ 'ਤੇ ਬਨਸਪਤੀ। ਸਫਾਈ ਸਮਝੌਤਾ ਟ੍ਰਿਪਸ ਦੇ ਤਹਿਤ ਬੀਜਾਂ ਨੂੰ ਬੌਧਿਕ ਸੰਪਿਦਾ ਐਲਾਨ ਕੇ ਇਹਨਾਂ ਦੇ ਵਟਾਂਦਰੇ ਤੇ ਰੋਕ ਲਾਉਣ ਦੀ ਵਿਵਸਥਾ ਹੋਵੇ। ਇਸ ਸਮਝੌਤੇ ਵਿਚ ਹੈ ਪੇਟੈਂਟ ਵਿਵਸਥਾ ਜਿਸ ਦਾ ਲਾਭ ਉਠਾ ਕੇ ਮੌਨਸੈਂਟੋ ਅਤੇ ਸਿਜੈਂਟਾ ਵਰਗੀਆਂ ਬਹੁਕੌਮੀ ਕੰਪਨੀਆਂ ਦੁਨੀਆਂ ਭਰ 'ਚ ਬੀਜਾਂ 'ਤੇ ਮਨੋਪਲੀ ਕਾਇਮ ਕਰ ਰਹੀਆਂ ਹਨ। ਸਾਲਾਂ ਤੋਂ ਕਿਸਾਨਾਂ ਵਲੋਂ

ਆਪਣੀ ਕ੍ਰਿਤ ਤੇ ਤਜ਼ਰਬੇ ਨਾਲ ਵਿਕਸਤ ਫ਼ਸਲਾਂਾਂ ਨੂੰ ਇਹਨਾਂ ਪੇਟੈਂਟ ਕਰਵਾ ਲਿਆ ਹੈ ਇਥੋਂ ਤਕ ਕਿ ਫਸਲਾਂ ਦੇ ਬੀਜ ਬਚਾ ਕੇ ਵਰਤਣ ਦੀ ਰਵਾਇਤੀ ਵਿਧੀ ਵੀ ਹੁਣ ਅਪਰਾਧ ਦੀ ਸ਼੍ਰੇਣੀ ਵਿਚ ਆ ਗਈ ਹੈ, ਸਾਫ ਹੈ ਕਿ ਇਹ ਵਿਵਸਥਾ ਪੂਰੀ ਖੇਤੀ ਪ੍ਰਬੰਧ ਲਈ ਘਾਤਕ ਹੈ। ਖੇਤੀ ’ਤੇ ਸਮਝੌਤੇ ਦੀਆਂ ਵਿਵਸਥਾਵਾਂ ਖੇਤੀ ਅਰਥਚਾਰੇ ’ਚ ਤਿੰਨ ਬੁਨਿਆਦੀ ਤਬਦੀਲੀਆਂ ਦੀ ਮੰਗ ਕਰਦੀਆਂ ਹਨ। ਵਪਾਰ ਦਾ ਉਦਾਰੀਕਰਨ, ਦਰਾਮਦ ਦੀ ਖੁੱਲ੍ਹ ਤੇ ਘਰੇਲੂ ਸਬਸਿਡੀ ’ਚ ਕਮੀ ਯਾਨੀ ਸਾਫ-ਸਾਫ ਕਹੀਏ ਤਾਂ ਖੇਤੀ ਦਾ ਪੂਰੀ ਤਰ੍ਹਾਂ ਨਾਲ ਬਜ਼ਾਰੀਕਰਨ। ਵੈਸੇ ਇਥੇ ਵੀ ਮਾਮਲਾ ਏਨਾ ਸਿੱਧਾ ਨਹੀਂ ਹੈ ਜਿੱਥੇ ਇਕ ਪਾਸੇ ਭਾਰਤ ਦੇਸ਼ ਵਰਗੇ ਗਰੀਬ ਕਿਸਾਨਾਂ ਨੂੰ ਦਿਤੀ ਜਾ ਰਹੀ ਸਬਸਿਡੀ ਖਤਮ ਕੀਤੀ ਜਾ ਰਹੀ ਹੈ ਦੂਜੇ ਪਾਸੇ ਅਮਰੀਕਾ ਤੇ ਬ੍ਰਿਟੇਨ ਵਰਗੇ ਪੱਛਮੀ ਦੇਸ਼ਾਂ ਵਿਚ ਸਬਸਿਡੀ ਰਾਖਵੇਂ ਕਨ ਦੇ ਨਾਂ ਹੇਠ ਨਾ ਸਿਰਫ ਜ਼ਰੂਰੀ ਹੈ ਬਲਕਿ ਇਸ ਵਿਚ ਹੋਰ ਵਾਧਾ ਵੀ ਕੀਤਾ ਜਾ ਰਿਹਾ ਹੈ ਮਿਸਾਲ ਵਜੋਂ ਅਮਰੀਕਾ ’ਚ ਪਾਸ ਇਕ ਕਨੂੰਨ ਪਿਛੋਂ ਕਿਸਾਨਾਂ ਨੂੰ ਦਿਤੀ ਜਾਣ ਵਾਲੀ ਸਬਸਿਡੀ 7.35 ਬਿਲੀਅਨ ਡਾਲਰ ਤੋਂ ਵਧਾ ਕੇ 180 ਬਿਲੀਅਨ ਡਾਲਰ ਹੋ ਗਈ ਹੈ। ਇਸ ਤੋਂ ਇਲਾਵਾ ਦਰਾਮਦ ਸਬੰਧੀ-ਪਾਬੰਦੀਆਂ ਨੂੰ ਹਟਾਏ ਜਾਣ ਪਿਛੋਂ ਦੇਸੀ ਬਜ਼ਾਰ ’ਚ ਖੇਤੀ ਵਸਤਾਂ ਦੇ ਮੁੱਲਾਂ ਵਿਚ ਬਣਾਉਟੀ ਕਮੀ ਆਈ ਹੈ, ਉਥੇ ਸਬਸਿਡੀ ’ਚ ਕਟੌਤੀ ਕਾਰਨ ਖੇਤੀ ਲਾਗਤ ’ਚ ਅੰਧਾਧੁੰਦ ਵਾਧਾ ਹੋਇਆ ਹੈ। ਇਹੀ ਨਹੀਂ ਬਹੁਕੌਮੀ ਕੰਪਨੀਆਂ ਦੀ ਦਖਲ ਅੰਦਾਜ਼ੀ ਪਿਛੋਂ ਖੇਤੀ ਦੇ ਰੂਪ ਵਿਚ ਆਏ ਬਦਲਾਅ ਕਾਰਨ ਵੱਡੇ ਪੱਧਰ ’ਤੇ ਆਨਜਾਂ ਦੀ ਥਾਂ ਨਕਦੀ ਵਪਾਰਕ ਫਸਲਾਂ ਆਈਆਂ ਹਨ ਜਿਨ੍ਹਾਂ ਵਿਚ ਖਾਦ, ਕੀਟ ਨਾਸ਼ਕ ਦਵਾਈਆਂ ਆਦਿ ਦੀ ਲੋੜ ਵੱਧ ਹੁੰਦੀ ਹੈ। ਇਸ ਪ੍ਰਕਾਰ ਇਕ ਪਾਸੇ ਵਸਤਾਂ ਦੀ ਲਾਗਤ ਵਧੀ ਤਾਂ ਦੂਜੇ ਪਾਸੇ ਕਿਸਾਨਾਂ ਦੀ ਬਹੁਕੌਮੀ ਕੰਪਨੀਆਂ ਤੇ ਨਿਰਭਰਤਾ। ਤੀਜਾ ਸਫਾਈ ਤੇ ਬਨਸਪਤੀ ਸਫਾਈ ਸਮਝੌਤਾ ਵਿਸ਼ਵ ਵਿਆਪੀ ਪੱਧਰ ’ਤੇ ਅਨਾਜ ਗੁਣਵੰਣਤਾ ਦੇ ਕੌਮਾਂਤਰੀ ਪੈਮਾਨਿਆਂ ਨੂੰ ਲਾਗੂ ਕਰਨ ਦੇ ਨਾਂ ’ਤੇ ਦੇਸੀ ਪੈਦਾਵਾਰ ਦੇ ਤੌਰ ਤਰੀਕਿਆਂ ’ਤੇ ਸਿੱਧਾ ਹਮਲਾ ਕਰਦਾ ਹੈ, ਗਰੀਬ ਤੇ ਨੀਮ ਵਿਕਸਤ ਦੇਸ਼ਾਂ ਵਿਚ ਚਲ ਰਹੀਆਂ ਪੈਦਾਵਾਰ ਪ੍ਰਣਾਲੀਆਂ ’ਤੇ ਅਸਰੁੱਖਿਅਤ ਹੋਣ ਦਾ ਦੋਸ਼ ਲਾ ਕੇ ਲਗਾਤਾਰ ਇਹਨਾਂ ਨੂੰ ਬੰਦ ਕੀਤਾ ਜਾ ਰਿਹਾ ਹੈ ਜਿਸ ਨਾਲ ਬਹੁ ਕੌਮੀ ਕੰਪਨੀਆਂ ਨੂੰ ਆਪਣੀਆਂ ਵਸਤਾਂ ਲਈ ਵਿਸ਼ਾਲ ਬਾਜ਼ਾਰ ਮਿਲ ਸਕੇ। ਇਸ ਨੀਤੀ ਦਾ ਦੋਗਲਾਪਣ ਇਸ ਤੱਥ ਤੋਂ ਵੇਖਿਆ ਜਾ ਸਕਦਾ ਹੈ ਕਿ ਪ੍ਰਯੋਗਸ਼ਾਲਾ ’ਚ ਅਸੁਰੱਖਿਅਤ ਪਾਏ ਜਾਣ ਦੇ ਬਾਵਜੂਦ ਦੇਸ਼ ਦੇ ਸਾਰੇ ਸਰਮਾਏਦਾਰ ਐਸੋਚਮ ਤੇ ਉਦਾਰਵਾਦੀ ਅਰਥ ਸਾਸ਼ਤਰੀ ਕੋਲਡ ਡ੍ਰਿੰਕਸ (ਠੰਡਿਆਂ) ਦੇ ਬਚਾਅ ’ਚ ਖੜ੍ਹੇ ਹਨ ਪਰ ਇਹੀ ਲੋਕ ਦੇਸੀ ਤੇਲ ਕੰਪਨੀਆਂ ’ਤੇ ਪਾਬੰਦੀ ਲਾਉਣ ਲਈ ਪੂਰੀ ਤਰ੍ਹਾਂ ਇੱਕਜੁੱਟ ਹਨ। ਇਹਨਾਂ ਨੀਤੀਆਂ ਦੇ ਚਲਦਿਆਂ ਪਿਛਲੇ ਇਕ ਦਹਾਕੇ ’ਚ ਦੇਸ਼ ਭਰ ’ਚ ਹਜ਼ਾਰਾਂ ਤੇਲ ਮਿਲਾਂ ਬੰਦ ਹੋ ਗਈਆਂ ਹਨ ਤੇ ਲੱਖਾਂ ਲੋਕ ਬੇਰੁਜ਼ਗਾਰ ਹੋਏ ਹਨ। ਅਪਰੈਲ 1994 ’ਚ ਇਹ ਲਾਗੂ ਕਰ ਦਿੱਤਾ ਗਿਆ ਤੇ ਪਿਛੋਂ ਜਲਦੀ ਹੀ ਇਹਨਾਂ ਦੇ ਮਾੜੇ ਸਿੱਟੇ ਸਾਹਮਣੇ ਆ ਗਏ। ਚਾਹੇ ਇੰਡੀਆ ਸ਼ਾਈਨਿੰਗ ਦਾ ਨਾਹਰਾ ਦੇਣ ਵਾਲੀ ਐਨ. ਡੀ. ਏ. ਸਰਕਾਰ ਰਹੀ ਹੋਵੇ ਜਾਂ ‘ਆਮ ਆਦਮੀ’ ਦੇ ਜ਼ੋਰ ਸੱਤਾ ਤੱਕ ਪੁੱਜੀ ਯੂ. ਪੀ. ਏ. ਸਰਕਾਰ, ਸਭ ਨੇ ਇਹਨਾਂ ਨੂੰ ਸਪਸ਼ਟ ’ਤੇ ਸ਼ਰੇਆਮ ਲਾਗੂ ਕੀਤਾ ਹੈ। ਖੇਤੀ ਪੈਦਾਵਾਰ ਨਾਲ ਜੁੜੀ ਲਗਭਗ

ਹਰ ਚੀਜ਼, ਖਾਦ, ਬੀਜ, ਕੀਟਨਾਸ਼ਕ, ਡੀਜ਼ਲ ਆਦਿ ਤੋਂ ਲਗਾਤਾਰ ਸਬਸਿਡੀ ਘਟਾਈ ਗਈ ਜਿਸ ਨਾਲ ਖੇਤੀ ਲਾਗਤ ਵਿਚ ਅਥਾਹ ਵਾਧਾ ਹੋਇਆ ਉਥੇ ਦਰਾਮਦ ਟੈਕਸਾਂ 'ਤੇ ਦਰਾਮਦ 'ਤੇ ਪਾਬੰਦੀਆਂ 'ਚ ਢਿੱਲ ਦੇਣ ਨਾਲ ਦਰਾਮਦ ਹੋਈਆਂ ਸਸਤੀਆਂ ਵਸਤਾਂ ਨਾਲ ਬਜ਼ਾਰ ਭਰ ਗਿਆ। ਇਸ ਤਰ੍ਹਾਂ ਕਿਸਾਨ ਦੂਹਰੀ ਮਾਰ ਹੇਠ ਆ ਗਿਆ। ਸਿੱਟੇ ਵਜੋਂ ਜਿੱਥੇ ਬਹੁਕੌਮੀ ਕੰਪਨੀਆਂ ਨੇ ਭਾਰੀ ਲਾਭ ਕਮਾਇਆ ਉਥੇ ਕਿਸਾਨ ਦਿਨੋ-ਦਿਨ ਕਰਜ਼ੇ ਹੇਠ ਦਬਦਾ ਗਿਆ ਜਿਸ ਦਾ ਸਿਰੇ ਦਾ ਸਿੱਟਾ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇ ਰੂਪ 'ਚ ਸਾਹਮਣੇ ਆਇਆ। ਇਸ ਪੂਰੇ ਦ੍ਰਿਸ਼ ਨੂੰ ਸਮਝਣ ਲਈ ਕਪਾਹ ਦੀ ਖੇਤੀ ਦੀ ਉਦਾਹਰਣ ਹੀ ਕਾਫੀ ਹੋਵੇਗੀ। ਮਹਾਂਰਾਸ਼ਟਰ 'ਚ ਪਿਛਲੇ ਇਕ ਦਹਾਕੇ 'ਚ ਕਪਾਹ ਦੀ ਪੈਦਾਵਰ ਲਾਗਤ ਲਗਭਗ ਚਾਰ ਗੁਣਾ ਹੋ ਗਈ ਹੈ ਪਰ ਇਸ ਦੌਰ ਸਮਰਥਨ ਮੁੱਲ 2250 ਰੁਪਏ ਤੋਂ ਘੱਟ ਕੇ 1750 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ। ਜ਼ਾਹਿਰਾ ਤੌਰ 'ਤੇ ਇਸ ਦਾ ਕਾਰਨ ਸਬਸਿਡੀ ਖਤਮ ਹੋਣਾ ਹੈ ਪਰ ਕਹਾਣੀ ਤਾਂ ਇਥੇ ਹੀ ਖਤਮ ਨਹੀਂ ਹੁੰਦੀ। 1997 ਤੋਂ 2003 ਵਿਚਕਾਰ ਦਰਾਮਦ 'ਚ ਪਾਬੰਦੀਆਂ ਦੇ ਖਾਮੇ ਪਿਛੋਂ ਭਾਰਤ ਨੇ 110 ਲੱਖ ਗੰਢਾਂ ਕਪਾਹ ਦਰਾਮਦ ਕੀਤੀ ਜੋ ਪਿਛਲੇ 60 ਸਾਲਾਂ 'ਚ ਕੁਝ ਦਰਾਮਦ ਤੋਂ ਵੀ ਵੱਧ ਹੈ, ਇਹ ਕਪਾਹ ਦੇਸੀ ਕਪਾਹ ਤੋਂ ਕਾਫੀ ਸਸਤੀ ਸੀ। ਕਾਰਨ ਕਈ ਹਨ, ਪਹਿਲਾਂ ਤਾਂ ਇਹ ਕਿ ਭਾਰਤ 'ਚ ਕਪਾਹ 'ਤੇ ਦਰਾਮਦ ਟੈਕਸ ਸਿਰਫ 10 ਫੀਸਦੀ ਤਕ ਰੱਖੀ ਜਾ ਸਕਦੀ ਸੀ (ਇਥੋਂ ਤਕ ਕਿ ਚੀਨ 'ਚ ਇਹ 90 ਫੀਸਦੀ ਹੈ) ਨਾਲ ਹੀ ਭਾਰਤ ਦੇ ਮੁੱਖ ਬਰਾਮਦਕਾਰ ਅਮਰੀਕਾ 'ਚ 4 ਕਰੋੜ ਡਾਲਰ ਦੀ ਸਬਸਿਡੀ ਦਿਤੀ ਜਾਂਦੀ ਹੈ ਜਿਸ ਕਾਰਨ ਉਤਪਾਦਨ ਲਾਗਤ ਵੱਧ ਹੋਣ ਦੇ ਬਾਵਜੂਦ ਉਸ ਦੀਆਂ ਵਸਤਾਂ ਸਸਤੀ ਕੀਮਤ 'ਤੇ ਵਿਕ ਸਕਦੀਆਂ ਹਨ। ਪਰ ਭਾਰਤ 'ਚ ਸਬਸਿਡੀ ਖਤਮ ਹੋਣ ਪਿੱਛੋਂ ਇੱਥੋਂ ਤੱਕ ਕਿ ਕੁਇੰਟਲ ਕਪਾਹ ਦੀ ਲਾਗਤ 3000 ਰੁਪਏ ਆਉਂਦੀ ਹੈ ਪਰ ਕਪਾਹ ਦਾ ਸਮਰਥਨ ਵੇਚ ਮੁੱਲ 1750 ਰੁਪਏ ਹੈ। ਇਹ ਸੁਭਾਵਿਕ ਹੀ ਸੀ ਕਿ ਲਾਭਕਾਰੀ ਖੇਤੀ ਦੇ ਸਿਟੇ ਵਜੋਂ ਕਿਸਾਨ ਕਰਜ਼ਾ ਲੈਣ 'ਤੇ ਮਜ਼ਬੂਰ ਹੋ ਰਿਹਾ ਹੈ। ਇਹ ਉਹ ਦੌਰਾ ਸੀ ਜਦ ਕਿਸਾਨਾਂ ਬਹੁਕੌਮੀ ਕੰਪਨੀਆਂ ਦੇ ਸੁਪਨਿਆਂ ਤੇ ਵੱਡੇ ਵੱਡੇ ਦਾਅਵਿਆਂ ਦੇ ਨਾਲ ਭਾਰਤ ਖੇਤੀ ਅੰਦਰ ਦਾਖਲ ਹੋਇਆਂ। ਖਾਦਾਂ ਦੀ ਰਵਾਇਤੀ ਪੈਦਾਵਾਰ ਦੀ ਥਾਂ ਅਖੌਤੀ ਨਕਦੀ ਫਸਲਾਂ ਦੀ ਪੈਦਾਵਾਰ ਨੂੰ ਉਤਸ਼ਾਹਿਤ ਕੀਤਾ ਗਿਆ। ਆਂਧਰਾ ਤੇ ਮਹਾਂਰਾਸ਼ਟਰ ਦੀਆਂ ਹੀ ਨਹੀਂ ਪੰਜਾਬ ਵਰਗੀਆਂ ਰਵਾਇਤੀ ਥਾਵਾਂ 'ਤੇ ਵੀ ਕਪਾਹ ਦੀ ਖੇਤੀ ਵੱਡੇ ਪੈਮਾਨੇ 'ਤੇ ਕੀਤੀ ਜਾਣ ਲੱਗੀ। ਸ਼ੁਰੂਆਤੀ ਸਾਲਾਂ 'ਚ ਇਸਦਾ ਲਾਭ ਵੀ ਮਿਲਿਆ ਪਰ ਜਲਦੀ ਹੀ ਉਲਟੇ ਸਿੱਟੇ ਨਿਕਲਣ ਲੱਗੇ। ਮੌਨਸੈਂਟੋ ਵਰਗੀ ਕੰਪਨੀ ਨੇ 2002 'ਚ ਜੈਵ ਸੋਧਿਤ ਬੀਟੀ ਕਾਟਨ ਕਪਾਹ ਦਾ ਬੀਜ ਵੇਚਿਆ ਤਾਂ 105 ਪ੍ਰਤੀ ਕੁਇੰਟਲ ਪ੍ਰਤੀ ਹੈਕਟੇਅਰ ਪੈਦਾਵਾਰ ਹੋਈ ਪਰ ਅਸਲੀ ਪੈਦਾਵਾਰ ਹੋਈ ਸਿਰਫ 200 ਗ੍ਰਾਮ। ਇਸ ਦੌਰਾਨ ਪਏ ਸੋਕੇ ਨੇ ਤਾਂ ਕਿਸਾਨਾਂ ਦਾ ਲੱਕ ਹੀ ਤੋੜ ਦਿਤਾ ਨਤੀਜਾ ਅੰਨੇਵਾਹ ਕਰਜ਼ਾ। ਅਜਿਹੀ ਹਾਲਤ 'ਚ ਸੰਸਥਾਗਤ ਕਰਜ਼ਾ ਮੁਹੱਈਆ ਕਰਾਉਣ 'ਚ ਸਰਕਾਰ ਦੀ ਅਸਫਲਤਾ ਨੇ ਸਥਿਤੀ ਹੋਰ ਵੀ ਵਿਸਫੋਟਕ ਬਣਾ ਦਿਤੀ ਹੈ। ਐਨ. ਐਸ. ਐਸ. ਵੱਲੋਂ ਜਨਵਰੀ 2003 ਤੋਂ ਦਸੰਬਰ-2003 ਵਿਚਕਾਰ ਕਰਵਾਏ ਗਏ ਸਰਵੇਖਣਾ ਅਨੁਸਾਰ ਕੁਲ ਨਕਦੀ ਸ਼੍ਰੇਣੀ ਵਿਚ ਸੰਸਥਾਗਤ ਕਰਜ਼ਿਆਂ ਦੀ ਭਾਗੀਦਾਰੀ ਸੰਨ

1991 ਦੇ 64 ਫੀਸਦੀ ਤੋਂ ਘੱਟ ਕੇ 2002 ’ਚ 57 ਫੀਸਦੀ ਹੀ ਰਹਿ ਗਈ। ਆਂਧਰਾ ਪ੍ਰਦੇਸ਼ ’ਚ ਇਸ ਅਰਸੇ ’ਚ ਇਹ ਅੰਕੜਾ 34 ਤੋਂ 27 ਫੀਸਦੀ ਕਰਨਾਟਕ ’ਚ 78 ਤੋਂ 67 ਫੀਸਦੀ ਮੱਧ ਪ੍ਰਦੇਸ਼ ’ਚ 73 ਤੋਂ 59 ਫੀਸਦੀ, ਪੰਜਾਬ ’ਚ 79 ਤੋਂ 56 ਫੀਸਦੀ ਅਤੇ ਪੱਛਮੀ ਬੰਗਾਲ ’ਚ 82 ਤੋਂ 68 ਫੀਸਦੀ ਹੀ ਰਹਿ ਗਿਆ ਸੀ। ਇਸ ਦੌਰਾਨ ਦੇਸ਼ ’ਚ ਰਿਆਇਤੀ ਕਰਜ਼ਿਆਂ ਦੀ ਉਪਲਭਤਾ ਚਾਰ ਫੀਸਦੀ ਤੋਂ ਘਟ ਕੇ 2 ਫੀਸਦੀ ਰਹਿ ਗਈ। ਇਸ ਸਰਵੇਖਣ ਦੇ ਨਤੀਜੇ ਖੇਤੀ ਕਰਜ਼ੇ ਦੇ ਸਰਲੀਕਰਨ ਹਿੱਤ ਲਾਗੂ ‘ਕਿਸਾਨ ਕਰੈਡਿਟ ਕਾਰਡ’ ਦੀ ਅਸਲੀਅਤ ’ਤੇ ਵੀ ਰੋਸ਼ਨੀ ਪਾਉਂਦੇ ਹਨ। ਰਿਪੋਟ ਅਨੁਸਾਰ ਦੇਸ਼ ਭਰ ’ਚ ਸਿਰਫ਼ 2.6 ਫੀਸਦੀ ਕਿਸਾਨ ਹੀ ਇਸ ਸਹੂਲਤ ਦਾ ਫਾਇਦਾ ਉਠਾ ਰਹੇ ਹਨ। ਆਂਧਰਾ ’ਚ ਜੇ 7 ਫੀਸਦੀ ਕਿਸਾਨ ਇਸ ਦਾ ਲਾਭ ਉਠਾ ਰਹੇ ਹਨ ਤਾਂ ਮੱਧ ਪ੍ਰਦੇਸ਼, ਹਰਿਆਣਾ, ਪੰਜਾਬ, ਮਹਾਂਰਾਸ਼ਟਰ, ਕਰਨਾਟਕ ਤੇ ਪੱਛਮੀ ਬੰਗਾਲ ’ਚ ਕ੍ਰਮਵਾਰ 2.8, 1.8, 1.2.0.8 ਤੇ 0.8 ਫੀਸਦੀ ਕਿਸਾਨ ਹੀ ਇਸ ਦਾ ਫਾਇਦਾ ਲੈ ਰਹੇ ਸਨ। ਸੰਸਥਾਗਤ ਕਰਜ਼ੇ ਦੇ ਮੁਹਈਆ ਨਾ ਹੋਣ ਕਰਕੇ ਕਿਸਾਨਾਂ ਨੂੰ ਸਿੱਧਾ ਹੀ ਸੂਦਖੋਰਾਂ ’ਤੇ ਗੈਰ ਕਾਨੂੰਨੀ ਫਾਇਨਾਂਸ ਕੰਪਨੀਆਂ ਦੇ ਰਹਿਮੋਕਰਮ ’ਤੇ ਛੱਡ ਦਿਤਾ ਗਿਆ ਜਿਨ੍ਹਾਂ ਨੇ ਕਿਸਾਨਾਂ ਦੀਆਂ ਮਜਬੂਰੀਆਂ ਦਾ ਲਾਭ ਉਠਾਉਂਦਿਆਂ ਬੇਹੱਦ ਉਚੀਆਂ ਵਿਆਜ ਦਰਾ ’ਤੇ ਕਰਜ਼ੇ ਵੰਡੇ ਐਨ. ਐਸ. ਐਸ. ਦੇ ਇਸ ਸਰਵੇ ਅਨੁਸਾਰ ਦੇਸ਼ ਭਰ ’ਚ ਕੁਲ ਨਗਦ ਕਰਜ਼ਿਆਂ ਦੀ 43 ਫੀਸਦੀ ਦੀ ਵਿਆਜ ਦਰ, ਤੇ 15 ਫੀਸਦੀ ਤੋਂ ਵੱਧ ਉਚੀ ਸੀ ਅਤੇ 21 ਫੀਸਦੀ ਤੋਂ ਉਚੀ ਚੱਕਰਵਿਧੀ ਵਿਆਜ ਦਰਾਂ ’ਤੇ ਕਰਜ਼ੇ ਦਿੱਤੇ ਗਏ। ਇਹੀ ਨਹੀਂ ਗੈਰ ਸਹਿਕਾਰੀ ਕਰਜ਼ਿਆਂ ’ਚ 33 ਫੀਸਦੀ ਕਰਜ਼ੇ 30 ਫੀਸਦੀ ਤੋਂ ਵੀ ਵੱਧ ਉਚੀਆਂ ਦਰਾਂ ’ਤੇ ਦਿਤੇ ਗਏ ਸਨ, ਲਗਾਤਾਰ ਅਸਫਲ ਹੁੰਦੀ ਖੇਤੀ ਅਨਾਜ ਦੀ ਘਾਟ ਤੇ ਉਚੇ ਬਜਾਰੂ ਭਾਅ, ਕਈ ਸਾਲਾਂ ਦੇ ਸੋਕੇ ਤੇ ਸਰਕਾਰੀ ਰਾਖਵੇਂ ਕਰਨ ’ਚ ਕਮੀ ਨੇ ਕਿਸਾਨਾਂ ਨੂੰ ਕਰਜ਼ੇ ਹੇਠ ਇਸ ਹੱਦ ਤਕ ਦੱਬ ਦਿਤਾ ਕਿ ਉਹਨਾਂ ਨੂੰ ਬਾਹਰ ਨਿਕਲਣ ਦਾ ਦੂਰ-ਦੂਰ ਤੱਕ ਕੋਈ ਰਾਹ ਨਜ਼ਰ ਨਹੀਂ ਆਇਆ, ਇਹ ਹੈਰਾਨੀ ਦੀ ਗੱਲ ਹੀ ਹੈ ਕਿ ਆਖਰ ਉਹਨਾਂ ਕਿਸਾਨ ਨੂੰ ਮੁਕਤੀ ਉਸੇ ਕੀਟਨਾਸ਼ਕ ਨੂੰ ਪੀ ਕੇ ਨਜ਼ਰ ਆਈ ਜਿਸ ਦੇ ਭਰੋਸੇ ਉਹਨਾਂ ਨੇ ਉਚੀ ਪੈਦਾਵਾਰ ਤੇ ਆਰਥਕ ਖੁਸ਼ਹਾਲੀ ਦੇ ਸੁਪਨੇ ਵੇਖੇ ਸਨ।

ਹੁਣ ਮਨੁੱਖੀ ਚਿਹਰੇ’ ਵਾਲੀ ਯੂ. ਪੀ. ਏ. ਸਰਕਾਰ ਦੀ ਪਾਲਸੀਆਂ ਨੂੰ ਵੀ ਵੇਖੀਏ ਪਿਛਲੇ ਬਜਟ ’ਚ ਕਿਸਾਨਾਂ ਦੇ ਹਿਤਾਂ ਦੀ ਰਾਖੀ ਤੇ ਪੇਂਡੂ ਰੁਜ਼ਗਾਰ ਦੇ ਲੰਮੇ ਚੌੜੇ ਦਾਅਵਿਆਂ ਦੇ ਨਾਲ ‘ਕੌਮੀ ਰੁਜ਼ਗਾਰ ਗਰੰਟੀ ਯੋਜਨਾ’ ਲਾਗੂ ਕੀਤੀ ਗਈ ਸੀ ਪਰ ਅਸਲੀਅਤ ਇਹ ਹੈ ਕਿ ਪੇਂਡੂ ਰੁਜ਼ਗਾਰ ਦੇ ਖਾਤੇ ’ਚ ਸਿਰਫ 10 ਫੀਸਦੀ ਦਾ ਹੀ ਵਾਧਾ ਕੀਤਾ ਗਿਆ। ਕੌਮੀ ਰੁਜ਼ਗਾਰ ਗਰੰਟੀ ਯੋਜਨਾ ਲਈ 10170 ਕਰੋੜ ਰੁਪਏ ਦਿੱਤੇ ਗਏ ਪਰ ਸੰਪੂਰਨ ਪੇਂਡੂ ਰੁਜ਼ਗਾਰ ਯੋਜਨਾ ਦਾ ਬਜਟ 4950 ਕਰੋੜ ਰੁਪਏ ਅਤੇ ਕੰਮ ਬਦਲੇ ਅਨਾਜ ਯੋਜਨਾ ਦਾ ਬਜਟ 4050 ਰੁਪਏ ਘਟਾ ਦਿੱਤਾ ਗਿਆ। ਇਹੀ ਨਹੀਂ ਸਵਾਮੀ ਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਦੀ ਅਣਦੇਖੀ ਵੀ ਕੀਤੀ ਗਈ। ਖੇਤੀ ਕਰਜ਼ਿਆਂ ’ਤੇ ਵਿਆਜ ਦਰ 4 ਫੀਸਦੀ ਕਰਨ ਦੀ ਬਜਾਏ 7 ਫੀਸਦੀ ਕੀਤੀ ਗਈ ਅਤੇ ਖਾਦ ਸਬਸਿਡੀ 2620 ਕਰੋੜ ਤੋਂ ਘਟਾ ਕੇ 24200 ਕਰੋੜ ਕਰ ਦਿੱਤੀ ਗਈ। ਪ੍ਰਧਾਨ ਮੰਤਰੀ ਨੇ ਉਸ ਭਾਵਨਾਤਮਕ ਭਾਸ਼ਣ ਪਿੱਛੋਂ ਐਲਾਨ ਆਰਥਕ ਪੈਕੇਜ ਵਿਚ

ਵੀ ਕਰਜ਼ੇ ਮੁਆਫੀ ਜਾਂ ਦੂਸਰੀਆਂ ਰਿਆਇਤਾਂ ਦੀ ਥਾਂ ਅੱਛੀ ਨਸਲ ਦੀਆਂ ਗਾਵਾਂ ਤੇ ਬੀਜਾਂ ਦੇ ਨਾਂ 'ਤੇ ਦਿੱਤੇ ਗਏ ਪੈਸੇ ਵੀ ਬਹੁਕੌਮੀ ਨਿਗਮਾਂ ਤੇ ਵਪਾਰੀਆਂ ਪਾਸ ਹੀ ਵਾਪਸ ਪੁੱਜ ਜਾਣਗੇ। ਸਪਸ਼ਟ ਹੈ ਕਿ ਸਰਕਾਰ ਦੀ ਦਿਲਚਸਪੀ ਕਿਸਾਨਾਂ ਦੀ ਭਲਾਈ 'ਚ ਨਹੀਂ ਬਲਕਿ ਨਵੀਆਂ ਆਰਥਿਕ ਨੀਤੀਆਂ ਦੇ ਵਿਸਥਾਰ ਵਿਚ ਹੈ। ਪਾਣੀ ਵਰਗੀ ਬੁਨਿਆਦੀ ਲੋੜ ਦੇ ਨਿਜੀਕਰਨ, ਦਰਾਮਦ ਟੈਕਸਾਂ 'ਚ ਕਟੌਤੀ ਤੇ ਵਿਸ਼ੇਸ਼ ਆਰਥਕ ਜੋਨ ਵਰਗੀਆਂ ਯੋਜਨਾਵਾਂ ਦੇ ਨਾਂ 'ਤੇ ਕਿਸਾਨਾਂ ਦੀ ਜ਼ਮੀਨਾਂ ਤੋਂ ਲਗਾਤਾਰ ਬੇਦਖਲੀ ਸਾਹਮਣੇ ਗੈਰ ਜਥੇਬੰਦ ਕਿਸਾਨ ਬੁਰੀ ਤਰ੍ਹਾਂ ਬੇਵਸ ਨਜ਼ਰ ਆ ਰਹੇ ਹਨ। ਸਾਰੀਆਂ ਪਾਰਲੀਮਾਨੀ ਪਾਰਟੀਆਂ 'ਚ ਆਰਥਕ ਨੀਤੀਆਂ' ਸੰਬੰਧੀ ਸਹਿਮਤੀ ਹੈ। 'ਪੇਂਡੂ ਅਰਥਚਾਰੇ ਦੀ ਇਸ ਰੀੜ ਦੀ ਹੱਡੀ ਨੂੰ ਖੋਖਲਾ ਕਰ ਰਹੇ ਹਨ ਸੁਪਨਿਆਂ ਦੇ ਸੌਦਾਗਰ। ਦਲਾਲ ਸ਼ਰਮਾਏਦਾਰੀ ਆਪਣੀਆਂ ਸਾਮਰਾਜੀ ਪੱਖੀ ਨੀਤੀਆਂ ਰਾਹੀਂ ਲੋਕਾਂ ਦੇ ਸੁਪਨਿਆਂ ਨੂੰ ਮਾਰ ਰਹੀ ਹੈ। ਸੁਪਨਿਆਂ ਦੇ ਮਰ ਜਾਣ ਪਿੱਛੋਂ ਸਾਹਾਂ ਦੇ ਚਲਣ ਦਾ ਕੋਈ ਅਰਥ ਨਹੀਂ ਹੁੰਦਾ? ਕੀ ਅਸੀਂ ਆਪਣੇ ਸੁਪਨਿਆਂ ਨੂੰ ਇਉਂ ਹੀ ਮਰ ਜਾਣ ਦਿਆਂਗੇ? ਇਹ ਸੁਆਲ ਸਭ ਦੇ ਸਾਹਮਣੇ ਹੈ।

# ਦਲਿਤ ਸੁਆਲ ਵੱਲ ਸਹੀ ਦ੍ਰਿਸ਼ਟੀਕੋਣ ਕੀ ਹੋਵੇ?

ਵਿਸ਼ਵੀਕਰਨ ਵਸੋਂ ਦੇ ਵੱਡੇ ਹਿੱਸੇ ਪਤਵੰਤੇ ਵਰਗ-ਖਾਸ ਕਰਕੇ ਸ਼ਹਿਰੀ ਪਤਵੰਤੇ ਵਰਗ ਨੂੰ ਛੱਡ ਕੇ ਵਸੋਂ ਦੇ ਵੱਡੇ ਹਿੱਸੇ ਨੂੰ ਖੂੰਜੇ ਲਾਉਣਾ ਚਾਹੁੰਦਾ ਹੈ ਅਤੇ ਜਿਉਂ ਹੀ ਕੋਈ ਆਰਥਕ ਤੇ ਸਮਾਜਕ ਪੌੜੀ ਤੋਂ ਹੇਠਾਂ ਜਾਂਦਾ ਹੈ, ਖੂੰਜੇ ਲੱਗ ਜਾਣ ਦਾ ਅਮਲ ਰੇਖਾਗਣਿਤ ਦੀ ਦਰ ਨਾਲ ਅੱਗੇ ਵਧਦਾ ਹੈ। ਦਲਿਤ ਜਨਤਾ ਆਰਥਕ ਤੇ ਸਮਾਜਕ ਦੋਵਾਂ ਪੱਖਾਂ ਤੋਂ ਪੌੜੀ ਦੇ ਹੇਠਲੇ ਟੰਬਿਆਂ ਉੱਤੇ ਹਨ। ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਨੂੰ ਵਿਸ਼ਵੀਕਰਨ ਦਾ ਪੂਰਾ ਅਸਰ ਲਾਜ਼ਮੀ ਮਹਿਸੂਸ ਹੋਵੇਗਾ। ਇਸ ਤੋਂ ਬਿਨਾਂ, ਹਿੰਦੂ ਫਾਸ਼ੀਵਾਦ ਜੋ ਹਾਲੇ ਦਲਿਤਾਂ ਨੂੰ ਤੁਰੰਤ ਨਿਸ਼ਾਨਾ ਨਹੀਂ ਬਣਾ ਰਿਹਾ ਅਤੇ ਮੁੱਖ ਤੌਰ ’ਤੇ ਮੁਸਲਮਾਨਾਂ ’ਤੇ ਧਿਆਨ ਕੇਂਦਰਿਤ ਕਰ ਰਿਹਾ ਹੈ-ਇਹਨਾਂ ਬ੍ਰਾਹਮਣਵਾਦੀ ਕਦਰਾਂ-ਕੀਮਤਾਂ ਤੇ ਸੋਚਣੀ ਨੂੰ ਤੇਜ਼ੀ ਪ੍ਰਦਾਨ ਕਰਦਾ ਹੈ। ਸਿੱਟੇ ਵਜੋਂ ਇਸ ਦੀ ਉਪਜ ਵਜੋਂ ਹੋਰ ਜ਼ਿਆਦਾ ਜਾਤਪਾਤੀ ਭਾਵਨਾਵਾਂ ਅਤੇ ‘ਅਛੂਤਾਂ’ ਪ੍ਰਤੀ ਨਫ਼ਰਤ ’ਚ ਵਾਧਾ ਹੋ ਰਿਹਾ ਹੈ। ਬਹੁਤੇ ਸੂਬਿਆਂ ’ਚ ਉੱਚ ਜਾਤਾਂ ਤੋਂ ਇਲਾਵਾ ਵਿੱਚ ਵਿਚਾਲੇ ਦੀਆਂ ਜਾਤਾਂ ਦੇ ਸਿਆਸੀ ਸੱਤਾ ’ਚ ਪਹੁੰਚਣ ਕਰਕੇ ਪੇਂਡੂ ਇਲਾਕਿਆਂ ਵਿੱਚ ਜਾਤਪਾਤੀ ਬਣਤਰ ਬਦਲਣ ਨਾਲ, ਇਹ ਨਵੀਆਂ ਅਮੀਰ ਬਣੀਆਂ ਵਿੱਚ-ਵਿਚਾਲੇ ਦੀਆਂ ਜਾਤਾਂ, ਦਲਿਤਾਂ ਉੱਪਰ ਹਮਲੇ ਕਰਨ ’ਚ ਵੱਧ ਤੋਂ ਵੱਧ ਹਮਲਾਵਰ ਬਣ ਗਈਆਂ ਹਨ। ਇਹ ਨਵੀਂ ਨਵੀਂ ਅਮੀਰ ਜਮਾਤ/ਜਾਤ ਜਦੋਂ ਦਲਿਤਾਂ ਦੇ ਉਭਰ ਰਹੇ ਹਿੱਸੇ ਤੋਂ ਆਪਣੇ ਸਮਾਜਕ ਰੁਤਬੇ ਨੂੰ ਖਤਰਾ ਵੇਖਦੀ ਹੈ, ਇਹ ਕਠੋਰ, ਵਹਿਸ਼ੀ ਤੇ ਜ਼ਹਿਰੀ ਬਣ ਜਾਂਦੀ ਹੈ। ਬੀਤੇ ਦਹਾਕੇ ’ਚ ਦਲਿਤਾਂ ਉੱਪਰ ਮੁੱਖ ਹਿੰਸਕ ਹਮਲੇ ਇਹਨਾਂ ਜਾਤਾਂ ਨੇ ਕੀਤੇ ਹਨ। ਸਿਆਸੀ ਪੱਧਰ ’ਤੇ ਭਾਜਪਾ-ਬਸਪਾ ਦੀ ਕੁੱਲ ਏਕਤਾ ਦੇ ਬਾਵਜੂਦ ਜਨਤਾ ਦੀ ਪੱਧਰ ’ਤੇ ਇਨ੍ਹਾਂ ਵਹਿਸ਼ੀ ਹਮਲਿਆਂ ਦੇ ਸਨਮੁੱਖ ਉੱਚ ਜਾਤਾਂ ਅਸਲ ਵਿੱਚ ਉਕਸਾਹਟ ਪੈਦਾ ਕਰਦੀਆਂ ਹਨ ਅਤੇ ਜਿਵੇਂ ਟਕਰਾਵਾਂ ’ਚ ਵੇਖਿਆ ਗਿਆ ਹੈ ਸਮੁੱਚਾ ਰਾਜਕੀ ਢਾਂਚਾ ਦਲਿਤਾਂ ਉੱਤੇ ਹੋਰ ਕਹਿਰ ਢਾਹੁੰਦਾ ਹੈ, ਹਾਲਾਂਕਿ ਉਹ ਪੀੜਤ ਹੁੰਦੇ ਹਨ। ਅਜੇਹੀ ਹਾਲਤ ਵਿੱਚ, ਕੋਈ ਪਾਰਟੀ ਉਹਨਾਂ ਦੀ ਸਹਾਇਤਾ ਲਈ ਨਹੀਂ ਬਹੁੜਦੀ ਕਿਉਂਕਿ ਉਹ ਵੀ ਜਾਤਪਾਤਵਾਦ ’ਚ ਗ੍ਰਸੇ ਹੁੰਦੇ ਹਨ ਅਤੇ ਆਪਣੇ ਵੋਟ ਸਮੀਕਰਣਾਂ ’ਚ ਖਲਲ ਪੈਣ ਤੋਂ ਬਚਣ ਲਈ ਬੋਚ ਬੋਚ ਕੇ ਚੱਲਦੇ ਹਨ। ਇਸ ਕਰਕੇ ਦਲਿਤ ਸਾਰੇ ਪਾਸਿਆਂ ਤੋਂ ਘਿਰ ਗਏ ਮਹਿਸੂਸ ਕਰਦੇ ਹਨ। ਇਸ ਤੋਂ ਬਿਨਾਂ ਪਤਵੰਤੇ ਵਰਗ ਅਤੇ ਦਲਿਤ ਜਨਤਾ ਵਿਚਕਾਰ ਕਤਾਰਬੰਦੀ ਵਧ ਰਹੀ ਹੈ। ਇੱਕ ਪਾਸੇ ਨਿੱਜੀਕਰਨ, ਦਲਿਤਾਂ ਦੀ ਨਵੀਂ ਪੀੜੀ ਲਈ ਰਾਖਵੀਆਂ ਨੌਕਰੀਆਂ ਦੀ ਸੰਭਾਵਨਾ ਖਤਮ ਕਰ ਰਿਹਾ ਹੈ-ਦੂਜੇ ਪਾਸੇ, ਦਲਿਤਾਂ ਦਾ ਮੌਜੂਦਾ ਪਤਵੰਤਾ ਵਰਗ ਦਲਿਤ ਏਜੰਡੇ ਵਰਗੀਆਂ ਸਕੀਮਾਂ ਉੱਤੇ ਅਤੇ ਸੱਤਾ ਦੇ ਦਲਾਲਾਂ, ਚਾਹੇ ਸੰਘ ਪ੍ਰੀਵਾਰ ਨਸਲ ਦੇ ਹੋਣ ਜਾਂ ਕੋਈ ਹੋਰ, ਦੀ ਚਾਪਲੂਸੀ ਕਰਕੇ ਵਧ ਫੁੱਲ ਰਿਹਾ ਹੈ। ਇਸ ਕਰਕੇ ਆਉਣ ਵਾਲੇ ਦਿਨਾਂ ’ਚ ਦਲਿਤ ਜਨਤਾ (ਇਹਨਾਂ ਵਿਚਲੇ ਮੱਧ ਵਰਗ ਸਮੇਤ) ਅਤੇ ਪਤਵੰਤੇ ਵਰਗ ਵਿਚਕਾਰ ਪਾੜਾ ਵਧੇਗਾ ਹੀ। ਦੂਜੇ ਸ਼ਬਦਾਂ ’ਚ ਦਲਿਤ ਜਨਤਾ ਆਪਣੇ ਹੀ ਭਾਈਚਾਰੇ ਦੇ ਆਗੂਆਂ ’ਚ ਹੋਰ ਵੀ ਘਿਰ ਜਾਵੇਗੀ, ਜੋ ਪਹਿਲਾਂ ਹੀ ਪੈਸੇ ਤੇ ਸੱਤਾ ਲਈ ਦਲਿਤ ਵੋਟ ਬੈਂਕ ਦਾ ਮੁੱਲ ਵੱਟਣ ’ਚ ਲੱਗੇ ਹੋਏ ਹਨ। ਮੌਜੂਦਾ

ਹਾਲਤਾਂ ਵਿੱਚ 81% ਤੋਂ ਵੱਧ ਦਲਿਤ ਪੇਂਡੂ ਇਲਾਕਿਆਂ ਵਿੱਚ ਰਹਿੰਦੇ ਹਨ ਤੇ ਇਹਨਾਂ 'ਚੋਂ ਪੇਂਡੂ ਦਲਿਤ ਪ੍ਰੀਵਾਰਾਂ ਦਾ ਕਰੀਬ 86% (1999 'ਚ) ਬੇਜ਼ਮੀਨੇ ਤੇ ਲਗਭਗ ਬੇਜ਼ਮੀਨੇ ਪ੍ਰੀਵਾਰ ਸਨ। ਕੁੱਲ ਦਲਿਤ ਪੇਂਡੂ ਮਜਦੂਰਾਂ ਵਿੱਚੋਂ 82% ਖੇਤੀ ਕੰਮਾਂ 'ਚ ਲੱਗੇ ਹੋਏ ਸਨ ਤੇ ਬਾਕੀ 18% ਗੈਰ ਖੇਤੀ ਕੰਮਾਂ ਵਿੱਚ। ਖੇਤੀ ਕੰਮਾਂ ਦਾ ਅਰਥ ਖੇਤੀ ਮਜਦੂਰਾਂ ਵਜੋਂ ਮੁਸ਼ਕਲ ਨਾਲ ਹੀ ਗੁਜ਼ਾਰਾ ਕਰਨ ਜਿੰਨਾ ਕਮਾ ਸਕਣਾ ਹੈ। ਇਸ ਦਾ ਅਰਥ ਹੈ ਕਿ ਪੇਂਡੂ ਭਾਰਤ 'ਚ ਮੋਟੇ ਤੌਰ 'ਤੇ 10 ਕਰੋੜ ਦਲਿਤ ਪਰਾਏ ਵੱਸ ਜੂਨ ਭੋਗਦੇ ਹਨ। ਪ੍ਰਮੁੱਖ ਤੌਰ 'ਤੇ ਇਹ ਚੋਖਾ ਹਿੱਸਾ ਸਾਰੇ ਪਾਸਿਆਂ ਤੋਂ ਖੂੰਜੇ ਲਾਇਆ ਜਾਂਦਾ ਹੈ। ਬਾਕੀ ਦਿਆਂ ਵਿੱਚੋਂ ਵੀ, ਸ਼ਹਿਰੀ ਇਲਾਕਿਆਂ ਵਿੱਚ, ਬਹੁਗਿਣਤੀ ਬੇਤਰਤੀਬੀਆਂ ਗੰਦੀਆਂ ਬਸਤੀਆਂ 'ਚ ਗੈਰ-ਮਨੁੱਖੀ ਹਾਲਤਾਂ ਵਿੱਚ ਰਹਿੰਦੀ ਹੈ। ਵਿਸ਼ਵੀਕਰਨ ਨਾਲ ਦਲਿਤ ਵਰਗ ਦਾ ਇੱਕ ਵੱਡਾ ਹਿੱਸਾ ਮੁੜ ਗਰੀਬੀ 'ਚ ਧੱਕਿਆ ਜਾਵੇਗਾ ਅਤੇ ਇਸ ਪ੍ਰਬੰਧ ਤੋਂ ਫਾਇਦਾ ਲੈਣ ਵਾਲਿਆਂ ਦੀ ਗਿਣਤੀ ਥੋੜੀ ਰਹਿ ਜਾਵੇਗੀ। ਜਾਤਪਾਤੀ ਦਰਜੇਬੰਦੀ ਦੇ ਵੱਖ-ਵੱਖ ਪੱਧਰਾਂ ਨਾਲ ਸਬੰਧਤ ਸਾਰਿਆਂ ਦੀਆਂ ਜਾਤਪਾਤੀ ਭਾਵਨਾਵਾਂ ਦੇ ਸਿੱਟੇ ਵਜੋਂ ਉਪਜਦੀ ਸੌੜੀ ਮਾਨਸਿਕਤਾ ਦੇ ਨਾਲ-ਨਾਲ 'ਅਸੀਂ ਦਲਿਤ' ਬਨਾਮ 'ਉਹ ਗੈਰ ਦਲਿਤ' ਫਾਰਮੂਲੇ ਕਾਰਨ ਦਲਿਤ ਵੋਟ ਬੈਂਕ, ਵੋਟ ਮੰਡੀ ਵਿੱਚ ਸਭ ਤੋਂ ਵੱਧ ਬੋਲੀ ਉੱਤੇ ਵੇਚੀ ਖਰੀਦੀ ਜਾਣ ਵਾਲੀ ਠੋਸ ਚੀਜ਼ ਬਣ ਜਾਂਦਾ ਹੈ। ਮੌਜੂਦਾ ਜਗੀਰੂ-ਪੂੰਜੀਵਾਦੀ ਢਾਂਚੇ ਵਿੱਚ ਹਕੂਮਤੀ ਕੁਰਸੀਆਂ ਦਾ ਫੇਰ ਬਦਲ ਦਲਿਤ ਸਮੱਸਿਆ ਦਾ ਕੋਈ ਹੱਲ ਨਹੀਂ ਹੈ। ਫਿਰ ਵੀ ਵੱਡਾ ਹਿੱਸਾ ਦਲਿਤ ਭਾਈਚਾਰਾ ਜਿਸ ਹਾਲਤ ਦਾ ਸਾਹਮਣਾ ਕਰ ਰਿਹਾ ਹੈ, ਉਸ 'ਚ ਬਗਾਵਤ ਤੋਂ ਬਿਨਾਂ ਉਹਨਾਂ ਕੋਲ ਹੋਰ ਕੋਈ ਰਾਹ ਨਹੀਂ ਹੈ, ਉਹਨਾਂ ਦੇ ਗੱਦਾਰ ਆਗੂ ਵੀ ਬਹੁਤ ਸਮਾਂ ਉਹਨਾਂ ਦੇ ਹੱਥ ਨਹੀਂ ਬੰਨ੍ਹ ਸਕਣਗੇ। ਹਾਲਾਂਕਿ ਮੁਸ਼ਕਲ ਮਸਲਾ ਇਹ ਹੈ ਕਿ ਬਗਾਵਤ ਦੀ ਅਗਵਾਈ ਕਰਨ ਵਾਲਾ ਬਦਲ ਕੀ ਹੈ। ਜਿਥੋਂ ਤੱਕ ਸਾਰੀਆਂ ਵੱਡੀਆਂ ਪਾਰਲੀਮੈਂਟਰੀ ਪਾਰਟੀਆਂ ਦਾ ਸਬੰਧ ਹੈ ਉਹ ਧੁਰ ਅੰਦਰੋਂ ਜਾਤ ਪ੍ਰਸਤ ਹਨ। ਇੱਥੋਂ ਤੱਕ ਕਿ ਕੁਝ ਅਗਾਂਹਵਧੂ ਗੱਲਾਂ ਕਰਨ ਦੇ ਬਾਵਜੂਦ ਖੱਬੀਆਂ ਪਾਰਲੀਮੈਂਟਰੀਵਾਦੀ ਪਾਰਟੀਆਂ ਜਨਤਾ ਦੀ ਪੱਧਰ 'ਤੇ ਜਾਤਪਾਤੀ ਭੇਦ-ਭਾਵ ਦਾ ਉਨ੍ਹਾਂ ਹੀ ਪ੍ਰਗਟਾਵਾ ਕਰਦੀਆਂ ਹਨ ਹਾਲਾਂਕਿ ਉਹ ਪ੍ਰਤੱਖ 'ਅਛੂਤਪੁਣਾ' ਅਮਲ 'ਚ ਨਹੀਂ ਲਿਆ ਸਕਦੀਆਂ। ਉਹਨਾਂ ਦਾ ਇਸ ਦੀ ਸਰਪ੍ਰਸਤੀ ਕਰਨ ਤੇ ਇਸ ਨੂੰ ਨਿਵਾਜਣ ਵਾਲਾ ਰਵੱਈਆ ਬਹੁਤ ਸਾਰੇ ਸੂਖਮ ਤਰੀਕਿਆਂ ਨਾਲ ਪ੍ਰਤੀਬਿੰਬਤ ਹੋਵੇਗਾ। ਇਸ ਦੀ ਇੱਕ ਮਿਸਾਲ ਪੱਛਮੀ ਬੰਗਾਲ 'ਚ ਖੱਬਿਆਂ ਦੇ ਚੋਟੀ ਦੇ ਆਗੂਆਂ ਵੱਲੋਂ ਦੁਰਗਾ ਪੂਜਾ ਨੂੰ ਵਿਆਪਕ ਤੌਰ 'ਤੇ ਉਤਸ਼ਾਹਿਤ ਕਰਨਾ ਹੈ। ਬੇਸ਼ੱਕ ਇਸਨੂੰ 'ਜਨਤਾ ਦੇ ਨਾਲ ਚੱਲਣ' ਦੇ ਅਧਾਰ 'ਤੇ ਜਾਇਜ਼ ਠਹਿਰਾਇਆ ਜਾਂਦਾ, ਇਸ ਦੇ ਉਲਟ ਅਸਲ ਵਿੱਚ ਇਹ ਜਨਤਾ ਦੇ ਮਗਰ ਘਸੀਟੇ ਜਾਣਾ ਹੈ ਨਾ ਕਿ ਜਨਤਾ ਦੀ ਅਗਵਾਈ ਕਰਨਾ ਹੈ। ਜਾਤਪਾਤੀ ਵਿਤਕਰਾ ਹਿੰਦੂ ਧਰਮ ਨਾਲੋਂ ਅਟੁੱਟ ਹੈ। ਜੇ ਇਹ ਭੱਦੇ ਰੂਪ 'ਚ ਪ੍ਰਤੀਬਿੰਬਤ ਨਾ ਵੀ ਹੋਵੇ, ਇਹ ਸਮਾਜਕ-ਅਦਾਨ-ਪ੍ਰਦਾਨ ਦੌਰਾਨ ਵਿਆਹਾਂ ਤੋਂ ਲੈ ਕੇ ਰਸਮਾਂ ਰਿਵਾਜਾਂ ਤੱਕ ਤੇ ਨਿਤਾ-ਪ੍ਰਤੀ ਦੇ ਪ੍ਰੀਵਾਰਕ ਸਬੰਧਾਂ ਵਰਗੀਆਂ ਦੁਨਿਆਵੀ ਚੀਜ਼ਾਂ ਤੱਕ ਹਜ਼ਾਰਾਂ ਤਰੀਕਿਆਂ ਨਾਲ ਪ੍ਰਤੀਬਿੰਬਤਾ ਹੋਵੇਗਾ। ਜਿੱਥੋਂ ਤੱਕ ਦਲਿਤ ਪਾਰਲੀਮਾਨੀ ਪਾਰਟੀਆਂ ਦਾ ਸਬੰਧ ਹੈ ਉਹ ਸਿਰਫ ਹਾਕਮ ਜਮਾਤਾਂ ਨਾਲ ਸੱਤਾ ਦੀ ਹਿੱਸੇਦਾਰੀ ਲਈ ਦਲਿਤ ਪਤਵੰਤਿਆਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਵਿਕਸਤ ਕਰਨ ਲਈ ਸ਼ਬਦ-

ਆਡੰਬਰ ਦੀ ਵਰਤੋਂ ਕਰਦੀਆਂ ਹਨ ਤੇ ਇਸ ਜ਼ਰੀਏ ਖੁਦ ਨੂੰ ਧਨਾਢ ਬਣਾਉਂਦੀਆਂ ਹਨ। ਇਸ ਦੀ ਪ੍ਰਮੁੱਖ ਮਿਸਾਲ ਮਾਇਆਵਤੀ ਦੀ ਬਸਪਾ ਹੈ ਜਿਸ ਵਿੱਚ ਮਾਇਆਵਤੀ ਇਸ ਵਿਸ਼ਵਾਸ ਨਾਲ ਇੱਕ ਜਨਮ ਦਿਨ ਸਮਾਗਮ 'ਚ ਆਪਣੀ ਦੌਲਤ ਦਾ ਭੱਦਾ ਪ੍ਰਦਰਸ਼ਨ ਕਰਦੀ ਹੈ ਕਿ ਗਰੀਬੀ ਮਾਰੀ ਦਲਿਤ ਜਨਤਾ ਬਾਗੀ ਨਹੀਂ ਹੋਵੇਗੀ ਤੇ ਦਲਿਤ ਆਗੂ ਤਾੜੀਆਂ ਵਜਾਉਣਗੇ ਕਿ "ਅਸੀਂ ਠਾਠਬਾਠ' 'ਚ ਬ੍ਰਾਹਮਣਾਂ ਨੂੰ ਪਿੱਛੇ ਛੱਡ ਸਕਦੇ ਹਾਂ।" ਗੁਟਬੰਦਕ ਝਗੜਿਆਂ ਦੇ ਸਿੱਟੇ ਵਜੋਂ ਵਕਤੀ ਫੁੱਟ ਪੈਣ ਤੋਂ ਪਹਿਲਾਂ ਬ੍ਰਾਹਮਣਵਾਦੀ ਭਾਜਪਾ ਦੀ ਬਸਪਾ ਵੱਲੋਂ ਬਾਖੂਬੀ ਜੀ-ਹਜ਼ੂਰੀ ਸਾਰੇ ਹੱਦਾਂ ਬੰਨੇ ਲੰਘ ਗਈ ਸੀ। ਇਸ ਵਿਰੁੱਧ ਬਗਾਵਤ ਕਰਨ ਵਾਸਤੇ ਵਧੇਰੇ ਚੇਤਨ ਦਲਿਤ ਵਸੋਂ ਦੀ ਲੋੜ ਹੈ। ਦਲਿਤ ਲਹਿਰ ਨੂੰ ਆਸ ਸਿਰਫ਼ ਦੇਸ਼ ਦੇ ਇਨਕਲਾਬੀ ਗਰੁੱਪਾਂ ਤੋਂ ਹੀ ਹੈ ਜਿਨ੍ਹਾਂ ਦੀਆਂ ਸਫ਼ਾਂ 'ਚ ਸਾਰੀਆਂ ਜਾਤਾਂ ਦੇ ਲੋਕ ਹੀ ਹਨ ਜੋ ਦੇਸ਼ ਨੂੰ ਸਤਾਉਣ ਵਾਲੀ ਪਾਰਲੀਮਾਨੀ ਸੜਿਆਂਦ ਵਿੱਚ ਸ਼ਾਮਲ ਨਹੀਂ ਹਨ। ਹਾਲਾਂਕਿ ਕਮਿਊਨਿਸਟ ਲਹਿਰ ਤੇ ਖਾਸ ਕਰਕੇ ਇਸ ਦੀਆਂ ਕਈ ਜਨਤਕ ਜਥੇਬੰਦੀਆਂ ਅੰਦਰ, ਜਿੱਥੇ ਦਲਿਤ ਬਹੁਗਿਣਤੀ ਵਿਸ਼ੇਸ਼ ਕਰਕੇ ਕਾਰਕੁੰਨਾਂ ਦੀ, ਨਹੀਂ ਬਣਦੇ ਹੁੰਦੇ, ਦਲਿਤਾਂ ਤੇ ਅੱਤਿਆਚਾਰਾਂ ਅਤੇ ਦਲਿਤਾਂ ਨਾਲ ਵਿਤਕਰੇ ਦੇ ਮੁੱਦੇ ਅਕਸਰ ਨਜ਼ਰ ਅੰਦਾਜ਼ ਕਰ ਦਿੱਤੇ ਜਾਂਦੇ ਹਨ। ਇਹ ਪ੍ਰਯੋਗਵਾਦ (ਆਪਣੀ ਮੈਂਬਰਸ਼ਿਪ ਦੇ ਵੱਡੇ ਹਿੱਸੇ ਦੇ ਸੁਭਾਅ ਵਿਰੁੱਧ ਨਾ ਜਾਣਾ ਜਾਂ ਫਿਰ ਇਸ ਦਾ ਲੋੜੀਂਦਾ ਮਹੱਤਵ ਨਾ ਸਮਝ ਸਕਣਾ) ਆਰਥਕਵਾਦ (ਅੰਸ਼ਕ ਮੰਗਾਂ ਲਈ ਘੋਲ ਨੂੰ ਜਮਾਤੀ ਘੋਲ ਦੇ ਬਰਾਬਰ ਉੱਚਾ ਚੁੱਕ ਦੇਣਾ) ਅਤੇ ਸਭ ਤੋਂ ਭੈੜੀ ਗੱਲ ਕਿਸੇ ਕਿਸੇ ਸਮੇਂ ਜਨਤਕ ਜਥੇਬੰਦੀ ਅਤੇ ਇੱਥੋਂ ਤੱਕ ਕਿ ਕਾਰਕੁੰਨਾਂ ਦੇ ਇੱਕ ਵੱਡੇ ਹਿੱਸੇ 'ਚ ਵੀ ਮੌਜੂਦ ਜਾਤਪਾਤੀ ਭਾਵਨਾਵਾਂ ਦੇ ਪਿੱਛੇ ਘਸੀਟੇ ਜਾਣ ਕਰਕੇ ਹੁੰਦਾ ਹੈ। ਅਨੇਕਾਂ ਗਲਤ ਧਾਰਨਾਵਾਂ ਵੀ ਪ੍ਰਚੱਲਤ ਹਨ। ਜੋ ਦਲਿਤਾਂ ਦੀ ਡੂੰਘੀ ਭਰਵੀਂ ਇਨਕਲਾਬੀ ਲਾਮਬੰਦੀ ਕਰਨ ਤੋਂ ਪਾਸੇ ਜਾਣ ਦਾ ਝੁਕਾਅ ਰੱਖਦੀਆਂ ਹਨ। ਜਾਤ ਬਨਾਮ ਜਮਾਤ ਬਾਰੇ ਬਹੁਤ ਬਹਿਸ/ਵਿਵਾਦ ਚੱਲਦਾ ਹੈ। ਇੱਕ ਤਕੜਾ ਹਿੱਸਾ ਹੈ ਜੋ ਮਾਰਕਸ-ਫੂਲੇ-ਅੰਬੇਦਕਰ ਦੀ ਸੋਚ ਦੇ ਸੰਯੋਗ ਦੀ ਗੱਲ ਕਰਦਾ ਹੈ। ਇਸ ਵਿੱਚ ਕਈ ਨੁਕਸ ਹਨ। ਮਾਰਕਸਵਾਦ ਦੇ ਸਿਧਾਂਤ ਨੂੰ ਹੋਰ ਕਿਸੇ ਸਮਾਜ ਵਿਗਿਆਨੀ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਮਾਰਕਸ ਨੇ ਸਮੁੱਚੇ ਸਮਾਜ ਬਾਰੇ ਸਮਝਦਾਰੀ ਨੂੰ ਇੱਕ ਵਿਗਿਆਨ ਦੇ ਪੱਧਰ ਉੱਤੇ ਉੱਚਾ ਚੁੱਕ ਦਿੱਤਾ ਹੈ। ਜਦੋਂ ਕਿ ਬਾਕੀ ਸਾਰੇ ਸਮਾਜ ਵਿਗਿਆਨੀ ਕੁਝ ਵਰਤਾਰਿਆਂ ਦੀ ਵਿਆਖਿਆ ਕਰਨ ਦਾ ਯਤਨ ਕਰਦੇ ਹਨ-ਭਾਵ ਉਹ ਕਿੰਨੇ ਵੀ ਨਹੀਂ ਕਿਉਂ ਨਾ ਹੋਣ ਉਹਨਾਂ ਦੇ ਸਿਧਾਂਤ ਫਿਰ ਵੀ ਵਿਆਪਕ ਨਹੀਂ ਹਨ। ਇਸ ਦਾ ਕਾਰਨ ਇਹ ਹੈ ਕਿ ਮਾਰਕਸਵਾਦ ਨੇ ਸਮਾਜ ਦੇ ਵਿਕਾਸ ਨੂੰ ਤਹਿ ਕਰਨ ਵਾਲੇ ਨਿਯਮਾਂ ਦੀ ਖੋਜ ਕੀਤੀ ਹੈ। ਇਸ ਕਰਕੇ ਦੀ ਇਸ ਦਾ ਅਰਥ ਇਹ ਹੈ ਕਿ ਮਾਰਕਸਵਾਦ ਨਿਰੋਲ ਸੱਚਾਈ ਹੈ ਜਦਕਿ ਬਾਕੀ ਹੋਰ ਘਟੀਆ ਹਨ? ਨਿਸ਼ਚਤ ਤੌਰ 'ਤੇ ਇੰਜ ਨਹੀਂ ਹੈ। ਹੋਰ ਵਿਗਿਆਨਾਂ ਵਾਂਗ, ਜੋ ਕੁਦਰਤ ਨੂੰ ਸਮਝਣ ਦਾ ਯਤਨ ਕਰਦੇ ਹਨ, ਮਾਰਕਸਵਾਦ ਨਵੀਆਂ ਖੋਜਾਂ ਨਾਲ ਵਿਕਸਤ ਹੁੰਦਾ ਹੈ ਅਤੇ ਸਮਾਜ ਵਿਗਿਆਨ ਵਿਚਲੀਆਂ ਨਵੀਆਂ ਖੋਜਾਂ ਤੇ ਸਮਾਜ ਦੇ ਵਿਕਾਸ ਦੇ ਨਿਯਮਾਂ ਦੀ ਵਿਆਖਿਆ ਨਾਲ ਅਮੀਰ ਬਣ ਜਾਂਦਾ ਹੈ। ਜੇ ਇਸ ਨੂੰ ਨਿਰੋਲ ਸਚਾਈ ਵਾਂਗ ਵੇਖਿਆ ਜਾਵੇ ਤਾਂ ਇਹ ਧਰਮ ਵਾਂਗ ਸਿਮਟ ਕੇ ਰਹਿ ਜਾਵੇਗਾ। ਜੇ ਕਿਸੇ ਹੋਰ ਤੇ ਹਰੇਕ ਸਮਾਜ ਵਿਗਿਆਨੀ (ਚਾਹੇ ਉਹ ਕਿੰਨਾ ਵੀ

ਵਧੀਆ ਹੋਵੇ) ਨਾਲ ਤੁਲਨਾ ਕੀਤੀ ਜਾਵੇ ਤਾਂ ਇਸ ਦੇ ਵਿਗਿਆਨਕ ਸਾਰਤੱਤ ਨੂੰ ਰੱਦ ਕਰਨ ਦੇ ਬਰਾਬਰ ਹੋਵੇਗਾ, ਜੋ ਮਾਰਕਸਾਦ ਦੀ ਗੁੱਲੀ ਹੈ।

ਉਪਰੋਕਤ ਸਿਧਾਂਤ ਸਬੰਧੀ ਹੋਰ ਨੁਕਤਾ : ਕੀ ਇਸ ਵਿੱਚੋਂ ਇਹ ਵਿਚਾਰ ਨਿਕਲਦਾ ਹੈ ਕਿ ਜਮਾਤੀ ਘੋਲ ਲਈ ਮਾਰਕਸਵਾਦ ਫਾਇਦੇਮੰਦ ਹੈ ਅਤੇ ਜਾਤਪਾਤ ਦੇ ਘੋਲ ਲਈ ਅੰਬੇਦਕਰ? ਕੁਝ ਲੋਕ ਇਉਂ ਹੀ ਕਹਿੰਦੇ ਹਨ। ਇਹ ਗੱਲ ਫਿਰ ਮਾਰਕਸਵਾਦ ਬਾਰੇ ਗਲਤ ਧਾਰਨਾ 'ਚੋ ਉਪਜਦੀ ਹੈ। ਜੇ ਇਹ ਇੱਕ ਵਿਗਿਆਨਕ ਸੰਦ ਹੈ, ਜਿਸ ਨਾਲ ਸਮਾਜ ਨੂੰ ਸਮਝਣਾ ਹੈ, ਜੇ ਇਸਨੂੰ ਸਹੀ ਰੂਪ 'ਚ ਵਰਤਿਆ ਜਾਵੇ ਤਾਂ ਇਸ ਤੋਂ ਵਧੀਆ ਹੋਰ ਕੋਈ ਸੰਦ ਨਹੀਂ ਜਿਸ ਨਾਲ ਜਾਤ ਜਾਂ ਕਿਸੇ ਹੋਰ ਵਰਤਾਰੇ ਨੂੰ ਸਮਝਿਆ ਜਾ ਸਕੇ। ਪਾਰਲੀਮਾਨੀ ਖੱਬੀਆਂ ਪਾਰਟੀਆਂ ਸਿਰਫ ਜਾਤਪਾਤ ਦੇ ਸੁਆਲ ਨੂੰ ਹੀ ਨਹੀਂ, ਸਗੋਂ ਭਾਰਤੀ ਸਮਾਜ ਤੇ ਇਨਕਲਾਬ ਨਾਲ ਸਬੰਧਤ ਬਹੁਤ ਸਾਰੇ ਮੁੱਦਿਆਂ ਨੂੰ ਸਮਝ ਹੀ ਨਹੀਂ ਸਕੀਆਂ। ਭਾਵੇਂ ਅੰਬੇਦਕਰ ਦਾ ਜਾਤਪਾਤ ਵਿਰੁੱਧ ਤੇ 'ਅਛੂਤੇਪਣ' ਦੇ ਖਾਤਮੇ ਲਈ ਜਮਹੂਰੀ ਤੱਤ ਹੈ ਸੀ ਪਰ ਉਸ ਨੇ ਸੰਵਿਧਾਨਵਾਦ, ਪੱਛਮ ਦੀ ਬੁਰਜੂਆ ਉਦਾਰ ਜਮਹੂਰੀਅਤ ਦੇ ਉਸ ਦੇ ਮਾਡਲ, ਭਾਰਤ 'ਚ ਅੰਗਰੇਜਾਂ ਦੀ ਭੂਮਿਕਾ ਬਾਰੇ ਉਸਦੀ ਗਲਤ ਸਮਝ, ਜਾਤਪਾਤਵਾਦ ਨੂੰ ਹਿੰਦੂਆਂ ਦੇ ਬਰਾਬਰ ਰੱਖਣ ਉੱਪਰ ਉਸ ਦਾ ਵਧਵਾਂ ਜ਼ੋਰ, ਜਾਗੀਰੂ ਪ੍ਰਬੰਧ ਦੀਆਂ ਆਰਥਕ ਜੜਾਂ ਨੂੰ ਪੂਰੀ ਤਰ੍ਹਾਂ ਅੱਖਾਂ ਉਹਲੇ ਕਰਨਾ ਆਦਿ ਉਸ ਦੀਆਂ ਅਨੇਕਾਂ ਸੀਮਤਾਈਆਂ ਸਨ। ਉਦੋਂ ਕਮਿਊਨਿਸਟਾਂ ਨੂੰ ਅੰਬੇਦਕਰ ਵੱਲੋਂ 'ਅਛੂਤੇਪਣ' ਦੇ ਸੁਆਲ ਨੂੰ ਪਹਿਲੀ ਵਾਰ ਸਿਆਸੀ ਖੇਤਰ ਵਿੱਚ ਲਿਆਉਣ ਤੇ ਉਦੋਂ ਕਾਂਗਰਸ ਦੇ ਕਰੜੇ ਬ੍ਰਾਹਮਣਵਾਦੀ ਪੱਖਪਾਤਾਂ ਦੀਆਂ ਰੁਕਾਵਟਾਂ ਨੂੰ ਹਟਾਉਣ, ਗਾਂਧੀ ਦੇ 'ਹਰੀਜਨ' ਦੇ ਸੰਕਲਪ ਦੀ ਗਲਤ ਪਹੁੰਚ ਅਤੇ ਭਾਰੀ ਬਹੁ ਗਿਣਤੀ ਲੋਕਾਂ ਦੀ ਸੋਚਣੀ ਤੇ ਕਦਰਾਂ-ਕੀਮਤਾਂ ਤੱਕ ਫੈਲੀਆਂ ਕਠੋਰ ਜਗੀਰੂ ਕਦਰਾਂ-ਕੀਮਤਾਂ 'ਚ ਲਾਂਘਾ ਭੰਨਣ ਦੀ ਲੋੜ ਦੀ ਸੱਚਾਈ ਨੂੰ ਪ੍ਰਵਾਨ ਕਰਨਾ ਚਾਹੀਦਾ ਸੀ। ਉਸ ਦੀਆਂ ਭਾਰੀਆਂ ਸੀਮਤਾਈਆਂ ਦੇ ਬਾਵਜੂਦ 'ਅਛੂਤਪੁਣੇ' ਤੇ ਜਾਤਪਾਤਵਾਦ ਵਿਰੁੱਧ ਘੋਲ ਨੂੰ ਅੱਗੇ ਵਧਾਉਣਾ ਚਾਹੀਦਾ ਸੀ ਤੇ ਇਸ ਨੂੰ ਹਥਿਆਰਬੰਦ ਤਾਕਤ ਰਾਹੀਂ ਪ੍ਰਬੰਧ ਨੂੰ ਉਲਟਾਉਣ ਨਾਲ ਜੋੜਨਾ ਚਾਹੀਦਾ ਸੀ। ਪਰ ਕਮਿਊਨਿਸਟਾਂ ਨੇ ਇਉਂ ਨਹੀਂ ਕੀਤਾ। ਰਵਾਇਤੀ ਕਮਿਊਨਿਸਟਾਂ ਨੇ ਅੰਬੇਦਕਰ ਉੱਪਰ ਬਰਤਾਨਵੀ ਏਜੰਟ ਹੋਣ ਦਾ ਠੱਪਾ ਲਾਇਆ, ਕਾਂਗਰਸ ਤੇ ਮਹਾਂ ਗੱਦਾਰ ਗਾਂਧੀ ਨਾਲ ਬਗਲਗੀਰ ਹੋ ਗਏ ਤੇ ਆਖਰ ਭਾਰਤ ਦੇ ਨਵੇਂ ਹਾਕਮਾਂ ਦੀਆਂ ਪਾਰਲੀਮਾਨੀ ਗਿਣਤੀਆਂ ਮਿਣਤੀਆਂ ਦਾ ਸ਼ਿਕਾਰ ਹੋ ਗਏ। ਇਸ ਤੋਂ ਇਲਾਵਾ ਜਾਤਪਾਤ ਦੇ ਸੁਆਲ ਬਾਰੇ ਉਹਨਾਂ ਦੇ ਆਰਥਕ ਨਿਰਧਾਰਣਵਾਦੀਆਂ ਰਵੱਈਏ (ਮਿਸਾਲ ਵਜੋਂ ਇਹ ਕਹਿਣਾ ਕਿ ਅੰਸ਼ਕ ਮੰਗਾਂ ਲਈ ਸਾਂਝੇ ਤੌਰ 'ਤੇ ਲੜਦਿਆਂ ਜਾਤਪਾਤੀ ਭਾਵਨਾਵਾਂ ਆਪਣੇ ਆਪ ਦੂਰ ਹੋ ਜਾਣਗੀਆਂ ਤੇ ਇਹ ਕਹਿਣਾ ਕਿ ਜਾਤਪਾਤ ਦੇ ਮੁੱਦੇ ਨੂੰ ਉਚੇਚੇ ਤੌਰ 'ਤੇ ਉਠਾਉਣ ਦੀ ਲੋੜ ਨਹੀਂ ਕਿਉਂਕਿ ਇਨਕਲਾਬ ਨਾਲ ਜਾਤਪਾਤਵਾਦ ਆਪਣੇ ਆਪ ਖਤਮ ਹੋ ਜਾਵੇਗਾ, ਰਿਜ਼ਰਵੇਸ਼ਨ ਦਾ ਵਿਰੋਧ ਕਰਨਾ ਆਦਿ) ਨੇ ਦਲਿਤਾਂ ਦੇ ਵੱਡੇ ਹਿੱਸੇ ਨੂੰ ਅਲੱਗ ਥਲੱਗ ਕੀਤਾ ਹੋਇਆ ਹੈ ਜੋ ਕਿ ਪਾਰਲੀਮੈਂਟਰੀਵਾਦੀ 'ਕਮਿਊਨਿਸਟ' ਪਾਰਟੀਆਂ ਨੂੰ ਹੀ ਕਮਿਊਨਿਜ਼ਮ ਸਮਝਦੇ ਹਨ। ਇਸ ਤੋਂ ਇਲਾਵਾ ਹਾਕਮ ਜਮਾਤਾਂ ਖਾਸ ਕਰਕੇ ਪਤਵੰਤੇ ਦਲਿਤ ਸਿਆਸਤਦਾਨਾਂ ਨੇ ਇਸ ਲਈ ਇਸ ਮਿਥ ਨੂੰ ਤਕੜੀ ਕੀਤਾ ਹੈ ਕਿਉਂਕਿ ਇੱਕ ਖਰਾ

ਕਮਿਊਨਿਸਟ ਬਦਲ ਸਪੱਸ਼ਟ ਤੌਰ ’ਤੇ ਦਿਸ ਰਿਹਾ ਹੈ। ਤਾੜੀਆਂ ਮਰਵਾਉਣ ਲਈ ਅਤੇ ਸੱਤਾਧਾਰੀਆਂ ਦੀ ਮਿਹਰ ਹਾਸਲ ਕਰਨ ਲਈ ਕਮਿਊਨਿਸਟਾਂ ਨੂੰ ਭੰਡਣਾ ਦਲਿਤ ਸਿਆਸਤਦਾਨਾਂ ਦਾ ਸੱਚੀਂ ਮੁੱਚੀਂ ਧੰਦਾ ਬਣ ਗਿਆ ਹੈ। ਇਸ ਦੇ ਅੰਗ ਵਜੋਂ ਉਹ ਅੰਬੇਦਕਰ ਨੂੰ ਮਾਰਕਸਵਾਦ ਦੇ ਵਿਰੁੱਧ ਰੱਖਦੇ ਹਨ। ਫਿਰ ਦਲਿਤਾਂ ’ਚ ਅੰਬੇਦਕਰ ਦੇ ਬੁੱਤ ਨੂੰ ਵਰਤ ਕੇ ਉਹਨਾਂ ’ਚ ਕਮਿਊਨਿਸਟ ਵਿਰੋਧੀ ਜਨੂੰਨ ਪੈਦਾ ਕਰਦੇ ਹਨ। ਨੁਕਤਾ ਇਹ ਹੈ ਕਿ ਮਾਰਕਸਵਾਦ ਇੱਕ ਵਿਗਿਆਨ ਹੈ ਅਤੇ ਇਨਕਲਾਬੀ ਮਾਰਕਸਵਾਦੀ, ਮਾਓਵਾਦੀ ਅਤੇ ਇਤਿਹਾਸ ਵਿਚਲੇ ਉਹਨਾਂ ਸਭਨਾਂ ਨੂੰ ਬੁਲੰਦ ਕਰਦੇ ਹਨ ਜਿਨ੍ਹਾਂ ਨੇ ਸਾਮਰਾਜ ਵਿਰੁੱਧ, ਜਾਗੀਰਦਾਰ ਵਿਰੁੱਧ ਘੋਲਾਂ ’ਚ ਕਿਸੇ ਤਰ੍ਹਾਂ ਯੋਗਦਾਨ ਪਾਇਆ ਹੈ ਜਿਵੇਂ ਭਗਤ ਸਿੰਘ ਵਰਗਿਆਂ ਨੇ। ਇਹ ਪੂਰੀ ਤਰ੍ਹਾਂ ਸੁਭਾਵਿਕ ਹੈ ਕਿ ਉਹ ਇਨਕਲਾਬੀ ਸਤਿਕਾਰ ਦੇ ਵੱਧ ਹੱਕਦਾਰ ਹਨ। ਉਹਨਾਂ ਦੇ ਵਿਚਾਰ ਵਿੱਚ, ਇੱਕ ਸਿਰੇ ਦਾ ਕਮਿਊਨਿਸਟ ਇਨਕਲਾਬੀ ਰੁਝਾਨ ਹੈ ਅਤੇ ਦੂਜਾ ਸਿਰੇ ਦਾ ਉਲਟ-ਇਨਕਲਾਬੀ ਦਲਾਲ ਅਰਧ ਜਾਗੀਰੂ ਰੁਝਾਨ ਹੈ, ਵਿੱਚ-ਵਿਚਾਲੇ ਸੈਂਕੜੇ ਵੰਨਗੀਆਂ ਹਨ, ਜੋ ਪਹਿਲੇ ਰੁਝਾਨ ’ਚ ਸ਼ਾਮਲ ਹੋਏ ਬਗੈਰ ਮਗਰਲੇ ਦੇ ਕੁੱਝ ਪੱਖਾਂ ਦਾ ਵਿਰੋਧ ਕਰਦੇ ਹਨ, ਫਿਰ ਵੀ ਸਾਰੀਆਂ ਵੰਨਗੀਆਂ ਦੇ ਵਿਰੋਧ ਵਿੱਚ ਜਾਤਪ੍ਰਸਤੀ ਅਤੇ ਅਛੂਤਪੁਣੇ ਦਾ ਵਿਰੋਧ ਕਰਨ ਵਾਲਿਆਂ ਦੇ ਨਾਲ ਕਮਿਊਨਿਸਟ ਇਨਕਲਾਬੀਆਂ ਦੇ ਸਹਿਯੋਗ/ਸੰਯੋਗ ਨਾਲ ਹੀ ਸਾਡੇ ਦੇਸ਼ ਦਾ ਕੋਈ ਭਵਿੱਖ ਹੈ।

ਆਰਥਕ ਪਹੁੰਚ ਆਰਥਕ/ਅੰਸ਼ਕ ਮੰਗਾਂ ਲਈ ਘੋਲ ਨੂੰ ਜਮਾਤੀ ਘੋਲ ਦੇ ਬਰਾਬਰ ਸਮਝਦੀ ਹੈ। ਜਮਾਤੀ ਘੋਲ ਬਾਰੇ ਇਸ ਗਲਤ ਸਮਝ ਦੇ ਅਧਾਰ ’ਤੇ ਅਖੌਤੀ ਜਮਾਤੀ (ਯਾਨੀ ਸਿਰਫ ਆਰਥਕ ਘੋਲ) ਘੋਲ ਨੂੰ ਜਾਤਪਾਤ ਵਿਰੁੱਧ ਘੋਲ ਦੇ ਵਿਰੁੱਧ ਖੜ੍ਹਾ ਕੀਤਾ ਜਾਂਦਾ ਹੈ। ਅਜਿਹਾ ਮਾਰਕਸਵਾਦੀ ਤੇ ਨਾਲ ਹੀ ਨਾਲ ਮਖੌਟੇ ਵਾਲੇ ਗੈਰ-ਮਾਰਕਸਵਾਦੀ ਦੋਵੇਂ ਕਰਦੇ ਹਨ। ਸੱਚੇ ਕਮਿਊਨਿਸਟਾਂ ਦੀਆਂ ਗਲਤੀਆਂ ਨਕਲੀ ਕਮਿਊਨਿਸਟਾਂ ਨੂੰ ਬਲ ਬਖਸ਼ਦੀਆਂ ਹਨ। ਜਿਸ ਨਾਲ ਉਹ ਪਹਿਲੀਆਂ (ਇਨਕਲਾਬੀ ਮਾਰਕਸਵਾਦੀਆਂ) ਉੱਤੇ ਹਮਲੇ ਕਰਦੇ ਹਨ। ਇਸ ਕਰਕੇ ਕੁਝ ਮਾਰਕਸਵਾਦੀ ਦਲਿਤਾਂ ਦੇ ਹਰੇਕ ਘੋਲ ਵਿੱਚ ਸਿਰਫ਼ ਸਪੱਸ਼ਟ ਆਰਥਕ ਫੈਕਟਰ ਵੇਖਣ ਦਾ ਯਤਨ ਕਰਦੇ ਹਨ ਅਤੇ ਇਸ ਵਿਚਲੇ ਜਾਤਪਾਤੀ ਫੈਕਟਰ ਨੂੰ ਨਹੀਂ ਵੇਖਦੇ। ਕਮਿਊਨਿਸਟਾਂ ਦੇ ਵਿਰੋਧੀ ਇਸ ਦੇ ਠੀਕ ਉਲਟ ਕਰਦੇ ਹਨ ਜਿਸ ਕਰਕੇ ਖਹਿਬੜਬਾਜ਼ੀ ਚੱਲਦੀ ਰਹਿੰਦੀ ਹੈ। ਜਾਤਪਾਤੀ ਮੁੱਦਿਆਂ ਬਾਰੇ ਘੋਲ ‘ਜਮਾਤੀ ਘੋਲ’ ਤੋਂ ਭਟਕ ਸਕਦਾ ਹੈ। ਆਰਥਕ ਮੰਗਾਂ ਲਈ ਘੋਲ ਬਾਰੇ ਵੀ ਇਹ ਸੱਚ ਹੈ। ਜੇ ਜਮਾਤੀ ਘੋਲ ਦੇ ਕਿਸੇ ਪੱਖ ਨੂੰ ਇਨਕਲਾਬ ਦੇ ਕੇਂਦਰੀ ਕਾਰਜ ਨਾਲ ਵਿਸ਼ੇਸ਼ ਤੌਰ ’ਤੇ ਅਤੇ ਠੋਸ ਰੂਪ ’ਚ ਨਹੀਂ ਜੋੜਿਆ ਜਾਂਦਾ ਤਾਂ ਇਹ ਸਾਰਤੱਤ ਪੱਖੋਂ ਸਮੁੱਚੇ ਜਮਾਤੀ ਘੋਲ ਤੋਂ ਭਟਕ ਜਾਂਦਾ ਹੈ। ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਕਿਸੇ ਵਿਅਕਤੀ ਦੀ ਸਮਾਜਕ, ਆਰਥਕ, ਸਿਆਸੀ ਜ਼ਿੰਦਗੀ ਦੇ ਹਰੇਕ ਪੱਖ ’ਚ ਜਾਤਪਾਤੀ ਫੈਕਟਰ ਸ਼ਾਮਲ ਹੈ, ਇਸ ਦੀ ਮਹੱਤਤਾ ਨੂੰ ਘਟਾਉਣਾ ਜਾਂ ਇਸ ਨੂੰ ਰੱਦ ਕਰਨਾ ਮੌਜੂਦਾ ਜਾਤਪਾਤੀ ਪੱਖਪਾਤਾਂ ਦੇ ਵਿਰੋਧਾਂ ਨੂੰ ਕਾਇਮ ਰੱਖਣ ਦੇ ਤੁਲ ਹੈ-ਇਹ ਉੱਚ ਜਾਤਾਂ ਦੀ ਉੱਤਮਤਾ ਨੂੰ ਹਕੀਕਤ ’ਚ ਮੰਨ ਲੈਣਾ ਹੈ। ਇਹ ਭਾਰਤ ਦੇ ਜਮਹੂਰੀ ਇਨਕਲਾਬ ਦੀ ਮਹੱਤਤਾ ਨੂੰ ਘਟਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਸਕਦਾ। ਸਰਬ ਵਿਆਪਕ ਹੋਂਦ ਕਾਰਨ ਜਾਤਪਾਤਵਾਦ ਦੇ ‘ਅਛੂਤਪੁਣੇ’ ਦਾ ਖਾਤਮਾ ਇਸ ਦਾ ਅਹਿਮ ਫੈਕਟਰ ਹੋਵੇਗਾ। ਇਸ ਨੂੰ ਸਿਰਫ਼ ਫੁਰਮਾਨਾਂ ਜਾਂ ਐਲਾਨਾਂ

ਰਾਹੀਂ ਨਹੀਂ ਸਗੋਂ ਇਸ ਵਿਰੁੱਧ ਲਗਾਤਾਰ ਘੋਲ ਰਾਹੀਂ ਹੀ ਹਾਸਲ ਕੀਤਾ ਜਾ ਸਕਦਾ ਹੈ। ਕਿਉਂਕਿ ਜਾਤਪਾਤੀ ਤੁਅੱਸਬ ਤੇ ਜਾਤਪਾਤੀ ਸਬੰਧ ਤੇ ਜਾਤਪਾਤੀ ਵਿਤਕਰੇ ਲੋਕਾਂ ਦੀ ਮਾਨਸਿਕਤਾ ਵਿੱਚ ਡੂੰਘੀ ਤਰ੍ਹਾਂ ਵਸੇ ਹੋਏ ਹਨ, ਜਿਸ ਨੂੰ ਸਦੀਆਂ ਦੇ ਅਮਲ ਤੇ ਰੀਤੀ-ਰਿਵਾਜਾਂ ਨੇ ਉਸਾਰਿਆ ਹੈ। ਇੱਥੋਂ ਤੱਕ ਕਿ ਜੇ ਇਨਕਲਾਬ ਰਾਹੀਂ ਇਸ ਦਾ ਖਾਤਮਾ ਸਰਕਾਰੀ ਤੌਰ 'ਤੇ ਕਰ ਵੀ ਦਿੱਤਾ ਜਾਵੇ ਤਾਂ ਵੀ ਉਸਾਰ ਢਾਂਚੇ (ਆਰਥਕ ਬੁਨਿਆਦ ਨੂੰ ਛੱਡ ਕੇ ਰਾਜ ਤੇ ਸਮਾਜ ਦੇ ਕਾਨੂੰਨੀ, ਸਿਆਸੀ, ਸੱਭਿਆਚਾਰਕ ਖੇਤਰਾਂ ਆਦਿ) ਵਿੱਚ ਜਾਤਪਾਤਵਾਦ ਵਿਰੁੱਧ ਘੋਲ ਦਹਾਕਿਆਂ ਤੱਕ ਜਾਰੀ ਰਹੇਗਾ।

ਪਰ ਦੂਜੇ ਪਾਸੇ ਇਹ ਕਹਿਣਾ ਕਿ ਭਾਰਤ 'ਚ ਜਾਤਪਾਤੀ ਘੋਲ ਹੀ ਸਭ ਕੁਝ ਹੈ ਅਤੇ ਬਾਕੀ ਸਾਰੇ ਘੋਲ ਲਾਜ਼ਮੀ ਹੀ ਇਸ ਦੇ ਅਧੀਨ ਹੋ ਜਾਣੇ ਚਾਹੀਦੇ ਹਨ ਅੱਜ ਦੀ ਹਕੀਕਤ ਤੋਂ ਅਣਜਾਣਤਾ ਵਿਖਾਉਣਾ ਹੈ। ਇੱਥੋਂ ਤੱਕ ਕਿ ਦਲਿਤਾਂ ਦੀ ਹਕੀਕਤ ਤੋਂ ਵੀ। ਮਿਸਾਲ ਵਜੋਂ ਦਲਿਤਾਂ ਦਾ ਵਿਸ਼ਾਲ ਜਨਤਾ ਲਈ ਕੁੰਜੀਵਤ ਸਵਾਲ ਜ਼ਮੀਨੀ ਸੁਧਾਰ ਹਨ। ਵਿਸ਼ਵੀਕਰਨ ਨਾਲ ਨਾ ਸਿਰਫ ਜ਼ਮੀਨੀ ਸੁਧਾਰਾਂ ਦਾ ਏਜੰਡਾਂ ਗ੍ਰਹਿਣਿਆ ਗਿਆ ਹੈ ਸਗੋਂ ਇਸ ਨੇ ਇਸ ਦੀ ਥਾਂ ਸੰਸਾਰ ਖੇਤੀ ਮੰਡੀ ਦੇ ਹਿਤ ਵਿੱਚ ਖੇਤੀ ਦਾ ਨਿਗਮੀਕਰਨ ਲੈ ਆਂਦਾ ਹੈ। ਇਸ ਨਾਲ ਦਲਿਤਾਂ ਦੇ ਹਾਲਾਤ ਹੋਰ ਵੀ ਵਿਗੜਨਗੇ। ਜਿਨ੍ਹਾਂ ਨੂੰ ਪਹਿਲਾਂ ਹੀ ਮਸ਼ੀਨਾਂ ਲਿਆ ਕੇ ਉਜਾੜਿਆ ਜਾ ਰਿਹਾ ਹੈ। (ਛੋਟੇ ਛੋਟੇ ਖੇਤਾਂ ਵਿੱਚ ਵੀ) ਉਹਨਾਂ ਦੀ ਆਮਦਨ ਦਾ ਕੋਈ ਬਦਲਵਾਂ ਸਾਧਨ ਨਹੀਂ ਹੈ ਅਤੇ ਨੌਕਰੀਆਂ ਦੀ ਕੋਈ ਸੰਭਾਵਨਾ ਨਹੀਂ ਹੈ। ਖੇਤ ਮਜਦੂਰਾਂ ਵਿਰੁੱਧ ਮਜ਼ਬੂਤ ਨੌਕਰੀਆਂ ਦੀ ਕੋਈ ਸੰਭਾਵਨਾ ਨਹੀਂ ਹੈ। ਖੇਤ ਮਜਦੂਰਾਂ ਵਿਰੁੱਧ ਮਜ਼ਬੂਤ ਜਾਤਪਾਤੀ ਤੁਅਸਬਾਂ ਕਰਕੇ ਪਹਿਲਾਂ ਜਿਨ੍ਹਾਂ ਨੂੰ ਕੱਢਿਆ ਜਾਵੇਗਾ ਉਹ ਦਲਿਤ ਹੋਣਗੇ ਕਿਉਂਕਿ ਜਾਤਪਾਤੀ ਸਮਾਨਤਾਵਾਂ ਦਾ ਸਿੱਟਾ ਕਾਸ਼ਤਕਾਰ ਵੱਲੋਂ ਆਪਣੇ ਖੇਤਾਂ ਵਿੱਚ ਆਪਣੀ ਜਾਤ ਵਾਲਿਆਂ ਨੂੰ ਰੱਖਣ ਵਿੱਚ ਨਿਕਲਦਾ ਹੈ। ਇਸ ਕਰਕੇ ਦਲਿਤਾਂ ਦੀ ਮੁਕਤੀ ਦਾ ਕੁੰਜੀਵਤ ਫੈਕਟਰ ਪੇਂਡੂ ਖੇਤਰ ਵਿਚਲੇ ਅਰਧ ਜਾਗੀਰੂ ਸਬੰਧਾਂ ਵਿਰੁੱਧ ਲੜਨਾ ਹੈ-ਇਸ ਦੇ ਦੋਵੇਂ ਪੱਖ ਹਨ। ਇਸ ਦਾ ਆਰਥਕ ਪੱਖ ਜਾਗੀਰਦਾਰਾਂ ਦੀ ਜ਼ਮੀਨ ਵੰਡਣੀ ਤੇ ਇਸ ਦਾ ਸਿਆਸੀ ਪੱਖ ਮੌਜੂਦਾ ਪੇਂਡੂ ਪਤਵੰਤੇ ਵਰਗ ਦੇ ਸੱਤਾ-ਅਧਿਕਾਰ ਨੂੰ ਤਬਾਹ ਕਰਨਾ ਤੇ ਇਸ ਦੀ ਥਾਂ ਲੋਕਾਂ ਦਾ ਸੱਤਾ ਅਧਿਕਾਰ ਕਾਇਮ ਕਰਨਾ ਹੈ, ਭਾਵੇਂ ਇਹ ਇਸ ਦਾ ਸਮਾਜਕ ਪਹਿਲੂ ਵੀ ਹੋਵੇਗਾ। ਇਹ ਵਿਸ਼ਵੀਕਰਨ ਵਿਰੁੱਧ ਘੋਲ ਦੀ ਮੰਗ ਕਰਦਾ ਹੈ ਜੋ ਸ਼ਹਿਰੀ ਤੇ ਪੇਂਡੂ ਦੋਹਾਂ ਖੇਤਰਾਂ 'ਚ ਲੱਖਾਂ ਦਲਿਤਾਂ (ਅਤੇ ਹੋਰਨਾਂ) ਦੀਆਂ ਨੌਕਰੀਆਂ ਖੋਹ ਰਿਹਾ ਹੈ। ਇਸ ਤੋਂ ਬਿਨਾਂ ਸਾਂਝੀਆਂ ਮੰਗਾਂ ਲਈ ਅਜਿਹੇ ਘੋਲ ਸੁਚੇਤ ਯਤਨਾਂ ਰਾਹੀਂ ਉੱਚ ਜਾਤੀ ਪੱਖਪਾਤਾਂ ਨੂੰ ਦੂਰ ਕਰਨ 'ਚ ਸਹਾਈ ਹੁੰਦੇ ਹਨ ਅਤੇ ਇਸ ਨਾਲ ਦੱਬੇ-ਕੁਚਲਿਆਂ ਦੀ ਏਕਤਾ ਮਜ਼ਬੂਤ ਹੁੰਦੀ ਹੈ। ਇਸ ਲਈ ਇਹ ਕਹਿਣਾ ਕਿ ਜਾਤਪਾਤੀ ਘੋਲ ਹੋਰ ਸਾਰੇ ਘੋਲਾਂ ਦੀ ਪੂਰਵ ਸ਼ਰਤ ਹੈ ਜਾਂ ਇਸ ਨੂੰ ਇੱਕ ਨੁਕਾਤੀ ਏਜੰਡੇ ਵਜੋਂ ਲੈਣਾ ਸਿਰਫ ਉਲਟ-ਉਪਜਾਊ ਹੀ ਨਹੀਂ ਹੈ ਜਾਂ ਇਹ ਸਿਰਫ਼ ਜੋ ਕਮਾਉਣਾ ਉਹੀ ਖਾਣ ਵਾਲੇ ਦਲਿਤਾਂ ਦੇ ਹਿੱਤਾਂ ਦੇ ਹੀ ਖਿਲਾਫ਼ ਨਹੀਂ ਜਾਂਦਾ ਸਗੋਂ ਇਹ ਸਮਾਜ ਵਿਚਲੀਆਂ ਜਾਤਪਾਤੀਆਂ ਵੰਡੀਆਂ ਨੂੰ ਕਾਇਮ ਰੱਖ ਕੇ ਜਾਤਪਾਤੀ ਨਿਵੇਕਲੇਪਣ ਨੂੰ ਹੀ ਉਤਸ਼ਾਹਿਤ ਕਰਦਾ ਹੈ। ਇਸ ਕਰਕੇ ਜਾਤ-ਜਮਾਤ ਦੇ ਸਮੀਕਰਨ ਨੂੰ ਹੀ ਉਤਸ਼ਾਹਿਤ ਕਰਦਾ ਹੈ। ਇਸ ਕਰਕੇ ਜਾਤ-ਜਮਾਤ ਦੇ ਸਮੀਕਰਨ ਨੂੰ ਸਹੀ ਪ੍ਰਸੰਗ 'ਚ ਵੇਖਣ ਦੀ ਲੋੜ ਹੈ, ਜਿੱਥੇ ਜਾਤਪਾਤੀ ਜਬਰ ਵਿਰੁੱਧ ਘੋਲ ਨੂੰ

ਮਜ਼ਦੂਰ ਜਮਾਤ ਵੱਲੋਂ ਸਿਆਸੀ ਸੱਤਾ ਹਾਸਲ ਕਰਨ ਲਈ ਘੋਲ ਨੂੰ ਮਜ਼ਦੂਰ ਜਮਾਤ ਵੱਲੋਂ ਸਿਆਸੀ ਸੱਤਾ ਹਾਸਲ ਕਰਨ ਲਈ ਘੋਲ ਨਾਲ ਉਚੇਚੇ ਤੌਰ 'ਤੇ ਲਾਜ਼ਮੀ ਜੋੜਨਾ ਚਾਹੀਦਾ ਹੈ। ਅਸਲ ਪ੍ਰਸੰਗ 'ਚ ਇਸ ਦਾ ਅਰਥ ਇਹ ਹੈ ਕਿ ਅਧਾਰ ਇਲਾਕੇ ਉਸਾਰਨ ਦੇ ਅਮਲ 'ਚ ਪੇਂਡੂ ਖੇਤਰ ਵਿੱਚ ਜਿਹੜੀ ਨਵੀਂ ਸੱਤਾ ਉੱਭਰਦੀ ਹੈ, ਇਸ ਸੱਤਾ ਦੇ ਢਾਂਚੇ ਵਿੱਚ ਦਲਿਤਾਂ ਦੀ ਸਪੱਸ਼ਟ ਦਿਖਾਈ ਦਿੰਦੀ, ਮੌਜੂਦਗੀ ਲਾਜ਼ਮੀ ਹੋਵੇ- ਬੇਸ਼ੱਕ ਇਹ ਅਟੱਲ ਹੋਵੇਗਾ ਕਿ ਇਹ ਬੇਜ਼ਮੀਨੇ ਤੇ ਗਰੀਬ ਕਿਸਾਨਾਂ ਦੀ ਅਗਵਾਈ ਦੇ ਅਧਾਰ ਉੱਤੇ ਹੋਵੇਗਾ।

ਦਲਿਤਾਂ ਵੱਲੋਂ ਜਾਤਪਾਤੀ ਜਬਰ ਵਿਰੁੱਧ ਚਲਾਈ ਲਹਿਰ ਵਧ ਰਹੀ ਹੈ। ਇਨਕਲਾਬੀਆਂ ਨੂੰ ਇਹਨਾਂ ਘੋਲਾਂ 'ਚ ਲਾਜ਼ਮੀ ਮੋਹਰੀ ਹੋਣਾ ਚਾਹੀਦਾ ਹੈ ਤਾਂ ਹੀ ਉਹ ਦਲਿਤ ਜਨਤਾ ਦਾ ਮਨ ਮੋਹ ਸਕਦੇ ਹਨ। ਵਿਸ਼ਵੀਕਰਨ ਤੇ ਹਿੰਦੂਤਵ ਦੋਹਾਂ ਦੇ ਕਾਰਨ ਦਲਿਤਾਂ ਨੂੰ ਹੋਰ ਵੱਧ ਖੂੰਜੇ ਲਾਏ ਜਾਣ ਨਾਲ ਇਹ ਟਕਰਾਅ ਤਿੱਖਾ ਹੋਣਾ ਲਾਜ਼ਮੀ ਹੈ। ਜਦਕਿ ਮੌਜੂਦਾ ਅਰਧ ਜਾਗੀਰੂ ਸੰਬੰਧ ਜਾਤਪਾਤੀ ਲੁੱਟ-ਘਸੁੱਟ ਦੇ ਅਧਾਰ ਦਾ ਕੰਮ ਕਰਦੇ ਹਨ। ਮੌਜੂਦਾ ਹਾਲਤ ਮੌਜੂਦਾ ਪੱਖਪਾਤ 'ਚ ਵਾਧਾ ਹੀ ਕਰਦੀ ਹੈ। ਸਿੱਖਿਆ, ਘੋਲਾਂ ਅਤੇ ਵੱਖ-ਵੱਖ ਫੈਕਟਰਾਂ ਕਰਕੇ ਦਲਿਤਾਂ ਦੇ ਇੱਕ ਹਿੱਸੇ ਨੂੰ ਸਵੈਮਾਣ ਹਾਸਲ ਹੋਇਆ ਹੈ, ਉਹਨਾਂ ਦਾ ਆਪਣਾ ਹੱਕ ਜਤਾਉਣ ਲਈ ਜੂਝਣਾ ਲਾਜ਼ਮੀ ਹੈ। ਦਲਿਤ ਸਿਆਸੀ ਆਗੂ ਉਹਨਾਂ ਨੂੰ ਮੂਰਖ ਬਣਾਉਂਦੇ ਰਹਿਣਗੇ, ਮੁੱਖ ਤੌਰ 'ਤੇ ਕੋਈ ਟਿਕਾਊ ਬਦਲ ਨਾ ਹੋਣ ਕਰਕੇ। ਇੱਕ ਸਮੇਂ ਜਦੋਂ ਦਲਿਤ ਪੈਂਥਰ ਲਹਿਰ ਆਪਣੀ ਬੁਲੰਦੀ 'ਤੇ ਸੀ ਤਾਂ ਦਲਿਤਾਂ ਉੱਪਰ ਹਮਲੇ ਦੀ ਕਿਸੇ ਰਿਪੋਰਟ ਦਾ ਸਿੱਟਾ ਹਾਕੀਆਂ ਤੇ ਸਾਈਕਲ ਚੈਨਾਂ ਨਾਲ ਦਲਿਤਾਂ ਨਾਲ ਭਰੀ ਵੈਨ ਦੇ ਉੱਥੇ ਪਹੁੰਚਣ 'ਚ ਨਿਕਲਦਾ ਸੀ। ਦਲਿਤਾਂ ਨੂੰ ਆਪਣੇ ਰੱਟੇ ਆਪ ਨਜਿੱਠਣ ਲਈ ਨਹੀਂ ਛੱਡ ਦੇਣਾ ਚਾਹੀਦਾ ਕਿਉਂਕਿ ਫਿਰ ਤਾਂ ਇਹ ਹਾਰੀ ਹੋਈ ਲੜਾਈ ਬਣ ਜਾਵੇਗੀ। ਇਸ ਦਾ ਸਿੱਟਾ ਉਹਨਾਂ ਦੇ ਨਿਰਾਸ਼ ਹੋਣ ਲਈ ਨਿਕਲੇਗਾ। ਇਹ ਸਪੱਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਅਛੂਤਪੁਣੇ ਤੇ ਜਾਤਪਾਤਵਾਦ ਵਿਰੁੱਧ ਲੜਾਈ ਇਕੱਲਾ ਦਲਿਤ ਸੁਆਲ ਨਹੀਂ ਹੈ ਸਗੋਂ ਵਿਸ਼ੇਸ਼ ਤੌਰ 'ਤੇ ਇੱਕ ਜਮਹੂਰੀ ਸੁਆਲ ਹੈ। ਇਸ ਕਰਕੇ, ਇਕੱਲੇ ਦਲਿਤਾਂ ਨੂੰ ਹੀ ਨਹੀਂ ਸਗੋਂ ਸਾਰੇ ਸੱਚੇ ਜਮਹੂਰੀਅਤ ਪਸੰਦਾਂ ਨੂੰ ਦਲਿਤਾਂ ਉੱਪਰ ਵੱਧ ਰਹੇ ਅੱਤਿਆਚਾਰਾਂ ਵਿਰੁੱਧ ਲਾਜ਼ਮੀ ਲੜਨਾ ਚਾਹੀਦਾ ਹੈ। ਦਲਿਤ ਲਹਿਰ ਦੇ ਇਨਕਲਾਬੀ ਸਿਆਸਤ ਨਾਲ ਜੁੜਨ 'ਚ ਕਈ ਪਹਿਲੂ ਸ਼ਾਮਲ ਹਨ। ਪਹਿਲੇ ਤੇ ਮੁੱਖ ਦਾ ਉੱਪਰ ਜ਼ਿਕਰ ਕੀਤਾ ਗਿਆ ਹੈ। ਉਹ ਇਹ ਹੈ ਕਿ ਜਾਤਪਾਤੀ ਜਬਰ ਦੇ ਵਿਰੁੱਧ ਅਜਿਹੇ ਘੋਲਾਂ ਵਿੱਚ ਕਮਿਊਨਿਸਟ ਇਨਕਲਾਬੀ ਮੋਹਰੀ ਬਣਨ। ਸਹੀ ਇਨਕਲਾਬੀ ਲੀਡਰਸ਼ਿਪ ਵੱਖ-ਵੱਖ ਹਾਲਤਾਂ ਵਿੱਚ ਵਿਰੋਧਤਾਈਆਂ ਦੇ ਸੁਭਾਅ ਨੂੰ ਸਮਝਣ ਵਿੱਚ ਦਲਿਤਾਂ ਲਈ ਸਹਾਈ ਹੋ ਸਕਦੀ ਹੈ। ਕਈ ਵਾਰ ਇਹ ਲੋਕਾਂ ਵਿਚਕਾਰ ਟਕਰਾਅ ਦੀ ਸ਼ਕਲ ਲੈ ਸਕਦਾ ਹੈ। (ਕਿਉਂਕਿ ਗਰੀਬ ਵੀ ਜਾਤਪਾਤੀ ਪੱਖਪਾਤਾਂ ਨਾਲ ਗ੍ਰਸੇ ਹੋਏ ਹਨ) ਉੱਚ ਜਾਤ ਵਾਲੇ ਵਿਅਕਤੀ ਨੂੰ ਉਸ ਦੀ ਗਲਤੀ ਸਮਝਾਉਣ ਵਿੱਚ ਸਹਾਇਤਾ ਕਰਕੇ ਇਸ ਨੂੰ ਗੈਰ ਦੁਸ਼ਮਣਾਨਾ ਤੌਰ 'ਤੇ ਹੱਲ ਕੀਤਾ ਜਾ ਸਕਦਾ ਹੈ, ਹੋ ਸਕਦਾ ਹੈ ਛੋਟੀ-ਮੋਟੀ ਸਜ਼ਾ ਵੀ ਦੇਣੀ ਪਵੇ। ਦੂਜੇ ਪਾਸੇ ਜਦੋਂ ਇਸ ਵਿੱਚ ਪਤਵੰਤੇ ਵਰਗ ਦੇ ਹਿੱਸੇ ਜਾਂ ਹਿੰਦੂਤਵ ਕਿਸਮ ਦੀਆਂ ਤਾਕਤਾਂ ਸ਼ਾਮਲ ਹੁੰਦੀਆਂ ਹਨ ਤਾਂ ਇਸ ਨੂੰ ਦੁਸ਼ਮਣਾਂ

ਵਾਲੀ ਵਿਰੋਧਤਾਈ ਵਜੋਂ ਲਿਆ ਜਾਣਾ ਚਾਹੀਦਾ ਹੈ ਤੇ ਇਸ ਦੇ ਅਨੁਸਾਰ ਨਜਿੱਠਿਆ ਜਾਣਾ ਚਾਹੀਦਾ ਹੈ। ਇੱਥੇ 'ਸਮਝਾਉਣ-ਬੁਝਾਉਣ' ਦੀ ਕੋਈ ਲੋੜ ਨਹੀਂ ਹੈ, ਸਗੋਂ ਸਿੱਧੀ ਕਾਰਵਾਈ ਲੋੜੀਂਦੀ ਹੈ। ਅਜਿਹੀ ਇਨਕਲਾਬੀ ਲੀਡਰਸ਼ਿਪ ਤੋਂ ਬਗੈਰ, ਦਲਿਤਾਂ ਦੇ ਪ੍ਰਤੀਕਰਮ ਭਾਵਨਾਵਾਂ ਦੇ ਆਪਮੁਹਾਰੇ ਫੁਟਾਰੇ ਹੁੰਦੇ ਹਨ, ਲੜਾਈ ਲੜਨ ਦੀ ਕੋਈ ਦਾਅ ਪੇਚਕ ਯੋਜਨਾ ਨਹੀਂ ਹੁੰਦੀ ਹੈ। ਉਪਰੋਕਤ ਪ੍ਰਸੰਗ ਦਾ ਦੂਜਾ ਪਹਿਲੂ ਵੱਡੀ ਗਿਣਤੀ ਦਲਿਤ ਜਨਤਾ ਨੂੰ ਚੱਲ ਰਹੀ ਕਮਿਊਨਿਸਟ ਇਨਕਲਾਬੀ ਲਹਿਰ ਵਿੱਚ ਖਿੱਚਣਾ ਹੈ, ਸਗੋਂ ਉਸ ਨੂੰ ਲਹਿਰ ਦੀ ਲੀਡਰਸ਼ਿਪ ਦੇ ਸਾਰੇ ਪੱਧਰਾਂ ਉੱਤੇ ਲਿਆਉਣਾ ਹੋਵੇਗਾ। ਇਸ ਦੇ ਲਈ ਮਾਰਕਸਵਾਦ ਅਤੇ ਅੰਬੇਦਕਰ ਦੇ ਮੁਲਅੰਕਣ ਸਮੇਤ ਜਮਾਤੀ ਸੁਆਲ ਦੀ ਮਾਰਕਸਵਾਦੀ ਵਿਆਖਿਆ ਦਾ ਵਿਸ਼ਾਲ ਪ੍ਰਚਾਰ ਦਲਿਤਾਂ ਖਾਸ ਕਰਕੇ ਇਸ ਦੇ ਵਿਕਸਤ ਹਿੱਸਿਆਂ ਵਿੱਚ ਕਰਨ ਦੀ ਲੋੜ ਹੈ। ਜਦੋਂ ਇੱਕ ਵਾਰ ਵਿਕਸਤ ਹਿੱਸੇ ਇਨਕਲਾਬੀ ਸਿਆਸਤ ਨਾਲ ਸਹਿਮਤ ਹੋ ਜਾਂਦੇ ਹਨ ਤਾਂ ਦਲਿਤ ਜਨਤਾ ਨੂੰ ਜਿੱਤਣਾ ਆਸਾਨ ਹੋਵੇਗਾ ਪਰ ਜਦੋਂ ਤੱਕ ਇਹ ਵਿਕਸਤ ਹਿੱਸਾ ਦਲਿਤ ਸਿਆਸਤ ਦੀ ਗੰਦਗੀ 'ਚ ਫਸਿਆ ਰਹਿੰਦਾ ਹੈ ਤਾਂ ਦਲਿਤ ਲਹਿਰ ਦਾ ਕੋਈ ਭਵਿੱਖ ਨਹੀਂ ਹੈ ਅਤੇ ਇਹ ਇਨਕਲਾਬੀ ਲਹਿਰ ਇੱਕ ਵੱਡਾ ਰੋੜਾ ਬਣਿਆ ਰਹਿਣਾ ਹੈ। ਤੀਜਾ ਪਹਿਲੂ ਆਮ ਤੌਰ 'ਤੇ ਦੱਬੀਆਂ ਕੁਚਲੀਆ ਜਾਤਾਂ ਤੇ ਖਾਸ ਕਰਕੇ ਦਲਿਤਾਂ ਦੀਆਂ ਚੱਲ ਰਹੀਆਂ ਲਹਿਰਾਂ ਨਾਲ ਇਕਮੁੱਠ ਹੋਣਾ ਹੈ। ਇਹ ਦੇਸ਼ ਦੀਆਂ ਸਭਨਾਂ ਜਮਹੂਰੀ ਤਾਕਤਾਂ ਨਾਲ ਜੁੜ ਕੇ ਕਤਾਰਬੰਦੀ ਕਰਨ ਦੇ ਸਾਂਝੇ ਮੋਰਚੇ ਦੀ ਨੀਤੀ ਦਾ ਅੰਗ ਹੈ। 'ਅਛੂਤੇਪਣ' ਅਤੇ ਜਾਤਪਾਤੀ ਦਾਬੇ/ਵਿਤਕਰੇ ਵਿਰੁੱਧ ਘੋਲ ਨਵ-ਜਮਹੂਰੀ ਇਨਕਲਾਬ ਰਾਹੀਂ ਭਾਰਤ ਦੀ ਜਮਹੂਰੀ ਕਾਇਆ ਕਲਪ ਦਾ ਅਹਿਮ ਹਿੱਸਾ ਹੈ। ਕਿਸੇ ਵੀ ਤਰੀਕੇ ਨਾਲ ਇਸ ਨੂੰ ਨਜ਼ਰਅੰਦਾਜ਼ ਕਰਨਾ ਇਨਕਲਾਬੀ ਤਬਦੀਲੀ ਦੀ ਇਸ ਪ੍ਰਕਿਰਿਆ ਦੇ ਇੱਕ ਅਹਿਮ ਅੰਗ ਦਾ ਨਿਖੇਧ ਕਰਨਾ ਹੈ। ਕੁਝ ਦਲਿਤ ਗਰੁੱਪਾਂ ਤੇ ਇਸ ਤਰ੍ਹਾਂ ਬੁੱਧੀਜੀਵੀਆਂ ਨੇ ਵੀ ਦਲਿਤ ਤੇ ਇਨਕਲਾਬੀ ਲਹਿਰ ਦੇ ਸੰਯੋਗ ਦੀ ਵਕਾਲਤ ਸ਼ੁਰੂ ਕਰ ਦਿੱਤੀ ਹੈ। ਇਸ ਦੀ ਇੱਕ ਮਿਸਾਲ ਤਾਮਿਲਨਾਡੂ ਦੀ ਦਲਿਤ ਲਿਬਰੇਸ਼ਨ ਪਾਰਟੀ ਹੈ; ਇਸ ਤੋਂ ਇਲਾਵਾ ਅਲਾਹਾਬਾਦ ਦੇ ਕੰਵਲ ਭਾਰਤੀ ਦੀ ਕਿਤਾਬ "ਦਲਿਤ ਵਿਮਰਸ਼ ਕੀ ਭੂਮਿਕਾ" ਵੀ ਅਜਿਹੀ ਸਮਝ ਰੱਖਦੀ ਹੈ। ਹੋਰਨਾਂ ਨੂੰ ਵੀ ਦਲਿਤ ਸਿਆਸਤ ਦੀ ਖੜੋਤ ਦਾ ਅਹਿਸਾਸ ਸ਼ੁਰੂ ਹੋ ਗਿਆ ਹੈ ਤੇ ਇਹ ਇੱਕ ਬਦਲ, ਇਨਕਲਾਬੀ ਲਹਿਰ ਨਾਲ ਕਤਾਰਬੰਦੀ ਰਾਹੀਂ ਲੋਚਦੇ ਹਨ। ਪਹਿਲਾਂ ਹੀ ਦੇਸ਼ ਦੇ ਕੁਝ ਹਿੱਸਿਆਂ ਵਿੱਚ ਜਿੱਥੇ ਇਨਕਲਾਬੀ ਲਹਿਰ ਦਾ ਕੰਮ ਮਜ਼ਬੂਤ ਹੈ, ਦਲਿਤਾਂ ਦਾ ਇੱਕ ਹਿੱਸਾ ਇਨਕਲਾਬੀ ਸਿਆਸਤ ਦੇ ਅਸਰ ਹੇਠ ਹੈ ਜਿਵੇਂ ਆਂਧਰਾ ਪ੍ਰਦੇਸ਼ ਤੇ ਬਿਹਾਰ ਵਿੱਚ। ਇਹਨਾਂ ਖੇਤਰਾਂ ਵਿੱਚ ਇਸ ਨੂੰ ਡੂੰਘੀ ਕਰਨ ਤੇ ਬਾਕੀ ਦੇ ਦੇਸ਼ ਤੱਕ ਫੈਲਾਉਣ ਦੀ ਲੋੜ ਹੈ। ਇਸ ਖਾਤਰ ਇਨਕਲਾਬੀ ਪਾਰਟੀਆਂ ਨੂੰ ਸਾਰੀਆਂ ਸ਼ਕਲਾਂ ਵਾਲੇ ਜਾਤਪਾਤੀ ਦਾਬੇ ਅਤੇ ਜਾਤਪਾਤੀ ਵਿਤਕਰਿਆਂ ਤੇ ਪੱਖਪਾਤਾਂ ਵਿਰੁੱਧ ਲੜਾਈ ਹੋਰ ਵੀ ਵਧੇਰੇ ਸਰਗਰਮੀ ਵਾਲੀ ਭੂਮਿਕਾ ਨਿਭਾਉਣੀ ਹੋਵੇਗੀ। ਦਲਿਤ ਲਹਿਰ ਦੀਆਂ ਚਿੰਗਾੜੀਆਂ ਵਿੱਚੋਂ ਇਹ ਸੰਯੋਗ ਉਭਰਨ ਦਿਉ, ਇਸ ਨੂੰ ਇੱਕ ਅੰਗ ਬਣਨ ਦਿਉ ਜੋ ਸਿਰਫ ਘ੍ਰਿਣਤ ਜਾਤਪਾਤੀ ਪ੍ਰਬੰਧ ਨੂੰ ਹੀ ਨਹੀਂ ਸਗੋਂ ਉਸ ਸਮਾਜਕ ਪ੍ਰਬੰਧ ਨੂੰ ਸਾੜ ਕੇ ਸੁਆਹ ਕਰ ਦੇਵੇ, ਜਿਸ ਉੱਤੇ ਇਹ ਖੜ੍ਹਾ ਹੈ।

# ਕਿਉਂ ਆਤਮ ਹਤਿਆਵਾਂ ਕਰਦੇ ਹਨ ਦੁਬਈ ’ਚ ਭਾਰਤੀ ਮਜ਼ਦੂਰ?

ਜਦ ਆਤਮ ਹਤਿਆਵਾਂ ਦੀਆਂ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ ਤਾਂ ਸ਼ੱਕ ਦੀ ਸੂਈ ਵਿਦਰਭ ਵਲ ਉਠਦੀ ਵਿਖਾਈ ਦਿੰਦੀ ਹੈ। ਬਿਨਾ ਪੜ੍ਹੇ ਹੀ ਇਸ ਗੱਲ ਦਾ ਅਹਿਸਾਸ ਹੋਣ ਲਗਦਾ ਹੈ ਕਿ ਮਰਨ ਵਾਲਾ ਜ਼ਰੂਰ ਕਿਸਾਨ ਹੀ ਹੋਵੇਗਾ। ਪਰ ਆਪਾਂ ਇਥੇ ਦੁਬਈ ਦੀ ਗੱਲ ਕਰ ਰਹੇ ਹਾਂ ਜਿਥੇ ਔਸਤਨ ਚਾਰ ਭਾਰਤੀ ਰੋਜ਼ਾਨਾ ਆਤਮ ਹੱਤਿਆ ਕਰ ਰਹੇ ਹਨ। ਆਤਮ ਹਤਿਆ ਕਰਨ ਵਾਲੇ ਨਾ ਤਾਂ ਵਪਾਰੀ ਹਨ ਤੇ ਨਾ ਹੀ ਸੈਲਾਨੀ। ਉਹ ਭਾਰਤੀ ਮਜ਼ਦੂਰ ਹਨ ਜੋ ਪੇਟ ਦੀ ਅੱਗ ਬੁਝਾਉਣ ਲਈ ਸਮੁੰਦਰੋਂ ਪਾਰ ਜਾਂਦੇ ਹਨ। ਉਹ ਇਸ ’ਤੇ ਗ਼ੌਰ ਨਹੀਂ ਕਰਦੇ ਕਿ ਉਨ੍ਹਾਂ ਨੂੰ ਭੇਜਣ ਵਾਲਾ ਕੌਣ ਹੈ? ਆਪਣਾ ਸੱਭ ਕੁਝ ਦਾਅ ’ਤੇ ਲਾ ਕੇ ਉਹ ਸੁਨਹਿਰੇ ਭਵਿੱਖ ਦੀ ਤਲਾਸ਼ ਵਿਚ ਦੁਬਈ ਵਲ ਚਲ ਪੈਂਦੇ ਹਨ। ਪਰ ਦੁਬਈ ਹੀ ਨਹੀਂ, ਅਰਬ ਦੁਨੀਆਂ ਦੇ ਹੋਰ ਭਾਗਾਂ ਵਿਚ ਵੀ ਉਹ ਆਪਣੀ ਕਿਸਮਤ ਅਜ਼ਮਾਉਣ ਲਈ ਪਹੁੰਚ ਜਾਂਦੇ ਹਨ। ਦੁਬਈ ਸੱਭ ਤੋਂ ਵੱਧ ਨੇੜੇ ਹੈ ਤੇ ਹੋਰ ਥਾਵਾਂ ਦੀ ਤੁਲਨਾ ’ਚ ਉਦਾਰ ਹੈ, ਇਸ ਲਈ ਉਨ੍ਹਾਂ ਦਾ ਪਹਿਲਾ ਟੀਚਾ ਦੁਬਈ ਹੀ ਹੁੰਦਾ ਹੈ। ਦੁਬਈ ਪਹੁੰਚ ਕੇ ਅਜਿਹਾ ਨਹੀਂ ਲਗਦਾ ਕਿ ਅਸੀਂ ਪ੍ਰਦੇਸ ਵਿਚ ਹਾਂ। ਲਗਦਾ ਹੈ ਕਿ ਅਸੀਂ ਮੁੰਬਈ ’ਚ ਹੀ ਘੁੰਮ ਰਹੇ ਹਾਂ। ਆਪਣੇ ਵਰਗੇ ਚਿਹਰੇ ’ਤੇ ਆਪਣੀ ਬੋਲੀ ਸੁਣ ਕੇ ਜਾਣ ਵਾਲੇ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਉਥੇ ਉਹ ਸੁਰੱਖਿਅਤ ਹਨ। ਪਰ ਇਹ ਪੂਰਾ ਸੱਚ ਨਹੀਂ ਹੈ।

ਅਰਬ ਅਮੀਰਾਤ ਦੇ ਦੇਸ਼ਾਂ ’ਚ ਅੱਜ ਵੀ ਸ਼ੇਖ਼ਾਂ ਦੀ ਹਕੂਮਤ ਚਲਦੀ ਹੈ ਜਿਸ ਨੂੰ ਅਸੀਂ ਇਕ ਕਿਸਮ ਦਾ ਕੁਲੀਨ ਤੰਤਰ ਕਹਿ ਸਕਦੇ ਹਾਂ। ਉਥੇ ਅਪਰਾਧ ਮੁਕਾਬਲਤਨ ਘੱਟ ਹੁੰਦੇ ਹਨ ਅਤੇ ਜੇ ਹੁੰਦੇ ਵੀ ਹਨ ਤਾਂ ਭਾਰਤ ਵਾਂਗੂੰ ਅਖ਼ਬਾਰਾਂ ’ਚ ਨਹੀਂ ਛਪਦੇ। ਅਰਬ ਅਮੀਰਾਤ ’ਚ ਇਸਲਾਮੀ ਸ਼ਰੀਅਤ ਦੇ ਫ਼ੌਜਦਾਰੀ ਕਾਨੂੰਨ ਲਾਗੂ ਨਹੀਂ ਹਨ। ਫਿਰ ਵੀ ਉਥੋਂ ਦਾ ਪ੍ਰਸ਼ਾਸਨ, ਅਪਰਾਧਾਂ ਪ੍ਰਤੀ ਬਹੁਤ ਸੰਜੀਦਾ ਹੈ। ਸੱਭ ਤੋਂ ਵੱਧ ਅਪਰਾਧ ਨਸ਼ੀਲੀਆਂ ਦਵਾਈਆਂ ਦੀ ਖ਼ਰੀਦ ਤੇ ਵਿਕਰੀ ਨਾਲ ਸਬੰਧਤ ਹੁੰਦੇ ਹਨ। ਦੁਬਈ ਇਕ ਆਜ਼ਾਦ ਦੇਸ਼ ਹੈ। ਉਥੇ ਸ਼ੇਖ ਹੀ ਸੱਭ ਕੁੱਝ ਹਨ। ਵਰਣਨਯੋਗ ਹੈ ਕਿ ਅਰਬ ਦੇਸ਼ਾਂ ਵਿਚ ਵੀ ਅਨੇਕਾਂ ਥਾਵਾਂ ’ਤੇ ਲੋਕਰਾਜ ਦੀਆਂ ਹਵਾਵਾਂ ਚਲਣ ਲਗੀਆਂ ਹਨ। ਪਿਛਲੇ ਦਿਨੀਂ ਕੁਵੈਤ ’ਚ ਚੋਣਾਂ ਹੋਈਆਂ ਜਿਸ ਵਿਚ ਔਰਤਾਂ ਨੇ ਪਹਿਲੀ ਵਾਰੀ ਵੋਟ ਪਾਈ। ਪਰ ਅਰਬ ਅਮੀਰਾਤ ’ਚ ਹੁਣ ਵੀ ਅਜਿਹਾ ਸੰਭਵ ਨਹੀਂ ਹੈ। ਪਰ ਅਰਬਾਂ ਦਾ ਜੋ ਸੁਭਾਅ ਹੈ, ਉਸ ਨਾਲੋਂ ਉਹ ਭਿੰਨ ਵੀ ਨਹੀਂ ਹਨ। ਅਰਬ ਖ਼ੁਦ ਨੂੰ ਹੋਰ ਪਰਜਾ ਦੀ ਤੁਲਨਾ ਵਿਚ ਵੱਧ ਖ਼ੁਸ਼ਹਾਲ ਮੰਨਦਾ ਹੈ। ਅਬੂ-ਧਾਬੀ, ਦੋਹਾ, ਸ਼ਾਰਜਾਹ ਤੇ ਸਲਾਲਾ ਆਦਿ ਹੁਣ ਵੀ ਅਰਬ ਅਮੀਰਾਤ ਦੇ ਹਿੱਸੇ ਹਨ। ਅਰਬ ਸਭਿਆਚਾਰ ਦੇ ਬਾਵਜੂਦ ਇਥੋਂ ਦੇ ਲੋਕ ਰਵਾਇਤੀ ਤੇ ਰੂੜੀਵਾਦੀ ਨਹੀਂ ਹਨ। ਅਰਬਾਂ ’ਚ ਕਰੂਰਤਾਂ ਵੈਸੇ ਹੀ ਵੇਖਣ ਨੂੰ ਮਿਲਦੀ ਹੈ, ਜਿਹੋ ਜਿਹੀ ਕਿ ਅਰਬ ਦੇਸ਼ਾਂ ਦੇ ਅੰਦਰਲੇ ਭਾਗਾਂ ਵਿਚ ਹੁੰਦੀ ਹੈ। ਭਾਰਤ, ਬੰਗਲਾ ਦੇਸ਼ ਤੇ ਪਾਕਿਸਤਾਨ ਦੇ ਲੋਕ ਇਥੇ ਕੰਮ

ਕਰਨ ਲਈ ਲੱਖਾਂ ਦੀ ਗਿਣਤੀ ਵਿਚ ਆਉਂਦੇ ਹਨ। ਭਾਰਤ ਵਿਚ ਅਜਿਹੇ ਲੋਕਾਂ ਦੀ ਵੀ ਕਮੀ ਨਹੀਂ ਜੋ ਤਿੰਨ ਮਹੀਨਿਆਂ ਦੇ ਵੀਜ਼ੇ ’ਤੇ ਦੁਬਈ ਪਹੁੰਚਦੇ ਹਨ ਅਤੇ ਆਪਣਾ ਕੰਮ ਕਾਰ ਸ਼ੁਰੂ ਕਰ ਦਿੰਦੇ ਹਨ। ਪਰ ਵੀਜ਼ਾ ਖ਼ਤਮ ਹੁੰਦਿਆਂ ਹੀ ਵਾਪਸ ਆ ਜਾਂਦੇ ਹਨ ਤੇ ਕੁੱਝ ਦਿਨਾਂ ਬਾਅਦ ਫਿਰ ਵੀਜ਼ਾ ਹਾਸਲ ਕਰ ਕੇ ਆਪਣੇ ਉਦੇਸ਼ ਦੀ ਪੂਰਤੀ ਲਈ ਚਲੇ ਜਾਂਦੇ ਹਨ। ਇਸ ਲਈ ਕੁੱਝ ਲੋਕ ਤਾਂ ਦੁਬਈ ਨੂੰ ਮੁੰਬਈ ਹੀ ਸਮਝਦੇ ਹਨ ਜਿਥੇ ਉਨ੍ਹਾਂ ਦਾ ਆਉਣਾ ਜਾਣਾ ਚਲਦਾ ਰਹਿੰਦਾ ਹੈ। ਇਹ ਅਸਲੀਅਤ ਹੈ ਕਿ ਦੁਬਈ ਭਾਰਤੀਆਂ ਨੂੰ ਰੁਜ਼ਗਾਰ ਦਿੰਦਾ ਹੈ। ਇਹ ਵੀ ਮੰਨਣਾ ਪਵੇਗਾ ਕਿ ਦੁਬਈ ਨੂੰ ਤਰੱਕੀ ਦੀ ਇਸ ਮੰਜ਼ਲ ’ਤੇ ਲੈ ਜਾਣ ਦਾ ਸਿਹਰਾ ਕਾਫ਼ੀ ਹੱਦ ਤਕ ਭਾਰਤੀਆਂ ਦੇ ਸਿਰ ਬਝਦਾ ਹੈ। ਦੁਬਈ ਦੇ ਸਾਬਕਾ ਹਾਕਮ ਸ਼ੇਖ਼ ਰਸ਼ੀਦ ਦੀ ਭਾਰਤ ਨਾਲ ਬੜੀ ਨੇੜਤਾ ਸੀ। ਪਰ ਉਨ੍ਹਾਂ ਦਾ ਇਹ ਸੁਝਾਅ ਸਿਰਫ਼ ਤਸਕਰੀ ਦੇ ਮਾਲ ’ਤੇ ਹੀ ਆਧਾਰਤ ਸੀ। ਸਮਗਲਿੰਗ ’ਚ ਦੁਨੀਆਂ ਦਾ ਸੱਭ ਤੋਂ ਵੱਡਾ ਅੱਡਾ ਹੈ ਦੁਬਈ। ਜਦ ਵਿਸ਼ਵੀਕਰਨ ਦਾ ਯੁੱਗ ਸ਼ੁਰੂ ਹੋਇਆ ਤਦ ਦੁਬਈ ਤੋਂ ਹੀ ਤਸਕਰੀ ਦਾ ਮਾਲ ਮੁੰਬਈ ਦੇ ਸਾਗਰ ਕੰਢੇ ਪਹੁੰਚਦਾ ਸੀ। ਇਸ ਵਿਚ ਜ਼ਿਆਦਾਤਰ ਸੋਨਾ ਹੁੰਦਾ ਸੀ। ਸਮਗਲਰ ਭਾਰਤ ਤੋਂ ਵਾਪਸ ਮੁੜਦੇ ਸਮੇਂ ਚਾਂਦੀ ਲੈ ਜਾਂਦੇ ਸਨ। ਉਥੇ ਜੋ ਚਮਕ ਦਮਕ ਹੈ, ਉਹ ਸਮਗਲਿੰਗ ਕਾਰਨ ਹੀ ਹੈ। ਪਰ ਦੁਬਈ ਦੀ ਚਕਾ ਚੌਂਧ ਭਾਰਤੀਆਂ ਲਈ ਉਸ ਸਮੇਂ ਫਿੱਕੀ ਪੈ ਜਾਂਦੀ ਹੈ ਜਦ ਭਾਰਤੀਆਂ ਦੀ ਆਤਮ ਹਤਿਆ ਦੇ ਸਮਾਚਾਰ ਮਿਲਦੇ ਹਨ। ਵਿਦੇਸ਼ਾਂ ’ਚ ਭਾਰਤੀਆਂ ਦੀ ਆਤਮ ਹਤਿਆ ਦੇ ਮਾਮਲੇ ਹੋਰ ਕਿਤੇ ਏਨੇ ਨਹੀਂ ਹਨ। ਜਿੰਨੇ ਇਥੇ ਮਿਲਦੇ ਹਨ। ਇਨ੍ਹਾਂ ਦੀ ਪੁਸ਼ਟੀ ਭਾਰਤੀ ਦੂਤਾਵਾਸ ਨੇ ਕੀਤੀ ਹੈ। ਦੂਤਾਵਾਸ ਦੇ ਹੀ ਮੁਤਾਬਕ ਭਾਰਤੀਆਂ ਦੀਆਂ ਆਤਮ ਹਤਿਆਵਾਂ ’ਚ ਪਿਛਲੇ ਸਾਲ ਦਸ ਫੀ ਸਦੀ ਦਾ ਵਾਧਾ ਹੋਇਆ। ਦੂਤਾਵਾਸ ਦੇ ਅੰਕੜੇ ਦਸਦੇ ਹਨ ਕਿ 2005 ’ਚ ਇਹ ਗਿਣਤੀ 1157 ਤਕ ਪਹੁੰਚ ਗਈ। ਦੁਬਈ ’ਚ ਕੰਮ ਕਰਨ ਵਾਲੇ ਇਕ ਭਾਰਤੀ ਦੀ ਮੰਨੀਏ ਤਾਂ ਇਹ ਅੰਕੜਾ ਬਹੁਤ ਘੱਟ ਦੱਸਿਆ ਗਿਆ ਹੈ। ਉਸ ਅਨੁਸਾਰ ਦੁਬਈ ’ਚ ਸੰਨ 2000 ਤੋਂ 2005 ਦੇ ਖ਼ਤਮ ਹੋਣ ਤਕ 7000 ਭਾਰਤੀਆਂ ਨੇ ਆਤਮ ਹਤਿਆ ਕੀਤੀ ਹੈ। ਵਰਣਨਯੋਗ ਹੈ ਕਿ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਅੱਜ ਤਕ ਇਨ੍ਹਾਂ ਅੰਕੜਿਆਂ ਨੂੰ ਜਨਤਕ ਤੌਰ ’ਤੇ ਨਹੀਂ ਐਲਾਨਿਆ। ਸੰਸਦ ਤੇ ਵਿਧਾਨ ਸਭਾਵਾਂ ’ਚ ਵੀ ਇਸ ਦਾ ਭੇਦ ਨਹੀਂ ਖੁਲ੍ਹਿਆ। ਦੁਬਈ ’ਚ ਸਥਾਈ ਰੂਪ ’ਚ ਕੰਮ ਕਰਨ ਵਾਲੇ ਸੱਭ ਤੋਂ ਵੱਧ ਦੱਖਣ ਭਾਰਤੀ ਹਨ। ਮਲਿਆਲੀ ਉਥੇ ਸਥਾਈ ਰੂਪ ’ਚ ਵਸ ਗਏ ਹਨ। ਉਥੇ ਉਨ੍ਹਾਂ ਦੀਆਂ ਧਾਰਮਕ, ਸਮਾਜਕ ਤੇ ਸਾਹਿਤਕ ਸਰਗਰਮੀਆਂ ਤਾਂ ਸੰਚਾਲਿਤ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਨਾਗਰਿਕਤਾ ਕਿਸੇ ਨੂੰ ਨਹੀਂ ਮਿਲਦੀ। ਇਸ ਦੇ ਬਾਵਜੂਦ ਮਲਿਆਲੀ ਸਮਾਚਾਰ ਪੱਤਰਾਂ ’ਚ ਭਾਰਤੀਆਂ ਦੀਆਂ ਆਤਮ ਹਤਿਆਵਾਂ ਦੇ ਸਮਾਚਾਰ ਨਹੀਂ ਛਪਦੇ। ਭਾਰਤੀ ਦੂਤਾਵਾਸ ਅਧਿਕਾਰੀ ਨੇ ਪਿਛਲੇ ਸਾਲ 1408 ਮਜ਼ਦੂਰਾਂ ਦੇ ਝਗੜੇ ਨਿਪਟਾਏ। 2005 ’ਚ ਇਸ ਕਿਸਮ ਦੇ ਵਿਵਾਦਾਂ ਦੀ ਗਿਣਤੀ ਦੂਤਾਵਾਸ ਅਨੁਸਾਰ 760 ਸੀ।

ਆਖ਼ਰ ਦੁਬਈ ਜਾ ਕੇ ਭਾਰਤੀ ਆਤਮ ਹਤਿਆ ਕਿਉਂ ਕਰਦੇ ਹਨ? ਤੇ ਆਤਮ ਹਤਿਆ ਕਰਨ ਵਾਲਿਆਂ ’ਚ ਕਿਹੜਾ ਵਰਗ ਮੂਹਰੇ ਹੈ? ਇਸ ਦਾ ਅਨੁਮਾਨ ਭਾਰਤ ਸਰਕਾਰ ਦੇ ਅਪ੍ਰਵਾਸ (ਇਮੀਗ੍ਰੇਸ਼ਨ) ਵਿਭਾਗ ਦੀ ਨੀਤੀ ਤੋਂ ਲਾਇਆ ਜਾ

ਸਕਦਾ ਹੈ। ਭਾਰਤ ਸਰਕਾਰ ਇਨ੍ਹੀਂ ਦਿਨੀਂ ਦੁਬਈ ਤੇ ਇਰਾਕ ਲਈ ਇਮੀਗ੍ਰੇਸ਼ਨ ਨਹੀਂ ਦਿੰਦੀ। ਇਰਾਕ ਇਸ ਸਮੇਂ ਹਿੰਸਾ ਨਾਲ ਗ੍ਰਸਤ ਹੈ। ਇਸ ਲਈ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਪਰ ਦੁਬਈ ਦਾ ਮਾਮਲਾ ਇਸ ਤੋਂ ਵਖਰਾ ਹੈ। ਹਾਲਾਂਕਿ ਦੁਬਈ ਜਾਣ ਵਾਲੇ ਗ਼ੈਰ ਹੁਨਰਮੰਦ ਮਜ਼ਦੂਰਾਂ ਦੀ ਸੰਖਿਆ ਵਾਹਵਾ ਹੁੰਦੀ ਹੈ ਪਰ ਇਨ੍ਹਾਂ ਮਜ਼ਦੂਰਾਂ ਨੂੰ ਬੁਲਾਉਣ ਵਾਲੀਆਂ ਦੁਬਈ ਦੀਆਂ ਕੰਪਨੀਆਂ ਸਿੱਧਾ ਭਾਰਤ ਦੇ ਕਿਰਤ ਮੰਤਰਾਲੇ ਨਾਲ ਗੱਲ ਨਹੀਂ ਕਰਦੀਆਂ। ਉਨ੍ਹਾਂ ਦੇ ਆਪਣੇ ਏਜੰਟ ਹੁੰਦੇ ਹਨ ਜੋ ਪ੍ਰਯੋਜਕ ਅਖਵਾਉਂਦੇ ਹਨ। ਇਹ ਪ੍ਰਯੋਜਕ ਹੀ ਧੋਖਾਧੜੀ ਦੇ ਮੁੱਖ ਪਾਤਰ ਹਨ। ਕੰਮ, ਤਨਖ਼ਾਹ, ਦਫ਼ਤਰ ਆਦਿ ਸਬੰਧੀ ਮਜ਼ਦੂਰਾਂ ਨਾਲ ਲਿਖਤੀ ਵਾਅਦੇ ਕੀਤੇ ਜਾਂਦੇ ਹਨ। ਪਰ ਦੁਬਈ ਪਹੁੰਚਾਇਆਂ ਹੀ ਸਾਰਾ ਮਾਮਲਾ ਉਲਟਾ ਨਜ਼ਰ ਆਉਣ ਲਗਦਾ ਹੈ। ਪ੍ਰਯੋਜਕ ਮਜ਼ਦੂਰਾਂ ਦੇ ਪਾਸਪੋਰਟ ਆਪਣੇ ਕਬਜ਼ੇ 'ਚ ਕਰ ਕੇ ਉਨ੍ਹਾਂ ਨੂੰ ਅਪਾਹਜ ਬਣਾ ਦਿੰਦੇ ਹਨ। ਭਾਰਤੀ ਮਜ਼ਦੂਰ ਉਨ੍ਹਾਂ ਦੇ ਗ਼ੁਲਾਮ ਹੋ ਜਾਂਦੇ ਹਨ। ਉਥੋਂ ਹੀ ਸ਼ੁਰੂ ਹੁੰਦੀ ਹੈ ਪ੍ਰੇਸ਼ਾਨੀ ਤੇ ਅਤਿਵਾਦ ਦੀ ਕਹਾਣੀ ਜਿਸ ਦਾ ਅੰਤ ਅਨੇਕਾਂ ਮਾਮਲਿਆਂ 'ਚ ਮਜ਼ਦੂਰਾਂ ਦੀ ਆਤਮ ਹਤਿਆ ਦੇ ਰੂਪ 'ਚ ਹੁੰਦਾ ਹੈ। ਭਾਰਤ ਸਰਕਾਰ ਕੋਲ ਨਿਸ਼ਚੇ ਹੀ ਇਸ ਪ੍ਰਕਾਰ ਦੀਆਂ ਸ਼ਿਕਾਇਤਾਂ ਪਹੁੰਚਾਇਆਂ ਹੋਣਗੀਆਂ। ਇਸ ਲਈ ਪਿਛਲੇ ਕੁੱਝ ਸਮੇਂ ਤੋਂ ਸਰਕਾਰ ਨੇ ਦੁਬਈ ਦੀ ਇਮੀਗ੍ਰੇਸ਼ਨ ਤੇ ਸਖ਼ਤੀ ਨਾਲ ਪਾਬੰਦੀ ਲਾ ਦਿਤੀ ਹੈ। ਹੁਣ ਪ੍ਰਯੋਜਕ ਨੂੰ ਦੁਬਈ ਸਥਿਤ ਭਾਰਤੀ ਦੂਤਾਵਾਸ ਦੀ ਮੰਜ਼ੂਰੀ ਲੈਣੀ ਪੈਂਦੀ ਹੈ। ਉਥੋਂ ਹਰੀ ਝੰਡੀ ਮਿਲਣ ਪਿਛੋਂ ਹੀ ਭਾਰਤ ਸਰਕਾਰ ਇਨ੍ਹਾਂ ਮਜ਼ਦੂਰਾਂ ਨੂੰ ਜਾਣ ਦੀ ਇਜਾਜ਼ਤ ਦਿੰਦੀ ਹੈ।

ਦੁਬਈ 'ਚ ਇਨ੍ਹਾਂ ਆਤਮ ਹਤਿਆਵਾਂ ਵਿਚ ਔਰਤਾਂ ਦੀ ਪ੍ਰਤੀਸ਼ਤ ਕਿੰਨੀ ਹੈ, ਇਹ ਪਤਾ ਕਰਨਾ ਮੁਸ਼ਕਲ ਹੈ। ਦੁਬਈ ਦੂਤਾਵਾਸ ਅਧਿਕਾਰੀ ਨੇ ਇਸ ਮਾਮਲੇ 'ਚ ਕੋਈ ਜਾਣਕਾਰੀ ਨਹੀਂ ਦਿੱਤੀ।

ਇਹ ਤਾਂ ਸਰਬ ਪ੍ਰਮਾਣਤ ਤੱਥ ਹੈ ਕਿ ਅਰਬ ਭੂਖੰਡ 'ਚ ਸੱਭ ਤੋਂ ਵੱਧ ਔਰਤਾਂ ਦਾ ਸ਼ੋਸ਼ਣ ਹੁੰਦਾ ਹੈ। ਤੱਥ ਇਹ ਵੀ ਹੈ ਕਿ ਉਨ੍ਹਾਂ ਦੇ ਪ੍ਰਯੋਜਕ ਘਰੇਲੂ ਕਾਮਗਾਰ, ਨਰਸ ਤੇ ਅਧਿਆਪਕ ਦੇ ਰੂਪ 'ਚ ਉਨ੍ਹਾਂ ਨੂੰ ਬੁਲਾਉਂਦੇ ਹਨ ਪਰ ਉਥੇ ਪਹੁੰਚਣ ਪਿਛੋਂ 70 ਫ਼ੀਸਦੀ ਔਰਤਾਂ ਨੂੰ ਅਰਬਾਂ ਦੇ ਹਰਮ 'ਚ ਪਹੁੰਚਾ ਦਿਤਾ ਜਾਂਦਾ ਹੈ। ਉਥੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਹੁੰਦਾ ਹੈ। ਇਨ੍ਹਾਂ ਔਰਤਾਂ ਦਾ ਵੀ ਵੱਡਾ ਹਿੱਸਾ ਆਤਮ ਹਤਿਆ ਨੂੰ ਮੁਕਤੀ ਮਾਰਗ ਦੇ ਰੂਪ 'ਚ ਅਪਣਾਉਂਦਾ ਹੈ। ਭਾਰਤ ਸਰਕਾਰ ਨੂੰ ਅਜਿਹੀਆਂ ਸੈਂਕੜੇ ਸ਼ਿਕਾਇਤਾਂ ਮਿਲਦੀਆਂ ਹਨ ਪਰ ਅਜ ਤਕ ਇਨ੍ਹਾਂ ਵਲ ਕੋਈ ਧਿਆਨ ਨਹੀਂ ਦਿਤਾ ਗਿਆ। ਕਿਰਤ ਮੰਤਰਾਲੇ ਤੇ ਮਹਿਲਾ ਕਮਿਸ਼ਨ ਇਸ 'ਤੇ ਚੁੱਪੀ ਧਾਰੀ ਬੈਠੀ ਹਨ। ਭਾਰਤ ਦੀਆਂ ਇੰਨੀਆਂ ਬੇਟੀਆਂ ਦਾ ਕਥਾ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ।

ਦੁਬਈ 'ਚ ਭਾਰਤੀਆਂ ਨਾਲ ਕਿਹੋ ਜਿਹਾ ਵਿਹਾਰ ਹੁੰਦਾ ਹੈ, ਇਹ ਇਕ ਈਸਾਈ ਦੀ ਉਦਾਹਰਣ ਤੋਂ ਸਾਫ਼ ਹੋ ਜਾਂਦਾ ਹੈ, ਆਗਸਟਨ ਨਾਮੀ ਇਕ ਯੁਵਕ ਹੋਟਲ ਵੇਟਰ ਦੇ ਰੂਪ 'ਚ ਦੁਬਈ ਪਹੁੰਚਿਆ। ਉਸ ਦਾ ਕੰਮ ਬੇਹਦ ਪ੍ਰਸੰਸਾ ਯੋਗ ਸੀ। ਪਰ ਇਕ ਦਿਨ ਉਸ ਨੂੰ ਵੱਡਾ ਝਟਕਾ ਲਗਿਆ। ਇਹ ਹਫ਼ਤਾਵਾਰੀ ਤਨਖਖ਼ਾਹ ਦਾ ਦਿਨ ਸੀ। ਜਦ ਆਗਸਟਨ ਆਪਣੇ ਹੋਟਲ ਦੇ ਖ਼ਜ਼ਾਨਚੀ ਕੋਲ ਤਨਖ਼ਾਹ ਲੈਣ ਲਈ

ਪਹੁੰਚਿਆ ਤਾਂ ਉਸ ਨੂੰ ਦਸਿਆ ਗਿਆ ਕਿ ਇਸ ਹਫ਼ਤੇ ਉਸ ਨੂੰ ਤਨਖ਼ਾਹ ਨਹੀਂ ਮਿਲੇਗੀ ਤੇ ਅੱਜ ਤੋਂ ਉਸ ਨੂੰ ਹੱਥਾਂ 'ਤੇ ਦਸਤਾਨੇ ਪਾਉਣੇ ਪੈਣਗੇ। ਉਸ ਨੇ ਪੁਛਿਆ ਕਿਉਂ? ਉਤਰ ਮਿਲਿਆ, "ਤੁਹਾਡੇ ਹੱਥ 'ਤੇ ਸੂਲੀ ਦਾ ਚਿੰਨ੍ਹ ਖੁਦਿਆ ਹੋਇਆ ਹੈ। ਸਾਡੇ ਮੁਸਲਿਮ ਗਾਹਕਾਂ ਤੇ ਮੈਨੇਜਮੈਂਟ ਨੂੰ ਇਹ ਪਸੰਦ ਨਹੀਂ ਹੈ। ਇਸ ਲਈ ਆਪਣਾ ਕਰਾਸ ਛੁਪਾਉਣ ਲਈ ਤੁਹਾਨੂੰ ਦਸਤਾਨੇ ਪਹਿਨਣੇ ਹੀ ਪੈਣਗੇ" ਵਿਚਾਰਾ ਆਗਸਟਨ ਚੁੱਪ ਰਿਹਾ। ਉਥੇ ਧਰਮ ਨਿਰਪੱਖ ਸਰਕਾਰ ਤਾਂ ਹੈ ਨਹੀਂ ਸੀ ਕਿ ਉਸ ਨੂੰ ਕੋਈ ਨਿਆਂ ਮਿਲਦਾ। ਕੁੱਝ ਦਿਨ ਉਸ ਨੇ ਕੰਮ ਕੀਤਾ ਪਰ ਆਪਣੇ ਹੋਰਾਂ ਸਾਕੀਆਂ ਦੇ ਸਾਹਮਣੇ ਆਪਣੇ ਦਸਤਾਨਿਆਂ ਕਾਰਨ ਦੁਖਦਾਈ ਸਿਕਤੀ ਦਾ ਸਾਹਮਣਾ ਕਰਨਾ ਪਿਆ। ਲੋਕਾਂ ਨੂੰ ਲਗਿਆ ਉਸ ਨੂੰ ਕੋਈ ਰੋਗ ਹੈ। ਉਸ ਨੇ ਨੌਕਰੀ ਛੱਡ ਦਿੱਤੀ ਤੇ ਭਾਰਤ ਆ ਗਿਆ। ਕੇਵਲ ਇਹ ਇਕ ਉਦਾਹਰਣ ਸਾਰੀ ਦੁਬਈ ਬਾਰੇ ਇਕ ਸੰਕੇਤ ਦੇ ਜਾਂਦੀ ਹੈ।

# ਬਸਤੀਵਾਦੀ ਗੁਲਾਮੀ ਦੀ ਦਾਸਤਾਂ
# (1757 - 1857)

ਇਹ ਸਾਲ 1857 ਦੀ 150ਵੀਂ ਵਰ੍ਹੇਗੰਢ ਦਾ ਸਾਲ ਹੈ। ਨਾਲ ਹੀ ਇਹ 1757 ਦੀ ਵੀ 250ਵੀਂ ਵਰ੍ਹੇਗੰਢ ਹੈ। 1757 ਜਦ ਕਿ ਈਸਟ ਇੰਡੀਆ ਕੰਪਨੀ ਨੇ ਪਲਾਸੀ ਦੇ ਯੁੱਧ 'ਚ ਬੰਗਾਲ ਦੇ ਨਵਾਬ ਸਿਰਾਜੂਦੌਲਾ ਨੂੰ ਹਰਾ ਕੇ ਭਾਰਤ 'ਚ ਅੰਗਰੇਜ਼ੀ ਰਾਜ ਦੀ ਬੁਨਿਆਦ ਰੱਖੀ ਅਤੇ 1857, ਜਦ ਕਿ ਭਾਰਤ ਦੀ ਜਨਤਾ ਨੇ ਅੰਗਰੇਜ਼ਾਂ ਦੀ ਹਕੂਮਤ ਖ਼ਿਲਾਫ਼ ਬਗਾਵਤ ਦਾ ਬਿਗਲ ਵਜਾਇਆ ਅਤੇ ਭਾਰਤ ਦੇ ਆਜ਼ਾਦੀ ਸੰਗਰਾਮ ਦੀ ਬੁਨਿਆਦ ਰੱਖੀ। 1757 ਜਿੱਥੇ ਅੰਗਰੇਜ਼ਾਂ ਖ਼ਿਲਾਫ਼ ਲੜੇ ਗਏ ਯੁੱਧਾਂ 'ਚ ਜਾਗੀਰੂ ਸਰਦਾਰਾਂ, ਰਜਵਾੜਿਆਂ ਤੇ ਉਭਰਦੇ ਦਲਾਲ ਵਪਾਰੀਆਂ ਦੀ ਕਾਇਰਤਾ ਤੇ ਗਦਾਰੀ ਦੀ ਮਿਸਾਲ ਹੈ ਉਥੇ 1857 ਦੇਸ਼ ਭਗਤ ਲੋਕਾਂ ਦੀ ਬਹਾਦਰੀ ਦੀ ਮਿਸਾਲ ਹੈ। ਅੱਜ ਦੇ ਸਮੇਂ ਜਦ ਕਿ ਭਾਰਤ ਅਸਿੱਧੇ ਤੌਰ ਤੇ ਅਰਧ-ਬਸਤੀਵਾਦੀ ਹਕੂਮਤ ਅਤੇ ਨਾਲ ਹੀ ਨਾਲ ਜਾਗੀਰੂ ਲੁੱਟ ਦੇ ਚੁੰਗਲ 'ਚ ਕੈਦ ਹੈ, ਇਤਿਹਾਸ ਦੀਆਂ ਇਹਨਾਂ ਮਹੱਤਵਪੂਰਨ ਘਟਨਾਵਾਂ ਨੂੰ ਯਾਦ ਕਰਨ ਦਾ ਮਤਲਬ ਹੈ ਕਿ ਅਸੀਂ ਅੱਜ ਦੇ ਸਮੇਂ ਲਈ ਇਸ ਤੋਂ ਕੁਝ ਸਬਕ ਲਈਏ। ਅਤੀਤ ਦੀਆਂ ਘਟਨਾਵਾਂ ਦੀ ਸਹੀ ਜਾਂਚ ਪੜ੍ਹਤਾਲ ਹੀ ਸਾਨੂੰ ਭਵਿੱਖ ਦੀ ਸਹੀ ਦਿਸ਼ਾ ਵੱਲ ਲੈ ਜਾ ਸਕਦੀ ਹੈ। -'ਬ੍ਰਿਟਿਸ਼ ਈਸਟ ਇੰਡੀਆ ਕੰਪਨੀ' ਜਦ ਭਾਰਤ ਆਈ, ਭਾਰਤ ਇੱਕ ਦੇਸ਼ ਨਾ ਹੋ ਕੇ ਛੋਟੀਆਂ ਛੋਟੀਆਂ ਰਿਆਸਤਾਂ 'ਚ ਵੰਡਿਆ ਇੱਕ ਵਿਸ਼ਾਲ ਭੂ-ਭਾਗ ਸੀ ਆਪਣੇ ਵਪਾਰਕ ਹਿੱਤਾਂ ਦਾ ਪਸਾਰ ਕਰਦੇ ਕਰਦੇ ਕੰਪਨੀ ਨੇ ਇਹਨਾਂ ਰਿਆਸਤਾਂ ਨੂੰ ਬਲ ਛਲ ਅਤੇ ਕੂਟਨੀਤੀ ਨਾਲ ਖਤਮ ਕਰਕੇ ਇਹਨਾਂ ਤੇ ਕਬਜ਼ਾ ਜਮਾਉਣਾ ਸ਼ੁਰੂ ਕਰ ਦਿੱਤਾ। ਇੱਥੋਂ ਦੇ ਵਿਕਸਤ ਹੋ ਰਹੇ ਵਪਾਰ ਤੇ ਪੇਂਡੂ ਅਰਥਚਾਰੇ ਨੂੰ ਤਹਿਸ ਨਹਿਸ ਕਰਕੇ ਇਸ ਨੂੰ ਬ੍ਰਿਟੇਨ ਲਈ ਕੱਚੇ ਮਾਲ ਦੀ ਬਰਾਮਦ ਦਾ ਸਰੋਤ ਬਣਾਇਆ। ਭਾਰਤੀ ਮਲਮਲ ਤੇ ਸੂਤੀ ਕੱਪੜੇ ਦੀ ਬਰਾਮਦ ਤੇ ਰੋਕ ਲਾ ਦਿੱਤੀ। ਤੇਜ਼ੀ ਨਾਲ ਵਿਕਸਤ ਹੋ ਰਹੇ ਇਸ ਉਦਯੋਗ ਦੀ ਰੀੜ ਦੀ ਹੱਡੀ ਹੀ ਤੋੜ ਦਿੱਤੀ। ਬ੍ਰਿਟੇਨ ਦੇ ਤਿਆਰ ਮਾਲਾਂ ਨਾਲ ਭਾਰਤ ਦੇ ਬਜਾਰਾਂ ਨੂੰ ਭਰ ਦਿੱਤਾ ਗਿਆ। ਕਿਸਾਨ ਤੇਜ਼ੀ ਨਾਲ ਸੂਦਖੋਰਾਂ, ਸ਼ਾਹੂਕਾਰਾਂ ਦੇ ਚੁੰਗਲ 'ਚ ਫਸਦੇ ਚਲੇ ਗਏ। ਬੇਰਹਿਮ ਤੇ ਮਾਰੂ ਵਿਵਸਥਾਵਾਂ ਦੇ ਲਾਗੂ ਹੋਣ ਪਿੱਛੋਂ ਭਾਰਤ ਨੂੰ ਵਾਰ ਵਾਰ ਕਈ ਅਕਾਲਾਂ ਦਾ ਸਾਹਮਣਾ ਕਰਨਾ ਪਿਆ। ਪੁਰਾਣੇ ਤਰੀਕੇ ਦੇ ਜਾਗੀਰੂ ਸਮਾਜ ਹੁਣ ਨਵੇਂ ਨਵੇਂ ਤਰੀਕੇ ਦੇ ਅਰਧ-ਜਾਗੀਰੂ, ਅਰਧ-ਬਸਤੀਵਾਦੀ ਸਮਾਜ 'ਚ ਬਦਲਣ ਲੱਗਿਆ। ਰਾਜਿਆਂ ਤੇ ਨਵਾਬਾਂ ਕੋਲੋਂ ਉਹਨਾਂ ਦੀਆਂ ਰਿਆਸਤਾਂ ਖੋਹਣ ਲਈ ਉਹਨਾਂ 'ਤੇ ਕਈ ਤਰੀਕਿਆਂ ਦੇ ਨਵੇਂ ਨਿਯਮ ਠੋਸ ਦਿੱਤੇ ਗਏ। ਸੌ ਸਾਲਾਂ ਤੋਂ ਵੱਧ ਸਮੇਂ ਤੋਂ ਚੱਲੀ ਆ ਰਹੀ ਇਸ ਬਸਤੀਵਾਦੀ ਹਕੂਮਤ ਦੀ ਬੇਰਹਿਮੀ ਨਾਲ ਭਾਰਤ ਦੀ ਬਹੁਮਤ ਅਬਾਦੀ ਕਰਾਹ ਰਹੀ ਸੀ। ਦੂਜੇ ਪਾਸੇ ਕੰਪਨੀ ਦੀਆਂ ਜੇਤੂ ਮੁਹਿੰਮਾਂ ਨੇ ਹਿੰਦੁਸਤਾਨੀ ਰਿਆਸਤਾਂ ਦੇ ਭੁ-ਭਾਗ ਨੂੰ ਆਪਣੀ ਜੇਤੂ ਸੀਮਾ 'ਚ ਜਬਰੀ ਬੰਨ੍ਹ ਦਿੱਤਾ, ਜਿਸ ਨੇ ਅਣਜਾਣੇ ਹੀ ਇਸ ਵਿਸ਼ਾਲ ਭੂ-ਭਾਗ ਦੀ ਜਨਤਾ 'ਚ ਇਸ ਦੁਸ਼ਮਣ

ਖ਼ਿਲਾਫ਼ ਦੇਸ਼ ਭਗਤੀ ਦੀ ਭਾਵਨਾ ਦਾ ਸੰਚਾਰ ਕਰ ਦਿੱਤਾ। ਇਹਨਾਂ ਸਭਨਾਂ ਦਾ ਸਿੱਟਾ ਸੀ 1857 ਦੀ ਬਗਾਵਤ।

ਬਗਾਵਤ ਦੀ ਸ਼ੁਰੂਆਤ ਫਰਵਰੀ-ਮਾਰਚ ਦੇ ਮਹੀਨੇ 'ਚ ਬੰਗਾਲ ਦੇ ਬਰਹਿਮਪੁਰ ਤੇ ਬਰਾਕਪੁਰ ਤੋਂ ਕਾਰਤੂਸ ਤੇ ਚਰਬੀ ਲੱਗੀ ਹੋਣ ਕਰਕੇ ਹੋਈ। ਪਰ ਜਲਦੀ ਹੀ ਇਸ ਦੀ ਚੰਗਿਆੜੀ ਉੱਤਰ ਭਾਰਤ ਦੇ ਵਿਸ਼ਾਲ ਭੂ-ਭਾਗ, ਅਵਧ, ਰੁਹੇਲਖੰਡ, ਬੁੰਦੇਲਖੰਡ, ਸਾਗਰ, ਨਰਮਦਾ, ਨਾਗਪੁਰ, ਹੈਦਰਾਬਾਦ, ਬਿਹਾਰ ਦੇ ਕਈ ਜ਼ਿਲ੍ਹਿਆਂ ਆਗਰਾ, ਮੇਰਠ, ਪੰਜਾਬ, ਦਿੱਲੀ ਪੇਸ਼ਾਵਰ ਅਤੇ ਕਈ ਹੋਰ ਥਾਵਾਂ ਤੱਕ ਫੈਲ ਗਈ। ਫਿਰ ਇਹ ਸਿਰਫ ਸਿਪਾਹੀ ਵਿਦਰੋਹ ਹੀ ਨਹੀਂ ਰਹਿ ਗਿਆ (ਜਿਵੇਂ ਕਿ ਬ੍ਰਿਟਿਸ਼ ਇਤਿਹਾਸਕਾਰ ਤੇ ਵਰਤਮਾਨ ਸਮੇਂ 'ਚ ਸਰਕਾਰੀ ਇਤਿਹਾਸ ਇਸ ਨੂੰ ਦੱਸਦੇ ਹਨ) ਬਲਕਿ ਲੋਕ-ਬਗਾਵਤ 'ਚ ਬਦਲ ਗਿਆ। ਫਰਵਰੀ-ਮਾਰਚ 'ਚ ਬੰਗਾਲ ਤੋਂ ਜਦ ਬਗਾਵਤ ਦੀ ਸ਼ੁਰੂਆਤ ਹੋਈ ਤਦ ਅਸਲ ਵਿੱਚ ਆਮ ਲੋਕਾਂ ਨਾਲ ਇਸ ਦਾ ਕੋਈ ਵਾਹ-ਵਾਸਤਾ ਨਹੀਂ ਸੀ। ਹਾਲਾਂ ਕਿ ਮੰਗਲ ਪਾਂਡੇ ਨੂੰ ਫਾਂਸੀ ਤੇ ਚੜ੍ਹਾਏ ਜਾਣ ਪਿੱਛੋਂ ਬੰਗਾਲ ਰੈਜੀਮੈਂਟ ਦੀਆਂ ਹੀ ਕੁਝ ਛਾਉਣੀਆਂ ਵਿੱਚ ਇੱਕਾ-ਦੁੱਕਾ ਬਗਾਵਤਾਂ ਹੋਈਆਂ। ਪਰ ਲੋਕਾਂ ਤੋਂ ਕਟੇ ਹੋਣ ਕਾਰਨ ਇਹ ਪ੍ਰਵਾਨਭ ਨਹੀਂ ਚੜ੍ਹ ਸਕੀਆਂ। ਇਹ 10 ਮਈ ਦੀ ਮੇਰਠ ਦੇ ਫ਼ੌਜੀਆਂ ਦੀ ਬਗਾਵਤ ਸੀ, ਜਿਸ ਦੀਆਂ ਲਪਟਾਂ ਨੇ ਪੂਰੇ ਭਾਰਤ ਨੂੰ ਆਪਣੀ ਲਪੇਟ 'ਚ ਲੈ ਲਿਆ। ਸਭ ਥਾਵਾਂ 'ਤੇ ਅੰਗਰੇਜ਼ ਫੌਜੀ ਅਧਿਕਾਰੀ 'ਤੇ ਹਮਲੇ ਕੀਤੇ ਗਏ। ਹਥਿਆਰ ਸਟੋਰ ਕਰਨ ਵਾਲੇ ਗਦਾਮਾਂ ਤੇ ਕਬਜ਼ਾ ਕਰ ਲਿਆ ਗਿਆ। ਝਾਂਸੀ 'ਚ ਬਾਗੀ ਫੌਜੀਆਂ ਨੇ ਕੈਦੀਆਂ ਨੂੰ ਜ਼ੇਲ੍ਹ ਚੋਂ ਰਿਹਾ ਕਰ ਦਿੱਤਾ। ਅੰਗਰੇਜ਼ ਅਫ਼ਸਰਾਂ ਦੀ ਜਾਇਦਾਦ ਲੁੱਟ ਲਈ ਗਈ। ਉਹਨਾਂ ਦੇ ਘਰਾਂ ਨੂੰ ਸਾੜ ਦਿੱਤਾ ਗਿਆ। ਬਸਤੀਵਾਦੀ ਹਕੂਮਤ ਖ਼ਿਲਾਫ਼ ਦੇਸ਼ ਭਗਤੀ ਦੀ ਭਾਵਨਾ ਨਾਲ ਓਤਪ੍ਰੋਤ ਭਾਰਤੀ ਫੌਜ ਦੇ ਸੰਕੇਤਕ ਕੇਂਦਰ ਦਿੱਲੀ ਦੀ ਗੱਦੀ 'ਤੇ ਅੰਤਿਮ ਮੁਗਲ ਹਾਕ ਬਹਾਦਰ ਸ਼ਾਹ ਜ਼ਫ਼ਰ ਨੂੰ ਫਿਰ ਦੁਬਾਰਾ ਗੱਦੀ ਤੇ ਬਿਠਾ ਦਿੱਤਾ ਗਿਆ ਅਤੇ ਇਹਨੂੰ ਭਾਰਤ ਦਾ ਹਾਕਮ ਐਲਾਨ ਦਿੱਤਾ ਗਿਆ। ਅਵਧ ਦੀਆਂ ਸਾਰੀਆਂ ਰੈਜੀਮੈਂਟਾਂ ਨੇ ਪੂਰੀ ਤਰ੍ਹਾਂ ਬਗਾਵਤ ਕਰ ਦਿੱਤੀ। ਪੰਜਾਹ 'ਚ ਲਾਜ਼ਮੀ ਸੰਭਾਵੀ ਬਗਾਵਤ ਨੂੰ ਵੇਖਦਿਆਂ ਸੈਨਿਕਾਂ ਦੇ ਹਥਿਆਰ ਜਬਤ ਕਰ ਲਏ ਗਏ। ਬੰਬਈ ਦੀ ਫੌਜੀ ਛਾਉਣੀ ਤੋਂ ਸ਼ੁਰੂ ਹੋਇਆ ਵਿਦਰੋਹ ਨਾਗਪੁਰ, ਔਰੰਗਾਬਾਦ, ਹੈਦਰਾਬਾਦ ਤੇ ਕੋਹਲਾਪੁਰ ਤੱਕ ਫੈਲ ਗਿਆ। ਦੱਖਣ 'ਚ ਇਸ ਨੂੰ ਫੈਲਣ ਤੋਂ ਰੋਕਣ ਲਈ ਪਹਿਲਾਂ ਤੋਂ ਹੀ ਅੰਗਰੇਜ਼ੀ ਅਫਸਰਾਂ ਨੇ ਫੌਜ ਨੂੰ ਚੌਕਸ ਕਰ ਦਿੱਤਾ। 1857 ਦੀ ਬਗਾਵਤ ਭਾਵੇਂ ਹੀ ਸਿਪਾਹੀ ਬਗਾਵਤ ਦੇ ਰੂਪ 'ਚ ਪਰਚਾਰਿਆਂ ਜਾਂਦਾ ਹੋਵੇ, ਪਰ ਅਸਲ 'ਚ ਇਹ ਲੋਕ-ਬਗਾਵਤ ਸੀ। ਜਿਸ ਦੀ ਮੁੱਖ ਚਾਲਕ ਸ਼ਕਤੀ ਕਿਸਾਨ ਤੇ ਸ਼ਹਿਰਾਂ ਦੀ ਕਾਰੀਗਰ ਅਬਾਦੀ ਸੀ ਅਤੇ ਇਸ ਦੀ ਅਗਵਾਈ ਭਾਰਤੀ ਜਾਗੀਰਦਾਰਾਂ ਦੇ ਹੱਥਾਂ ਵਿੱਚ ਸੀ। ਸਿਪਾਹੀਆਂ ਦੀ ਹਮਾਇਤ 'ਚ ਥਾਂ ਥਾਂ ਆਮ ਜਨਤਾ ਨੇ ਆਪਣੇ ਆਪ ਨੂੰ ਹਥਿਆਰਾਂ ਨਾਲ ਲੈੱਸ ਕਰ ਲਿਆ। ਸਿਪਾਹੀਆਂ ਤੇ ਆਮ ਲੋਕਾਂ ਦੋਹਾਂ ਨੇ ਮਿਲ ਕੇ ਅੰਗਰੇਜ਼ੀ ਸੱਤਾ 'ਤੇ ਹਮਲੇ ਕੀਤੇ। ਮੇਰਠ ਬਗਾਵਤ ਪਿੱਛੋਂ ਮੇਰਠ ਤੋਂ ਦਿੱਲੀ ਕੂਚ ਕਰਨ ਦੇ ਰਾਹ 'ਚ ਸਥਾਨਕ ਜਨਤਾ ਨੇ ਇਸ ਦਾ ਭਰਪੂਰ ਸਥਾਨਕ ਜਨਤਾ ਨੇ ਇਸ ਦਾ ਭਰਪੂਰ ਸਾਥ ਦਿੱਤਾ। ਆਮ ਲੋਕਾਂ ਦੀ ਭਾਗੀਦਾਰੀ ਬਗੈਰ ਇਸ ਸੰਘਰਸ਼ ਦਾ ਤਿੰਨ ਸਾਲ ਤੱਕ ਟਿਕੇ ਰਹਿਣਾ

ਨਾਮੁਮਕਿਨ ਸੀ। ਇਸ ਬਗਾਵਤ ਵਿੱਚ ਲੋਕਾਂ ਦੀ ਸ਼ਮੂਲੀਅਤ ਕਿਸ ਹੱਦ ਤੱਕ ਸੀ ਇਸ ਦੀ ਝਲਕ ਇਸ ਇੱਕ ਘਟਨਾ ਤੋਂ ਹੀ ਮਿਲ ਜਾਂਦੀ ਹੈ ਕਿ ਝਾਂਸੀ ਦੇ ਡਿਪਟੀ ਕਲੈਕਟਰ ਗੋਰਥਾ 'ਚ ਬਗਾਵਤ ਨੂੰ ਦਬਾਉਣ ਲਈ ਕੁਝ ਲਾਸ਼ਾਂ ਉਥੋਂ ਤੁਰੰਤ ਹਟਾਉਣਾ ਚਾਹੁੰਦੇ ਸਨ ਪਰ ਉਹਨਾਂ ਦੀ ਕੋਸ਼ਿਸ਼ ਅਸਫਲ ਹੋ ਗਈ ਕਿਉਂਕਿ ਪੁਲਸ ਤੇ ਤਹਿਸੀਲ ਦੇ ਚਪੜਾਸੀਆਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇੱਥੋਂ ਤੱਕ ਕਿ ਕਰਮਚਾਰੀਆਂ ਨੇ ਟ੍ਰੇਜਰੀ ਆਫਿਸ ਤੋਂ ਦਿੱਲੀ ਦੇ ਹਾਕਮ ਬਹਾਦਰ ਸ਼ਾਹ ਜ਼ਫ਼ਰ ਦੀ ਆਗਿਆ ਬਗੈਰ ਕੋਈ ਰਕਮ ਦੇਣ ਤੋਂ ਨਾਂਹ ਕਰ ਦਿੱਤੀ। ਉਹਨਾਂ ਦਾ ਐਲਾਨ ਸੀ ਕਿ ਇਸਦੇ ਲਈ ਪਹਿਲਾਂ ਦਿੱਲੀ ਦੇ ਹਾਕਮ ਬਹਾਦਰਸ਼ਾਹ ਜ਼ਫ਼ਰ ਦਾ ਲਿਫਾਫੇ 'ਚ ਸੀਲਬੰਦ ਹੁਕਮ ਲਿਆਂਦਾ ਜਾਵੇ। ਵਿਦਰੋਹ ਤੋਂ ਪਹਿਲਾਂ ਹੀ ਅੰਗਰੇਜ਼ ਸਰਕਾਰ ਦੀ ਜ਼ਰੂਰੀ ਸਮਾਨ ਦੀ ਸਪਲਾਈ ਤੇ ਰੋਕ ਲਾ ਦਿੱਤੀ ਗਈ। ਇਸ ਕਾਰਣ ਇਸ ਬਗਾਵਤ ਨੂੰ ਦਬਾਉਣ 'ਚ ਅੰਗਰੇਜ਼ਾਂ ਨੂੰ ਕਾਫ਼ੀ ਮੁਸ਼ਕਤ ਕਰਨੀ ਪਈ। ਲੋਕਾਂ ਦੀ ਸ਼ਮੂਲੀਅਤ ਤੋਂ ਬਗੈਰ ਇਹ ਸਭ ਸੰਭਵ ਨਹੀਂ ਸੀ। ਸਾਲਾਂ ਬੱਧੀ ਟੈਕਸਾਂ ਦਾ ਬੋਝ ਝਲ ਰਹੇ ਕਿਸਾਨ, ਪੇਂਡੂ ਤੇ ਕਾਰੀਗਰ ਅਬਾਦੀ ਇਸ ਸੰਘਰਸ਼ ਦਾ ਅਹਿਮ ਹਿੱਸਾ ਸੀ। ਅੰਗਰੇਜ਼ਾਂ ਵੱਲੋਂ ਸਸਤੇ ਭਾਅ ਕਪਾਹ ਦੀ ਬਰਾਮਦ ਅਤੇ ਬਣੇ ਕੱਪੜੇ ਦੀ ਦਰਾਮਤ ਨੇ ਇਹਨਾਂ ਦਾ ਗੁਜ਼ਾਰਾ ਮੁਸ਼ਕਲ ਬਣਾ ਦਿੱਤਾ ਸੀ, ਉਪਰੋਂ ਟੈਕਸਾਂ ਦੀ ਉਗਰਾਹੀ 'ਚ ਜਾਲਮ ਤਰੀਕਿਆਂ ਦਾ ਰਿਵਾਜ਼ ਵੱਧ ਗਿਆ ਸੀ। ਇਸ ਕਾਰਨ ਉਹਨਾਂ ਦਾ ਗੁੱਸਾ ਨਾ ਸਿਰਫ਼ ਅੰਗ੍ਰੇਜਾਂ ਦੇ ਖ਼ਿਲਾਫ ਸੀ ਬਲਕਿ ਉਹਨਾਂ ਜਿੰਮੀਦਾਰਾਂ ਦੇ ਖ਼ਿਲਾਫ਼ ਵੀ ਸੀ ਜੋ ਉਹਨਾਂ ਤੋਂ ਅੰਧਾ ਧੁੰਦ ਟੈਕਸ ਵਸੂਲਦੇ ਸਨ। ਇਸ ਕਾਰਨ ਇਹ ਦੋਨੋਂ ਹੀ ਉਹਨਾਂ ਦਾ ਨਿਸ਼ਾਨਾ ਮਹਾਜਨ, ਸੂਦਖੋਰ, ਉਹ ਨਵਾਬ ਰਾਜਾ ਵੀ ਬਣੇ, ਜੋ ਅੰਗਰੇਜ਼ਾਂ ਦੇ ਖਿਲਾਫ ਇਸ ਆਜ਼ਾਦੀ ਸੰਗ੍ਰਾਮ ਦੇ ਵਿਰੋਧੀ ਸਨ।

ਕਿਸਾਨਾਂ, ਸਿਪਾਹੀਆਂ, ਕਾਰੀਗਰਾਂ, ਪੇਂਡੂ ਤੇ ਸ਼ਹਿਰੀ ਜਨਤਾ ਦੀਆਂ ਇਹਨਾਂ ਕਾਰਵਾਈਆਂ ਦੇ ਕਾਰਨ ਕੁਝ ਹੀ ਹਫ਼ਤਿਆਂ ਅੰਦਰ ਉੱਤਰ ਭਾਰਤ ਤੋਂ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਗਿਆ। ਪੇਂਡੂ ਤੇ ਸ਼ਹਿਰੀ ਦੋਨਾਂ ਇਲਾਕਿਆਂ ਵਿੱਚ ਹਿੰਸਾ ਸੱਤਾ ਦੇ ਅਦਾਰਿਆਂ, ਸੰਸਥਾਵਾਂ ਖਿਲਾਫ਼ ਕੇਂਦਰਿਤ ਸੀ। ਤਹਿਸੀਲ, ਠਾਣੇ ਤੇ ਹੋਰ ਸਰਕਾਰੀ ਅਦਾਰਿਆਂ ਤੋਂ ਇਲਾਵਾ ਬ੍ਰਿਟਿਸ਼ ਸਰਕਾਰ ਦੇ ਸਮਰਥਕਾਂ, ਸਾਮਗ੍ਰੀ ਅਧਿਕਾਰੀਆਂ ਤੇ ਵਪਾਰੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਛੋਟੇ ਸ਼ਹਿਰਾਂ, ਤਹਿਸੀਲਾਂ 'ਤੇ ਵਿਦਰੋਹੀਆਂ ਨੇ ਕਬਜ਼ਾ ਕਰ ਲਿਆ ਤੇ ਇਸ ਨੂੰ ਬਚਾਈ ਰੱਖਣ ਲਈ ਲੋਕਾਂ ਨੇ ਖੁਦ ਨੂੰ ਰਵਾਇਤੀ ਹਥਿਆਰਾਂ ਨਾਲ ਲੈੱਸ ਕਰ ਲਿਆ। ਬਸਤੀਵਾਦੀ ਹਕੂਮਤ ਦੇ ਸਾਰੇ ਚਿੰਨ ਮਿਟਾ ਦਿੱਤੇ ਗਏ। ਇਸ ਦੇ ਨਾਲ ਹੀ ਕਿਤੇ ਕਿਤੇ ਪੁਰਾਣੀ ਸੱਤਾ ਨੂੰ ਤਹਿਸ ਨਹਿਸ ਕਰਕੇ ਬਦਲਵੀਂ ਸੱਤਾ ਦੀ ਉਸਾਰੀ ਵੀ ਸ਼ੁਰੂ ਹੋ ਗਈ। ਬੰਗਲਾ ਲੇਖਕ ਸੁਪ੍ਰਕਾਸ਼ ਰਾਏ ਨੇ ਆਪਣੇ ਪੁਸਤਕ 'ਚ ਇਸਦਾ ਜ਼ਿਕਰ ਕਰਦਿਆਂ ਲਿਖਿਆ ਕਿ "ਵਿਦਰੋਹੀਆਂ ਨੇ ਵਿਦੇਸ਼ੀ ਅਜਾਰੇਦਾਰੀ ਤੋਂ ਮੁਕਤ ਆਜ਼ਾਦ ਭਾਰਤ ਲਈ ਪ੍ਰਸ਼ਾਸਨਿਕ ਕੋਰਟ ਦਾ ਗਠਨ ਕਰ ਲਿਆ ਸੀ।

ਇਹ ਕੁਝ ਕੁ ਉਦਾਹਰਣਾਂ 1857 ਦੀ ਬਗਾਵਤ 'ਚ ਲੋਕਾਂ ਦੀ ਸ਼ਮੂਲੀਅਤ ਦੇ ਨਾਲ ਨਾਲ ਇਸ ਦੀ ਰਾਜਸੀ ਗਹਿਰਾਈ ਦਾ ਵੀ ਅਹਿਸਾਸ ਕਰਵਾ ਦਿੰਦੀਆਂ ਹਨ। ਅਸਲੀਅਤ ਇਹੀ ਹੈ ਕਿ ਲੋਕ ਆਪਣੀ ਮਾਤਭੂਮੀ ਦੀ ਇਸ ਬਗਾਵਤ 'ਚ

ਔਰਤਾਂ ਦੀ ਹਿੱਸੇਦਾਰੀ ਦੇ ਰੂਪ ’ਚ ਆਮਤੌਰ ਤੇ ਝਾਂਸੀ ਦੀ ਰਾਣੀ ਦਾ ਹੀ ਜ਼ਿਕਰ ਆਉਂਦਾ ਹੈ, ਪਰ ਅਸਲ ਵਿੱਚ ਔਰਤਾਂ ਨੇ ਬਗਾਵਤ ਦੀ ਮਦਦ ਕਰਨ ਤੋਂ ਲੈ ਕੇ ਮਹੱਤਵਪੂਰਨ ਭੂਮਿਕਾ ਨਿਭਾਈ। ਪਹਿਲੇ ਅਜ਼ਾਦੀ ਸੰਗਰਾਮ ਦੀਆਂ ਇਹਨਾਂ ਸੁਖ ਸ਼ਕਤੀਆਂ ਤੋਂ ਇਲਾਵਾ ਦੇਸ਼ ਭਗਤ ਜਾਗੀਰੂ ਸ਼ਕਤੀਆਂ ਵੀ ਸ਼ਾਮਲ ਸਨ। ਵੱਖ-ਵੱਖ ਰਿਆਸਤਾਂ ਦੇ ਨਵਾਬਾਂ, ਰਾਜਿਆਂ ਤੇ ਜਾਗੀਰੂ ਕੁਲੀਨਾਂ ਨੇ ਵੀ ਇਸ ਬਗਾਵਤ ’ਚ ਵੱਖ-ਵੱਖ ਕਾਰਨਾਂ ਕਰਕੇ ਹਿੱਸਾ ਲਿਆ। ਕਈ ਥਾਵਾਂ ਤੇ ਇਹ ਆਗੂ ਭੂਮਿਕਾ ’ਚ ਵੀ ਰਹੇ ਪਰ ਇਹਨਾਂ ਦੀਆਂ ਆਪਣੀਆਂ ਸੀਮਾਵਾਂ ਸਨ। ਇਸ ਕਾਰਨ ਤਾਂਤਿਆਂ ਟੋਪੇ, ਲਕਸ਼ਮੀ ਬਾਈ ਵਰਗੀਆਂ ਕੁਝ ਕੁ ਨੂੰ ਛੱਡ ਕੇ ਜ਼ਿਆਦਾਤਰ ਰਾਜੇ-ਨਵਾਬਾਂ ਨੇ ਜਲਦੀ ਹੀ ਹਾਰ ਮੰਨ ਲਈ, ਅੰਦੋਲਨ ਦੇ ਫੇਲ੍ਹ ਹੋਣ ਦਾ ਵੱਡਾ ਕਾਰਨ ਇਹ ਵੀ ਸੀ। ਇਸ ਤੋਂ ਇਲਾਵਾ ਭਾਰਤੀ ਵਪਾਰੀਆਂ ਤੇ ਮਾਰਵਾੜੀਆਂ ਦਾ ਇਹ ਹਿੱਸਾ ਜੋ ਅੰਗ੍ਰੇਜ਼ ਵਪਾਰੀਆਂ ਦੀ ਕ੍ਰਿਪਾ ਤੇ ਦਲਾਲ ਉੱਪਰ ਜਿਉਂ ਰਿਹਾ ਸੀ, ਇਸ ਬਗਾਵਤ ’ਚ ਉਸ ਦੀ ਭੂਮਿਕਾ, ਅੰਗਰੇਜ਼ਾਂ ਪੱਖੀ ਜਾਂ 1757 ਦੇ ਮੀਰਜਾਫਰਾਂ ਦੀ ਹੀ ਰਹੀ। ਬਗਾਵਤ ਸਮੇਂ ਇਹਨਾਂ ਬਾਗੀਆਂ ਖ਼ਿਲਾਫ਼ ਮੁਖਬਰੀ ਕਰਨ ਤੇ ਬ੍ਰਿਟਿਸ਼ ਅਫਸਰਾਂ ਨੂੰ ਸ਼ਰਨ ਦੇਣ ਤੈ ਹੋਰ ਸਹਾਇਤਾ ਮੁਹੱਈਆ ਕਰਾਉਣ ’ਚ ਮਦਦ ਕੀਤੀ। ਪਿਛਲੇ ਦੋ-ਤਿੰਨ ਸਾਲਾਂ ’ਚ 1857 ਦੀ 150ਵੀਂ ਵਰ੍ਹੇਗੰਢ ਨੇੜੇ ਆਉਂਦੀ ਵੇਖ, ਕੁਝ ਇਤਿਹਾਸਕਾਰਾਂ ਨੇ ਇਸ ਬਗਾਵਤ ’ਚ ਲੋਕਾਂ ਦੀ ਸ਼ਮੂਲੀਅਤ ਨੂੰ ਟੋਟਿਆਂ ’ਚ ਵੰਡ ਕੇ ਗੈਰ ਵਿਗਿਆਨਕ ਤਰੀਕੇ ਨਾਲ ਵੇਖੇ ਜਾਣ ਦਾ ਰਿਵਾਜ ਵਧਾਇਆ ਹੈ। ਅਜਿਹੇ ਕੁਝ ਇਤਿਹਾਸਕਾਰਾਂ ਨੇ ਇਸ ਨੂੰ ਸੰਭਾਵਨਾਵਾਂ ਦਾ ਸੰਘਰਸ਼ (ਹਿੰਦੂ-ਮੁਸਲਿਮ) ਐਲਾਨ ਦਿੱਤਾ ਹੈ। ਵਿਲੀਅਮ ਡੈਲਮਿਰਿਮਪਾਲ ਦੀ ਕਿਤਾਬ ‘ਦ ਲਾਸਟ ਮੁਗਲ’ ਜੋ ਕੁਝ ਇਸ ਨੂੰ ਰਾਜਪੂਤਾਂ, ਦਲਿਤਾਂ, ਬ੍ਰਾਹਮਣਾਂ ਦੇ ਖਾਕੇ ’ਚ ਵੰਡ ਕੇ ਦੇਖ ਰਹੇ ਹਨ, ਜੋ ਲੋਕ ਇਸ ਨੂੰ ਹਿੰਦੂ ਮੁਸਲਮਾਨ ਸੰਘਰਸ਼ ਦੇ ਰੂਪ ਵਿੱਚ ਸੰਘਰਸ਼ ਦੌਰਾਨ ਹਿੰਦੂ-ਮੁਸਲਿਮ ਕੁੜੱਤਣ ਦੇ ਰੂਪ ਵਿੱਚ ਵੇਖਦੇ ਹਨ। ਉਹਨਾਂ ਕੋਲ ਇਸ ਗੱਲ ਦਾ ਕੀ ਜੁਆਬ ਹੈ ਕਿ ਲੱਖਾਂ ਹਿੰਦੂ ਮੁਸਲਿਮ ਅਬਾਦੀ ਨੇ ਇੱਕ ਜੁੱਟ ਸੰਘਰਸ਼ ਕਰਕੇ ਅੰਗ੍ਰੇਜ਼ੀ ਹਕੂਮਤ ਦੇ ਖਿਲਾਫ ਦਿੱਲੀ ਦੇ ਤਖ਼ਤ ਤੇ ਇੱਕ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਨੂੰ ਜਬਰੀ ਬਿਠਾਇਆ। ਅਸਲ ’ਚ ਇਸ ਬਗਾਵਤ ’ਚ ਭਾਰਤੀਆਂ ਦਾ ਇਹ ਸਭ ਹਿੱਸਾ ਸੰਘਰਸ਼ ਦਾ ਹਿੱਸਾ ਸੀ ਜੋ ਬ੍ਰਿਟਿਸ਼ ਹਕੂਮਤ ਤੋਂ ਔਖਾ ਸੀ ਤੇ ਉਸ ਦਾ ਖਾਤਮਾ ਚਾਹੁੰਦਾ ਸੀ। ਇਸ ਰੂਪ ’ਚ 1857 ਦਾ ਗਦਰ ਹਿੰਦੂ-ਮੁਸਲਿਮ ਏਕਤਾ ਦੀ ਮਸਾਲ ਹੈ ਇਸ ਬਗਾਵਤ ਨੂੰ ਇਸ ਪ੍ਰਸੰਗ ਤੋਂ ਵੱਖ ਵੱਖ ਫਿਰਕਿਆਂ ਚ ਵੰਡ ਕੇ ਵੇਖਣਾ ਇਤਿਹਾਸ ਨੂੰ ਵੇਖਣ ਦਾ ਗੈਰ-ਵਿਗਿਆਨਕ ਤੇ ਸ਼ਾਤਰਾਨਾ ਨਜ਼ਰੀਆ ਹੈ। ਪੂਰੇ ਤਿੰਨ ਸਾਲ ਤੱਕ ਚੱਲੀ ਇਸ ਮਹਾਨ ਬਗਾਵਤ ਨੂੰ ਅੰਗਰੇਜ਼ਾਂ ਵੱਲੋਂ ਦਬਾ ਦਿੱਤਾ ਗਿਆ। ਇਸ ਨੂੰ ਕੁਚਲਣ ਲਈ ਅੰਗਰੇਜ਼ਾਂ ਨੇ ਸਿਰਫ਼ ਤਾਕਤ ਦੀ ਵਰਤੋਂ ਹੀ ਨਹੀਂ ਕੀਤੀ ਬਲਕਿ ਛਲ ਕਪਟ ਵੀ ਵਰਤਿਆ। ਬਗਾਵਤ ਨੂੰ ਕੁਚਲਣ ਲਈ ਇੰਗਲੈਂਡ ਤੋਂ ਵਾਧੂ ਫ਼ੌਜ ਮੰਗਵਾਈ। ਬਗਾਵਤ ਦੇਸ਼ ਵਿਆਪੀ ਨਾ ਹੋ ਜਾਵੇ ਇਸ ਲਈ ਇਸ ਨੂੰ ਦੱਖਣੀ ਭਾਰਤ ’ਚ ਫੈਲਣ ਤੋਂ ਬਚਾ ਕੇ ਰੱਖਿਆ ਗਿਆ। ਇਸ ਪਹਿਲੇ ਆਜ਼ਾਦੀ ਸੰਗਰਾਮ ਦੀ ਅਸਫਲਤਾ ਦਾ ਇੱਕ ਕਾਰਨ ਨਿਸਚਤ ਰੂਪ ’ਚ ਇਹ ਸੀ ਕਿ ਭਾਰਤ ਦਾ ਸਮਾਜ ਹਮੇਸ਼ਾਂ ਤੋਂ ਹੀ ਹਰੇਕ ਖੇਤਰਾਂ, ਭਾਸ਼ਾਵਾਂ, ਧਰਮਾਂ ਤੇ ਰਿਆਸਤਾਂ ’ਚ ਵੰਡਿਆ ਹੋਇਆ ਸੀ। ਅੰਗਰੇਜ਼ਾਂ ਵੱਲੋਂ

ਇਹਨਾਂ ਸਾਰਿਆਂ ਦੀ ਲੁੱਟ ਤਾਂ ਕੀਤੀ ਪਰ ਬਗਾਵਤ ਨੂੰ ਕੁਚਲਣ ਲਈ ਇਹਨਾਂ ਭੇਦਾਂ ਨੂੰ ਹਵਾ ਵੀ ਦਿੱਤੀ। ਬਗਾਵਤ ਨੂੰ ਕੁਚਲਣ ਲਈ ਸਿੱਖ ਰੈਜੀਮੈਂਟ ਦਾ ਸਹਾਰਾ ਲਿਆ ਗਿਆ। ਇਸ ਸਭ ਦੇ ਬਾਵਜੂਦ ਬਗਾਵਤ ਦੀ ਅਸਫਲਤਾ ਦਾ ਸਭ ਤੋਂ ਵੱਡਾ ਕਾਰਨ ਸੀ ਇਸ ਦੀ ਅਗਵਾਈ ਜਾਗੀਰਦਾਰਾਂ ਦੇ ਹੱਥਾਂ 'ਚ ਹੋਣਾ ਤੇ ਕਿਸੇ ਇੱਕ ਬੱਝਵੀਂ ਰਣਨੀਤੀ ਕਾਰਜਨੀਤੀ ਦੀ ਘਾਟ। ਇਸ ਘਾਟ ਕਾਰਨ ਹੀ ਇਹ ਗਰਮ ਬਗਾਵਤ ਇੱਕ-ਇੱਕ ਥਾਂ ਕਰਕੇ ਢਲਦੀ ਗਈ 1757 ਤੋਂ ਬਾਅਦ 1857 'ਚ ਇੱਕ ਵਾਰ ਫਿਰ ਜ਼ਿਆਦਾਤਰ ਜਾਗੀਰਦਾਰਾਂ ਦੀ ਕਾਇਰਤਾ ਤੇ ਗਦਾਰੀ ਉਜਾਗਰ ਹੋਈ ਨਾਲ ਹੀ ਭਾਰਤੀ ਜਨਤਾ ਦੀ ਤਾਕਤ ਵੀ। ਇਸ ਦਾ ਮਹੱਤਵ ਇਤਿਹਾਸ ਵਿੱਚ ਸਾਮਰਾਜੀਆਂ ਤੇ ਭਾਰਤੀ ਲੋਕਾਂ ਦੋਨਾਂ ਲਈ ਬਹੁਤ ਜ਼ਿਆਦਾ ਹੈ। ਬਗਾਵਤ ਨੂੰ ਭਾਵੇਂ ਹੀ ਅੰਗਰੇਜ਼ਾਂ ਨੇ ਕੁਚਲ ਦਿੱਤਾ ਹੋਵੇ ਪਰ ਭਾਰਤ 'ਚ ਈਸਟ ਇੰਡੀਆ ਕੰਪਨੀ ਦਾ ਤਾਂ ਖਾਤਮਾ ਹੋ ਹੀ ਗਿਆ। ਭਾਰਤ ਦੀ ਸੱਤਾ ਹੁਣ ਸਿੱਧੇ ਬ੍ਰਿਟਿਸ਼ ਸਰਕਾਰ ਦੇ ਹੱਥਾਂ 'ਚ ਆ ਗਈ। ਇਸ ਨਵੀਂ ਸੱਤਾ ਨੂੰ ਭਾਰਤ ਵਿੱਚ ਆਪਣੇ ਬਸਤੀਵਾਦੀ ਤੌਰ ਤਰੀਕੇ ਬਦਲਣ ਲਈ ਮਜ਼ਬੂਰ ਹੋਣਾ ਪਿਆ। ਇਸ ਪਿੱਛੋਂ ਵੀ ਬ੍ਰਿਟਿਸ਼ ਸਰਕਾਰ ਨੂੰ ਇਹ ਸਮਝ ਆ ਗਿਆ ਕਿ ਭਾਰਤ ਦੇ ਲੋਕਾਂ ਤੇ ਬੇਰੋਕ ਟੋਕ ਹਕੂਮਤ ਕਰਨੀ ਮੁਸ਼ਕਲ ਹੈ, ਅਸੰਭਵ ਹੈ। ਇਸ ਕਾਰਨ ਹੁਣ ਇਸ ਨੇ 'ਫੁੱਟ ਪਾਓ ਤੇ ਰਾਜ ਕਰੋ' ਦੀ ਨੀਤੀ ਦੇ ਬੀਜ ਬੀਜੇ। ਇਸ ਤੋਂ ਇਲਾਵਾ ਬ੍ਰਿਟਿਸ਼ ਸਰਕਾਰ ਨੇ ਭਾਰਤੀ ਜਨਤਾ 'ਚ ਗੁੱਸਾ ਦੂਰ ਕਰਨ ਲਈ ਕਈ ਤਰੀਕਿਆਂ ਦੇ ਸੇਫਟੀ ਬਲਵਾਂ ਨੂੰ ਉਸਾਰਿਆ ਗਿਆ। ਬਾਅਦ 'ਚ ਕੀਤੇ ਗਏ ਬਹੁਤ ਸਾਰੇ ਸੁਧਾਰ ਅੰਦੋਲਨ ਦੂਜੇ ਪਾਸੇ ਭਾਰਤੀ ਜਨਤਾ ਤੇ ਬਗਾਵਤ ਦਾ ਵਿਆਪਕ ਅਸਰ ਪਿਆ। ਸੰਘਰਸ਼ ਨਾਲ ਦੇਖਣ ਦਾ ਹਿੱਸਾ ਭਾਵੇਂ ਅਛੂਤ ਰਿਹਾ ਪਰ ਇਸ ਦਾ ਪ੍ਰਭਾਵ ਉੱਥੋਂ ਦੀ ਹਕੂਮਤੀ ਵਿਵਸਥਾ ਤੋਂ ਲੈ ਕੇ ਆਮ ਲੋਕਾਂ ਦੀ ਸੋਚ ਤੱਕ ਪਿਆ। ਪਹਿਲੀ ਵਾਰੀ ਭਾਰਤੀ ਲੋਕਾਂ ਨੂੰ ਆਪਣੀ ਬਹਾਦਰੀ ਤੇ ਯੋਗਤਾ ਦਾ ਅਹਿਸਾਸ (ਅੰਦਾਜ਼ਾ) ਹੋਇਆ। ਐਸਾ ਨਹੀਂ ਹੈ ਕਿ 1857 ਦੀ ਬਗਾਵਤ ਹਮੇਸ਼ਾਂ ਲਈ ਕੁਚਲ ਦਿੱਤੀ ਗਈ ਹੋਵੇ।

ਬਾਅਦ 'ਚ 1885 ਵਿੱਚ ਅੰਗਰੇਜ਼ਾਂ ਨੇ ਕਾਂਗਰਸ ਨਾਂ ਦੇ ਇੱਕ ਐਸੇ ਸੇਫਟੀ ਵਾਲਵ ਦੀ ਉਸਾਰੀ ਕੀਤੀ ਜਿਸ ਨੇ ਬਾਅਦ 'ਚ ਸਾਰੇ ਸੰਘਰਸ਼ਾਂ ਨੂੰ ਸੋਖ ਲਿਆ। 1857 ਦੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਸਾਹਿਤਕਾਰ, ਇਤਿਹਾਸਕਾਰ ਰਾਮ ਵਿਲਾਸ ਸ਼ਰਮਾ ਲਿਖਦੇ ਹਨ, "ਅਵਧ ਤੇ ਬਿਹਾਰ ਦੀ ਜਨਤਾ ਨੇ ਇੱਕ ਜੋ ਇਤਿਹਾਸਕ ਸੱਚ ਸੰਸਾਰ ਦੇ ਸਾਹਮਣੇ ਪ੍ਰਗਟ ਕੀਤਾ ਉਹ ਇਹ ਹੈ ਕਿ ਯੁੱਧ ਸਮੱਗਰੀ 'ਚ ਕੁਝ ਘੱਟ ਹੋਣ ਤੇ ਦੁਸ਼ਮਣ ਦੇ ਕੌਸ਼ਲ 'ਚ ਪਿਛੜੇ ਰਹਿਣ ਤੇ ਹੀ ਜਨਤਾ ਦੀ ਏਕਤਾ ਦੇ ਜ਼ੋਰ ਤੇ ਛਾਪਾ ਮਾਰ ਲੜਾਈ ਚਲਾ ਕੇ, ਘੱਟੋ ਘੱਟ ਪਿੰਡਾਂ 'ਚ ਕੁਝ ਸਮੇਂ ਲਈ ਲੋਕ ਆਪਣੀ ਸੱਤਾ ਕਾਇਮ ਕਰ ਸਕਦੇ ਹਨ। ਇਹ ਇਤਿਹਾਸਕ ਸੱਚ ਨਾ ਸਿਰਫ ਭਾਰਤ ਲਈ ਮਹੱਤਵਪੂਰਨ ਹੈ ਬਲਕਿ ਸੰਸਾਰ ਦੀ ਸਾਰੀ ਕੌਸ਼ਲ 'ਚ ਮੁਕਾਬਲਤਣ ਪਿਛੜੀ ਜਨਤਾ ਲਈ ਹੈ। ਪਹਿਲਾਂ ਹੀ ਨਹੀਂ, ਰਾਕੇਟਾਂ ਤੇ ਅਣੂ ਬੰਬਾਂ ਦੇ ਇਸ ਯੁੱਗ 'ਚ ਵੀ ਸਨ 1857 ਦੀ ਰਾਜ ਕ੍ਰਾਂਤੀ ਦੀ ਇਹ ਸਿੱਖਿਆ ਮਹੱਤਵਪੂਰਨ ਹੈ।"

ਅੱਗੇ ਚੱਲ ਕੇ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ 1857 ਦੇ ਸਬਕ ਅਤੇ ਕਾਰਵਾਈਆਂ ਨੂੰ ਫਿਰ ਤੋਂ ਉੱਪਰ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ

ਨੂੰ ਇਸ ਲਈ ਜ਼ਿਆਦਾ ਸਮਾਂ ਨਹੀਂ ਮਿਲਿਆ। ਅੰਗਰੇਜ਼ਾਂ ਨੇ ਉਹਨਾਂ ਨੂੰ ਸਭ ਤੋਂ ਵੱਡਾ ਖਤਰਾ 1857 ਤੋਂ 110 ਸਾਲ ਬਾਅਦ ਇੱਕ ਵਾਰ ਫਿਰ 1967 'ਚ ਨਕਸਲਬਾੜੀ ਅੰਦੋਲਨ 'ਚ ਤਾਜਾ ਹੋਈ ਜਦ ਭਾਰਤੀ ਲੋਕਾਂ ਨੇ ਭਾਰਤ ਦੇ ਕਾਲੇ ਅੰਗਰੇਜ਼ਾਂ ਖਿਲਾਫ਼ ਵਿਦਰੋਹ ਦਾ ਬਿਗਲ ਵਜਾ ਦਿੱਤਾ। ਪਰ ਅੰਗਰੇਜ਼ ਸਰਕਾਰ ਵਾਂਗੂੰ ਇਸ ਨੂੰ ਵੀ ਕੁਚਲਣ ਦੀ ਕੋਸ਼ਿਸ਼ ਕੀਤੀ।

ਅੱਜ ਸਾਡੀ ਸਰਕਾਰ 1857 ਮਨਾਉਣ ਲਈ 150 ਕਰੋੜ ਦਾ ਬਜਟ ਬੇਸ਼ਕ ਦੇ ਰਹੀ ਹੈ ਪਰ ਅਸਲ 'ਚ ਅੱਜ ਭਾਰਤ ਸਰਕਾਰ 1857 ਦੀ ਨਹੀਂ ਬਲਕਿ 1757 ਦੀ ਵਾਹਕ ਹੈ। ਸਾਡੇ ਦੇਸ਼ 'ਚ ਸਾਮਰਾਜੀ ਲੁੱਟ 1947 'ਚ ਅੰਗਰੇਜ਼ਾਂ ਦੇ ਜਾਣ ਪਿਛੋਂ ਜਾਰੀ ਰਹੀ ਪਰ ਇਸ ਦਾ ਤੌਰ ਤਰੀਕਾ ਬਦਲ ਗਿਆ ਫਰਕ ਇਹ ਪਿਆ ਕਿ ਇੱਕ ਸਾਮਰਾਜੀ ਦੇਸ਼ ਦੀ ਥਾਂ ਹੁਣ ਕਈ ਦੇਸ਼ਾਂ ਦੇ ਲੁਟ ਲਈ ਦਰਵਾਜੇ ਖੁੱਲ ਗਏ। ਭਾਰਤੀ ਸਰਕਾਰਾਂ ਇਸ ਲੁੱਟ 'ਚ ਸਹਿਯੋਗ ਕਰਦੀਆਂ ਹੋਈਆਂ ਸ਼ੁਰੂ ਤੋਂ ਹੀ ਮੀਰ ਜਾਫ਼ਰ, ਜਾਇਚੰਦਾ ਦੀ ਭੂਮਿਕਾ ਅਦਾ ਕਰ ਰਹੀਆਂ ਹਨ। ਇਸ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਅੱਜ ਵੀ ਭਾਰਤ ਦੇ ਲੋਕ ਗਦਾਰੀ ਕਰ ਦੇਸ਼ ਦੀ ਇੱਕ-ਇੱਕ ਜਾਇਦਾਦ ਤੇ ਅਧਿਕਾਰਾਂ ਨੂੰ ਆਪਣੇ ਸਾਮਰਾਜੀ ਸਵਾਮੀਆਂ ਦੇ ਸਪੁਰਦ ਕਰਦੇ ਹਨ। ਦੇਸ਼ ਦੀਆਂ ਸਰਕਾਰਾਂ ਨੇ ਜੇ 1757 ਨੂੰ ਜੇ ਵਿਰਾਸਤ ਵਜੋਂ ਅਪਣਾਇਆ ਹੋਇਆ ਹੈ ਤਾਂ ਭਾਰਤ ਦੇ ਲੋਕਾਂ ਨੂੰ 1857 ਦੀ ਵਿਰਾਸਤ ਨੂੰ ਅਪਣਾਉਣਾ ਹੋਵੇਗਾ। ਇਹੀ ਇਤਿਹਾਸ ਦਾ ਸਬਕ ਹੈ।

# ਪਾਕਿਸਤਾਨੀ ਜੇਲ੍ਹਾਂ 'ਚ ਭਾਰਤੀ ਕੈਦੀਆਂ ਬਾਰੇ ਸਰਕਾਰ ਚੁੱਪ

ਤੇਰ੍ਹਾਂ ਨਵੰਬਰ 2006 ਨੂੰ ਇੱਕ ਵਾਰੀ ਫੇਰ ਭਾਰਤ ਤੇ ਪਾਕਿਸਤਾਨ ਵਿਚਕਾਰ ਵਿਦੇਸ਼ ਸਕੱਤਰ ਪੱਧਰ ਦੀ ਮੀਟਿੰਗ ਹੋਈ ਸੀ। ਪਰ ਉਨ੍ਹਾਂ 54 ਯੁਧਬੰਦੀਆਂ ਬਾਰੇ ਕੋਈ ਚਰਚਾ ਨਹੀਂ ਕੀਤੀ ਗਈ ਜੋ 1971 ਦੇ ਯੁੱਧ ਪਿਛੋਂ ਪਾਕਿਸਤਾਨੀ ਜੇਲ੍ਹਾਂ 'ਚ ਕੈਦ ਹਨ, ਉਨ੍ਹਾਂ ਸਾਰੇ ਪਰਿਵਾਰਾਂ ਨੂੰ ਉਮੀਦ ਸੀ ਕਿ ਸ਼ਾਇਦ ਇਸ ਵਾਰੀ ਕੋਈ ਪਹਿਲ ਹੋਵੇ, ਜਿਨ੍ਹਾਂ ਦੇ ਪਰਿਵਾਰਾਂ ਦਾ ਕੋਈ ਨਾ ਕੋਈ ਬਹਾਦਰ 'ਜੰਗੇ ਮੈਦਾਨ' 'ਚੋਂ ਘਰ ਵਾਪਸ ਇਸ ਲਈ ਨਹੀਂ ਆ ਸਕਿਆ ਕਿਉਂਕਿ ਉਹ ਦੁਸ਼ਮਣ ਦੇ ਹੱਥ ਚੜ੍ਹ ਚੁੱਕਿਆ ਸੀ। ਵਿਚਾਰਧੀਨ ਤੱਥ ਇਹ ਹੈ ਕਿ 16 ਦਸੰਬਰ 1971 ਦੀ ਸ਼ਾਮ ਢਾਕਾ 'ਚ ਹਿੰਦੁਸਤਾਨੀ ਫੌਜ ਦੇ ਸਾਹਮਣੇ ਆਤਮ ਸਮਰਪਣ ਕਰਨ ਵਾਲੇ ਪਾਕਿਸਤਾਨ ਦੇ 1837 ਅਫ਼ਸਰਾਂ, 2854 ਜੇ. ਸੀ. ਓ. ਤੇ 89, 910 ਜਵਾਨਾਂ ਨੂੰ ਤਾਂ ਭਾਰਤ ਸਰਕਾਰ ਨੇ ਆਪਣੀ ਦਰਿਆਦਿਲੀ ਵਿਖਾਉਂਦਿਆਂ ਨਾ ਸਿਰਫ਼ ਰਿਹਾਅ ਕਰ ਦਿੱਤਾ ਸੀ ਬਲਕਿ ਉਨ੍ਹਾਂ ਦੇ ਖਾਣ-ਪੀਣ 'ਤੇ 35 ਕਰੋੜ ਰੁਪਏ ਵੀ ਖਰਚ ਕਰ ਦਿੱਤੇ ਸਨ ਪਰ ਅੱਜ ਤੱਕ ਉਸ ਨੂੰ ਆਪਣੇ ਵੀਰ ਸੈਨਿਕਾਂ ਦਾ ਖਿਆਲ ਨਹੀਂ ਆਇਆ ਜਿਨ੍ਹਾਂ ਦੀ ਉਡੀਕ ਅੱਜ ਵੀ ਪਥਰਾਈ ਅੱਖਾਂ ਕਰ ਰਹੀਆਂ ਹਨ। ਸਾਲ 1971 ਦੀ ਜਿੱਤ ਪਿੱਛੋਂ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਤਾਂ 'ਮਹਾਤਮਾ' ਦਾ ਖਿਤਾਬ ਮਿਲ ਗਿਆ ਸੀ ਪਰ ਉਸ ਵੇਲੇ ਦੇ ਸੈਨਾ ਮੁਖੀ ਦੀ ਇਸ ਗੱਲ ਨੂੰ ਮੁੱਢੋ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਕਿ ਪਾਕਿ ਦੇ ਯੁੱਧਬੰਦੀਆਂ ਦੀ ਰਿਹਾਈ ਤੋਂ ਪਹਿਲਾਂ ਉਸ ਦੇ ਕਬਜ਼ੇ 'ਚ ਜਾ ਚੁੱਕੀ ਕਸ਼ਮੀਰ ਦੀ ਜ਼ਮੀਨ ਛੁਡਵਾ ਲਈ ਜਾਵੇ, ਆਪਣੇ 93000 ਸੈਨਿਕਾਂ ਦੀ ਰਿਹਾਈ ਬਦਲੇ ਪਾਕਿਸਤਾਨ ਨੇ ਸਿਰਫ਼ 617 ਸੈਨਿਕ ਹੀ ਛੱਡੇ ਸਨ। ਬਾਕੀ 1621 ਫ਼ੌਜੀਆਂ ਨੂੰ ਭਾਰਤ ਸਰਕਾਰ ਨੇ ਅਸਾਨੀ ਨਾਲ ਸ਼ਹੀਦ ਮੰਨ ਲਿਆ। ਉਦੋਂ ਤੋਂ ਅੱਜ ਤੱਕ ਭਾਰਤ ਸਰਕਾਰ ਦਾ ਇੱਕ ਹੀ ਰਵੱਈਆ ਰਿਹਾ ਕਿ ਉਹ ਖਾਮੋਸ਼ ਬੈਠੀ ਰਹੀ, 35 ਸਾਲ ਦਾ ਸਮਾਂ ਘੱਟ ਨਹੀਂ ਹੁੰਦਾ, ਇਸ ਦੌਰਾਨ ਪਾਕਿ ਵਾਰ-ਵਾਰ ਇਹੀ ਦਰਸਾਉਂਦਾ ਰਿਹਾ ਕਿ ਉਨ੍ਹਾਂ ਦੀਆਂ ਜੇਲ੍ਹਾਂ 'ਚ ਕੋਈ ਭਾਰਤੀ ਯੁੱਧ ਕੈਦੀ ਨਹੀਂ ਹੈ। ਉੱਧਰ ਭਾਰਤ ਸਰਕਾਰ ਨੇ ਇਸ ਮੁੱਦੇ ਨੂੰ ਕੌਮਾਂਤਰੀ ਮੰਚ 'ਤੇ ਉਠਾਉਣ ਦੀ ਕੋਈ ਜ਼ਰੂਰਤ ਨਹੀਂ ਸਮਝੀ ਜਦਕਿ ਉਨ੍ਹਾਂ ਯੁੱਧ ਬੰਦੀਆਂ ਦੇ ਰਿਸ਼ਤੇਦਾਰ ਸਮੇਂ-ਸਮੇਂ ਸਿਰ ਆਪਣੇ ਸਾਧਨਾਂ ਰਾਹੀਂ ਸਾਰੇ ਸਬੂਤ ਇਕੱਠੇ ਕਰਕੇ ਸਰਕਾਰ ਨੂੰ ਦਿੰਦੇ ਰਹੇ ਤੇ ਹੋਰ ਕਿੰਨੇ ਸਬੂਤ ਚਾਹੀਦੇ ਹਨ? 5ਵੀਂ ਅਸਮ ਰੇਜੀਮੈਂਟ 'ਚ ਤਾਇਨਾਤ ਅਸ਼ੋਕ ਪੂਰੀ ਨੇ ਕਰਾਚੀ ਜੇਲ੍ਹ ਤੋਂ 7 ਤੇ 8 ਦਸੰਬਰ 1974 ਤੇ 16 ਜੂਨ 1975 ਨੂੰ ਤਿੰਨ ਖਤ ਲਿਖੇ ਜਿਨ੍ਹਾਂ 'ਚ ਉਨ੍ਹਾਂ ਨੇ ਦੱਸਿਆ ਕਿ ਇਹ 20 ਹੋਰ ਸੈਨਿਕ ਅਫ਼ਸਰਾਂ ਦੇ ਨਾਲ ਕੈਦ ਹਨ ਤੇ ਸਰਕਾਰ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਅਜ਼ਾਦ ਕਰਵਾਇਆ ਜਾਵੇ।

ਅਸ਼ੋਕ ਪੁਰੀ ਦੇ ਪਿਤਾ ਡਾ. ਰਾਮ ਸਰੂਪ ਉਹ ਖਤ ਲੈ ਕੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਲੈ ਕੇ ਅਟਲ ਬਿਹਾਰੀ ਵਾਜਪਾਈ (1975 ਤੋਂ

1998) ਤੱਕ ਦੇ ਚੱਕਰ ਲਾਉਂਦੇ ਰਹੇ ਪਰ ਕਿਸੇ ਨੇ ਉਨ੍ਹਾਂ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ। ਡਾ. ਰਾਮ ਸਰੂਪ ਨੂੰ 1979 'ਚ ਕਿਸੇ ਅਗਿਆਤ ਵਿਅਕਤੀ ਦੇ ਫੋਨ 'ਤੇ ਇਹ ਖ਼ਬਰ ਵੀ ਦਿੱਤੀ ਸੀ ਕਿ ਉਨ੍ਹਾਂ ਦੇ ਪੁੱਤਰ ਨੂੰ ਪਾਕਿ ਦੇ ਪੱਛਮੀ ਪ੍ਰਦੇਸ਼ ਦੀ ਕਿਸੇ ਜੇਲ੍ਹ 'ਚ ਭੇਜ ਦਿੱਤਾ ਗਿਆ ਹੈ। ਬਾਵਜੂਦ ਇਸ ਦੇ ਭਾਰਤ ਸਰਕਾਰ ਉਦਾਸੀਨ ਬਣੀ ਰਹੀ। 15ਵੀਂ ਰਾਜਪੂਤ ਰੇਜੀਮੈਂਟ 'ਚ ਤੈਨਾਤ ਮੇਜਰ ਏ. ਕੇ. ਸ਼ੋਬ ਨੇ ਪਾਕਿ ਜੇਲ੍ਹ 'ਚ ਕੈਦ ਹੋਣ ਦੀ ਤਸਵੀਰ ਇੱਕ ਅੰਗਰੇਜ਼ੀ ਅਖ਼ਬਾਰ ਦੇ 24 ਦਸੰਬਰ 1971 ਦੇ ਅੰਕ 'ਚ ਛਾਪੀ ਸੀ। ਉਨ੍ਹਾਂ ਨੂੰ ਤਿੰਨ-ਚਾਰ ਦਸੰਬਰ ਨੂੰ ਯੁੱਧ ਦੇ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਸੀ। 26 ਸਾਲ ਤੱਕ ਪਾਕਿਸਤਾਨੀ ਜੇਲ੍ਹ 'ਚ ਰਹਿਣ ਪਿੱਛੋਂ ਰੂਪ ਲਾਲ ਜਦ ਰਿਹਾ ਹੋ ਕੇ ਭਾਰਤ ਮੁੜੇ ਤਾਂ ਉਹ 1971 ਦੇ ਯੁੱਧਬੰਦੀਆਂ ਦੇ ਘਰ ਵਾਲਿਆਂ ਨੂੰ ਵੀ ਮਿਲੇ। ਕੈਪਟਨ ਦਲਗੀਰ ਸਿੰਘ ਜਮਵਾਲ ਦੇ ਪਰਿਵਾਰ ਨਾਲ ਮੁਲਾਕਾਤ ਸਮੇਂ ਉਹ ਕੈਪਟਨ ਦੀ ਫੋਟੋ ਵੇਖਦਿਆਂ ਹੀ ਬੋਲੇ 'ਇਸ ਨੂੰ ਮੈਂ ਉੱਥੇ ਮਿਲ ਚੁੱਕਿਆ ਹਾਂ ਉਹ ਕੋਟ ਲਖਪੱਤ ਅਤੇ ਅਟਲ ਜੇਲ੍ਹ 'ਚ ਸਨ।" ਉਨ੍ਹਾਂ ਨੇ ਯੁੱਧਬੰਦੀ ਹੋਣ ਦੀ ਗੱਲ ਵੀ ਸਰਕਾਰ ਦੇ ਸਾਹਮਣੇ ਰੱਖੀ। ਪਰ ਇਸ ਨੂੰ ਕੋਈ ਤੱਵਜੋ ਨਹੀਂ ਦਿੱਤੀ ਗਈ। ਫਲਾਇੰਗ ਅਫ਼ਸਰ ਲੈ ਵਿਜੇ ਤਾਂਬੇ ਦੀ ਪਤਨੀ ਦਮਯੰਤੀ ਤਾਂਬੇ ਨੇ ਢਾਕਾ ਤੋਂ ਪ੍ਰਕਾਸ਼ਿਤ ਸੰਡੇ ਪਾਕਿਸਤਾਨ ਅਬਜ਼ਰਵਰ 'ਚ ਫਾਈਟ ਪਾਈਲਟਸ ਕੈਂਪ ਚਰਡ ਏ ਲਾਈਵ' ਸਿਰਲੇਖ ਨਾਲ ਇੱਕ ਖ਼ਬਰ ਛਪੀ ਵੇਖੀ ਸੀ ਜਿਸ 'ਚ ਉਨ੍ਹਾਂ ਦੇ ਪਤੀ ਦਾ ਨਾਂ ਵੀ ਸੀ, ਇੱਕ ਬੰਗਲਾ ਦੇਸ਼ੀ ਅਧਿਕਾਰੀ ਨੇ ਵੀ ਵਿਜੈ ਤਾਂਬੇ ਦੇ ਪਾਕਿਸਤਾਨੀ ਕੈਦ 'ਚ ਹੋਣ ਦੀ ਪੁਸ਼ਟੀ ਕੀਤੀ ਸੀ। ਇਹ ਜਾਣਕਾਰੀ ਵਿਭਾਗ ਨੂੰ ਦਿੱਤੀ ਗਈ ਪਰ ਕੋਈ ਕਾਰਵਾਈ ਨਹੀਂ ਹੋਈ। ਜਸੂਸੀ ਦੇ ਜ਼ੁਰਮ 'ਚ ਪਾਕਿਸਤਾਨੀ ਜੇਲ੍ਹਾਂ 'ਚ ਕੁਝ ਸਮੇਂ ਤੱਕ ਕੈਦ ਰਹੇ ਐੱਮ. ਐੱਲ. ਭਾਸਕਰ ਦੇ ਸਾਲ 1974 'ਚ ਛੁਟਣ ਤੋਂ ਬਾਅਦ ਦੱਸਿਆ ਕਿ ਉਨ੍ਹਾਂ ਨੇ ਵਿੰਗ ਕਮਾਂਡਰ ਐੱਚ. ਐੱਸ. ਗਿੱਲ ਨੂੰ ਉੱਥੇ ਵੇਖਿਆ ਸੀ। ਭਾਸਕਰ ਨੇ ਕਿਹਾ ਕਿ ਉਨ੍ਹਾਂ ਨੇ ਮੇਜਰ ਅਯੂਬ ਅਹਿਮਦ ਸ੍ਰਿਪਾ ਨੇ ਇਹ ਜਾਣਕਾਰੀ ਵੀ ਦਿੱਤੀ ਸੀ ਕਿ ਕੈਪਟਨ ਗਿਰੀਰਾਜ ਸਿੰਘ ਕੋਟ ਲੱਖਪਤ ਜੇਲ੍ਹ ਲਾਹੌਰ 'ਚ ਕੈਦ ਹੈ। ਇਹੀ ਗੱਲ ਕੈਪਟਨ ਮੁਖਤਿਆਰ ਸਿੰਘ ਨੇ ਵੀ ਦੱਸੀ ਸੀ ਜੋ 5 ਜੁਲਾਈ 1988 ਨੂੰ ਰਿਹਾ ਹੋ ਕੇ ਮੁੜੇ ਸਨ। ਗਿਰੀਰਾਜ ਦੇ ਭਾਈ ਰਿਟਾਇਰਡ ਮੇਜਰ ਅਜੀਤ ਸਿੰਘ ਦੱਸਦੇ ਹਨ ਕਿ ਜਦ ਉਨ੍ਹਾਂ ਦੇ ਮਾਤਾ-ਪਿਤਾ ਨੂੰ ਇਹ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਸੇਨਾ ਮੁਖ ਦਫ਼ਤਰ ਨਾਲ ਸੰਪਰਕ ਕੀਤਾ ਪਰ ਸਿਵਾਏ ਭਰੋਸੇ ਦੇ ਕੁਝ ਵੀ ਹੱਥ ਨਹੀਂ ਲੱਗਿਆ। ਆਖ਼ਰ ਮਾਂ-ਬਾਪ ਨੇ ਇੰਤਜ਼ਾਰ 'ਚ ਹੀ ਇੱਕ ਦਿਨ ਦਮ ਤੋੜ ਦਿੱਤਾ। 5 ਦਸੰਬਰ 1971 ਦੇ ਅੰਕ 'ਚ ਰਾਵਲ ਪਿੰਡੀ ਤੋਂ ਪ੍ਰਕਾਸ਼ਿਤ ਸੰਡੇ ਅਬਜ਼ਰਵਰ 'ਚ ਸਾਫ਼ ਛਾਪਿਆ ਸੀ ਕਿ ਪਾਕਿਸਤਾਨੀ ਹਵਾਈ ਫੌਜ ਨੇ ਭਾਰਤ ਦੇ 46 ਜੰਗੀ ਜਹਾਜ ਮਾਰ ਗਿਰਾਏ ਤੇ 5 ਪਾਇਲਟ ਪਕੜ ਲਏ। ਅਖ਼ਬਾਰ 'ਚ ਪਾਇਲਟਾਂ ਦੇ ਨਾਂ ਵੀ ਛਪੇ ਸਨ। ਹਵਾਈ ਫੌਜ ਦੇ ਫਲਾਇੰਗ ਅਫ਼ਸਰ ਨੰਬਰ ਆਈ. ਸੀ. 10871 ਸੁਧੀਰ ਤਿਆਗੀ ਦੇ ਲੜਾਕੂ ਜਹਾਜ ਨੂੰ 4 ਦਸੰਬਰ 1971 ਦੇ ਦਿਨ ਪਾਕਿ ਹਵਾਈ ਸੈਨਾ ਨੇ ਆਪਣੀ ਸੀਮਾ 'ਚ ਉਤਰਨ 'ਤੇ ਮਜ਼ਬੂਰ ਕਰ ਦਿੱਤਾ ਸੀ। ਪਾਕਿਸਤਾਨੀ ਰੇਡਿਓ ਨੇ ਇਸ ਦੀ ਪੁਸ਼ਟੀ ਵੀ ਕੀਤੀ ਸੀ। ਸਾਲ 1978 'ਚ ਲੰਦਨ ਦੀ ਇੱਕ ਉੱਚ ਦਰਜੇ ਦੀ ਪੱਤਰਕਾਰ ਵਿਕਟੋਰੀਆ ਸਕੀਅਫੀਲਡ ਨੇ ਆਪਣੀ ਪੁਸਤਕ 'ਭੁੱਟੋ ਟ੍ਰਾਇਲ ਐਂਡ

ਏਕੂਜੀਸ਼ਨ' 'ਚ ਲਿਖਿਆ ਕਿ ਕੋਟ ਲੱਖਪਤ ਜੇਲ੍ਹ ਦੀ ਹਨੇਰੀ ਕੋਠੜੀ 'ਚ ਕੈਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਜ਼ੁਲਫੀਕਾਰ ਅਲੀ ਭੁੱਟੋ ਨੂੰ ਕਦੇ-ਕਦੇ ਰੋਣ ਤੇ ਚੀਕਣ ਚਿਲਾਉਣ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਇਸ 'ਤੇ ਉਨ੍ਹਾਂ ਨੇ ਆਪਣੇ ਵਕੀਲ ਰਾਹੀਂ ਜੇਲਰ ਤੋਂ ਪੁੱਛ-ਗਿੱਛ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹ ਪੰਜਾਹ ਬਦਨਸੀਬ ਹਿੰਦੁਸਤਾਨੀ ਯੁੱਧਬੰਦੀ ਹਨ ਜਿਨ੍ਹਾਂ ਨੂੰ 1971 ਦੀ ਜੰਗ 'ਚ ਫੜਿਆ ਗਿਆ ਸੀ ਅਤੇ ਸ਼ਿਮਲਾ ਸਮਝੌਤੇ ਦੇ ਬਾਵਜੂਦ ਵਾਪਸ ਨਹੀਂ ਭੇਜਿਆ ਗਿਆ। ਤਸੀਹੇ ਸਹਿੰਦੇ ਸਮੇਂ ਉਨ੍ਹਾਂ 'ਚੋਂ ਕਈ ਪਾਗਲ ਹੋ ਚੁੱਕੇ ਸਨ। ਸਾਲ 1989 ਦੇ ਸਾਰਕ ਸੰਮੇਲਨ 'ਚ ਪਾਕਿ-ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੇ ਵੀ ਮੰਨਿਆ ਸੀ ਕਿ 54 ਭਾਰਤੀ ਯੁੱਧਬੰਦੀ ਵੱਖ-ਵੱਖ ਪਾਕਿ-ਜੇਲ੍ਹਾਂ 'ਚ ਕੈਦ ਹਨ। ਮੇਜਰ ਐੱਸ. ਪੀ. ਐੱਸ. ਵਰਲਾਚ ਨੂੰ ਵੀ ਮੁਖਤਿਆਰ ਸਿੰਘ ਤੇ ਬਾਂਕਾ ਸਿੰਘ ਨੇ ਜਨਵਰੀ ਫਰਵਰੀ 1988 'ਚ ਮੁਲਤਾਨ ਜੇਲ੍ਹ ਦੇਖਿਆ ਸੀ। ਕੈਪਟਨ ਕਲਿਆਣਾ ਸਿੰਘ ਨੇ ਨਾਥਾ ਰਾਮ ਨੂੰ 1983 'ਚ ਰਾਵਲ ਪਿੰਡੀ ਇੰਟਰਨੈਸ਼ਨਲ 'ਚ ਵੇਖਿਆ ਸੀ।

ਇਸੇ ਤਰ੍ਹਾਂ ਕੈਪਟਨ ਰਵਿੰਦਰ ਕੌਰ ਵੀ ਇੱਥੇ ਹੀ ਵੇਖੇ ਗਏ ਸਨ। ਲਾਂਸ ਨਾਇਕ ਹਜ਼ੂਰ ਸਿੰਘ ਨੂੰ 1984 'ਚ ਸਿਆਲਕੋਟ ਜੇਲ੍ਹ 'ਚ ਵੇਖਿਆ ਸੀ। ਸਿਪਾਹੀ ਮਦਨ ਮੋਹਨ ਦੇ ਮੁਲਤਾਨ ਜੇਲ੍ਹ 'ਚ ਹੋਣ ਦੀ ਖ਼ਬਰ 1988 'ਚ ਉਥੋਂ ਪਰਤੇ ਸੁਰਮ ਸਿੰਘ ਨੇ ਦਿੱਤੀ ਸੀ। ਬਲਵਾਨ ਸਿੰਘ ਭੋਲਾ ਰਾਮ ਨੇ ਮੋਹਨ ਲਾਲ ਉਹ ਸਖਸ਼ ਹਨ ਜਿਨ੍ਹਾਂ ਨੇ ਉਥੋਂ ਪਰਤ ਕੇ ਬਿਆਨ ਦਿੱਤਾ ਕਿ 1971 ਦੇ ਯੁੱਧਬੰਦੀ ਅਜੇ ਵੀ ਪਾਕਿਸਤਾਨੀ ਜੇਲ੍ਹਾਂ 'ਚ ਹਨ।

4 ਦਸੰਬਰ 1996 ਨੂੰ ਸੰਸਦ 'ਚ ਸਰਕਾਰ ਵੱਲੋਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਇੰਦਰਕੁਮਾਰ ਗੁਜਰਾਲ ਨੇ ਬਿਆਨ ਦਿੱਤਾ ਸੀ ਕਿ 54 ਭਾਰਤੀ ਯੁੱਧਬੰਦੀ ਅਜੇ ਵੀ ਪਾਕਿਸਤਾਨੀ ਜੇਲ੍ਹਾਂ 'ਚ ਕੈਦ ਹਨ। ਬੀਤੇ ਅਕਤੂਬਰ 2006 'ਚ ਰਾਸ਼ਟਰੀ ਦਿੱਲੀ 'ਚ ਬ੍ਰਿਗੇਡੀਅਰ (ਰਿਟਾਇਰਡ) ਮਨਮੋਹਨ ਸ਼ਰਮਾ ਤੇ ਲੈਫਟੀਨੈਂਟ ਕਰਨਲ ਰਾਜ ਕੁਮਾਰ ਪੱਟੂ ਨੇ ਇੱਕ ਪੱਤਰਕਾਰ ਸੰਮੇਲਨ 'ਚ ਫਿਰ ਕਿਹਾ ਕਿ 54 ਯੁੱਧਬੰਦੀ ਦੇ ਬਾਰੇ ਸਰਕਾਰ ਕੋਈ ਬਿਆਨ ਨਹੀਂ ਦੇ ਰਹੀ ਹੈ। ਇੱਥੋਂ ਤੱਕ ਕਿ ਸਾਬਕਾ ਰੱਖਿਆ ਮੰਤਰੀ ਪ੍ਰਣਬ ਮੁਖਰਜੀ ਨੇ ਖੁਦ ਸੰਸਦ 'ਚ ਮੰਨਿਆ ਕਿ ਥਲ ਸੈਨਾ ਦੇ 17 ਅਫ਼ਸਰ 2 ਜੂਨੀਅਰ ਕਮਿਸ਼ਨ ਅਫ਼ਸਰ ਤੇ 19 ਹੋਰ ਰੈਂਕਾਂ ਦੇ ਜਵਾਨ ਪਾਕਿ ਦੀਆਂ ਜੇਲ੍ਹਾਂ 'ਚ ਬੰਦ ਹਨ। ਇਨ੍ਹਾਂ ਯੁੱਧਬੰਦੀਆਂ ਦੇ ਪਰਿਵਾਰਾਂ ਦੀ ਮਦਦ 'ਚ ਲੱਗੇ ਇੱਕ ਸੰਗਠਨ ਦੇ ਮੀਤ ਪ੍ਰਧਾਨ ਐਡਵੋਕੇਟ ਪਾਲ ਕਹਿੰਦੇ ਹਨ ਕਿ ਸਰਕਾਰ ਕਈ ਮੌਕਿਆਂ 'ਤੇ ਇਹ ਸੱਚਾਈ ਮੰਨ ਚੁੱਕੀ ਹੈ ਕਿ ਬਾਵਜੂਦ ਇਸ ਦੇ ਕਿਸੇ ਵੀ ਪੱਧਰ 'ਤੇ ਕੋਈ ਯਤਨ ਨਹੀਂ ਕੀਤਾ ਜਾ ਰਿਹਾ ਹੈ।

# ਭਾਰਤੀ ਪ੍ਰਚੂਨ ਬਾਜ਼ਾਰ 'ਚ ਵਿਦੇਸ਼ੀ ਨਿਵੇਸ਼ ਕਿੱਥੋਂ ਤੱਕ ਸਹੀ?

ਦੁਨੀਆਂ ਦੇ ਵਿਕਸਿਤ ਦੇਸ਼ਾਂ 'ਚ ਪ੍ਰਚੂਨ ਵਪਾਰ (ਰਿਟੇਲ ਟਰੇਡ) ਨੂੰ ਉਦਯੋਗ ਦਾ ਦਰਜਾ ਹਾਸਲ ਹੈ ਅਤੇ ਅੱਜ ਦੀ ਸਥਿਤੀ ਵਿੱਚ ਇਹ ਸੰਸਾਰ ਦਾ ਸਭ ਤੋਂ ਵੱਡੀ ਨਿੱਜੀ ਉਦਯੋਗ ਹੈ। ਵਿਸ਼ਵ ਦੇ ਪੂੰਜੀਵਾਦੀ-ਸਾਮਰਾਜੀ ਦੇਸ਼ਾਂ ਦੇ ਪ੍ਰਚੂਨ ਵਪਾਰ 'ਤੇ ਤਾਂ ਵੱਡੀਆਂ-ਵੱਡੀਆਂ ਬਹੁਕੌਮੀ ਕੰਪਨੀਆਂ ਦਾ ਕਾਫੀ ਹੱਦ ਤੱਕ ਕਬਜ਼ਾ ਹੋ ਗਿਆ ਹੈ, ਉਨ੍ਹਾਂ ਦੀਆਂ ਨਜ਼ਰਾਂ ਹੁਣ ਭਾਰਤ, ਚੀਨ ਵਰਗੇ ਏਸ਼ੀਆਈ ਦੇਸ਼ਾਂ ਦੇ ਪ੍ਰਚੂਨ ਬਾਜ਼ਾਰ 'ਤੇ ਟਿਕੀਆਂ ਹੋਈਆਂ ਹਨ। ਪੂਰੇ ਦੇਸ਼ ਦਾ ਪ੍ਰਚੂਨ ਵਪਾਰ ਕਰੀਬ 315 ਲੱਖ ਕਰੋੜ ਰੁਪਏ ਦਾ ਹੈ, ਜਿਸ ਵਿੱਚ ਅਮਰੀਕਾ ਦੀ ਹਿੱਸੇਦਾਰੀ 53 ਲੱਖ ਕਰੋੜ ਰੁਪਏ ਦੀ ਹੈ।

ਸਾਡੇ ਦੇਸ਼ ਦਾ ਪ੍ਰਚੂਨ ਵਪਾਰ ਕਰੀਬ 5 ਲੱਖ ਕਰੋੜ ਰੁਪਏ ਦਾ ਹੈ। ਇੱਕ ਅੰਦਾਜ਼ੇ ਅਨੁਸਾਰ ਇਹ 2010 ਤੇ 2015 'ਚ ਵਧ ਕੇ 7 ਲੱਖ ਕਰੋੜ ਅਤੇ 10 ਲੱਖ ਕਰੋੜ ਰੁਪਏ ਦੇ ਬਰਾਬਰ ਹੋ ਜਾਵੇਗਾ। ਬੀਤੇ 5 ਸਾਲਾਂ ਤੋਂ ਭਾਰਤੀ ਪ੍ਰਚੂਨ ਬਾਜ਼ਾਰ 'ਚ ਔਸਤਨ 10 ਫੀਸਦੀ ਦੀ ਦਰ ਨਾਲ ਵਾਧਾ ਹੋ ਰਿਹਾ ਹੈ। ਇਹ ਵਾਧਾ ਦੁਨੀਆਂ ਦੇ ਸਭ ਪ੍ਰਚੂਨ ਬਾਜ਼ਾਰਾਂ ਦੀ ਔਸਤਨ ਵਿਕਾਸ ਦੀ ਦਰ ਤੋਂ ਵੱਧ ਹੈ। ਸਾਡੇ ਦੇਸ਼ 'ਚ ਕਰੀਬ ਇੱਕ ਕਰੋੜ 30 ਲੱਖ ਪ੍ਰਚੂਨ ਦੀਆਂ ਦੁਕਾਨਾਂ ਹਨ, ਜੋ ਕਰੀਬ 5 ਕਰੋੜ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਦੀਆਂ ਹਨ। ਇਸ ਖੇਤਰ 'ਤੇ ਕਰੀਬ 20 ਕਰੋੜ ਲੋਕ ਨਿਰਭਰ ਹਨ। ਇਸ ਤਰ੍ਹਾਂ ਰੁਜ਼ਗਾਰ ਤੇ ਰੋਟੀ-ਰੋਜ਼ੀ ਮੁਹੱਈਆ ਕਰਨ ਦੇ ਮਾਮਲੇ 'ਚ ਇਸ ਖੇਤਰ ਦਾ ਖੇਤੀ ਤੋਂ ਬਾਅਦ ਦੂਜਾ ਥਾਂ ਹੈ। ਇਸ ਖੇਤਰ 'ਤੇ ਕਬਜ਼ਾ ਕਰਨ ਲਈ ਵਿਦੇਸ਼ੀ ਬਹੁਕੌਮੀ ਕੰਪਨੀਆਂ ਕਾਫ਼ੀ ਜ਼ੋਰ ਲਾ ਰਹੀਆਂ ਹਨ। ਖ਼ਾਸ ਕਰਕੇ 1990-91 ਤੋਂ ਬਾਅਦ ਜਦੋਂ ਦੇਸ਼ 'ਚ ਨਵੀਆਂ ਆਰਥਿਕ ਨੀਤੀਆਂ ਲਾਗੂ ਕੀਤੀਆਂ ਗਈਆਂ ਤੇ ਉਦਾਰੀਕਰਨ, ਵਿਸ਼ਵੀਕਰਨ ਤੇ ਨਿੱਜੀਕਰਨ ਦਾ ਦੌਰ ਸ਼ੁਰੂ ਹੋਇਆ ਤਾਂ ਪ੍ਰਚੂਨ ਵਪਾਰ 'ਚ ਸਰਗਰਮ ਵਾਲਮਾਰਟ (ਅਮਰੀਕਾ), ਕੋਰੀਫੋਰ (ਫਰਾਂਸ), ਟੇਸਕੋ (ਬ੍ਰਿਟੇਨ) ਤੇ ਮੈਟਰੋ (ਜਰਮਨੀ) ਵਰਗੀਆਂ ਵਿਦੇਸ਼ੀ ਕੰਪਨੀਆਂ ਨੂੰ ਉਮੀਦ ਬੱਝੀ ਕਿ ਉਨ੍ਹਾਂ ਨੂੰ ਜਲਦੀ ਹੀ ਭਾਰਤ ਦੇ 'ਸਨਰਾਈਜ਼ ਸੈਕਟਰ', ਯਾਨਿ ਪ੍ਰਚੂਨ ਬਾਜ਼ਾਰ 'ਚ ਦਾਖ਼ਲੇ ਦਾ ਮੌਕਾ ਮਿਲ ਜਾਵੇਗਾ, ਪਰ ਜਦ ਇਸ ਵਿੱਚ ਦੇਰ ਹੋਈ ਤਾਂ ਉਨ੍ਹਾਂ ਨੇ ਆਪਣੇ-ਆਪਣੇ ਦੇਸ਼ ਦੀਆਂ ਸਾਮਰਾਜੀ ਸਰਕਾਰਾਂ ਰਾਹੀਂ ਭਾਰਤ ਸਰਕਾਰ 'ਤੇ ਰਾਜਸੀ ਦਬਾਅ ਬਣਾਇਆ। ਉਪਰੋਂ ਸੰਸਾਰ ਬੈਂਕ, ਆਈ. ਐੱਮ. ਐੱਫ. ਤੇ ਵਿਸ਼ਵ ਵਪਾਰ ਸੰਗਠਨ ਵਰਗੀਆਂ ਸਾਮਰਾਜੀ ਸੰਸਥਾਵਾਂ ਨੇ ਵੀ ਭਾਰਤੀ ਪ੍ਰਚੂਨ ਵਪਾਰ ਨੂੰ ਪੂਰੀ ਤਰ੍ਹਾਂ ਬਹੁਕੌਮੀ ਕੰਪਨੀਆਂ ਲਈ ਖੋਲ੍ਹਣ ਦਾ ਦਿਸ਼ਾ-ਨਿਰਦੇਸ਼ ਦਿੱਤਾ। ਖ਼ਾਸ ਤੌਰ 'ਤੇ ਦੋਹਾ ਚੱਕਰ ਦੀ ਗੱਲਬਾਤ ਦੌਰਾਨ ਵਿਸ਼ਵ ਵਪਾਰ ਸੰਗਠਨ ਨੇ ਸਾਫ਼ ਤੌਰ 'ਤੇ ਨਿਰਦੇਸ਼ ਦਿੱਤਾ ਕਿ ਭਾਰਤ ਸਰਕਾਰ ਪ੍ਰਚੂਨ ਵਪਾਰ 'ਚ ਵਿਦੇਸ਼ੀ ਪੂੰਜੀ ਦੇ ਨਿਵੇਸ਼ 'ਤੇ ਲੱਗੀ ਪਾਬੰਦੀ ਨੂੰ ਹਟਾ ਲਵੇ, ਨਹੀਂ ਤਾਂ ਉਸ ਨੂੰ 'ਵਪਾਰ 'ਤੇ ਆਮ ਸਹਿਮਤੀ' ਤਹਿਤ ਦਿੱਤੀਆਂ ਰਿਆਇਤਾਂ ਤੋਂ ਹੱਥ ਧੋਣਾ ਪਵੇਗਾ। ਇਸ ਪਿੱਛੋਂ ਭਾਰਤ ਸਰਕਾਰ ਨੇ ਦਸਵੀਂ ਯੋਜਨਾ (2002-07) ਦੀ ਸਮੀਖਿਆ 'ਚ ਪ੍ਰਚੂਨ ਵਪਾਰ 'ਚ ਵਿਦੇਸ਼ੀ ਨਿਵੇਸ਼ ਦੀ ਇਜ਼ਾਜਤ ਦੇਣ ਦਾ ਐਲਾਨ ਕਰ ਦਿੱਤਾ।

ਭਾਰਤੀ ਪ੍ਰਚੂਨ ਬਾਜ਼ਾਰ 'ਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਇਜਾਜ਼ਤ ਦੇਣ ਦੀ ਸਰਕਾਰ ਦੀ ਯੋਜਨਾ ਜਿਉਂ ਹੀ ਜਨਤਕ ਹੋਈ, ਉਸ 'ਤੇ ਵੱਖ-ਵੱਖ ਰਾਜਸੀ ਪਾਰਟੀਆਂ ਤੇ ਲੋਕ-ਪੱਖੀ ਜਥੇਬੰਦੀਆਂ ਵੱਲੋਂ ਤਿੱਖੀ ਪ੍ਰਤੀਕਿਰਿਆ ਜ਼ਾਹਰ ਕੀਤੀ ਗਈ। ਇੱਥੋਂ ਤੱਕ ਕਿ ਕੇਂਦਰ ਦੀ ਯੂ. ਪੀ. ਏ. ਸਰਕਾਰ ਨੂੰ ਹਮਾਇਤ ਦੇਣ ਵਾਲੀਆਂ ਸੀ. ਪੀ. ਆਈ., ਸੀ. ਪੀ. ਐੱਮ. ਤੇ ਕੁਝ ਹੋਰ ਪਾਰਟੀਆਂ ਨੇ ਵੀ ਇਸ ਦਾ ਵਿਰੋਧ ਕੀਤਾ। ਇਸ ਦੇ ਬਾਵਜੂਦ ਮਨਮੋਹਨ ਸਰਕਾਰ ਨੇ 10. 2. 06 ਨੂੰ ਇੱਕ 'ਪ੍ਰੈੱਸ ਨੋਟ' ਜਾਰੀ ਕਰਕੇ ਨਿਮਨਲਿਖਤ ਸ਼ਰਤਾਂ ਦੇ ਨਾਲ 'ਸਿੰਗਲ ਬਰਾਂਡ' ਉਤਪਾਦਾਂ ਦੇ ਪ੍ਰਚੂਨ ਵਪਾਰ 'ਚ 51 ਫੀਸਦੀ ਤੱਕ ਪ੍ਰਤੱਕ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦੇ ਦਿੱਤੀ।

ਜ਼ਿਕਰਯੋਗ ਹੈ ਕਿ ਥੋਕ ਵਪਾਰ (ਹੋਲਸੇਲ ਟਰੇਨਿੰਗ) ਦੇ ਗੁਦਾਮਾਂ 'ਚ ਮਾਲ ਰੱਖਣ ਦੇ ਕੰਮ (ਵੇਅਰਹਾਊਸਿੰਗ) 'ਚ ਵੀ ਭਾਰਤ ਸਰਕਾਰ 100 ਫੀਸਦੀ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦੇ ਚੁੱਕੀ ਹੈ। ਸਿੰਗਲ ਬਰਾਂਡ ਉਤਪਾਦਾਂ ਦੇ ਵਪਾਰ 'ਚ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦੇ ਕੇ ਸਰਕਾਰ ਨੇ ਪ੍ਰਚੂਨ ਵਪਾਰ ਦੇ ਉਦਾਰੀਕਰਨ ਦਾ ਰਾਹ ਸਾਫ਼ ਕਰ ਦਿੱਤਾ ਹੈ। ਹੁਣ ਨੋਕੀਆ, ਮਾਰਕਸ ਐਂਡ ਸਪੇਂਸਰ, ਦਿ ਆਰਡਾਨੋ ਨਾਈਕ, ਮੈਕਡੋਨਾਲਡ, ਰੀਬੌਕ ਵਰਗੀਆਂ ਵਿਦੇਸ਼ੀ ਕੰਪਨੀਆਂ ਸਾਡੇ ਦੇਸ਼ ਵਿੱਚ ਬਿਨਾਂ ਕਿਸੇ ਸਥਾਨਕ ਪਾਰਟਨਰ ਦੇ ਆਪਣੀ ਖ਼ੁਦ ਦੀ 'ਰਿਟੇਲ ਚੇਨ' ਸਥਾਪਤ ਕਰ ਸਕਦੀਆਂ ਹਨ। ਪਰ ਵਿਦੇਸ਼ੀ ਕੰਪਨੀਆਂ ਪ੍ਰਚੂਨ ਵਪਾਰ ਦੇ ਇਸ ਅੰਸ਼ਕ ਉਦਾਰੀਕਰਨ ਨਾਲ ਸੰਤੁਸ਼ਟ ਹੋਣ ਵਾਲੀਆਂ ਨਹੀਂ ਹਨ। ਉਨ੍ਹਾਂ ਦਾ ਸਿੱਧਾ ਮਕਸਦ ਭਾਰਤ ਦੇ ਇਸ 'ਸਨਰਾਈਜ਼ ਸੈਕਟਰ' ਏਕਾਧਿਕਾਰ ਕਾਇਮ ਕਰਨਾ ਹੈ, ਭਾਵ ਅਜਾਰੇਦਾਰੀ ਠੋਸਣਾ ਹੈ। ਇਸ ਲਈ ਉਹ ਪ੍ਰਚੂਨ ਵਪਾਰ ਨੂੰ ਸਮੁੱਚੇ ਰੂਪ 'ਚ ਖੋਲ੍ਹਣ ਲਈ ਦਬਾਅ ਪਾ ਰਹੀ ਹੈ।

ਇਸ ਸਾਰੇ ਕੁਝ ਦਾ ਅਸਰ ਹੁਣ ਦਿਸਣ ਵੀ ਲੱਗਿਆ ਹੈ। ਪਿੱਛੇ ਜਿਹੇ ਹੀ ਭਾਰਤ ਸਰਕਾਰ ਨੇ ਵਪਾਰ ਤੇ ਉਦਯੋਗ ਮੰਤਰਾਲੇ ਦੇ ਸਹਿਯੋਗ ਨਾਲ ਪ੍ਰਚੂਨ ਵਪਾਰ ਦੇ ਖੇਤਰ ਵਿੱਚ ਵਿਦੇਸ਼ੀ ਨਿਵੇਸ਼ ਦੇ ਮਾਮਲੇ ਨੂੰ ਲੈ ਕੇ ਦਿੱਲੀ 'ਚ ਇੱਕ ਉੱਚ ਪੱਧਰੀ ਸੈਮੀਨਾਰ ਦਾ ਆਯੋਜਨ ਕੀਤਾ ਹੈ। ਇਸ ਵਿੱਚ ਭਾਰਤ ਸਰਕਾਰ ਨੇ ਨੁਮਾਇੰਦਿਆਂ ਨੇ ਇਹ ਰਾਇ ਜ਼ਾਹਿਰ ਕੀਤੀ ਹੈ ਕਿ ਪ੍ਰਚੂਨ ਬਾਜ਼ਾਰ ਨੂੰ ਖੋਲ੍ਹਣ ਨਾਲ ਦੇਸ਼ 'ਚ ਭਾਰੀ ਮਾਤਰਾ 'ਚ ਵਿਦੇਸ਼ੀ ਪੂੰਜੀ ਆਵੇਗੀ ਗ਼ੈਰ-ਜਥੇਬੰਦ ਤੇ ਖਿੰਡੇ-ਪੁੰਡੇ ਪ੍ਰਚੂਨ ਬਾਜ਼ਾਰ ਦੀ ਕਾਇਆ ਪਲਟ ਹੋਵੇਗੀ, ਬੇਰੁਜ਼ਗਾਰਾਂ ਨੂੰ ਕੰਮ ਮਿਲੇਗਾ ਅਤੇ ਆਮ ਖਪਤਕਾਰਾਂ ਨੂੰ ਸਸਤਾ ਤੇ ਵਧੀਆ ਸਾਮਾਨ ਮਿਲੇਗਾ।

ਸਨਅਤਕਾਰਾਂ ਦੀ ਜਥੇਬੰਦੀ 'ਫਿਕੀ' ਨੇ ਵੀ ਕਿਹਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਹੋਰ ਖੇਤਰਾਂ ਵਾਂਗੂੰ ਪ੍ਰਚੂਨ ਵਪਾਰ 'ਚ ਪ੍ਰਤੱਖ ਵਿਦੇਸ਼ੀ ਨਿਵੇਸ਼ ਜ਼ਰੂਰੀ ਹੈ। ਏਸੋਚਿਮ ਨੇ ਕਿਹਾ ਕਿ ਵਿਦੇਸ਼ੀ ਨਿਵੇਸ਼ ਨਾਲ ਪ੍ਰਚੂਨ ਬਾਜ਼ਾਰ ਸੰਗਠਿਤ ਹੋਵੇਗਾ ਅਤੇ ਖਪਤਕਾਰਾਂ ਦੇ ਨਾਲ-ਨਾਲ ਉਤਪਾਦਕਾਂ ਨੂੰ ਵੀ ਕਾਫ਼ੀ ਫ਼ਾਇਦਾ ਹੋਵੇਗਾ। ਇੰਡੀਅਨ ਕੌਂਸਲ ਫਾਰ ਰਿਸਰਚ ਆਨ ਇੰਟਰਨੈਸ਼ਨਲ ਇਕਨਾਮਿਕ ਰਿਲੇਸ਼ਨਜ਼ ਨੇ ਵੀ ਪ੍ਰਚੂਨ ਬਾਜ਼ਾਰ 'ਚ ਵਿਦੇਸ਼ੀ ਨਿਵੇਸ਼ ਦੀ ਜ਼ੋਰਦਾਰ ਵਕਾਲਤ ਕੀਤੀ ਹੈ।

ਪ੍ਰਚੂਨ ਵਪਾਰ 'ਚ ਲੱਗੀ ਅਮਰੀਕਾ ਤੇ ਸੰਸਾਰ ਦੀ ਸਭ ਤੋਂ ਵੱਡੀ ਕੰਪਨੀ ਵਾਲ ਮਾਰਟ ਨੇ ਟੈਲੀਕਾਮ ਖੇਤਰ ਦੀ ਮੋਹਰੀ ਕੰਪਨੀ ਭਾਰਤੀ ਇੰਟਰਪ੍ਰਾਈਜਜ਼ ਦੇ ਨਾਲ

ਬੀਤੇ 27 ਨਵੰਬਰ 2006 ਨੂੰ ਇੱਕ ਮੈਮੋ ਆਫ ਅੰਡਰਸਟੈਂਡਿੰਗ ਸਾਈਨ ਕੀਤਾ ਹੈ। ਦੋਹਾਂ ਦਾ ਉਦੇਸ਼ ਭਾਰਤੀ ਪ੍ਰਚੂਨ ਬਾਜ਼ਾਰ 'ਚ ਦਮਦਾਰ ਮੌਜੂਦਗੀ ਬਣਾਉਣ ਲਈ ਇੱਕ ਸਾਂਝਾ ਉੱਦਮ ਖੜ੍ਹਾ ਕਰਨਾ ਹੈ, ਜਿਸ ਵਿੱਚ ਦੋਹਾਂ ਦੀ 50 : 50 ਹਿੱਸੇਦਾਰੀ ਹੋਵੇਗੀ। ਸਮਝੌਤੇ ਮੁਤਾਬਕ ਭਾਰਤੀ ਗਰੁੱਪ 'ਫਰੰਟ ਇੰਡ' ਯਾਨਿ ਵਿਕਰੀ ਕੇਂਦਰਾਂ ਦੀ 'ਜ਼ਿੰਮੇਵਾਰੀ ਸੰਭਾਲੇਗਾ, ਜਦਕਿ ਵਾਲ ਮਾਰਟ 'ਬੈਕ ਇੰਡ' ਯਾਨਿ ਸਪਲਾਈ ਚੇਨ ਦੀ (ਜਿਸ ਕੰਮ ਲਈ ਉਹ ਪਹਿਲਾਂ ਤੋਂ ਹੀ ਸੰਸਾਰ ਭਰ 'ਚ ਮਸ਼ਹੂਰ ਹੈ) ਸੁਨੀਲ ਮਿੱਤਲ ਦੀ ਭਾਰਤੀ ਇੰਟਰਪ੍ਰਾਈਜਜ਼ ਭਾਰਤ 'ਚ ਟੈਲੀਕਾਮ ਖੇਤਰ ਦੀ ਨੰਬਰ ਇੱਕ ਕੰਪਨੀ ਹੈ ਤੇ ਉਹ ਤਿੰਨ ਕਰੋੜ ਮੋਬਾਇਲ ਧਾਰਕਾਂ ਨੂੰ ਵੀ ਸੇਵਾ ਮੁਹੱਈਆ ਕਰਦੀ ਹੈ। ਵਾਲ ਮਾਰਟ ਸੰਸਾਰ ਦੀ ਸਭ ਤੋਂ ਵੱਡੀ ਰਿਟੇਲ ਕੰਪਨੀ ਹੈ, ਜਿਸ ਦਾ ਕਾਰੋਬਾਰ ਅੱਜ 15 ਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਇਨ੍ਹਾਂ ਦੋਵਾਂ ਨੇ ਆਪਣੇ ਸਾਂਝੇ ਉੱਦਮ ਨੂੰ ਭਾਰਤ ਦੀ ਨੰਬਰ ਇੱਕ ਰਿਟੇਲ ਕੰਪਨੀ ਦੇ ਰੂਪ 'ਚ ਸਥਾਪਤ ਕਰਨ ਦਾ ਬੀੜਾ ਉਠਾਇਆ ਹੈ। ਖੱਬਿਆਂ ਸਮੇਤ ਕਈ ਸੰਸਦੀ ਪਾਰਟੀਆਂ ਨੇ ਜਨਵਾਦੀ ਇਨਕਲਾਬੀ ਜਥੇਬੰਦੀਆਂ ਨੇ ਵਾਲ ਮਾਰਟ ਦੇ ਇਸ ਪਿਛਲੇ ਦਰਵਾਜ਼ੇ ਦਾਖ਼ਲੇ ਦਾ ਜ਼ੋਰਦਾਰ ਸ਼ਬਦਾਂ 'ਚ ਵਿਰੋਧ ਕੀਤਾ ਹੈ ਅਤੇ ਕਿਹਾ ਹੈ ਕਿ ਇਸ 'ਰਿਟੇਲ ਸਾਰਕ' ਦੇ ਆਉਣ ਨਾਲ ਛੋਟੇ-ਛੋਟੇ ਪ੍ਰਚੂਨ ਵਪਾਰੀਆਂ ਦੀ ਹੋਂਦ ਲਈ ਸੰਕਟ ਪੈਦਾ ਹੋ ਜਾਵੇਗਾ। ਲੱਖਾਂ ਲੋਕਾਂ ਨੂੰ ਰੁਜ਼ਗਾਰ ਤੇ ਰੋਜ਼ੀ-ਰੋਟੀ ਤੋਂ ਹੱਥ ਧੋਣਾ ਪਵੇਗਾ।

ਭਾਰਤੀ ਅਰਥਚਾਰੇ 'ਤੇ ਪ੍ਰਭਾਵ: ਚਾਹੇ ਭਾਰਤ ਸਰਕਾਰ ਜਿੰਨੇ ਮਰਜ਼ੀ ਸਬਜ਼ਬਾਗ ਵਿਖਾਵੇ ਰਿਟੇਲ ਬਾਜ਼ਾਰ 'ਚ ਦਿਉਕੱਦ ਬਹੁਕੌਮੀ ਕੰਪਨੀਆਂ ਦੇ ਦਾਖਲ ਨਾਲ ਨਾ ਸਾਡੇ ਦੇਸ਼ ਦੇ ਅੰਦਰੂਨੀ ਵਪਾਰ ਬਲਕਿ ਸਮੁੱਚੇ ਅਰਥਚਾਰੇ ਦਾ ਤਾਣਾ-ਬਾਣਾ ਹੀ ਤਹਿਸ-ਨਹਿਸ ਹੋ ਜਾਵੇਗਾ। ਇਸ ਦਾ ਸਭ ਤੋਂ ਪਹਿਲਾਂ ਅਸਰ ਇਹ ਹੋਵੇਗਾ ਕਿ ਪ੍ਰਚੂਨ ਬਾਜ਼ਾਰ 'ਚ ਲੱਗੇ ਕਰੋੜਾਂ ਲੋਕਾਂ ਦੀ ਰੋਟੀ-ਰੋਜ਼ੀ 'ਤੇ ਸੰਕਟ ਖੜ੍ਹਾ ਹੋ ਜਾਵੇਗਾ।

ਦੂਜਾ ਅਸਰ ਵਸਤੂਆਂ ਦੀਆਂ ਕੀਮਤਾਂ 'ਤੇ ਪਵੇਗਾ। ਵੱਡੀਆਂ-ਵੱਡੀਆਂ ਵਿਦੇਸ਼ੀ ਕੰਪਨੀਆਂ ਖਪਤਕਾਰਾਂ ਨੂੰ ਸਸਤੀਆਂ ਚੀਜ਼ਾਂ ਮੁਹੱਈਆ ਕਰਾਉਣ ਤੇ ਵਸਤੂਆਂ ਦਾ ਮਾਨਕੀਕਰਣ ਦਾ ਦਾਅਵਾ ਕਰਦੀਆਂ ਹਨ। ਪਰ ਸੱਚਾਈ ਇਹ ਹੈ ਕਿ ਉਹ ਪ੍ਰਚਾਰ ਤੇ ਪੈਕਿੰਗ ਉੱਪਰ ਜ਼ਿਆਦਾ ਜ਼ੋਰ ਦਿੰਦੀਆਂ ਹਨ। ਜ਼ੋਰਦਾਰ ਪ੍ਰਚਾਰ ਤੇ ਆਕ੍ਰਸ਼ਿਤ ਪੈਕਿੰਗ ਦੇ ਸਹਾਰੇ ਉਹ ਆਪਣੇ ਘਟੀਆ ਤੋਂ ਘਟੀਆ ਮਾਲ ਦਾ ਖਪਤਕਾਰ ਤੋਂ ਵੱਧ ਮੁੱਲ ਵਸੂਲਣ 'ਚ ਕਾਮਯਾਬ ਹੋ ਜਾਂਦੀਆਂ ਹਨ। ਉਨ੍ਹਾਂ ਦਾ ਢਾਂਚਾ ਏਨਾ ਚਲਾਕ ਹੁੰਦਾ ਹੈ ਕਿ ਉਹ ਬਾਜ਼ਾਰ 'ਚ ਲਗਾਤਾਰ ਗੈਰ-ਜ਼ਰੂਰੀ ਚੀਜ਼ਾਂ ਦੀ ਮੰਗ ਪੈਦਾ ਕਰਦੀਆਂ ਰਹਿੰਦੀਆਂ ਹਨ ਤੇ ਰਿਟੇਲ ਬਾਜ਼ਾਰ 'ਚ ਆਮ ਖਪਤਕਾਰਾਂ ਦੀ ਜੇਬ੍ਹ ਕੱਟਦੀਆਂ ਰਹਿੰਦੀਆਂ ਹਨ। ਆਮ ਤੌਰ 'ਤੇ ਇਹ ਕੰਪਨੀਆਂ ਦੁਨੀਆਂ ਦੇ ਕੋਨੇ ਕੋਨੇ ਤੋਂ ਸਸਤਾ ਮਾਲ ਖਰੀਦਦੀਆਂ ਹਨ ਤੇ ਜਿਥੇ ਸਭ ਤੋਂ ਵੱਧ ਮੁਨਾਫਾ ਮਿਲਦਾ ਹੈ, ਉੱਥੇ ਉਹ ਮਾਲ ਨੂੰ ਲਿਜਾ ਕੇ ਵੇਚਦੀਆਂ ਹਨ। ਇੱਕ ਅੰਦਾਜ਼ੇ ਅਨੁਸਾਰ ਭਾਰਤ ਦੇ ਰਿਟੇਲ ਵਪਾਰੀ ਅਕਸਰ ਦਸ ਤੋਂ ਵੀਹ ਫੀਸਦੀ ਮੁਨਾਫਾ ਲੈ ਕੇ ਆਪਣਾ ਮਾਲ ਵੇਚਦੇ ਹਨ ਜਦਕਿ ਅਮਰੀਕਾ ਤੇ ਯੂਰਪ ਦੀਆਂ ਵੱਡੀਆਂ ਕੰਪਨੀਆਂ ਇਸ ਤੋਂ ਵੱਧ ਮੁਨਾਫੇ ਦੀ ਦਰ ਨਾਲ ਆਪਣਾ ਕੰਮ ਕਰਦੀਆਂ ਹਨ। ਤੀਜਾ ਅਸਰ ਵਸਤੂਆਂ ਦੀ ਗੁਣਵਣਤਾ

'ਤੇ ਪਵੇਗਾ। ਬਹੁਕੌਮੀ ਕੰਪਨੀਆਂ ਆਪਣੀ ਸੁਪਰ ਮਾਰਕੀਟ ਦੇ ਸਟੋਰਾਂ 'ਚ ਫਲ, ਸਬਜ਼ੀਆਂ, ਖਾਦ ਪਦਾਰਥ ਤੇ ਹੋਰ ਚੀਜ਼ਾਂ ਨੂੰ ਲੰਮੇ ਸਮੇਂ ਤੱਕ ਸਹੀ ਸਲਾਮਤ ਰੱਖਣ ਲਈ ਵੱਡੇ ਪੈਮਾਨੇ 'ਤੇ ਕੀਟਨਾਸ਼ਕ ਤੇ ਰਸਾਇਣ ਦੀ ਵਰਤੋਂ ਕਰਦੀਆਂ ਹਨ। ਇੱਥੋਂ ਤੱਕ ਕਿ ਉਹ ਕਿਸਾਨਾਂ ਨੂੰ ਖੇਤੀ ਤੋਂ ਵੱਧ ਇਨ੍ਹਾਂ ਖਤਰਨਾਕ ਚੀਜ਼ਾਂ ਦੀ ਵਰਤੋਂ ਕਰਨ ਲਈ ਮਜਬੂਰ ਕਰਦੀਆਂ ਹਨ। ਇਸ ਨਾਲ ਖਾਣ-ਪੀਣ ਵਾਲੀਆਂ ਚੀਜ਼ਾਂ ਸਿਹਤ ਲਈ ਕਾਫੀ ਹਾਨੀਕਾਰਕ ਹੋ ਜਾਂਦੀਆਂ ਹਨ ਤੇ ਲੋਕ ਇਨ੍ਹਾਂ ਦੀ ਵਰਤੋਂ ਨਾਲ ਬੀਮਾਰ ਹੋ ਜਾਂਦੇ ਹਨ। ਚੌਥਾ ਅਸਰ ਇਹ ਹੋਵੇਗਾ ਕਿ ਰਿਟੇਲ ਬਾਜ਼ਾਰ 'ਚ ਵੱਡੀਆਂ ਦੇਸੀ-ਵਿਦੇਸ਼ੀ ਕੰਪਨੀਆਂ ਦੇ ਦਾਖਲੇ ਨਾਲ ਇੱਕ ਖੇਤਰ 'ਚ ਅਜ਼ਾਰੇਦਾਰੀ ਦਾ ਰੁਝਾਨ ਤੇਜ਼ੀ ਨਾਲ ਵਧੇਗਾ। ਹੋ ਸਕਦਾ ਹੈ ਕਿ ਗਲਵੱਢਵੇਂ ਮੁਕਾਬਲੇ ਦੇ ਪਹਿਲੇ ਦੌਰ 'ਚ ਖਪਤਕਾਰ ਨੂੰ ਕੁਝ ਸਸਤੀਆਂ ਵਸਤਾਂ ਮੁਹੱਈਆ ਕਰਵਾਈਆਂ ਜਾਣ। ਪਰ ਜਦ ਇਸ ਖੇਤਰ 'ਤੇ ਮੁੱਠੀ ਭਰ ਕੰਪਨੀਆਂ ਦੀ ਅਜਾਰੇਦਾਰ ਹੋ ਜਾਵੇਗੀ ਤਾਂ ਫਿਰ ਉਹ ਆਪਣੀਆਂ ਵਸਤਾਂ ਦਾ ਮਨਚਾਹਿਆ ਮੁੱਲ ਵਸੂਲਣਗੇ।

ਇਸ ਤੋਂ ਇਲਾਵਾ ਸਮਾਜਿਕ ਸਭਿਆਚਾਰਕ ਅਸਰ ਵੀ ਪਵੇਗਾ। ਸ਼ਾਪਿੰਗ ਮਾਲ/ਸੁਪਰ ਮਾਰਕੀਟ ਸਿਰਫ ਆਰਥਿਕ ਪ੍ਰਭਾਵ ਪਾਉਂਦੇ ਹਨ ਬਲਕਿ ਰਹਿਣ-ਸਹਿਣ ਤੇ ਖਾਣ-ਪੀਣ ਵੀ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਵਿਕਰੀ ਕੇਂਦਰਾਂ 'ਚ ਜਾਣ ਵਾਲੇ ਬੱਚਿਆਂ ਔਰਤਾਂ ਸਮੇਤ ਜਾਰੀ ਉਮਰ ਦੇ ਲੋਕਾਂ ਸਵਾਦ, ਸੁਭਾਅ, ਪਹਿਰਾਵੇ ਤੇ ਹਾਵਭਾਵ 'ਚ ਇੱਕ ਖਾਸ ਫਰਕ ਆ ਜਾਂਦਾ ਹੈ ਜੋ ਕਿਸੇ ਪੱਖੋਂ ਵੀ ਦੇਸ਼ ਦੇ ਸਭਿਆਚਾਰਕ ਨਾਲ ਮੇਲ ਨਹੀਂ ਖਾਂਦਾ। ਕੁਲ ਮਿਲਾ ਕੇ ਰਿਟੇਲ ਬਾਜ਼ਾਰ 'ਚ ਵਿਦੇਸ਼ੀ ਨਿਵੇਸ਼ ਤੇ ਬਹੁਕੌਮੀ ਕੰਪਨੀਆਂ ਦਾ ਦਾਖਲਾ ਦੇਸ਼ ਦੇ ਅਰਥਚਾਰੇ ਤੇ ਨਵ-ਨਿਵੇਸ਼ੀਕਰਨ ਦੇ ਅਮਲ ਨੂੰ ਹੀ ਅੱਗੇ ਵਧਾਏਗਾ। ਭਾਰਤ ਦੇ ਜਨ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ।

ਅਗਲੇ 6 ਮਹੀਨਿਆਂ ਦੌਰਾਨ ਦਿੱਲੀ, ਹਰਿਆਣਾ, ਰਾਜਸਥਾਨ, ਗੁਜਰਾਤ, ਚੇਨਈ ਤੇ ਯੂ. ਪੀ. ਦੇ ਕਈ ਸ਼ਹਿਰਾਂ 'ਚ ਅਜਿਹੇ ਸੈਂਕੜੇ ਸਟੋਰ ਖੋਲ੍ਹਣ ਦਾ ਐਲਾਨ ਹੈ। ਉਸ ਨੇ ਰਿਲਾਇੰਸ ਡਿਜੀਟ ਦੇ ਨਾਂ ਨਾਲ ਇਲੈਕਟ੍ਰਾਨਿਕਸ ਚੇਨ ਤੇ ਰਿਲਾਇੰਸ ਮਾਰਟ ਦੇ ਨਾਂ ਨਾਲ ਹਾਈਪਰ ਮਾਰਕੀਟ ਖੋਲ੍ਹਣ ਦੀ ਯੋਜਨਾ ਬਣਾਈ ਹੈ। ਕਿਸ਼ੋਰ ਵਿਆਨੀ ਦਾ 'ਫਿਊਚਰ ਗਰੁੱਪ'' ਜੋ ਅੱਜ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਰਿਟੇਲ ਸਟੋਰ ਚੱਲ ਰਿਹਾ ਹੈ, ਨੇ ਵੀ ਆਪਣੀ ਕੰਪਨੀ ਨੂੰ ਵਿਸਥਾਰਿਤ ਕਰਨ ਦੀ ਯੋਜਨਾ ਬਣਾਈ ਹੈ। 'ਬਿਗ ਬਾਜ਼ਾਰ' ਦੇ ਨਾਂ ਨਾਲ ਉਸ ਨੇ ਕੁੱਲ 40 ਮਾਰਕੀਟਾਂ ਖੋਲ੍ਹੀਆਂ ਹਨ। ਉਸ ਨੇ 2007 ਦੇ ਅੰਤ ਤੱਕ ਅਜਿਹੇ ਬਾਜ਼ਾਰਾਂ ਦੀ ਗਿਣਤੀ ਵਧਾ ਕੇ 100 ਤੱਕ ਕਰਨ ਦਾ ਐਲਾਨ ਕੀਤਾ ਹੈ। ਹਾਲ ਹੀ 'ਚ ਉਸ ਦੀ ਪੈਂਟਾਲੂਨ ਰਿਟੇਲ ਕੰਪਨੀ ਦੇ ਘਰੇਲੂ ਤੇ ਸਜਾਵਟੀ ਕੱਪੜੇ, ਫਰਨੀਚਰ, ਬਿਜਲੀ ਦਾ ਸਾਮਾਨ ਤੇ ਹੋਰ ਚੀਜ਼ਾਂ ਦੇ ਭੰਡਾਰੀਕਰਨ ਹਿੱਤ ਵੱਡੇ ਵੱਡੇ ਸਟੋਰਾਂ ਦੀ ਉਸਾਰੀ ਦੀ ਯੋਜਨਾ ਬਣਾਈ ਹੈ। ਇਹ ਥਾਣੇ ਬੰਗਲੌਰ ਤੇ ਗੁੜਗਾਵਾਂ 'ਚ ਹੋਮਟਾਊਨ ਸਟੋਰ ਬਣਾਵੇਗੀ ਜਿਸ ਦਾ ਖੇਤਰਫਲ 150000 ਤੋਂ 12,0000 ਵਰਗ ਫੁੱਟ ਹੋਵੇਗਾ। ਲੁੱਟ ਆਮ ਲੋਕਾਂ ਦੀ ਹੀ ਹੋਣੀ ਹੈ

***